# ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. (ਸਿੱਖ ਅਧਿਐਨ) ਸਮੈਸਟਰ ਪਹਿਲਾ

ਪੇਪਰ : ਦੂਜਾ **(Study of Sikh Religion and History-I)**

ਮਾਧਿਅਮ : ਪੰਜਾਬੀ ਯੂਨਿਟ : 1

ਪਾਠ ਨੰ.


1.1 : ਗੁਰੂ ਨਾਨਕ : ਸਿੱਖੀ ਦਾ ਆਰੰਭ

1.2 : ਸਿੱਖ ਧਰਮ ਦੇ ਮੁੱਢਲੇ ਸਿਧਾਂਤ - ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ

1.3 : ਸਿੱਖ ਸੰਸਥਾਵਾਂ - ਲੰਗਰ, ਸੰਗਤ ਅਤੇ ਗੁਰਦੁਆਰਾ

1.4 : ਸ਼੍ਰੀ ਹਰਿਮੰਦਰ ਸਾਹਿਬ : ਅਧਿਆਤਮਕ ਅਤੇ ਸਮਾਜਕ ਮਹੱਤਤਾ

1.5 : ਸ਼ਹਾਦਤ ਸ਼੍ਰੀ ਗੁਰੂ ਅਰਜਨ ਦੇਵ ਜੀ

1.6 : ਗੁਰੂ ਹਰਗੋਬਿੰਦ ਸਾਹਿਬ ਅਤੇ ਅਕਾਲ ਤਖਤ



***Department website : www.pbidde.org***

# Syllabus

**M.A. SIKH STUDIES PART- I**
**(Semester - I)**
**(2023-2024, 2024-2025 Sessions)**

## Paper -II Study of Sikh Religion & History - I

**For Regular students Six *Periods per week per paper to be delivered.***

| For Regular/Distance Education Students | For Private Students |
|---|---|
| **Maximum Marks : 100**<br>**Theory: : 75**<br>**Internal Assessment: 25** | **Maximum Marks: 100** |

| |
|---|
| **Time allowed: 3 hours**<br>**Pass marks : 35%** |

### INSTRUCTIONS FOR THE PAPER-SETTER

**(For Regular and Distance Education Students)**:

**1**. The question paper is to be divided into three Sections A, B & C. For Section A of the question paper the examiner would set 4 questions covering Section A & Section B of the syllabus. Out of the 4 questions 2 questions are to be attempted by the candidates. Each question carries 10 marks. (2X10 =20)

**2**. In section B of the question paper 7 questions are to be asked from the whole syllabus. Out of 7
Questions 5 questions are to be answered by the candidates. Each question carries 5 marks. (5X5=25)

**3.** In section C of the paper the examiner would ask 10 questions from the whole syllabus. All the questions in section C are compulsory. Each question carries 3 marks. (10X3 = 30)

### INSTRUCTIONS FOR THE CANDIDATES

Candidates will have to answer 2 questions out of 4 questions from Section- A, 5 questions out of 7 are to be answered in section-B of the questions paper. The whole of Section C is compulsory.

### ਪੇਪਰ ਸੈਟਰ ਲਈ ਹਦਾਇਤਾਂ

**(ਰੈਗੂਲਰ ਅਤੇ ਡਿਸਟੈਂਸ ਐਜੂਕੇਸ਼ਨ ਲਈ)**

੧. ਪ੍ਰਸ਼ਨ ਪੱਤਰ ਤਿੰਨ ਹਿੱਸਿਆਂ ਵਿਚ ਵੰਡਿਆ ਜਾਵੇਗਾ ੳ, ਅ ਅਤੇ ੲ ਪ੍ਰਸ਼ਨ ਪੱਤਰ ਦੇ ਸੈਕਸ਼ਨ ੳ ਦੇ 4 ਪ੍ਰਸ਼ਨਾਂ ਵਿਚ ਪੇਪਰ ਸੈਟਰ ਸਿਲੇਬਸ ਦੇ ਸੈਕਸ਼ਨ ਏ ਅਤੇ ਸੈਕਸ਼ਨ ਬੀ ਕਵਰ ਕਰੇਗਾ 4 ਪ੍ਰਸ਼ਨਾਂ ਵਿਚੋਂ ਵਿਦਿਆਰਥੀ 2 ਪ੍ਰਸ਼ਨ ਹੱਲ ਕਰਨਗੇ ਅਤੇ ਹਰੇਕ ਪ੍ਰਸ਼ਨ 10 ਅੰਕਾਂ ਦਾ ਹੋਵੇਗਾ (10×2=20)

2. ਭਾਗ ਅ ਵਿਚ ਸਾਰੇ ਸਿਲੇਬਸ (ਸੈਕਸ਼ਨ ਏ ਅਤੇ ਸੈਕਸ਼ਨ ਬੀ) ਵਿਚੋਂ 7 ਪ੍ਰਸ਼ਨ ਪੁੱਛੇ ਜਾਣਗੇ ਅਤੇ ਵਿਦਿਆਰਥੀਆਂ ਲਈ 7 ਪ੍ਰਸ਼ਨ ਵਿਚੋਂ 5 ਦਾ ਉੱਤਰ ਦੇਣਾ ਲਾਜ਼ਮੀ ਹੋਵੇਗਾ ਅਤੇ ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ (5×5=25)

3. ਭਾਗ-ੲ ਵਿਚੋਂ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹੋਣਗੇ ਪ੍ਰੀਖਿਅਕ ਵੱਲੋਂ ਛੋਟੇ ਉਤਰਾਂ ਵਾਲੇ 10 ਪ੍ਰਸ਼ਨ ਸਾਰੇ ਸਿਲੇਬਸ ਵਿਚੋਂ ਪੁੱਛੇ ਜਾਣਗੇ ਅਤੇ ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ ($10 \times 3 = 30$)

ਪਰੀਖਿਆਰਥੀਆਂ ਲਈ ਹਦਾਇਤਾਂ

ਵਿਦਿਆਰਥੀਆਂ ਨੇ ਪ੍ਰਸ਼ਨ ਪੱਤਰ ਦੇ ਸੈਕਸ਼ਨ-ਏ ਦੇ 4 ਪ੍ਰਸ਼ਨਾਂ ਵਿਚੋਂ 2 ਪ੍ਰਸ਼ਨਾਂ ਦੇ ਉਤਰ ਦੇਣੇ ਹੋਣਗੇ ਪ੍ਰਸ਼ਨ ਪੱਤਰ ਦੇ ਸੈਕਸ਼ਨ-ਬੀ ਦੇ 7 ਪ੍ਰਸ਼ਨਾਂ ਵਿਚੋਂ 5 ਪ੍ਰਸ਼ਨਾਂ ਦੇ ਉਤਰ ਦੇਣੇ ਹੋਣਗੇ ਸੈਕਸ਼ਨ-ਸੀ ਦੇ ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹੋਣਗੇ

# Paper -II Study of Sikh Religion & History - I

**Section-A**

1. Guru Nanak: The Origin of *Sikhi*
2. Sikh Religion: Foundation and Development
3. Sikh Institutions: *Sangat, Gurdwara* and *Langar/Pangat*
4. Sri Harmandir Sahib: Spiritual-Social Significance
5. Martyrdom of Guru Arjun Dev Ji
6. Guru Hargobind Sahib and Sri Akal Takhat

**Section-B**

7. Martyrdom of Guru Tegh Bahadur Ji
8. Creation of Khalsa
9. Martyrdom of Mata Gujri and Four Sahibzadas
10. Sikh Sects (*Udasis*, *Nirmalas* and *Sevapanthis*): Origin and Contributions
11. Mata Sundri Ji
12. Khalsa Raj and Banda Singh Bahadur

ਸੈਕਸ਼ਨ- ਏ

1. ਗੁਰੂ ਨਾਨਕ: ਸਿੱਖੀ ਦਾ ਆਰੰਭ
2. ਸਿੱਖ ਧਰਮ: ਸਥਾਪਨਾ ਅਤੇ ਵਿਕਾਸ
3. ਸਿੱਖ ਸੰਸਥਾਵਾਂ: ਸੰਗਤ, ਗੁਰਦੁਆਰਾ ਅਤੇ ਲੰਗਰ-ਪੰਗਤ
4. ਸ੍ਰੀ ਹਰਿਮੰਦਰ ਸਾਹਿਬ: ਅਧਿਆਤਮਕ-ਸਮਾਜਕ ਮਹੱਤਤਾ
5. ਸ਼ਹਾਦਤ ਸ੍ਰੀ ਗੁਰੂ ਅਰਜਨ ਦੇਵ ਜੀ
6. ਗੁਰੂ ਹਰਗੋਬਿੰਦ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ

ਸੈਕਸ਼ਨ - ਬੀ

7. ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ
8. ਖ਼ਾਲਸੇ ਦੀ ਸਿਰਜਨਾ
9. ਮਾਤਾ ਗੁਜਰੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ
10. ਸਿਖ ਸੰਪ੍ਰਦਾਇ (ਉਦਾਸੀ, ਨਿਰਮਲੇ ਅਤੇ ਸੇਵਾਪੰਥੀ): ਆਰੰਭ ਅਤੇ ਯੋਗਦਾਨ
11. ਮਾਤਾ ਸੁੰਦਰੀ ਜੀ
12. ਖ਼ਾਲਸਾ ਰਾਜ ਅਤੇ ਬੰਦਾ ਸਿੰਘ ਬਹਾਦਰ

## RECOMMENDED READINGS

**English**

1. Dalbir Singh Dhillon, Sikh *Religion: Origin and Development*
2. Harbans Singh, *Guru Nanak and the Origins of the Sikh Faith*
3. Harbans Singh (Ed.), *Encyclopedia of Sikhism*
4. I.B. Banerjee, *Evolution of Khalsa (2 Volumes).*
5. Kapur Singh, *Prasarprasna*
6. Kapur Singh, Guru Nanak : Life and Thought
7. Kapur Singh, Me Judice
8. Puran Singh, *The Book of the Ten Master*
9. Puran Singh, *Anecdotes From Sikh History*
10. Teja Singh and Ganda Singh, *A Short History of the Sikhs*
11. Teja Singh, *Ideals and Institutions of Sikhism*.
12. Madanjit Kaur, the Golden Temple: Past & Present

**Gurmukhi**

1. ਭਾਈ ਵੀਰ ਸਿੰਘ, ਗੁਰ ਨਾਨਕ ਚਮਤਕਾਰ
2. ਪ੍ਰੀਤਮ ਸਿੰਘ, ਨਿਰਮਲਾ ਸੰਪ੍ਰਦਾਇ
3. ਤ੍ਰਿਲੋਚਨ ਸਿੰਘ, ਗੁਰੂ ਤੇਗ਼ ਬਹਾਦਰ
4. ਤਾਰਨ ਸਿੰਘ, ਸਿੱਖ, ਸਿੱਖੀ ਅਤੇ ਸਿੱਖ ਸਿਧਾਂਤ
5. ਜਸਵਿੰਦਰ ਕੌਰ ਢਿੱਲੋਂ (ਸੰਪਾ.), ਸਿੱਖ ਸੰਸਥਾਵਾਂ
6. ਰਣਧੀਰ ਸਿੰਘ, ਉਦਾਸੀ ਸਿੱਖਾਂ ਦੀ ਵਿਥਿਆ
7. *ਗੁਰਮੁਖ ਸਿੰਘ, ਸੇਵਾ ਪੰਥੀਆਂ ਦਾ ਪੰਜਾਬੀ ਸਾਹਿਤ ਨੂੰ ਯੋਗਦਾਨ*
8. ਗੰਡਾ ਸਿੰਘ, ਬੰਦਾ ਸਿੰਘ ਬਹਾਦਰ
9. ਗਿਆਨੀ ਮਹਾਂ ਸਿੰਘ (ਸੰਪਾ.), ਸ੍ਰੀ ਦਰਬਾਰ ਸਾਹਿਬ ਮਹੱਤਤਾ
10. ਸੁਖਦਿਆਲ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ

# ਸਿੱਖ ਧਰਮ ਦੀ ਉਤਪਤੀ ਅਤੇ ਵਿਕਾਸ ਅਤੇ ਵਿਲੱਖਣਤਾ

1.1.1 ਉਦੇਸ਼

1.1.2 ਆਰੰਭ ਦਾ ਇਤਿਹਾਸ

1.1.3 ਸਮਕਾਲੀ ਰਾਜਨੀਤਿਕ ਦਸ਼ਾ ਬਾਰੇ ਗੁਰੂ ਨਾਨਕ ਦਾ ਅਨੁਭਵ

1.1.4 ਗੁਰੂ ਨਾਨਕ ਦੇਵ ਜੀ ਦੇ ਸਮੇਂ ਪੰਜਾਬ ਦੀ ਸਮਾਜਿਕ ਅਤੇ ਧਾਰਮਿਕ ਸਥਿਤੀ

1.1.5 ਆਪਣੇ ਸਮਕਾਲੀ ਸਮਾਜ ਬਾਰੇ ਗੁਰੂ ਨਾਨਕ ਦੇਵ ਜੀ ਦਾ ਅਨੁਭਵ

1.1.6 ਗੁਰੂ ਨਾਨਕ ਦੇਵ ਜੀ : ਜੀਵਨ ਤੇ ਯਾਤਰਾਵਾਂ

1.1.7 ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ

1.1.8 ਗੁਰੂ ਨਾਨਕ ਦੇਵ ਜੀ ਸੁਧਾਰਕ ਜਾਂ ਕਰਾਂਤੀਕਾਰੀ

1.1.9 ਕ੍ਰਾਂਤੀਕਾਰੀ

1.1.10ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਭਾਵ

1.1.11ਸਹਾਇਕ ਪੁਸਤਕਾਂ

**1.1.1 ਉਦੇਸ਼** : ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿਖ ਧਰਮ ਦੇ ਉਤਪਤੀ ਤੋਂ ਪਹਿਲਾਂ ਦੀ ਸਥਿਤੀ ਤੋਂ ਲੈ ਕੇ ਸਿਖ ਧਰਮ ਦੇ ਸ਼ੁਰੂ ਹੋਣ ਦੇ ਇਤਿਹਾਸ ਅਤੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਨਾ ਹੈ।

**1.1.2 ਆਰੰਭ ਦਾ ਇਤਿਹਾਸ** : 1451 ਤੋਂ 1526 ਈ: ਤੱਕ ਲੋਧੀ ਅਫਗਾਨਾਂ ਨੇ ਭਾਰਤ ਤੇ ਰਾਜ ਕੀਤਾ। ਲੋਧੀ, ਜੌਨਪੁਰ ਰਾਜ ਜਿਸ ਨੂੰ ਸਰਕੀ ਰਾਜ ਵੀ ਆਖਿਆ ਜਾਂਦਾ ਸੀ, ਵਿਰੁੱਧ ਲੜਾਈ ਵਿਚ ਰੁੱਝੇ ਰਹੇ। ਪੰਜਾਬ, ਲੋਧੀ ਸਲਤਨਤ ਦਾ ਹਿੱਸਾ ਸੀ, ਜੋ ਜਿਹਲਮ ਦਰਿਆ ਤੋਂ ਲੈ ਕੇ ਜੌਨਪੁਰ (ਅਜੋਕੇ ਅਹਿਮਦਾਬਾਦ ਦੇ ਨੇੜੇ) ਤੱਕ ਫੈਲਿਆ ਹੋਇਆ ਸੀ। ਇਹ ਪੱਛਮ ਵਲ ਬਹੁਤਾ ਧਿਆਨ ਨਾ ਦੇ ਸਕੇ। ਜਿਸ ਕਰਕੇ ਮੁਲਤਾਨ ਜਿਹਾ ਮਹੱਤਵਪੂਰਣ ਪ੍ਰਾਂਤ ਉਨ੍ਹਾਂ ਦੇ ਕੰਟਰੋਲ ਤੋਂ ਬਾਹਰ ਰਿਹਾ ਅਤੇ ਕੁਤਬਦੀਨ ਲੰਗਾ ਤੇ ਉਸ ਦੇ ਉਤਰਾਧਿਕਾਰੀ ਇਸ ਦੇ ਆਜ਼ਾਦ ਮਾਲਕ ਬਣੇ ਰਹੇ। ਬਰਾਬਰੀ ਦੇ ਪੱਧਰ ਤੇ ਸਿੰਕਦਰ ਖਾਂ ਲੋਧੀ ਨੂੰ ਸ਼ਾਹ ਹੁਸੈਨ ਲੰਗਾ ਨਾਲ ਸ਼ਾਂਤੀ ਲਈ ਵਿਚਾਰ ਕਰਨੀ ਪਈ। ਲੋਧੀ ਬਹੁਤਾ ਸਮਾਂ ਦੇਸ਼ ਦੇ ਪੂਰਬੀ ਤੇ ਦੱਖਣੀ ਭਾਗ ਵਿਚ ਰੁਝੇ ਰਹੇ ਅਤੇ 1519 ਈ: ਤੱਕ ਪੰਜਾਬ ਤਕਰੀਬਨ ਸ਼ਾਂਤ ਰਿਹਾ ਪਰ ਇਸ ਮਗਰੋਂ ਬਾਬਰ ਦੇ ਹਮਲਿਆਂ ਨੇ ਇਸ ਦੀ ਸ਼ਾਂਤੀ ਭੰਗ ਕਰ ਦਿਤੀ।

## ਪੰਜਾਬ ਬਹਿਲੋਲ ਲੋਧੀ ਦੇ ਅਧੀਨ (1451–1489 ਈ:)

ਬਹਿਲੋਲ ਲੋਧੀ ਨੇ ਮੁਹੰਮਦ ਸ਼ਾਹ ਸਈਅਦ ਅਤੇ ਆਲਮ ਸ਼ਾਹ ਸਈਅਦ ਦੇ ਰਾਜ ਕਾਲ ਵਿਚ ਪੰਜਾਬ ਵਿਚ ਸੱਤਾ ਪ੍ਰਾਪਤ ਕੀਤੀ। ਬਹਿਲੋਲ ਨੇ 19 ਅਪ੍ਰੈਲ 1451 ਨੂੰ ਦਿੱਲੀ ਦੇ ਤਖਤ ਤੇ ਕਬਜ਼ਾ ਕਰ ਲਿਆ। ਦਿੱਲੀ ਦਾ ਸ਼ਹਿਨਸ਼ਾਹ ਬਣਨ ਤੋਂ ਪਹਿਲਾਂ ਬਹਿਲੋਲ ਨੇ ਪੰਜਾਬ ਦੇ ਪ੍ਰਮੁੱਖ ਮੈਦਾਨੀ ਇਲਾਕੇ ਜਿਨ੍ਹਾਂ ਵਿਚ ਸਰਹੰਦ, ਸਮਾਣਾ, ਸੁਨਾਮ, ਹਿਸਾਰ-ਫਿਰੋਜਾ, ਦੀਪਾਲਪੁਰ ਤੇ ਲਾਹੌਰ ਤੇ ਕਬਜ਼ਾ ਕਰ ਲਿਆ

ਸੀ। ਪੰਜਾਬ ਦਾ ਪਹਾੜੀ ਇਲਾਕਾ ਸਥਾਨਕ ਪਹਾੜੀ ਰਾਜਿਆਂ ਦੇ ਅਧੀਨ ਸੀ। ਤਖਤ ਤੇ ਬੈਠਣ ਤੋਂ ਤੁਰੰਤ ਬਾਅਦ ਉਸ ਨੇ ਪਾਣੀਪਤ, ਹਾਂਸੀ ਦੇ ਨਾਲ ਲਗਦੇ ਇਲਾਕਿਆਂ ਤੇ ਕਬਜ਼ਾ ਕਰ ਲਿਆ। ਬਾਦਸ਼ਾਹ ਬਣਨ ਮਗਰੋਂ ਬਹੁਤਾ ਸਮਾਂ ਬਹਿਲੋਲ ਨੇ ਜੌਨਪੁਰ ਦੇ ਸਰਕੀਆਂ ਵਿਰੁੱਧ ਘੋਰ ਸੰਘਰਸ਼ ਵਿਚ ਬਤੀਤ ਕੀਤਾ। ਬਹਿਲੋਲ ਦਾ ਰਾਜ, ਸ਼ਕਤੀ ਤੇ ਸ਼ਾਨੋ ਸ਼ੋਕਤ ਵਿਚ 14ਵੀਂ ਸਦੀ ਦੇ ਦਿੱਲੀ ਸਲਤਨਤ ਦੇ ਰਾਜ ਨਾਲੋਂ ਬਹੁਤ ਪਿਛੇ ਸੀ।

## ਸੁਲਤਾਨ ਸਿਕੰਦਰ ਲੋਧੀ (1489–1517) ਈ: ਅਧੀਨ ਪੰਜਾਬ

ਬਹਿਲੋਲ ਲੋਧੀ ਮਗਰੋਂ ਉਸ ਦਾ ਪੁੱਤਰ ਸਿਕੰਦਰ ਲੋਧੀ 1489 ਈ: ਵਿਚ ਗੱਦੀ ਤੇ ਬੈਠਾ। ਇਹ ਬਲਵਾਨ ਤੇ ਯੋਗ ਰਾਜਾ ਸੀ। ਇਸ ਦੇ ਪਹਿਲੇ ਵਾਰਸਾਂ ਨਾਲੋਂ ਇਸ ਦੇ ਸ਼ਾਸ਼ਨ ਕਾਲ ਵਿਚ ਪੰਜਾਬ ਜ਼ਿਆਦਾ ਸ਼ਾਂਤ ਸੀ। ਬਹਿਲੋਲ ਵੇਲੇ ਤੇਤਾਰ ਖਾਨ ਲੋਧੀ ਨੂੰ ਲਾਹੌਰ, ਦੀਪਾਲਪੁਰ, ਤੇ ਸਰਹੰਦ ਦੇ ਮਾਮਲਿਆਂ ਬਾਰੇ ਦੇਖਭਾਲ ਕਰਨ ਲਈ ਨਿਯੁਕਤ ਕਰ ਦਿੱਤਾ ਗਿਆ ਸੀ। ਉਹ ਸਖਤ ਤੇ ਯੋਗ ਗਵਰਨਰ ਸੀ। 1485 ਵਿਚ ਅੰਬਾਲਾ ਨੇੜੇ ਲੜਾਈ ਵਿਚ ਤੇਤਾਰ ਖਾਨ ਮਾਰਿਆ ਗਿਆ ਅਤੇ ਇਹ ਇਲਾਕੇ ਉਮਰ ਖਾਨ ਸਾਰਵਾਨੀ ਨੂੰ ਸੌਂਪ ਦਿੱਤੇ। ਉਮਰ ਖਾਨ ਤੋਂ ਬਾਅਦ ਵਿਚ ਉਸ ਦੇ ਪੁੱਤਰ ਸਈਅਦ ਖਾਨ ਸਾਰਵਾਨੀ ਨੇ ਇਨ੍ਹਾਂ ਦਾ ਪ੍ਰਬੰਧ 1500 ਈ: ਤੱਕ ਕੀਤਾ। ਪਰ ਸਈਅਦ ਖਾਨ ਦੀ ਸੁਲਤਾਨ ਪ੍ਰਤੀ ਬੇਵਫਾਈ ਕਾਰਨ ਉਸ ਨੂੰ ਸੁਲਤਾਨ ਸਿਕੰਦਰ ਲੋਧੀ ਨੇ ਦੇਸ਼ ਨਿਕਾਲਾ ਦੇ ਦਿੱਤਾ। 1500 ਈ: ਵਿਚ ਦੌਲਤ ਖਾਨ ਲੋਧੀ ਜੋ ਤੇਤਾਰ ਖਾਨ ਦਾ ਪੁੱਤਰ ਸੀ, ਲਾਹੌਰ ਦਾ ਗਵਰਨਰ ਬਣਾਇਆ ਗਿਆ ਜੋ ਦੋ ਦਹਾਕਿਆਂ ਤੋਂ ਵੱਧ ਸਮਾਂ ਆਪਣੇ ਸੁਆਮੀ ਲਈ ਵਫਾਦਾਰ ਰਿਹਾ।

16ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸਿਕੰਦਰ ਗਵਾਲੀਅਰ ਦੇ ਤੈਮੂਰਾਂ ਵਿਰੁੱਧ ਮੁਹਿੰਮ ਵਿਚ ਰੁਝਿਆ ਰਿਹਾ। ਇਨ੍ਹਾਂ ਵਰ੍ਹਿਆਂ ਵਿਚ ਸੁਲਤਾਨ ਦੇਸ਼ ਦੇ ਉੱਤਰ-ਪੱਛਮੀ ਫਰੰਟੀਅਰ ਵੱਲ ਪੂਰਾ ਧਿਆਨ ਨਾ ਦੇ ਸਕਿਆ। ਸਿੰਕਦਰ ਖਾਨ ਲੋਧੀ ਦੇ ਹੁਕਮਾਂ ਦੇ ਅਧੀਨ ਭੇਰ, ਖੁਸ਼ਹਾਬ ਤੇ ਚਿਨਾਬ ਦੇ ਇਲਾਕੇ ਦਾ ਪ੍ਰਬੰਧ ਸਈਅਦ ਅਲੀ ਖਾਂ ਕਰਦਾ ਰਿਹਾ।

ਧਾਰਮਿਕ ਕਟੜਤਾ ਸਿਕੰਦਰ ਲੋਧੀ ਦੀ ਬੜੀ ਭਾਰੀ ਕਮਜ਼ੋਰੀ ਸੀ। ਜਜ਼ੀਏ ਨੂੰ ਪਹਿਲਾਂ ਨਾਲੋਂ ਜ਼ਿਆਦਾ ਕਰੜਾਈ ਨਾਲ ਲਾਗੂ ਕਰ ਦਿੱਤਾ ਗਿਆ ਸੀ। ਇਹ ਵੀ ਆਖਿਆ ਜਾਂਦਾ ਹੈ ਕਿ ਉਸ ਨੇ ਕੁਰਕਸ਼ੇਤਰ ਦੀ ਯਾਤਰਾ ਤੇ ਰੋਕ ਲਗਾ ਦਿੱਤੀ। ਤਾਰੀਖੇ ਦਾਉਦੀ ਦੇ ਕਰਤਾ ਅਨੁਸਾਰ ਇਕ ਵਾਰ ਅਜਿਹੇ ਮੌਕੇ ਤੇ ਹਿੰਦੂ ਕੁਰਕਸ਼ੇਤਰ ਵਿਖੇ ਇਕੱਤਰ ਹੋਏ ਤਾਂ ਸਿੰਕਦਰ ਲੋਧੀ ਨੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਨ ਦਾ ਫੈਸਲਾ ਕੀਤਾ। ਮੀਆਂ ਅਬਦੁਲਾ, ਮਲਿਕ-ਉਲ-ਉਲਮਾ ਨੇ ਉਸ ਨੂੰ ਆਖਿਆ ਕਿ ਇਹ ਪੈਗੰਬਰ ਦੀ ਨਸੀਹਤ ਦੇ ਵਿਰੁੱਧ ਹੈ। ਸਿਕੰਦਰ ਨੇ ਗੁੱਸੇ ਵਿਚ ਆਖਿਆ, ''ਪਹਿਲਾਂ ਮੈਂ ਤੇਰਾ ਖਾਤਮਾ ਕਰਾਂਗਾ ਤੇ ਫਿਰ ਕੁਰਕਸ਼ੇਤਰ ਵਿਖੇ ਹਿੰਦੂਆਂ ਦਾ ਕਤਲੇਆਮ ਕਰਾਂਗਾ'' ਪਰ ਉਸ ਨੂੰ ਬੜੀ ਮੁਸ਼ਕਲ ਨਾਲ ਅਜਿਹਾ ਕਰਨੋਂ ਰੋਕਿਆ ਗਿਆ। ਫਰਿਸ਼ਤਾ ਅਨੁਸਾਰ ਸਿਕੰਦਰ ਨੇ ਬਹੁਤ ਸਾਰੇ ਹਿੰਦੂ ਮੰਦਿਰ ਢਾਹ ਦਿੱਤੇ ਬੋਧਨ ਬ੍ਰਾਹਮਣ ਦਾ ਕਤਲੇਆਮ ਇਤਿਹਾਸ ਵਿਚ ਪ੍ਰਸਿੱਧ ਹੈ। ਉਸ ਨੇ ਕੇਵਲ ਇਹ ਹੀ ਆਖਿਆ ਸੀ ਕਿ ਹਿੰਦੂ ਧਰਮ ਵੀ ਇਸਲਾਮ ਵਾਂਗ ਚੰਗਾ ਧਰਮ ਹੈ। ਉਸ ਨੂੰ ਇਸਲਾਮ ਤੇ ਮੌਤ ਵਿਚੋਂ ਇਕ ਨੂੰ ਚੁਣਨ ਲਈ ਆਖਿਆ ਗਿਆ। ਉਸ ਨੇ ਮੌਤ ਕਬੂਲ ਕਰ ਲਈ। ਅਜਿਹੇ ਰਾਜੇ ਦੇ ਅਧੀਨ ਹਿੰਦੂ ਸ਼ਾਂਤੀ ਤੇ ਸੁਰੱਖਿਆ ਦੀ ਕੋਈ ਆਸ ਨਹੀਂ ਕਰ ਸਕਦੇ ਸਨ।

## ਇਬਰਾਹੀਮ ਲੋਧੀ ਅਧੀਨ ਪੰਜਾਬ (1517–1526 ਈ.)

ਸਿਕੰਦਰ ਲੋਧੀ ਦੇ ਉਤਰਾਧਿਕਾਰੀ ਇਬਰਾਹੀਮ ਲੋਧੀ ਨੇ ਆਪਣੇ ਕਬੀਲੇ ਦੇ ਸਰਦਾਰਾਂ ਪਾਸੋਂ ਵਧੇਰੇ ਅਧਿਕਾਰ ਵਾਪਸ ਲੈ ਲਏ ਜੋ ਉਹ ਪਹਿਲਾਂ ਇਸ ਵੰਸ਼ ਦੇ ਪਹਿਲੇ ਦੋ ਰਾਜਿਆਂ ਵੇਲੇ ਮਾਣ ਰਹੇ ਸਨ ਅਤੇ ਉਨ੍ਹਾਂ ਨੂੰ ਆਪਣਾ ਦੁਸ਼ਮਣ ਬਣਾ ਲਿਆ।

ਇਹ ਹਾਲਤ ਬਾਬਰ ਲਈ ਆਪਣੀ ਕਿਸਮਤ ਅਜ਼ਮਾਉਣ ਦਾ ਵਧੀਆ ਮੌਕਾ ਸੀ। ਇਬਰਾਹੀਮ ਦੇ ਰਾਜ ਕਾਲ ਵਿਚ ਸਭ ਤੋਂ ਵੱਧ ਨਾਟਕੀ ਘਟਨਾ ਜੋ ਪੰਜਾਬ ਵਿਚ ਵਾਪਰੀ ਉਹ ਬਾਬਰ ਦੀ ਫੌਜੀ ਸਰਗਰਮੀ ਸੀ। ਕਾਬਲ ਵਿਚ ਪੂਰੀ ਤਰ੍ਹਾਂ ਸਥਾਪਿਤ ਹੋ ਕੇ ਉਸ ਨੇ ਭਾਰਤ ਦੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ ਤੇ ਆਪਣਾ ਦਾਅਵਾ ਕੀਤਾ ਕਿ ਇਹ ਇਲਾਕਾ ਵਿਰਸੇ ਵਜੋਂ ਉਸ ਦਾ ਹੈ ਕਿਉਂਕਿ ਕਦੇ ਤੁਰਕਾਂ ਪਾਸ ਇਹ ਇਲਾਕੇ ਸਨ।

ਬਾਬਰ ਆਪਣੀਆਂ ਯਾਦਾਂ ਵਿਚ ਲਿਖਦਾ ਹੈ ਕਿ "ਇਹ ਹਮੇਸ਼ਾਂ ਮੇਰੇ ਮਨ ਵਿਚ ਰਿਹਾ ਹੈ ਕਿ ਹਿੰਦੋਸਤਾਨ ਤੇ ਕਬਜ਼ਾ ਕਰਾਂ ਕਿਉਂਕਿ ਬਹੁਤ ਸਾਰੇ ਦੇਸ਼ ਜੋ ਕਦੇ ਤੁਰਕਾਂ ਪਾਸ ਰਹੇ ਸਨ, ਮੈਂ ਉਨ੍ਹਾਂ ਨੂੰ ਆਪਣੇ ਮੰਨਦਾ ਹਾਂ ਅਤੇ ਮੈਂ ਫੈਸਲਾ ਕਰ ਲਿਆ ਕਿ ਯੁੱਧ ਜਾਂ ਸ਼ਾਂਤੀ ਦੁਆਰਾ ਜਿਵੇਂ ਵੀ ਹੋਵੇ ਇਨ੍ਹਾਂ ਨੂੰ ਆਪਣੇ ਕਬਜ਼ੇ ਵਿਚ ਕਰਾਂ।"

ਬਾਬਰ ਨੇ ਦੇਸ਼ ਨੂੰ ਜਿੱਤਣ ਲਈ ਪੰਜ ਹਮਲੇ ਕੀਤੇ। ਜਿੱਤਣ ਲਈ ਇਹ ਸਭ ਲੜਾਈਆਂ ਪੰਜਾਬ ਵਿਚ ਹੋਈਆਂ ਤੇ ਅਖੀਰ ਵਿਚ ਅੰਤਿਮ ਤੇ ਫੈਸਲਾਕੁੰਨ ਲੜਾਈ ਵੀ ਇਸ ਪ੍ਰਾਂਤ ਵਿਚ 21 ਅਪ੍ਰੈਲ 1526 ਨੂੰ ਪਾਣੀਪਤ ਦੇ ਸਥਾਨ ਤੇ ਲੜੀ ਗਈ।

### ਪਹਿਲੀ ਮੁਹਿੰਮ 1519 ਈ:

1519 ਈ: ਦੇ ਆਰੰਭ ਵਿਚ ਯੂਸਫ਼ਜ਼ਈ ਕਬੀਲੇ ਦੀ ਬਗਾਵਤ ਨੂੰ ਦਬਾਉਣ ਮਗਰੋਂ ਬਾਬਰ ਨੇ ਬਜੌਰ ਤੇ ਹਮਲਾ ਕੀਤਾ। ਬਜੌਰ ਦੇ ਬਹਾਦਰ ਲੋਕਾਂ ਨੇ ਉਸਦਾ ਡਟ ਕੇ ਮੁਕਾਬਲਾ ਕੀਤਾ। ਪਰ ਤੋਪਖਾਨੇ ਕਾਰਨ ਬਾਬਰ ਨੇ ਉਨ੍ਹਾਂ ਤੇ ਫਤਹਿ ਪਾ ਲਈ। ਲੋਕਾਂ ਦੇ ਦਿਲ ਵਿਚ ਦਹਿਸ਼ਤ ਪੈਦਾ ਕਰਨ ਲਈ ਬਾਬਰ ਨੇ ਬਜੌਰ ਵਿਚ ਕਤਲੇਆਮ ਦਾ ਹੁਕਮ ਦੇ ਦਿੱਤਾ। ਬਾਬਰ ਇਥੇ ਤਿੰਨ ਚਾਰ ਮਹੀਨੇ ਠਹਿਰਿਆ। ਉਸਨੇ ਜਿਹਲਮ ਵਿਚ ਭੇਰੇ ਤੇ ਹਮਲਾ ਕੀਤਾ ਜੋ ਬਿਨਾਂ ਮੁਕਾਬਲੇ ਉਸ ਨੇ ਜਿੱਤ ਲਿਆ। ਇਸ ਮਗਰੋਂ ਉਸ ਨੇ ਬਿਨਾਂ ਕਿਸੇ ਕਾਰਵਾਈ ਦੇ ਖ਼ੁਸ਼ਹਾਬ ਤੇ ਕਬਜ਼ਾ ਕਰ ਲਿਆ। ਭੇਰਾ ਤੇ ਖ਼ੁਸ਼ਹਾਬ ਦੇ ਸਰਦਾਰਾਂ ਨੇ ਬਾਬਰ ਦੀ ਅਧੀਨਗੀ ਸਵੀਕਾਰ ਕਰ ਲਈ। ਬਾਬਰ ਨੇ ਆਪਣੀਆਂ ਫੌਜਾਂ ਨੂੰ ਹੁਕਮ ਕੀਤਾ ਕਿ ਕਿਸੇ ਵਿਅਕਤੀ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਜਾਵੇ ਅਤੇ ਇਥੇ ਦੇ ਲੋਕਾਂ ਨਾਲ ਨਰਮ ਵਰਤਾਓ ਕੀਤਾ ਜਾਵੇ।

ਆਪਣੇ ਸਲਾਹਕਾਰਾਂ ਦੀ ਸਲਾਹ ਤੇ ਬਾਬਰ ਨੇ ਮੁੱਲਾਂ ਮੁਰਸ਼ਦ ਨੂੰ ਸਫੀਰ ਬਣਾ ਕੇ ਇਬਰਾਹੀਮ ਲੋਧੀ ਪਾਸ ਭੇਜਿਆ ਕਿ ਪਹਿਲਾਂ ਜੋ ਇਲਾਕੇ ਤੁਰਕਾਂ ਦੇ ਕਬਜ਼ੇ ਵਿਚ ਸਨ, ਉਸਨੂੰ ਸੌਂਪ ਦਿੱਤੇ ਜਾਣ। ਲਾਹੌਰ ਦੇ ਗਵਰਨਰ ਦੌਲਤ ਖਾਨ ਲਈ ਵੀ ਇਕ ਖਤ ਉਸ ਨੇ ਮੁੱਲਾਂ ਮੁਰਸ਼ਦ ਨੂੰ ਦਿੱਤਾ। ਦੌਲਤ ਖਾਨ ਨੇ ਬਾਬਰ ਦੇ ਸਫੀਰ ਨੂੰ ਦਿੱਲੀ ਜਾਣੋਂ ਇਸ ਡਰ ਅਧੀਨ ਰੋਕ ਦਿੱਤਾ ਕਿ ਇਬਰਾਹੀਮ ਕਿਧਰੇ ਬਾਬਰ ਦੀ ਮੰਗ ਪ੍ਰਵਾਨ ਨਾ ਕਰ ਲਵੇ। ਤੁਜ਼ਕੇ-ਬਾਬਰੀ ਅਨੁਸਾਰ, ''ਇਸ ਆਦਮੀ ਨੂੰ ਜਿਸ ਨੂੰ ਮੈਂ ਭੇਜਿਆ ਸੀ ਦੌਲਤ ਖਾਨ ਦੇ ਕੁਝ ਸਮਾਂ ਲਾਹੌਰ ਰੋਕੀ ਰਖਿਆ ਤੇ ਨਾ ਹੀ ਉਸ ਨੂੰ ਮਿਲਿਆ ਤੇ ਨਾ ਹੀ ਉਸ ਨੂੰ ਸੁਲਤਾਨ ਇਬਰਾਹੀਮ ਪਾਸ ਜਾਣ ਦੀ ਆਗਿਆ ਦਿੱਤੀ। ਇਉਂ ਮੇਰਾ ਸਫੀਰ ਬਿਨਾਂ ਕੋਈ ਜਵਾਬ ਲਿਆਏ ਪੰਜ ਮਹੀਨਿਆਂ ਮਗਰੋਂ ਕਾਬਲ ਵਾਪਸ ਆਇਆ।"

ਭੇਰਾ ਹਿੰਦੂ ਬੇਗ ਨੂੰ ਸੰਭਾਲ ਕੇ ਅਲੀ ਮਸਜਿਦ (Ali Masjid) ਦੇ ਰਾਹ ਵੱਲ ਦੀ ਬਾਬਰ ਕਾਬਲ ਵਾਪਸ ਆ ਗਿਆ।

## ਦੂਸਰੀ ਮੁਹਿੰਮ (1519 ਈ:)

ਬਾਬਰ ਦੀ ਪਹਿਲੀ ਮੁਹਿੰਮ ਦਾ ਕੋਈ ਲਾਭ ਨਹੀਂ ਸੀ ਹੋਇਆ। ਬਾਬਰ ਦੇ ਵਾਪਸ ਪਰਤਣ ਦੇ ਕੁਝ ਸਮੇਂ ਮਗਰੋਂ ਜੋ ਇਲਾਕੇ ਬਾਬਰ ਨੇ ਮੱਲੇ ਸਨ ਉਨ੍ਹਾਂ ਦੇ ਪੁਰਾਣੇ ਮਾਲਕਾਂ ਨੇ ਮੁੜ ਸਾਂਭ ਲਏ ਤੇ ਹਿੰਦੂ ਬੇਗ ਨੂੰ ਬਾਹਰ ਕੱਢ ਦਿੱਤਾ। ਸਤੰਬਰ 1519 ਵਿਚ ਫਿਰ ਬਾਬਰ ਖੈਬਰ ਦੱਰੇ ਰਾਹੀਂ ਮੁੜ ਭਾਰਤ ਵਿਚ ਦਾਖਲ ਹੋਇਆ ਪਰ ਉਸ ਨੂੰ ਬਦਖਸ਼ਾਂ ਵਿਚ ਗੜਬੜ ਕਾਰਨ ਬਿਨਾਂ ਕੋਈ ਪ੍ਰਾਪਤੀ ਕੀਤੇ ਵਾਪਸ ਜਾਣਾ ਪਿਆ।

ਰਸ਼ਬਰੁਕ ਵਿਲੀਅਮਜ਼ ਦਾ ਵਿਚਾਰ ਹੈ ਕਿ ਬਾਬਰ ਦੀ ਇੱਛਾ ਇਬਰਾਹੀਮ ਨਾਲ ਯੁੱਧ ਕਰਨ ਦੀ ਸੀ।ਪੰਜਾਬ ਉਸ ਦਾ ਪਹਿਲਾਂ ਨਿਸ਼ਾਨਾ ਸੀ ਅਤੇ ਇਹ ਉਦੋਂ ਉਸ ਨੇ ਮਹਿਸੂਸ ਕੀਤਾ ਕਿ ਦਿੱਲੀ ਜਿੱਤੇ ਬਿਨਾਂ ਉਹ ਪੰਜਾਬ ਨਹੀਂ ਜਿੱਤ ਸਕਦਾ। ਇਸ ਲਈ ਉਸ ਨੇ ਰਾਜ ਪਰਿਵਾਰ ਨਾਲ ਮਾਰੂ ਯੁੱਧ ਕਰਨ ਦਾ ਫੈਸਲਾ ਕੀਤਾ।

## ਤੀਸਰੀ ਮੁਹਿੰਮ (1520 ਈ:)

1520 ਵਿਚ ਬਾਬਰ ਤੀਸਰੀ ਵਾਰ ਭਾਰਤ ਆਇਆ ਤੇ ਉਸ ਨੇ ਭੇਰਾ ਤੇ ਬਜੌਰ ਨੂੰ ਮੁੜ ਕੇ ਜਿੱਤਿਆ ਜਿਥੋਂ ਉਸ ਦੇ ਬੰਦਿਆਂ ਨੂੰ 1519 ਈ: ਦੀ ਜਿੱਤ ਤੋਂ ਜਲਦੀ ਮਗਰੋਂ ਕੱਢ ਦਿੱਤਾ ਗਿਆ ਸੀ। ਉਸ ਨੇ ਫਿਰ ਸਿਆਲਕੋਟ ਨੂੰ ਕੂਚ ਕੀਤਾ ਜੋ ਬਿਨਾਂ ਮੁਕਾਬਲੇ ਦੇ ਉਸ ਦੇ ਅਧੀਨ ਹੋ ਗਿਆ ਅਤੇ ਕਿਸੇ ਵੀ ਥਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਸੈਦਪੁਰ ਉਸਦਾ ਅਗਲਾ ਸ਼ਿਕਾਰ ਸੀ। ਲੋਕਾਂ ਨੇ ਬਾਬਰ ਦਾ ਵਿਰੋਧ ਕੀਤਾ ਪਰ ਉਨ੍ਹਾਂ ਨੂੰ ਜਿੱਤ ਕੇ ਕੈਦੀ ਬਣਾ ਲਿਆ ਗਿਆ। ਗੁਰੂ ਨਾਨਕ ਦੇਵ ਜੀ ਉਸ ਮੌਕੇ ਤੇ ਗਵਾਹ ਹਨ ਕਿ ਸੈਦਪੁਰ ਦੇ ਲੋਕਾਂ ਉਪਰ ਕਿੰਨਾ ਜ਼ੁਲਮ ਕੀਤਾ ਗਿਆ। ਬਾਬਰ ਦੀਆਂ ਫੌਜਾਂ ਨੇ ਜੋ ਜ਼ੁਲਮ ਲੋਕਾਂ ਉਪਰ ਕੀਤੇ ਉਨ੍ਹਾਂ ਦਾ ਬੜਾ ਸਪਸ਼ਟ ਬਿਰਤਾਂਤ 'ਬਾਬਰ ਬਾਣੀ' ਵਿਚ ਉਪਲਬਧ ਹੈ। ਬਾਬਰ ਦੀ ਗੈਰ ਹਾਜ਼ਰੀ ਵਿਚ ਪਿਛੇ ਕੰਧਾਰ ਵਿਖੇ ਸ਼ਾਹ ਬੇਗ ਅਰਘਨ ਨੇ ਗੜਬੜ ਫੈਲਾ ਦਿੱਤੀ, ਇਸ ਕਰਕੇ ਬਾਬਰ ਨੂੰ ਵਾਪਸ ਮੁੜਨਾ ਪਿਆ। 1522 ਵਿਚ ਕੰਧਾਰ ਨੂੰ ਜਿੱਤ ਲਿਆ।

## ਚੌਥੀ ਮੁਹਿੰਮ (1524 ਈ:)

ਇਬਰਾਹਮ ਲੋਧੀ ਤੇ ਲਾਹੌਰ ਦੇ ਗਵਰਨਰ ਦੌਲਤ ਖਾਨ ਵਿਚਕਾਰ ਅਵਿਸ਼ਵਾਸ ਪੈਦਾ ਹੋ ਚੁੱਕਾ ਸੀ। ਦੌਲਤ ਖਾਨ ਨੂੰ ਦਿੱਲੀ ਬੁਲਾਇਆ ਗਿਆ ਪਰ ਸੁਲਤਾਨ ਦੇ ਗੁੱਸੇ ਨੂੰ ਟਾਲਣ ਲਈ ਉਸ ਨੇ ਆਪਣੇ ਪੁੱਤਰ ਦਿਲਾਵਰ ਖਾਨ ਨੂੰ ਭੇਜ ਦਿੱਤਾ। ਇਸ ਨਾਲ ਇਬਰਾਹਮ ਹੋਰ ਵਿਗੜ ਗਿਆ ਅਤੇ ਉਸ ਨਾਲ ਦੁਰਵਿਹਾਰ ਕੀਤਾ ਗਿਆ ਤੇ ਉਸਨੂੰ ਇਹ ਚਿਤਾਵਨੀ ਦਿੱਤੀ ਕਿ ਜੇ ਉਸਦੇ ਪਿਤਾ ਨੇ ਆਪਣਾ ਵਿਦਰੋਹੀ ਰਵੱਈਆ ਨਾ ਛਡਿਆ ਤਾਂ ਉਸਦੇ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਸੁਲਤਾਨ ਤੇ ਗਵਰਨਰ ਵਿਚ ਵਿਗਾੜ ਵਧਦਾ ਗਿਆ ਤੇ ਦੌਲਤ ਖਾਨ ਨੇ ਇਬਰਾਹਮ ਪਾਸੋਂ ਆਪਣੇ ਬਚਾ ਲਈ ਤਰੀਕਾ ਲੱਭਿਆ ਅਤੇ ਆਪਣੇ ਪੁੱਤਰ ਦਿਲਾਵਰ ਖਾਨ ਨੂੰ ਕਾਬੁਲ ਭੇਜਿਆ। ਦੌਲਤ ਖਾਨ ਇਸ ਹੱਕ ਵਿਚ ਸੀ ਕਿ ਇਬਰਾਹਮ ਦੀ ਥਾਂ ਉਸ ਦੇ ਚਾਚੇ ਆਲਮ ਖਾਨ ਨੂੰ ਰਾਜਗੱਦੀ ਮਿਲ ਜਾਵੇ।

ਦੌਲਤ ਖਾਨ ਪੰਜਾਬ ਵਿਚ ਦਿੱਲੀ ਵਲੋਂ ਸੁਤੰਤਰ ਹੋਣਾ ਚਾਹੁੰਦਾ ਸੀ ਪਰ ਇਸ ਮਦਦ ਲਈ ਬਾਬਰ ਨੂੰ ਜਾਂ ਕਿਸੇ ਹੋਰ ਨੂੰ ਉੱਚਤਾ ਨਹੀਂ ਸੀ ਦੇਣਾ ਚਾਹੁੰਦਾ। ਮਦਦ ਦੀਆਂ ਸ਼ਰਤਾਂ ਤੈਅ ਕੀਤੇ ਬਿਨਾਂ ਬਾਬਰ ਨੇ ਸੱਦਾ ਸਵੀਕਾਰ ਕਰ ਲਿਆ। ਉਹ ਹਿੰਦੁਸਤਾਨ ਦੇ ਮਾਮਲਿਆਂ ਵਿਚ ਦਖਲ ਅੰਦਾਜ਼ੀ ਦਾ ਮੌਕਾ ਨਹੀਂ ਸੀ ਗਵਾਉਣਾ ਚਾਹੁੰਦਾ।

ਇਬਰਾਹਮ ਨੂੰ ਦੌਲਤ ਖਾਨ ਤੇ ਬਾਬਰ ਵਿਚਕਾਰ ਹੋ ਰਹੀ ਸਾਜਸ਼ ਦਾ ਪਤਾ ਲਗ ਗਿਆ ਤੇ ਉਸ ਨੇ ਬੀਬਾਨ ਖਾਨ ਤੇ ਮੁਬਾਰਕ ਖਾਨ ਅਧੀਨ ਲਾਹੌਰ ਨੂੰ ਫੌਜ ਭੇਜ ਦਿੱਤੀ। ਸ਼ਾਹੀ ਫੌਜਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ ਤੇ ਦੌਲਤ ਖਾਨ ਨੂੰ ਉਥੋਂ ਕੱਢ ਦਿਤਾ। ਪਰ ਬਾਬਰ 1524 ਵਿਚ ਦੌਲਤ ਖਾਨ ਲੋਧੀ ਦੇ ਸੱਦੇ ਤੇ ਪੰਜਾਬ ਆਇਆ। ਉਸ ਨੇ ਲਾਹੌਰ ਤੇ ਕਬਜ਼ਾ ਕਰ ਲਿਆ ਤੇ ਬਜ਼ਾਰ ਲੁੱਟੇ ਗਏ ਤੇ ਮਗਰੋਂ ਸਾੜ ਦਿੱਤੇ ਗਏ। ਲਾਹੌਰ ਵਿਖੇ ਚਾਰ ਦਿਨ ਰਹਿਣ ਮਗਰੋਂ ਉਹ ਦੀਪਾਲਪੁਰ ਵਲ ਵਧਿਆ ਤੇ ਉਸ ਨੂੰ ਜਿੱਤ ਲਿਆ। ਦੌਲਤ ਖਾਨ ਆਪਣੇ ਦੂਜੇ ਲੜਕੇ ਗਾਜ਼ੀ ਖਾਨ ਨਾਲ ਦੀਪਾਲਪੁਰ ਵਿਖੇ ਬਾਬਰ ਨੂੰ ਇਸੇ ਆਸ ਨਾਲ ਮਿਲਿਆ ਕਿ ਉਸਨੂੰ ਲਾਹੌਰ ਦਾ ਗਵਰਨਰ ਨਿਯੁਕਤ ਕੀਤਾ ਜਾਵੇ। ਬਾਬਰ ਨੇ ਉਸਨੂੰ ਲਾਹੌਰ ਦੀ ਥਾਂ ਜਲੰਧਰ ਤੇ ਸੁਲਤਾਨਪੁਰ ਦੇ ਇਲਾਕੇ ਦੇ ਦਿੱਤੇ। ਇਹ ਇਲਾਕੇ ਉਸ ਦੀ ਆਸ ਤੋਂ ਕਿਤੇ ਘੱਟ ਸਨ ਅਤੇ ਇਸ ਤੋਂ ਉਸ ਨੂੰ ਬੜੀ ਨਿਰਾਸ਼ਾ ਹੋਈ।

ਇਸ ਸਮੇਂ ਦੌਲਤ ਖਾਂ ਨੇ ਬਾਬਰ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਫੌਜ ਇਕੱਠੀ ਕੀਤੀ ਹੋਈ ਸੀ। ਦੌਲਤ ਖਾਨ ਨੇ ਬਾਬਰ ਨੂੰ ਸਲਾਹ ਦਿੱਤੀ ਕਿ ਆਪਣੀ ਫੌਜ ਦੇ ਕੁਝ ਦਸਤੇ ਮੁਲਤਾਨ ਨੂੰ ਭੇਜੇ ਅਤੇ ਬਾਕੀ ਫੌਜ ਨੂੰ ਆਪਣੇ ਨਾਲ ਰੱਖੇ। ਬਾਬਰ ਨੇ ਸਲਾਹ ਮੰਨ ਲਈ ਤੇ ਇਸ ਅਨੁਸਾਰ ਹੁਕਮ ਦੇਣ ਵਾਲਾ ਹੀ ਸੀ ਕਿ ਦੌਲਤ ਖਾਨ ਦੇ ਪੁੱਤਰ ਦਿਲਾਵਰ ਖਾਨ ਨੇ ਗੁਪਤ ਰੂਪ ਵਿਚ ਬਾਬਰ ਨੂੰ ਸੂਚਨਾ ਭੇਜੀ ਕਿ ਇਸ ਤਜਵੀਜ਼ ਪਿਛੇ ਗੱਦਾਰੀ ਦੀ ਭਾਵਨਾ ਕੰਮ ਕਰ ਰਹੀ ਹੈ ਜੋ ਉਸ ਦੇ ਪਿਤਾ ਨੇ ਉਸ ਨੂੰ ਦੱਸੀ ਹੈ। ਦੌਲਤ ਖਾਨ ਦਾ ਮੰਤਵ ਬਾਬਰ ਦੀ ਫੌਜ ਤੇ ਹਮਲਾ ਕਰਨਾ ਤੇ ਇਸ ਦਾ ਸਫਾਇਆ ਕਰਨਾ ਸੀ, ਜਦੋਂ ਇਸ ਦੀ ਸੰਖਿਆ ਘੱਟ ਜਾਵੇ। ਜਦੋਂ ਉਸ ਨੂੰ ਦੌਲਤ ਖਾਨ ਦੀ ਮਾੜੀ ਨੀਯਤ ਬਾਰੇ ਯਕੀਨ ਹੋ ਗਿਆ ਤਾਂ ਉਸ ਨੇ ਦੌਲਤ ਖਾਨ ਅਤੇ ਉਸਦੇ ਪੁੱਤਰ ਗਾਜ਼ੀ ਖ਼ਾਨ ਨੂੰ ਕੈਦ ਕਰ ਲਿਆ। ਬਾਅਦ ਵਿਚ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਉਹ ਪਹਾੜਾਂ ਨੂੰ ਭੱਜ ਗਏ। ਕਾਬਲ ਨੂੰ ਵਾਪਸ ਜਾਣ ਤੋਂ ਪਹਿਲਾਂ ਬਾਬਰ ਨੇ ਸੁਲਤਾਨਪੁਰ ਦਿਲਾਵਰ ਖਾਨ ਨੂੰ ਤੇ ਦੀਪਾਲਪੁਰ ਆਲਮ ਖਾਨ ਨੂੰ ਸੌਂਪ ਦਿੱਤੇ ਅਤੇ ਲਾਹੌਰ ਆਪਣੇ ਨਜ਼ਦੀਕੀ ਰਿਸ਼ਤੇਦਾਰ ਮੀਰ ਅਬਦੁਲ ਅਜ਼ੀਜ਼ ਦੇ ਅਧੀਨ ਕਰ ਦਿੱਤਾ। ਸਿਆਲਕੋਟ ਖੁਸਰੋ ਕੁਕਲਤਾਸ਼ ਦੀ ਨਿਗਰਾਨੀ ਹੇਠ ਕਰ ਦਿੱਤਾ ਗਿਆ।

ਬਾਬਰ ਦੇ ਪੰਜਾਬ ਤੋਂ ਵਾਪਸ ਜਾਣ ਬਾਅਦ ਦੌਲਤ ਖਾਨ ਗੁਪਤਵਾਸ ਤੋਂ ਬਾਹਰ ਨਿਕਲ ਆਇਆ ਤੇ ਆਪਣੇ ਪੁੱਤਰ ਦਿਲਾਵਰ ਖਾਨ ਤੋਂ ਸੁਲਤਾਨਪੁਰ ਅਤੇ ਇਬਰਾਹੀਮ ਦੇ ਚਾਚੇ ਆਲਮ ਖਾਨ ਤੋਂ ਦੀਪਾਲਪੁਰ ਖੋਹ ਲਿਆ। ਆਲਮ ਖਾਨ ਕਾਬਲ ਗਿਆ ਤੇ ਬਾਬਰ ਨੂੰ ਪੰਜਾਬ ਦੀ ਪ੍ਰਭੂਸੱਤਾ ਸੌਂਪਣ ਦਾ ਵਾਅਦਾ ਕੀਤਾ ਜੇਕਰ ਉਹ ਉਸ ਨੂੰ ਇਬਰਾਹਮ ਤੋਂ ਦਿੱਲੀ ਦਾ ਰਾਜ ਦਿਵਾ ਦੇਵੇ।

ਆਲਮ ਖਾਨ ਦੀ ਇਸ ਪੇਸ਼ਕਸ਼ ਨੂੰ ਸਵੀਕਾਰ ਕਰਨ ਪਿੱਛੋਂ ਬਾਬਰ ਦੀ ਚਲਾਕੀ ਦਾ ਸਾਫ ਝਲਕਾਰਾ ਪੈਂਦਾ ਹੈ। ਇਰਸਕਿਨ (Erskin) ਦੇ ਸ਼ਬਦਾਂ ਵਿਚ ''ਰਾਜਨੀਤਿਕ ਨਿਆਂ

ਉਸ ਕਾਲ ਵਿਚ ਚੰਗਾ ਗੁਣ ਨਹੀਂ ਸੀ। ਬਾਬਰ ਨੇ ਸ਼ਾਇਦ ਇਹ ਵਿਚਾਰ ਕੀਤਾ ਹੋਵੇ ਕਿ ਜੇਕਰ ਇਹ ਕੰਮ ਠੀਕ ਤਰ੍ਹਾਂ ਹੋ ਜਾਵੇ ਤਾਂ ਉਹ ਉਸ ਰਾਜੇ ਨੂੰ ਕਠਪੁਤਲੀ ਵਾਂਗ ਵਰਤ ਸਕਦਾ ਹੈ ਜਿਸ ਨੂੰ ਰਾਜ ਭਾਗ ਦਿਵਾਇਆ ਹੋਵੇ।" ਉਸ ਨੇ ਆਲਮ ਖਾਨ ਦੀ ਸਲਾਹ ਮੰਨ ਲਈ। ਇਸ ਸਮੇਂ ਦੌਰਾਨ ਇਬਰਾਹਿਮ ਨੇ ਪੰਜਾਬ ਵਿਚ ਬਾਗੀਆਂ ਨੂੰ ਦਬਾਉਣ ਲਈ ਸ਼ਾਹੀ ਫੌਜ ਘੱਲ ਦਿੱਤੀ। ਦੌਲਤ ਖਾਨ ਨੇ ਆਸਾਨੀ ਨਾਲ ਇਸ ਫੌਜ ਨੂੰ ਹਰਾ ਦਿੱਤਾ। ਬਾਬਰ ਦੀ ਲਾਹੌਰ ਵਿਖੇ ਰੱਖਿਆ ਸੈਨਾ ਨੇ ਦੌਲਤ ਖਾਨ ਦੇ ਪੰਜਾਬ ਦੇ ਕਬਜ਼ੇ ਦੀ ਯੋਜਨਾ ਨੂੰ ਨਾਕਾਮ ਬਣਾ ਦਿੱਤਾ ਪਰ ਦੌਲਤ ਖਾਨ ਨੇ ਬੜੀ ਆਸਾਨੀ ਨਾਲ ਦਿੱਲੀ ਦੇ ਬਾਦਸ਼ਾਹ ਦੀ ਫੌਜ ਨੂੰ ਹਰਾ ਦਿੱਤਾ ਜੋ ਉਸ ਨੂੰ ਹਰਾਉਣ ਲਈ ਭੇਜੀ ਗਈ ਸੀ।

ਬਾਬਰ ਬਲਖ ਵਿਖੇ ਬਗਾਵਤ ਨੂੰ ਦਬਾਉਣ ਵਿਚ ਰੁਝਿਆ ਹੋਇਆ ਸੀ ਜਿਸ ਕਾਰਨ ਆਪ ਪੰਜਾਬ ਵਿਚ ਆਲਮ ਖਾਨ ਨਾਲ ਹੋਏ ਸੌਦੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਤੁਰੰਤ ਨਾ ਪੁੱਜ ਸਕਿਆ। ਅਜੇ ਦੌਲਤ ਖਾਨ ਬਾਬਰ ਦਾ ਵਿਰੋਧੀ ਸੀ। ਇਸ ਲਈ ਲਾਹੌਰ ਦੇ ਮੁਗਲ ਅਧਿਕਾਰੀਆਂ ਨੇ ਆਲਮ ਖਾਨ ਨੂੰ ਸਲਾਹ ਦਿੱਤੀ ਕਿ ਇਬਰਾਹਿਮ ਨਾਲ ਗੱਲ ਨਾ ਵਿਗਾੜੀ ਜਾਵੇ ਕਿਉਂਕਿ ਇਸ ਨਾਲ ਧਿਆਨ ਵੰਡਿਆ ਜਾਵੇਗਾ। ਦੌਲਤ ਖਾਨ ਨੇ ਆਲਮ ਖਾਨ ਨੂੰ ਪ੍ਰੇਰਿਆ ਕਿ ਬਾਬਰ ਨਾਲ ਸਾਂਝ ਤੋੜ ਲਵੇ ਕਿਉਂਕਿ ਦੌਲਤ ਖਾਨ ਦਾ ਯਕੀਨ ਸੀ ਕਿ ਆਲਮ ਖਾਨ ਦੀ ਦਿੱਲੀ ਪ੍ਰਾਪਤ ਕਰਨ ਦੀ ਯੋਜਨਾ ਆਖਰ ਉਸ ਦੇ ਪੰਜਾਬ ਤੇ ਮੁੜ ਕਬਜ਼ੇ ਦੇ ਸੁਪਨੇ ਨੂੰ ਨਿਰਾਸ਼ ਕਰ ਦੇਵੇਗੀ। ਦਿਲਾਵਰ ਖਾਨ ਨੇ ਆਪਣੇ ਪਿਤਾ ਨਾਲ ਸੁਲਹਾ ਕਰ ਲਈ ਅਤੇ ਉਸ ਨਾਲ ਆ ਰਲਿਆ।

## ਪੰਜਵੀਂ ਮੁਹਿੰਮ (1525–1526 ਈ:)

ਕਾਬਲ ਨੂੰ ਆਪਣੇ 16 ਵਰ੍ਹਿਆਂ ਦੇ ਲੜਕੇ ਕਾਮਰਾਨ ਨੂੰ ਸੌਂਪ ਕੇ 17 ਨਵੰਬਰ 1525 ਨੂੰ ਬਾਬਰ ਹਿੰਦੁਸਤਾਨ ਤੇ ਪੰਜਵੀਂ ਵਾਰ ਹਮਲਾ ਕਰਨ ਲਈ ਚਲ ਪਿਆ। ਉਸਦਾ ਪੁੱਤਰ ਹਮਾਯੂੰ ਬਦਖਸ਼ਾਂ ਤੋਂ ਫੌਜਾਂ ਲੈ ਕੇ ਨਾਲ ਆ ਰਲਿਆ। ਸਿਆਲਕੋਟ ਆ ਕੇ ਉਸ ਨੂੰ ਆਲਮ ਖਾਨ ਦੇ ਉਸ ਨੂੰ ਛੱਡਣ ਦਾ ਪਤਾ ਲਗਾ ਕਿ ਦੌਲਤ ਖਾਨ ਤੇ ਉਸਦਾ ਪੁੱਤਰ ਗਾਜ਼ੀ ਖਾਨ 40 ਹਜ਼ਾਰ ਫੌਜ ਇਕੱਠੀ ਕਰਕੇ ਪੰਜਾਬ ਤੇ ਕਾਬਜ਼ ਹਨ ਤੇ ਲਾਹੌਰ ਜਿੱਤਣ ਦੀਆਂ ਯੋਜਨਾਵਾਂ ਬਣਾ ਰਹੇ ਹਨ। ਬਾਬਰ ਦੇ ਆਉਣ ਤੇ ਦੌਲਤ ਖਾਨ ਨੇ ਘਬਰਾ ਕੇ ਪੰਜਾਬ ਦੇ ਹੋਸ਼ਿਆਰਪੁਰ ਜ਼ਿਲ੍ਹੇ ਦੇ ਮਲੋਟ ਦੀ ਗੜ੍ਹੀ ਵਿਚ ਪਨਾਹ ਲਈ ਹੋਈ ਸੀ। ਇਸ ਗੜ੍ਹੀ ਨੂੰ ਬਾਬਰ ਨੇ ਘੇਰਾ ਪਾ ਲਿਆ। ਦੌਲਤ ਖਾਨ ਨੇ ਬਾਬਰ ਨੂੰ ਸੁਨੇਹਾ ਭੇਜਿਆ ਜਿਵੇਂ ਕਿ ਬਾਬਰ ਨੇ ਬਾਬਰ ਨਾਮੇ ਵਿਚ ਲਿਖਿਆ ਹੈ, "ਜੇਕਰ ਮੇਰੇ ਗੁਨਾਹ ਬਖਸ਼ ਦਿੱਤੇ ਜਾਣ ਤਾਂ ਮੈ ਤੁਹਾਡੀ ਸੇਵਾ ਵਿਚ ਹਾਜ਼ਰ ਹੋਣ ਤੇ ਮਲੋਟ ਦੇਣ ਲਈ ਤਿਆਰ ਹਾਂ।" ਦੌਲਤ ਖਾਨ ਨੂੰ ਬਾਬਰ ਸਾਹਮਣੇ ਪੇਸ਼ ਕੀਤਾ ਗਿਆ ਤੇ ਉਸ ਦੀ ਜਾਨ ਬਖਸ਼ ਦਿੱਤੀ ਗਈ। ਗਾਜ਼ੀ ਖਾਨ ਪਹਾੜਾਂ ਵਲ ਭੱਜ ਗਿਆ। ਦੌਲਤ ਖਾਨ ਨੂੰ ਕਿੱਟਾ ਬੇਗ ਨੂੰ ਸੌਂਪ ਦਿੱਤਾ ਗਿਆ ਤਾਂ ਜੋ ਉਹ ਇਸ ਨੂੰ ਭੇਰੇ ਲਿਜਾ ਕੇ ਕੈਦ ਕਰ ਦੇਵੇ। ਪਰ ਸੁਲਤਾਨਪੁਰ ਪੁੱਜ ਕੇ ਰਾਹ ਵਿਚ ਹੀ ਉਸ ਦੀ ਮੌਤ ਹੋ ਗਈ।

ਦੌਲਤ ਖਾਨ ਨਾਲ ਨਿਪਟਣ ਮਗਰੋਂ ਬਾਬਰ ਨੇ ਵੱਡੀ ਸਰਗਰਮੀ ਦਾ ਫੈਸਲਾ ਕੀਤਾ। ਉਹ ਲਿਖਦਾ ਹੈ, "ਮੈਂ ਦ੍ਰਿੜ੍ਹ ਹੋ ਕੇ ਪਰਮਾਤਮਾ ਦੇ ਭਰੋਸੇ ਤੇ ਸੁਲਤਾਨ ਇਬਰਾਹਿਮ ਵਿਰੁੱਧ ਚੜ੍ਹਾਈ ਕਰ ਦਿਤੀ।"

ਆਲਮ ਖਾਨ ਬੜੀ ਮਾੜੀ ਹਾਲਤ ਵਿਚ ਬਾਬਰ ਪਾਸ ਆਇਆ ਤੇ ਉਸ ਤੋਂ ਪਨਾਹ ਮੰਗੀ। ਰੁਸ਼ਬਰੁਕ ਵਿਲੀਅਮਜ਼ ਅਨੁਸਾਰ ਸ਼ਾਇਦ ਇਸ ਸਮੇਂ ਰਾਣਾ ਸੰਗਰਾਮ ਸਿੰਘ ਵਲੋਂ ਵੀ ਪੇਸ਼ਕਸ ਹੋਈ ਕਿ ਇਬਰਾਹੀਮ ਤੇ ਸਾਂਝਾ ਹਮਲਾ ਕਰੀਏ। ਬਾਬਰਨਾਮੇ ਅਨੁਸਾਰ ਬਾਬਰ ਨੂੰ ਰਾਣਾ ਸੰਗਰਾਮ ਸਿੰਘ ਦੀ ਪੇਸ਼ਕਸ ਪ੍ਰਾਪਤ ਹੋਈ ਤੇ ਉਸ ਕੋਲ ਕਾਬਲ ਵਿਖੇ ਉਸ ਦੀ ਮਦਦ ਲਈ ਵੀ ਕਿਹਾ ਗਿਆ ਪਰ ਇਸ ਪੇਸ਼ਕਸ ਦੇ ਬਾਵਜੂਦ ਰਾਣਾ ਸੰਗਰਾਮ ਸਿੰਘ ਬਾਬਰ ਵੱਲ ਹੋ ਕੇ ਪਾਣੀਪਤ ਵਿਖੇ ਲੜਾਈ ਵਿਚ ਨਾ ਲੜ ਸਕਿਆ। ਆਰ.ਪੀ. ਤ੍ਰਿਪਾਠੀ ਅਨੁਸਾਰ, ''ਇਸ ਦਾ ਕਾਰਨ ਸ਼ਾਇਦ ਮੁਜ਼ੱਫਰ ਸ਼ਾਹ ਵਲੋਂ ਖਤਰਾ ਸੀ।'' ਮੁਜ਼ੱਫਰ ਸ਼ਾਹ ਪਾਣੀਪਤ ਦੀ ਲੜਾਈ ਤੋਂ ਕੁਝ ਦਿਨ ਪਹਿਲਾਂ 15 ਅਪ੍ਰੈਲ 1526 ਨੂੰ ਮਰ ਗਿਆ। ਉਸ ਲਈ ਇਹ ਸੰਭਵ ਨਹੀਂ ਸੀ ਕਿ ਉਹ ਇੰਨੇ ਥੋੜੇ ਸਮੇਂ ਵਿਚ ਪ੍ਰਭਾਵਸ਼ਾਲੀ ਫੌਜ ਦਾ ਸੰਗਠਨ ਕਰਦਾ ਅਤੇ ਪਾਣੀਪਤ ਵਿਖੇ ਇੰਨੇ ਥੋੜੇ ਸਮੇਂ ਵਿਚ ਪੁੱਜਦਾ। ਬਹੁਤ ਸਾਰੇ ਦਿੱਲੀ ਦੇ ਸਰਦਾਰਾਂ ਜਿਵੇਂ ਅਰਾਇਸ਼ ਖਾਨ ਤੇ ਗੁਲ ਮੁਹੰਮਦ ਨੇ ਬਾਬਰ ਨੂੰ ਮਦਦ ਦੀ ਪੇਸ਼ਕਸ਼ ਕੀਤੀ। ਇਸ ਨਾਲ ਬਾਬਰ ਦਾ ਹੌਸਲਾ ਬੁਲੰਦ ਹੋਇਆ ਕਿ ਪਰਾਈ ਧਰਤੀ ਤੇ ਵੀ ਉਸ ਦੇ ਮਿੱਤਰ ਹਨ।

ਇਹ ਦੇਖਦਿਆਂ ਕਿ ਬਾਬਰ ਦਿੱਲੀ ਵੱਲ ਵੱਧ ਰਿਹਾ ਹੈ ਇਬਰਾਹਮ ਨੇ ਅਗਾਊਂ ਟੋਲੀਆਂ ਭੇਜੀਆਂ–ਇਕ ਹਿਸਾਰ ਫਿਰੋਜਾ ਦੇ ਹਮੀਦਾ ਖਾਨ ਦੇ ਅਧੀਨ ਅਤੇ ਦੂਜੀ ਹਾਤਿਮ ਖਾਨ ਅਤੇ ਦਾਉਦ ਖਾਨ ਦੇ ਅਧੀਨ। ਪਹਿਲੀ ਪਾਰਟੀ ਨੂੰ ਹਮਾਯੂੰ ਨੇ 26 ਫਰਵਰੀ 1526 ਨੂੰ ਹੋਡਲ ਦੇ ਸਥਾਨ ਤੇ ਹਰਾਇਆ ਤੇ ਖਿੰਡਾ ਦਿੱਤਾ ਅਤੇ ਜਨੈਂਦ ਬਿਰਲਾਜ਼ ਨੇ 2 ਅਪ੍ਰੈਲ ਨੂੰ ਅਜਿਹਾ ਹਾਲ ਦੂਜੀ ਪਾਰਟੀ ਦਾ ਕੀਤਾ। ਇਬਰਾਹੀਮ ਦੀਆਂ ਅਗਾਊਂ ਟੋਲੀਆਂ ਨੂੰ ਹਰਾਉਣ ਮਗਰੋਂ ਬਾਬਰ ਲਿਖਦਾ ਹੈ ਕਿ ''ਹਮਾਯੂੰ ਮੇਰੇ ਪਾਸ ਪੁੱਜ ਗਿਆ ਤੇ ਨਾਲ 100 ਕੈਦੀ, 7 ਜਾਂ 8 ਹਾਥੀ ਵੀ ਲੈ ਆਇਆ। ਉਸਤਾਦ ਅਲੀ ਅਤੇ ਤੋੜੇਦਾਰ ਬੰਦੂਕਾਂ ਵਾਲਿਆਂ ਨੂੰ ਹੁਕਮ ਦਿੱਤਾ ਕਿ ਇਨ੍ਹਾਂ ਕੈਦੀਆਂ ਨੂੰ ਗੋਲੀ ਨਾਲ ਉਡਾ ਦਿੱਤਾ ਜਾਵੇ ਤਾਂ ਜੋ ਇਕ ਮਿਸਾਲ ਬਣੇ। ਇਹ ਹਮਾਯੂੰ ਦਾ ਪਹਿਲਾਂ ਯੁੱਧ ਅਨੁਭਵ ਸੀ। ਇਹ ਵਧੀਆ ਸ਼ਗਨ ਸੀ।''

ਬਾਬਰ ਆਪਣੀਆਂ ਯਾਦਾਂ ਵਿਚ ਲਿਖਦਾ ਹੈ ਕਿ ''ਉਹ ਕਾਬਲ ਤੋਂ 12000 ਫੌਜੀਆਂ ਨਾਲ ਚਲਿਆ ਜੋ ਰਸ਼ਬਰੁਕ ਵਿਲੀਅਮਜ਼ ਅਨੁਸਾਰ 8000 ਸਨ ਜੋ ਇਬਰਾਹੀਮ ਦੀ ਇਕ ਲੱਖ ਫੌਜ ਦੇ ਵਿਰੁੱਧ ਪੂਰੀ ਪ੍ਰਵੀਨਤਾ ਨਾਲ ਲੜੇ। ਦੌਲਤ ਖਾਨ ਦੇ ਆਤਮ ਸਮਰਪਣ ਤੇ ਗਾਜ਼ੀ ਖਾਨ ਦੇ ਬਚ ਕੇ ਭੱਜ ਜਾਣ ਮਗਰੋਂ ਅਤੇ ਦਿਲਾਵਰ ਖਾਨ ਤੋਂ ਇਲਾਵਾ ਦਿੱਲੀ ਦਰਬਾਰ ਦੇ ਕੁੱਝ ਅਫਸਰਾਂ ਨਾਲ ਰਲਣ ਮਗਰੋਂ ਬਾਬਰ ਦੀਆਂ ਫੌਜਾਂ ਨਾਲ ਕਾਫੀ ਲੁਟੇਰੇ ਤੇ ਲਾਲਚੀ ਬੰਦੇ ਵੀ ਰਲ ਗਏ। ਅਜਿਹੇ ਵਾਧੇ ਬਾਰੇ ਇਨਕਾਰ ਨਹੀਂ ਕੀਤਾ ਜਾ ਸਕਦਾ।

ਪਾਣੀਪਤ ਦੀ ਇਤਿਹਾਸਕ ਲੜਾਈ ਵਿਚ ਬਾਬਰ ਨੇ ਆਪਣੀਆਂ ਫੌਜਾਂ ਨੂੰ ਯੋਗ ਢੰਗ ਨਾਲ ਮੈਦਾਨ ਵਿਚ ਖੜਾ ਕੀਤਾ। ਬਾਬਰ ਆਪ ਲਿਖਦਾ ਹੈ, ''ਸਾਡੇ ਸੱਜੇ ਪਾਸੇ ਪਾਣੀਪਤ ਸ਼ਹਿਰ ਦੇ ਨਾਲ ਲਗਦੀਆਂ ਬਸਤੀਆਂ ਸਨ, ਸਾਹਮਣੇ ਗੱਡੇ ਅਤੇ ਗੋਲੀ ਰੋਕਣ ਲਈ ਓਟਾਂ ਸਨ ਜੋ ਅਸਾਂ ਬਣਾਈਆਂ ਸਨ, ਸਾਡੇ ਖੱਬੇ ਪਾਸੇ ਖਾਈਆਂ ਆਦਿ ਸਨ।'' ਲੇਨਪੂਲ ਅਨੁਸਾਰ ਗੱਡਿਆਂ ਦੀ ਲਾਈਨ ਮੁਗਲਾਂ ਨੂੰ ਬਚਾਉਣ ਲਈ ਚਲਦੀ ਫਿਰਦੀ ਗੜ੍ਹੀ ਦਾ ਕੰਮ ਦਿੰਦੀ ਸੀ।

ਇਬਰਾਹੀਮ ਪਾਸ ਜਿਵੇਂ ਬਾਬਰ ਦਾ ਅਨੁਮਾਨ ਹੈ, ਇਕ ਲੱਖ ਬੰਦੇ ਸਨ ਜਿਨ੍ਹਾਂ ਵਿਚ

ਜ਼ਰੂਰੀ ਨਹੀਂ ਕਿ ਸਾਰੇ ਲੜ੍ਹਨ ਵਾਲੇ ਹੀ ਹੋਣ। ਉਨ੍ਹਾਂ ਵਿਚ ਬਹੁ-ਗਿਣਤੀ ਨੌਕਰਾਂ ਤੇ ਪਿਛੇ ਚਲਣ ਵਾਲਿਆਂ ਦੀ ਸੀ। ਪਰ ਫਿਰ ਵੀ ਇਬਰਾਹੀਮ ਦੀ ਲੜਨ ਵਾਲੀ ਫੌਜ ਦੀ ਗਿਣਤੀ 40 ਤੋਂ 50 ਹਜ਼ਾਰ ਤੋਂ ਘੱਟ ਨਹੀਂ ਸੀ ਜਿਸ ਵਿਚ ਦੋ ਹਜ਼ਾਰ ਹਾਥੀ ਸਨ। 12 ਅਪ੍ਰੈਲ 1526 ਨੂੰ ਆਪਸ ਵਿਚ ਲੜ੍ਹਨ ਵਾਲੀਆਂ ਫੌਜਾਂ ਆਹਮਣੇ ਸਾਹਮਣੇ ਆਈਆਂ ਜਿਸ ਵਿਚ ਤਿੰਨ ਜਾਂ ਚਾਰ ਮੀਲ ਦਾ ਫਾਸਲਾ ਸੀ। ਦੋਨਾਂ ਧਿਰਾਂ ਨੇ 8 ਦਿਨ ਕੋਈ ਚੜ੍ਹਾਈ ਨਹੀਂ ਕੀਤੀ। ਬਾਬਰ ਨੇ 20 ਅਪ੍ਰੈਲ ਦੀ ਰਾਤ ਨੂੰ ਇਬਰਾਹੀਮ ਤੇ ਹਮਲਾ ਕਰਨ ਦਾ ਹੁਕਮ ਦਿੱਤਾ ਜੋ ਅਸਫਲ ਸਿੱਧ ਹੋਇਆ। ਇਸ ਰਾਤ ਦੇ ਹਮਲੇ ਮਗਰੋਂ ਅਗਲੇ ਦਿਨ ਸਵੇਰੇ (21 ਅਪਰੈਲ) ਨੂੰ ਫੈਸਲਾਕੁੰਨ ਲੜਾਈ ਹੋਈ। ਲੜਾਈ ਦੁਪਹਿਰ ਤਕ ਖਤਮ ਹੋ ਗਈ ਤੇ ਇਬਰਾਹੀਮ ਮੈਦਾਨੇ ਜੰਗ ਵਿਚ ਬਹਾਦਰ ਅਫਗਾਨਾਂ ਵਾਂਗ ਮਰਿਆ ਪਿਆ ਸੀ।

ਬਾਬਰ ਇਸ ਲੜਾਈ ਵਿਚ ਜੇਤੂ ਨਿਕਲਿਆ ਜੋ ਲੜਾਈ ਇਕ ਮਾਹਰ ਤੇ ਨਵ-ਸਿਖਾਂਦਰੂ ਵਿਚਕਾਰ ਹੋਈ ਸੀ। ਬਾਬਰ ਦੀ ਜਿੱਤ ਦੇ ਕਈ ਕਾਰਨ ਸਨ। ਉਹ ਇਬਰਾਹੀਮ ਦੇ ਮੁਕਾਬਲੇ ਤੇ ਉੱਤਮ ਸਿਪਾਹੀ ਤੇ ਸਿਆਣਾ ਜਰਨੈਲ ਸੀ। ਸਗੋਂ ਇਬਰਾਹੀਮ ਨਾਤਜਰਬੇਕਾਰ ਨੌਜਵਾਨ ਸੀ ਪਰ ਆਪ ਬੜਾ ਬਹਾਦਰ ਸੀ। ਜੰਗ ਵਿਚ ਇਕੱਲੀ ਬਹਾਦਰੀ ਕਾਫੀ ਨਹੀਂ, ਲੜਾਈ ਦਾ ਤਜਰਬਾ ਵੀ ਉਨ੍ਹਾਂ ਹੀ ਲਾਜ਼ਮੀ ਹੈ। ਰਸ਼ਬਰੁਕ ਵਿਲੀਅਮਜ਼ ਦੇ ਸ਼ਬਦਾਂ ਵਿਚ ਜੇਕਰ ਇਕ ਵੱਡਾ ਕਾਰਨ ਜੋ ਕਿ ਉਸਦੀ ਆਖਰ ਜਿੱਤ ਵਿਚ ਸਹਾਈ ਸਿੱਧ ਹੋਇਆ ਉਹ ਉਸਦਾ ਤੋਪਖਾਨਾ ਸੀ। ਬਾਬਰ ਪਾਸ ਆਪਣੇ ਵਿਰੋਧੀ ਦੇ ਕਮਜ਼ੋਰ ਤੇ ਬਲਵਾਨ ਪੱਖਾਂ ਦਾ ਅਨੁਮਾਨ ਲਗਾਉਣ ਦੀ ਅਦਭੁਤ ਸ਼ਕਤੀ ਸੀ। ਬਾਬਰ ਤੁਲਗਾਮਾ ਦਾ ਪੈਂਤੜਾ ਵਰਤਦਾ ਸੀ ਜਿਨ੍ਹਾਂ ਦੇ ਸਿੱਟੇ ਠੀਕ ਨਿਕਲਦੇ ਸਨ। ਲੇਨਪੂਲ ਲਿਖਦਾ ਹੈ ਕਿ ਬਾਬਰ ਦੇ ਬੰਦੇ ਚੌਕਸੀ ਨਾਲ ਲੜਾਈ ਕਰਦੇ ਸਨ। ਇਹ ਉਨ੍ਹਾਂ ਦੇ ਰਾਜੇ ਦੇ ਦਾਅ ਪੇਚ ਸਨ ਜਿਨ੍ਹਾਂ ਨਾਲ ਉਨ੍ਹਾਂ ਵਿਚ ਲੜਨ ਦੀ ਦਲੇਰੀ ਪੈਦਾ ਹੁੰਦੀ ਸੀ।

ਇਬਰਾਹੀਮ ਦੀ ਫੌਜ ਅਨੁਸ਼ਾਸ਼ਨਹੀਣ ਤੇ ਟੁੱਟੀ ਹੋਈ ਸੀ। ਜਿਸ ਵਿਚ ਕੋਈ ਮੇਲ ਮਿਲਾਪ ਜਾਂ ਸੰਗਠਨ ਨਹੀਂ ਸੀ ਅਤੇ ਦਿੱਲੀ ਦੇ ਬਾਦਸ਼ਾਹ ਦੇ ਹਾਥੀ ਉਸ ਦੀ ਮਦਦ ਦੀ ਥਾਂ ਉਸ ਦੀ ਤਕਲੀਫ ਦਾ ਕਾਰਨ ਬਣੇ। ਦਿੱਲੀ ਦਾ ਸੁਲਤਾਨ ਸਾਂਝਾ ਮੁਹਾਜ ਬਣਾ ਕੇ ਬਾਬਰ ਦਾ ਮੁਕਾਬਲਾ ਨਾ ਕਰ ਸਕਿਆ। ਇਥੋਂ ਤਾਈਂ ਕਿ ਸੁਲਤਾਨ ਦੇ ਆਪਣੇ ਬੰਦੇ ਜਿਵੇਂ ਆਲਮ ਖਾਨ, ਦੌਲਤ ਖਾਨ, ਦਿਲਾਵਰ ਖਾਨ, ਗਾਜ਼ੀ ਖਾਨ, ਆਪਣੇ ਰਾਜੇ ਨੂੰ ਹਰਾਉਣ ਲਈ ਯੋਜਨਾ ਬਣਾਉਂਦੇ ਰਹੇ। ਰਾਣਾ ਸੰਗਰਾਮ ਸਿੰਘ ਵੀ ਅਫਗਾਨਾਂ ਦੇ ਰਾਜ ਨੂੰ ਖਤਮ ਕਰਨ ਲਈ ਬਾਬਰ ਨਾਲ ਸਾਜ਼ਸਾਂ ਨੂੰ ਰਚਦਾ ਰਿਹਾ। ਇਬਰਾਹੀਮ ਦੀ ਰਾਣਾ ਸੰਗਰਾਮ ਸਿੰਘ ਵਲੋਂ ਰਾਜਪੂਤਾਂ ਨੂੰ ਆਪਣੇ ਵੱਲ ਰਖਣ ਦੀ ਅਸਫਲਤਾ ਉਸ ਲਈ ਇਕ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਸੀ।

ਪਾਣੀਪਤ ਵਿਖੇ 21 ਅਪਰੈਲ, 1526 ਨੂੰ ਆਪਣੀ ਜਿੱਤ ਉਪਰੰਤ ਬਾਬਰ ਨੇ ਆਪਣੇ ਪੁੱਤਰ ਹਮਾਯੂੰ ਨੂੰ ਫੌਜ ਦੇ ਕੇ ਆਗਰੇ ਭੇਜਿਆ ਤਾਂ ਜੋ ਸ਼ਹਿਰ ਤੇ ਕਬਜ਼ਾ ਕੀਤਾ ਜਾਵੇ ਤੇ ਉਥੇ ਪਏ ਖਜ਼ਾਨੇ ਨੂੰ ਕਾਬੂ ਕੀਤਾ ਜਾਵੇ ਅਤੇ ਇਕ ਟੁਕੜੀ ਦਿੱਲੀ ਨੂੰ ਭੇਜੀ। ਉਹ ਆਪ ਤਿੰਨ ਦਿਨਾਂ ਮਗਰੋਂ ਦਿੱਲੀ ਪੁਜਾ। 27 ਅਪ੍ਰੈਲ ਸ਼ੁਕਰਵਾਰ ਵਾਲੇ ਦਿਨ ਜੁਮੇ ਦੀ ਨਮਾਜ਼ ਦਾ ਖੁਤਬਾ ਦਿੱਲੀ ਵਿਚ ਉਸਦੇ ਨਾਂ ਪੜ੍ਹਿਆ ਗਿਆ। ਉਹ 10 ਮਈ ਨੂੰ ਆਗਰੇ ਵਿਚ ਦਾਖਲ ਹੋਇਆ।

ਪਾਣੀਪਤ ਦੀ ਜਿੱਤ ਨੇ ਉਸ ਨੂੰ ਦਿੱਲੀ ਦਾ ਰਾਜਾ ਬਣਾ ਦਿੱਤਾ ਪਰ ਹਿੰਦੁਸਤਾਨ ਦਾ ਨਹੀਂ। ਅਜੇ ਉਸ ਨੇ ਰਾਣਾ ਸੰਗਰਾਮ ਸਿੰਘ ਦੇ ਤਕੜੇ ਵਿਰੋਧ ਦਾ ਮੁਕਾਬਲਾ ਕਰਨਾ ਸੀ ਅਤੇ ਉਸ ਨੇ ਇਸ

ਦੇਸ਼ ਦਾ ਰਾਜਾ ਬਣਨ ਲਈ ਰਾਜਪੂਤਾਂ ਤੇ ਅਫਗਾਨਾਂ ਨਾਲ ਯੁੱਧ ਕਰਨੇ ਸਨ। ਪਰ ਇਹ ਸਪਸ਼ਟ ਹੈ ਕਿ ਪਾਣੀਪਤ ਦੀ ਲੜਾਈ ਨਵੇਂ ਯੁੱਗ ਦਾ ਪ੍ਰਤੀਕ ਸੀ ਜਿਸ ਨਾਲ ਮੁਗਲ ਵੰਸ਼ ਦਿੱਲੀ ਦੇ ਤਖਤ ਦਾ ਮਾਲਕ ਬਣ ਗਿਆ।

### 1.1.3 ਸਮਕਾਲੀ ਰਾਜਨੀਤਿਕ ਦਸ਼ਾ ਬਾਰੇ ਗੁਰੂ ਨਾਨਕ ਦਾ ਅਨੁਭਵ

1521 ਵਿਚ ਆਪਣੀ ਉਦਾਸੀ ਸਮੇਂ ਗੁਰੂ ਨਾਨਕ ਦੇਵ ਜੀ ਦੂਜੀ ਵਾਰ ਸਯਦਪੁਰ ਗਏ ਉਸ ਸਮੇਂ ਬਾਬਰ ਨੇ ਇਸ ਸ਼ਹਿਰ ਤੇ ਹਮਲਾ ਕੀਤਾ ਹੋਇਆ ਸੀ। ਇਹ ਜਗ੍ਹਾ ਬਿਲਕੁਲ ਉਜੜੀ ਹੋਈ ਸੀ। ਕਤਲ-ਏ-ਆਮ ਦਾ ਹੁਕਮ ਦਿੱਤਾ ਹੋਇਆ ਸੀ ਤੇ ਘਰਾਂ ਵਿਚ ਅੱਗ ਦੇ ਭਾਂਬੜ ਨਿਕਲ ਰਹੇ ਸਨ। ਗੁਰੂ ਨਾਨਕ ਦੇਵ ਜੀ ਨੂੰ ਵੀ ਕੈਦ ਕਰ ਲਿਆ ਗਿਆ ਤੇ ਉਨ੍ਹਾਂ ਨਾਲ ਵੀ ਉਹੋ ਜਿਹਾ ਮਾੜਾ ਵਰਤਾਵ ਕੀਤਾ ਗਿਆ ਜਿਹੋ ਜਿਹਾ ਹੋਰ ਬਹੁਤ ਸਾਰੇ ਲੋਕਾਂ ਨਾਲ ਹੋ ਰਿਹਾ ਸੀ। ਗੁਰੂ ਨਾਨਕ ਦੇਵ ਜੀ ਉਨ੍ਹਾਂ ਜ਼ੁਲਮਾਂ ਤੇ ਅਤਿਆਚਾਰ ਦੇ ਚਸ਼ਮਦੀਦ ਗਵਾਹ ਸਨ ਜੋ ਮਾਸੂਮ ਦੇਸ਼ ਵਾਸੀਆਂ, ਕੁਰਲਾਂਦੀਆਂ ਔਰਤਾਂ, ਗੁਲਾਮਾਂ ਤੇ ਬੱਚਿਆਂ ਤੇ ਕੀਤੇ ਗਏ। ਆਪ ਇਹ ਸਭ ਕੁਝ ਚੁਪਚਾਪ ਨਾ ਜਰ ਸਕੇ। ਗੁਰੂ ਨਾਨਕ ਦੇਵ ਜੀ ਨੇ ਪ੍ਰਸਿੱਧ ਸ਼ਬਦ ਉਚਾਰਿਆ –

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲ ਚੜਾਇਆ।
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨ ਆਇਆ।
ਕਰਤਾ ਤੂੰ ਸਭਨਾ ਕਾ ਸੋਈ।
ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨਿ ਰੋਸੁ ਨ ਹੋਈ।
ਸਕਤਾ ਸੀਹੁ ਮਾਰੈ ਪੈ ਵਗੈ ਖਸਮੈ ਸਾ ਪਰਸਾਈ।
(ਆਸਾ ਮਹਲਾ ੧, ਪੰਨਾ 360)

ਗੁਰੂ ਨਾਨਕ ਦੇਵ ਜੀ ਨੇ ਹਮਲਾਵਰਾਂ ਨੂੰ ਯਮ ਆਖਿਆ ਹੈ ਜੋ ਬਾਬਰ ਦੇ ਰੂਪ ਵਿਚ ਚੜ੍ਹਕੇ ਆਏ ਹਨ। ਗੁਰੂ ਸਾਹਿਬ ਨੇ ਲੋਧੀਆਂ ਦੇ ਆਪਣੀ ਪਰਜਾ ਨੂੰ ਬਚਾਉਣ ਦੇ ਫਰਜ਼ ਨੂੰ ਨਾ ਨਿਭਾਉਣ ਕਾਰਨ ਨਿੰਦਾ ਕੀਤੀ ਹੈ। ਗੁਰੂ ਜੀ ਨੇ ਲੋਧੀਆਂ ਨੂੰ ਝਾੜਾਂ ਪਾਉਂਦਿਆ ਕਿਹਾ ਕਿ ਇਨ੍ਹਾਂ ਨੇ ਕੀਮਤੀ ਹੀਰਾ ਇਨੀ ਆਸਾਨੀ ਨਾਲ ਉਨ੍ਹਾਂ ਨੂੰ ਦੇ ਦਿੱਤਾ। ਗੁਰੂ ਜੀ ਦੇ ਸ਼ਬਦਾਂ ਵਿਚ :-

ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ। (ਪੰਨਾ 360)

ਉਨ੍ਹਾਂ ਨੇ ਲੋਕਾਂ ਦੀ ਰਾਜਨੀਤਿਕ ਅਯੋਗਤਾ ਬਾਰੇ ਵੀ ਵਿਚਾਰ ਕੀਤਾ। ਇਹ ਪਹਿਲੇ ਸੰਤ ਸਨ ਜਿਨ੍ਹਾਂ ਨੇ ਆਪਣੇ ਦੇਸ਼ ਤੇ ਬਦੇਸ਼ੀ ਹਮਲੇ ਦੀ ਨਿੰਦਾ ਕੀਤੀ ਤੇ ਸ਼ੋਸ਼ਣ ਨੂੰ ਵੀ ਨਿੰਦਿਆ। ਆਸਾ ਰਾਗ ਵਿਚ ਸਤਿਗੁਰੂ ਨੇ ਮੁਗਲਾਂ ਹੱਥੋਂ ਹਿੰਦੂਵਾਣੀਆਂ, ਤੁਰਕਾਣੀਆਂ, ਭਟਿਆਣੀਆਂ ਤੇ ਖਤਰਾਣੀਆਂ ਨੂੰ ਦਿੱਤੇ ਗਏ ਦੁੱਖਾਂ ਦਾ ਜ਼ਿਕਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਸਰਕਾਰੀ ਪ੍ਰਬੰਧ ਦੀ ਨਿੰਦਾ ਹੇਠ ਲਿਖੇ ਸ਼ਬਦਾਂ ਵਿਚ ਕੀਤੀ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।। (ਪੰਨਾ 145)

ਗੁਰੂ ਨਾਨਕ ਦੇਵ ਜੀ ਖੂਨ ਪੀਣੇ ਰਾਜਿਆਂ ਦੀ ਕਰੜੀ ਆਲੋਚਨਾ ਕਰਦੇ ਹਨ ਹੇਠ

ਲਿਖੀਆਂ ਪੰਗਤੀਆਂ ਤੋਂ ਸਪਸ਼ਟ ਹੈ :

ਰਾਜੇ ਸੀਹ ਮੁਕਦਮ ਕੁਤੇ।
ਜਾਇ ਜਗਾਇਨਿ ਬੈਠੇ ਸੁਤੇ। (ਪੰਨਾ 1288)

ਹੇਠ ਲਿਖੀਆਂ ਪਗਤੀਆਂ ਵਿਚ ਗੁਰੂ ਜੀ ਉਨ੍ਹਾਂ ਨਾਲ ਹੁੰਦੇ ਪੱਖ-ਪਾਤ ਬਾਰੇ ਲਿਖਦੇ ਹਨ ਜਿਨ੍ਹਾਂ ਦਾ ਧਰਮ ਇਸਲਾਮ ਨਹੀਂ ਸੀ :

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ।।
ਦੇਵਲ ਦੇਵਤਿਆਂ ਕਰੁ ਲਾਗਾ ਐਸੀ ਕੀਰਤਿ ਚਾਲੀ।। (ਪੰਨਾ 1197)

ਰਾਜਨੀਤਿਕ ਸਥਿਤੀ ਵਿਚ ਗੁਰੂ ਨਾਨਕ ਦੇਵ ਜੀ ਦੀ ਸਥਿਤੀ ਨੂੰ ਸਪਸ਼ਟ ਕਰਨ ਲਈ ਸੰਖੇਪ ਵਿਚ ਆਖਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਅਨੁਸਾਰ ਬਾਦਸ਼ਾਹੀ ਤੇ ਅਮੀਰੀ ਆਪ ਨਹੀਂ ਪ੍ਰਾਪਤ ਕੀਤੀ ਜਾ ਸਕਦੀ ਸਗੋਂ ਪਰਮਾਤਮਾ ਦੀ ਦਾਤ ਹੈ। ਰਾਜਾ ਤੇ ਰੰਕ ਦੀ ਹੋਂਦ ਰੱਬੀ ਮਰਜ਼ੀ ਅਨੁਸਾਰ ਹੈ। ਉਹ ਪ੍ਰਭੂ ਕਈਆਂ ਨੂੰ ਰਾਜ-ਭਾਗ ਦਿੰਦਾ ਹੈ ਤੇ ਹੋਰ ਮੰਗਤੇ ਬਣੀ ਭਟਕਦੇ ਫਿਰਦੇ ਹਨ। ਸਾਰੇ ਅਧਿਕਾਰਾਂ ਦਾ ਮੂਲ ਸੋਮਾ ਪ੍ਰਭੂ ਹੈ। ਇਹ ਪ੍ਰਭੂ ਦੇ ਹੱਥ ਵਿੱਚ ਹੈ ਕਿ ਜੇਕਰ ਉਹ ਚਾਹੇ ਰਾਜੇ ਨੂੰ ਰੋਲ ਦੇਵੇ ਤੇ ਸਾਧਾਰਨ ਮਨੁੱਖ ਨੂੰ ਉੱਪਰ ਚੁੱਕ ਦੇਵੇ। ਰਾਜੇ ਦਾ ਜ਼ਰੂਰੀ ਲੱਛਣ ਹੈ ਕਿ ਉਹ ਦੂਜਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੇ ਅਤੇ ਰਾਜਾ ਅਤੇ ਪਰਜਾ ਦੇ ਕੁਦਰਤੀ ਸੰਬੰਧ ਕਾਇਮ ਰਹਿਣ। ਰਾਜੇ ਦੀ ਪਰਜਾ ਨਾਲ ਤਾਂ ਹੀ ਬਣੀ ਰਹੇਗੀ ਜੇਕਰ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨ ਲਵੇ।

ਗੁਰੂ ਨਾਨਕ ਦੇਵ ਜੀ ਅਨੁਸਾਰ ਸਾਰੀ ਰਾਜਨੀਤਿਕ ਸੱਤਾ ਉਸ ਪ੍ਰਭੂ ਵਿਚੋਂ ਨਿਕਲਦੀ ਹੈ ਤੇ ਰਾਜੇ ਉਸਨੂੰ ਪ੍ਰਾਪਤ ਕਰਨ ਦੇ ਅਧਿਕਾਰੀ ਹਨ। ਉਨ੍ਹਾਂ ਦਾ ਨਿਸ਼ਚਾ ਸੀ ਕਿ ਰਾਜਾ ਆਪਣੀ ਪ੍ਰਜਾ ਪ੍ਰਤਿ ਫਰਜ਼ਾਂ ਤੋਂ ਮੁਕਤ ਨਹੀਂ ਹੋ ਸਕਦਾ। ਜੇਕਰ ਉਹ ਅਜਿਹਾ ਕਰਦਾ ਹੈ ਤਾਂ ਦਾਤਾ ਉਸ ਪਾਸੋਂ ਰਾਜ ਭਾਗ ਖੋਹ ਕੇ ਹੋਰਨਾਂ ਨੂੰ ਦੇ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਲੋਕਤੰਤਰੀ ਵਿਚਾਰ ਤੇ ਬਲ ਦਿੰਦੇ ਹਨ। ਜਦੋਂ ਉਹ ਰਾਜੇ ਨੂੰ ਆਪਣੇ ਪਰਜਾ ਦੇ ਸਹਿਯੋਗ ਨਾਲ ਰਾਜ ਕਰਨ ਦੀ ਸਲਾਹ ਦਿੰਦੇ ਹਨ ਅਤੇ ਉਸ ਨੂੰ ਆਪਣੀ ਪ੍ਰਬੰਧਕੀ ਕਾਰਜ ਕਰਨ ਲਈ ਕਹਿੰਦੇ ਹਨ ਤੇ ਨਾਲ ਹੀ ਸਪਸ਼ਟਤਾ, ਨਿਆਂ, ਦਇਆਲਤਾ ਤੇ ਹਮਦਰਦੀ ਦੇ ਗੁਣ ਧਾਰਨ ਕਰਨ ਲਈ ਵੀ ਆਖਦੇ ਹਨ।

ਗੁਰੂ ਨਾਨਕ ਦੇਵ ਜੀ ਦਾ ਕਿਸੇ ਵਿਧਾਨਕ ਸਵਾਲ ਨਾਲ ਸੰਬੰਧ ਨਹੀਂ ਸੀ। ਉਨ੍ਹਾਂ ਕਈ ਅਧਿਕਾਰੀਆਂ ਦੀ ਨਿੰਦਾ ਕੀਤੀ ਪਰ ਉਨ੍ਹਾਂ ਦੇ ਦਫਤਰਾਂ ਦੀ ਨਹੀਂ। ਸਰਕਾਰੀ ਕਰਮਚਾਰੀਆਂ ਦੇ ਆਪਣੇ ਫਰਜ਼ ਚੰਗੀ ਤਰ੍ਹਾਂ ਨਾ ਨਿਭਾਉਣ ਦੀ ਹਾਲਤ ਵਿਚ ਆਪ ਨੇ ਆਪਣਾ ਪੂਰਾ ਗਿਲਾ ਦਰਸਾਇਆ ਹੈ ਅਤੇ ਇਹ ਜ਼ੁਲਮ ਜਾਂ ਦਬਾਉ, ਅਯੋਗ ਤੇ ਭ੍ਰਿਸ਼ਟਾਚਾਰ ਦੀ ਨਿੰਦਾ ਦੇ ਖਿਲਾਫ ਵਿਦਰੋਹ ਦੇ ਬਰਾਬਰ ਸੀ।

ਗੁਰੂ ਨਾਨਕ ਦੇਵ ਜੀ ਨੇ ਰਾਜ ਦੇ ਰਾਜ ਭਾਗ ਨਾਲ ਧਰਮ ਨੂੰ ਨਹੀਂ ਜੋੜਿਆ ਭਾਵੇਂ ਉਹ ਇਸ ਨੂੰ ਪ੍ਰਭੂ ਦੀ ਦੇਣ ਹੀ ਮੰਨਦੇ ਸਨ। ਗੁਰੂ ਨਾਨਕ ਅਨੁਸਾਰ ਜੇਕਰ ਰਾਜੇ ਦੇ ਹੁਕਮ ਨਿਆਂ ਤੇ ਬਰਾਬਰੀ ਦੇ ਖਿਲਾਫ ਹਨ ਤਾਂ ਇਹ ਲੋਕਾਂ ਲਈ ਲਾਜ਼ਮੀ ਨਹੀਂ ਕਿ ਉਨ੍ਹਾਂ ਨੂੰ ਮੰਨਣ ਅਤੇ ਇਸ ਵਿਚ ਨਾ ਮੰਨਣ ਦੇ ਬੀਜ ਅਧਰਮੀ ਰਾਜੇ ਦੇ ਅਧਿਕਾਰਾਂ ਨੂੰ ਚੁਣੌਤੀ ਹਨ। ਪਰ ਇਹ ਸਪਸ਼ਟ ਹੈ ਕਿ ਜਿੰਨਾਂ ਚਿਰ ਸਬੰਧਤ ਰਾਜੇ ਜਾਂ ਸ਼ੇਖ ਆਪਣੇ ਅਧਿਕਾਰ ਆਪਣੀ ਪਰਜਾ ਦੀ ਭਲਾਈ ਲਈ ਵਰਤਦੇ ਹਨ ਅਤੇ ਦੁਨਿਆਵੀਂ ਲਾਲਚ

ਵਿਚ ਨਹੀਂ ਫਸਦੇ ਉਨ੍ਹਾਂ ਚਿਰ ਉਨ੍ਹਾਂ ਵਿਰੁਧ ਕੋਈ ਰਾਜਨੀਤਿਕ ਬਗਾਵਤ ਨਹੀਂ ਹੋਵੇਗੀ।

## 1.1.4 ਗੁਰੂ ਨਾਨਕ ਦੇਵ ਜੀ ਦੇ ਸਮੇਂ ਪੰਜਾਬ ਦੀ ਸਮਾਜਿਕ ਅਤੇ ਧਾਰਮਿਕ ਸਥਿਤੀ

### ਸਮਾਜਿਕ ਸਥਿਤੀ

ਪੰਦਰਵੀਂ ਸਦੀ ਦੇ ਅਖੀਰ ਵਿਚ ਅਤੇ ਸੋਲਵੀਂ ਸਦੀ ਦੇ ਆਰੰਭ ਵਿਚ ਪੰਜਾਬ ਦੀ ਸਮਾਜਿਕ ਹਾਲਤ ਬੜੀ ਖਰਾਬ ਸੀ। ਇਸ ਸਮੇਂ ਦਾ ਸਮਾਜ, ਹਿੰਦੂ ਅਤੇ ਮੁਸਲਮਾਨ ਦੋ ਮੁੱਖ ਵਰਗਾਂ ਵਿਚ ਵੰਡਿਆ ਹੋਇਆ ਸੀ। ਧਰਮ ਦੇ ਆਧਾਰ ਤੇ ਇਸਲਾਮੀ ਰਾਜ ਹੋਣ ਕਾਰਨ ਮੁਸਲਮਾਨਾਂ ਨੂੰ ਸਮਾਜ ਵਿਚ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ। ਸ਼ਾਸਕ ਵਰਗ ਨਾਲ ਸੰਬੰਧਤ ਹੋਣ ਕਾਰਨ ਮੁਸਲਮਾਨਾਂ ਨੂੰ ਹਰ ਕਿਸਮ ਦਾ ਸਨਮਾਨ ਅਤੇ ਸਹੂਲਤਾਂ ਪ੍ਰਾਪਤ ਸਨ ਪਰ ਹਿੰਦੂਆਂ ਦੀ ਹਾਲਤ ਬਹੁਤ ਖਰਾਬ ਸੀ। ਕਿਉਂਕਿ ਉਹ ਸ਼ਾਸਕ ਵਰਗ ਨਾਲ ਸੰਬੰਧ ਨਹੀਂ ਰੱਖਦੇ ਸਨ। ਉਨ੍ਹਾਂ ਨੂੰ ਕਾਫਰ, ਜ਼ਿੰਮੀ ਜਾਂ ਦਾਸ ਕਿਹਾ ਜਾਂਦਾ ਸੀ ਤੇ ਕਈ ਕਿਸਮ ਦੇ ਟੈਕਸ ਜਿਵੇਂ ਜਜੀਆ ਅਤੇ ਯਾਤਰਾ ਟੈਕਸ ਆਦਿ ਦੇਣੇ ਪੈਂਦੇ ਸਨ ਅਤੇ ਉਹ ਉੱਚ ਅਧਿਕਾਰਾਂ ਤੋਂ ਵੰਚਿਤ ਸਨ। ਇਸ ਤੋਂ ਇਲਾਵਾ ਹਿੰਦੂ ਸਮਾਜ ਵਿਚ ਜਾਤ-ਪਾਤ, ਛੂਤ-ਛਾਤ ਅਤੇ ਹੋਰ ਕਈ ਕਿਸਮ ਦੀਆਂ ਸਮਾਜਿਕ ਬੁਰਾਈਆਂ ਪ੍ਰਚਲਤ ਸਨ ਜਿਨ੍ਹਾਂ ਦਾ ਵਿਸਤਾਰ ਨਾਲ ਅਧਿਐਨ ਅਸੀਂ ਹਿੰਦੂ ਸਮਾਜ ਦੀ ਬਣਤਰ ਸਿਰਲੇਖ ਅਧੀਨ ਕਰਾਂਗੇ।

### ਹਿੰਦੂ ਸਮਾਜ ਦੀ ਬਣਤਰ

ਹਿੰਦੂ ਸਮਾਜ ਆਪਣੇ ਸਮਾਜਿਕ ਵਿਕੇਂਦਰੀਕਰਣ ਕਾਰਨ ਵੰਡਿਆ ਹੋਇਆ ਸੀ। ਗਿਆਰਵੀਂ ਸਦੀ ਦੇ ਆਰੰਭ ਵਿਚ ਅਲਬਰੂਨੀ ਲਿਖਦਾ ਹੈ ਕਿ ਹਿੰਦੂਆਂ ਦੇ ਚਾਰ ਵਰਣ ਸਨ-ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ। ਇਨ੍ਹਾਂ ਦੇ ਵਿਸ਼ੇਸ਼ ਕੰਮ ਨਿਸ਼ਚਿਤ ਕੀਤੇ ਗਏ ਹਨ। ਬ੍ਰਾਹਮਣ ਦੇ ਇਹਨਾਂ ਅਧਿਕਾਰ ਖੇਤਰਾਂ ਦੀ ਉਲੰਘਣਾ ਪਾਪ ਹੀ ਨਹੀਂ ਸੀ ਸਗੋਂ ਜ਼ੁਰਮ ਸੀ ਅਤੇ ਜਿਸ ਲਈ ਰਾਜਾ ਉਸਨੂੰ ਸ਼ਜਾ ਵੀ ਦੇ ਸਕਦਾ ਸੀ। ਹਰ ਵਰਣ ਵਿਚ ਬਹੁਤ ਸਾਰੀਆਂ ਉਪ-ਜਾਤਾਂ ਸਨ। ਗੁਰੂ ਨਾਨਕ ਦੇਵ ਜੀ ਕਾਲ ਦੌਰਾਨ ਵੀ ਹਿੰਦੂ ਸਮਾਜ ਵਿਚ ਵਰਣ ਵੰਡ ਕਾਇਮ ਸੀ।

ਹਿੰਦੂਆਂ ਵਿਚ ਬ੍ਰਾਹਮਣਾਂ ਦੀ ਸਥਿਤੀ ਸਭ ਤੋਂ ਉੱਪਰ ਸੀ। ਉਨ੍ਹਾਂ ਦਾ ਹਿੰਦੂ ਰਸਮ ਰਿਵਾਜਾਂ ਉੱਪਰ ਪੂਰਾ ਕੰਟਰੋਲ ਸੀ। ਖਤਰੀ ਦਾ ਪੇਸ਼ਾ ਰਾਜ ਕਰਨਾ ਅਤੇ ਲੜਨਾ ਸੀ। ਵੈਸ਼, ਵਪਾਰ ਤੇ ਖੇਤੀ ਕਰਦੇ ਸਨ। ਸ਼ੂਦਰ ਮੁੱਖ ਤੌਰ ਤੇ ਬ੍ਰਾਹਮਣਾਂ ਦੀ ਸੇਵਾ ਲਈ ਸਨ ਅਤੇ ਉਨ੍ਹਾਂ ਨੂੰ ਧਾਰਮਿਕ ਕਰਮ ਕਰਨ ਦੀ ਇਜ਼ਾਜਤ ਨਹੀਂ ਸੀ। ਸ਼ੂਦਰਾਂ ਤੇ ਚੰਡਾਲਾਂ ਦੀ ਹਾਲਤ ਸਭ ਤੋਂ ਵੱਧ ਮਾੜੀ ਸੀ। ਜਿਨ੍ਹਾਂ ਨੂੰ ਅਛੂਤ ਮੰਨਿਆ ਜਾਂਦਾ ਸੀ। ਉਹ ਹਮੇਸ਼ਾਂ ਜ਼ਲਾਲਤ ਭਰਿਆ ਜੀਵਨ ਤਾਂ ਬਸਰ ਕਰਦੇ ਹੀ ਸਨ ਪਰ ਉਨ੍ਹਾਂ ਦੀ ਦਸ਼ਾ ਅੰਤਾਂ ਦੀ ਗਰੀਬੀ ਅਤੇ ਕੰਗਾਲੀ ਵਾਲੀ ਸੀ। ਉਨ੍ਹਾਂ ਨੂੰ ਜਾਇਦਾਦ ਰੱਖਣੋਂ ਰੋਕਿਆ ਜਾਂਦਾ ਸੀ ਤੇ ਉਨ੍ਹਾਂ ਦੇ ਜ਼ੁਰਮ ਦੀ ਸਜ਼ਾ ਹੋਰ ਜਾਤੀਆਂ ਦੇ ਲੋਕਾਂ ਨਾਲੋਂ ਕਿਤੇ ਵੱਧ ਮਿਲਦੀ ਸੀ। ਉਹ ਸਮਾਜਕ ਅਨਿਆਂ ਦੇ ਜਬਰਦਸਤ ਸ਼ਿਕਾਰ ਸਨ।

ਪੰਦਰਵੀਂ ਸਦੀ ਦੇ ਅਖੀਰ ਵਿਚ ਪੰਜਾਬ ਦੀ ਸਮਾਜਿਕ ਸਥਿਤੀ ਵਿਚ ਤੁਰਕਾਂ ਦੀ ਜਿੱਤ ਅਤੇ ਦਿੱਲੀ ਦੇ ਸੁਲਤਾਨਾਂ ਦੇ ਪ੍ਰਭਾਵ ਅਧੀਨ ਕਾਫੀ ਪਰਿਵਰਤਨ ਆਇਆ। ਰਾਜਪੂਤਾਂ ਦੀ ਪ੍ਰਭੂਸੱਤਾ ਦੇ ਜਾਣ ਨਾਲ ਬ੍ਰਾਹਮਣਾਂ ਦੀ ਪਰੰਪਰਾਵਾਦੀ ਸਰਪਰਸਤੀ ਜਾਂਦੀ ਰਹੀ। ਰਾਜਪੂਤਾਂ ਦੀ ਪ੍ਰਭੂਸੱਤਾ ਦੇ ਜਾਣ ਦੇ ਬਾਵਜੂਦ ਬ੍ਰਾਹਮਣਾਂ ਨੇ ਹਿੰਦੂ ਜਨਤਾ ਤੇ ਅਧਿਕਾਰ ਕਾਇਮ ਰਖਿਆ ਤੇ ਆਪਣਾ ਪ੍ਰਭਾਵ ਵੀ ਪਾਇਆ। ਉਹ ਨਵੇਂ ਪੁਰਾਣੇ ਮੰਦਰਾਂ ਦੀ ਦੇਖਭਾਲ ਵੀ ਕਰਦੇ ਸਨ ਅਤੇ ਪਾਠਸ਼ਾਲਾਵਾਂ ਵਿਚ ਧਾਰਮਿਕ ਸਿੱਖਿਆ ਦਿੰਦੇ ਸਨ। ਇਹਨਾਂ ਵੱਖ ਵੱਖ ਰਸਮਾਂ ਅਤੇ ਸਮਾਗਮਾਂ ਦੀ ਪੂਰਤੀ ਲਈ ਪਰਿਵਾਰਾਂ ਵਿਚ ਪ੍ਰੋਹਿਤ ਬਣ ਗਏ ਸਨ।

ਉਨ੍ਹਾਂ ਦਿਨਾਂ ਵਿਚ ਪਿੰਡਾਂ ਤੇ ਸ਼ਹਿਰਾਂ ਵਿਚ ਵਪਾਰ ਤੇ ਦੁਕਾਨਦਾਰੀ ਖਤਰੀਆਂ ਦੇ ਹੱਥਾਂ ਵਿਚ ਸੀ। ਉਹ ਸ਼ਾਹੂਕਾਰਾ ਵੀ ਕਰਦੇ ਸਨ। ਉਸ ਸਮੇਂ ਕਾਨੂੰਨੀ ਤੌਰ ਤੇ ਜਾਇਜ਼ ਹੁੰਡੀਆਂ ਵੀ ਪ੍ਰਚਲਿਤ ਸਨ। ਵਪਾਰੀ ਜਮਾਤ ਬੇਈਮਾਨੀ ਨਾਲ ਪੈਸਾ ਕਮਾਉਣ ਦਾ ਕੋਈ ਮੌਕਾ ਵੀ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੀ ਸੀ ਅਤੇ ਚੀਜ਼ਾਂ ਵਿਚ ਮਿਲਾਵਟ ਦੀ ਕੋਸ਼ਿਸ਼ ਤੇ ਵੱਟਿਆਂ ਵਿਚ ਹੇਰਾਫੇਰੀ ਆਮ ਸੀ। ਜੱਟ ਮੁੱਖ ਰੂਪ ਵਿਚ ਪਿੰਡਾਂ ਵਿਚ ਵਸੇ ਹੋਏ ਸਨ ਅਤੇ ਖਾਸ ਕਰਕੇ ਅਪਰ-ਰਚਨਾ, ਅਪਰ ਬਾਰੀ ਅਤੇ ਬਿਸਤ-ਜਲੰਧਰ ਦੋਆਬਾ ਅਤੇ ਸਤਿਲੁਜ ਦੇ ਖੱਬੇ ਕੰਢੇ ਉੱਪਰ ਵਸਦੇ ਇਲਾਕੇ ਵਿਚ ਰਹਿੰਦੇ ਸਨ, ਉਹ ਕਈ ਵਰਗਾਂ ਵਿਚ ਵੰਡੇ ਹੋਏ ਸਨ। ਉਹਨਾਂ ਵਿਚ ਜ਼ਿਮੀਦਾਰ, ਚੌਧਰੀ ਤੇ ਮੁਕੱਦਮ ਸ਼ਾਮਲ ਸਨ ਪਰ ਬਹੁ-ਗਿਣਤੀ ਸਾਧਾਰਨ ਖੇਤੀਬਾੜੀ ਕਰਨ ਵਾਲਿਆਂ ਦੀ ਸੀ ਅਤੇ ਉਨ੍ਹਾਂ ਨੇ ਜ਼ੁਲਮ ਦਾ ਗੰਭੀਰ ਮੁਕਾਬਲਾ ਕੀਤਾ। ਵਿਚਾਰ ਅਧੀਨ ਕਾਲ ਵਿਚ ਰਾਜਪੂਤ ਬ੍ਰਾਹਮਣ ਖਤਰੀ ਤੇ ਜੱਟ ਪੰਜਾਬ ਦੇ ਬੜੇ ਮਹੱਤਵਪੂਰਣ ਸਮਾਜਕ ਰੂਪ ਸਨ।

## ਇਸਤਰੀ ਦੀ ਹਾਲਤ

ਹਮੇਸ਼ਾਂ ਵਾਂਗ ਇਸਤਰੀ ਨੂੰ ਆਦਮੀ ਨਾਲੋਂ ਘਟੀਆ ਸਮਝਿਆ ਜਾਂਦਾ ਸੀ। ਵਿਆਹੀਆਂ ਇਸਤਰੀਆਂ ਘਰ ਦੇ ਕੰਮ ਵਿਚ ਪੂਰੀ ਤਰ੍ਹਾਂ ਉਲਝੀਆਂ ਰਹਿੰਦੀਆਂ ਸਨ। ਉੱਚ ਵਰਗ ਤੇ ਜ਼ਿਆਦਾ ਉੱਚੇ ਵਰਗ ਦੀਆਂ ਇਸਤਰੀਆਂ ਸਖਤ ਇਕੱਲ ਵਿਚ ਰਹਿੰਦੀਆਂ ਸਨ। ਕੁਝ ਸਮਾਂ ਪਹਿਲਾਂ ਅਲਬਰੂਨੀ ਨੇ ਲਿਖਿਆ ਸੀ ਕਿ ਹਿੰਦੂਆਂ ਦੇ ਵਿਆਹ ਬੜੀ ਛੋਟੀ ਉਮਰ ਵਿਚ ਹੀ ਹੋ ਜਾਂਦੇ ਸਨ। ਇਸ ਲਈ ਮਾਪੇ ਬੱਚਿਆਂ ਦੇ ਵਿਆਹ ਦਾ ਪ੍ਰਬੰਧ ਕਰਦੇ ਸਨ। ਵਿਆਹ ਦੇ ਮੌਕੇ ਤੇ ਉਨ੍ਹਾਂ ਵਿਚ ਕੋਈ ਸੌਗਾਤ ਜਾਂ ਦਾਜ ਬਾਰੇ ਮਾਮਲਾ ਤੈਅ ਨਹੀਂ ਕੀਤਾ ਜਾਂਦਾ ਸੀ। ਆਦਮੀ ਕੋਈ ਵੀ ਵਸਤੂ, ਜੋ ਉਹ ਠੀਕ ਜਾਣੇ, ਵਿਆਹ ਤੋਂ ਪਹਿਲਾਂ ਆਪਣੀ ਪਤਨੀ ਨੂੰ ਸੋਗਾਤ ਵਜੋਂ ਦਿੰਦਾ ਸੀ। ਜਿਸ ਨੂੰ ਵਾਪਸ ਲੈਣ ਦਾ ਉਸਨੂੰ ਅਧਿਕਾਰ ਨਹੀਂ ਸੀ ਹੁੰਦਾ। ਪਰ ਜੇਕਰ ਇਸਤਰੀ ਦੀ ਆਪਣੀ ਮਰਜ਼ੀ ਹੋਵੇ ਤਾਂ ਉਹ ਉਸ ਸੋਗਾਤ ਨੂੰ ਵਾਪਸ ਕਰ ਸਕਦੀ ਸੀ। ਪਤੀ ਅਤੇ ਪਤਨੀ ਦਾ ਵਿਛੋੜਾ ਮੌਤ ਨਾਲ ਹੀ ਹੁੰਦਾ ਸੀ ਕਿਉਂਕਿ ਤਲਾਕ ਦੀ ਪ੍ਰਥਾ ਨਹੀਂ ਸੀ।

ਪਤਨੀ ਦੇ ਗੁਜ਼ਾਰੇ ਦਾ ਪ੍ਰਬੰਧ ਕਰਨਾ ਪਤੀ ਦਾ ਫਰਜ਼ ਸੀ। ਜੇਕਰ ਉਹ ਬਦੇਸ਼ ਨੂੰ ਜਾਂਦਾ ਸੀ ਤਾਂ ਉਸ ਲਈ (ਆਪਣੀ) ਗੈਰ ਹਾਜ਼ਰੀ ਵਿਚ ਪਤਨੀ ਲਈ ਪ੍ਰਬੰਧ ਕਰਨਾ ਜ਼ਰੂਰੀ ਸੀ। ਸਤੀ ਹੋਣਾ ਭਾਵੇਂ ਜ਼ਰੂਰੀ ਨਹੀਂ ਸੀ ਪਰ ਹਿੰਦੂ

ਇਸਤਰੀਆਂ ਅਕਸਰ ਸਤੀ ਹੋ ਜਾਂਦੀਆਂ ਸਨ। ਇਸਤਰੀ ਨੂੰ ਹਮੇਸ਼ਾਂ ਵਿਧਵਾ ਦਾ ਜੀਵਨ ਬਤੀਤ ਕਰਨ ਤੇ ਪਤੀ ਨਾਲ ਚਿਤਾ ਵਿਚ ਸੜ ਕੇ ਸਤੀ ਹੋਣ ਵਿਚੋਂ ਇੱਕ ਗੱਲ ਚੁਣਨੀ ਪੈਂਦੀ ਸੀ ਅਤੇ ਆਮ ਤੌਰ ਤੇ ਉਹ ਮਗਰਲੀ ਗੱਲ ਹੀ ਚੁਣਦੀ ਸੀ। ਸਤੀ ਹੋਣ ਵਾਲੀ ਵਿਧਵਾ ਨੂੰ ਸ਼ਹੀਦ ਤੋਂ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਸੀ। ਜਿਥੇ ਇਸਤਰੀ ਸਤੀ ਹੁੰਦੀ ਸੀ ਉਸ ਨੂੰ ਪੂਜਾ ਦਾ ਸਥਾਨ ਮੰਨਿਆ ਜਾਂਦਾ ਸੀ। ਰਾਜਪੂਤ ਘਰਾਣਿਆਂ ਵਿਚ ਜੌਹਰ ਪ੍ਰਥਾ ਪ੍ਰਚਲਿਤ ਸੀ। ਜਦ ਕਦੇ ਰਾਜਪੂਤ ਰਾਜੇ ਤੇ ਸਿਪਾਹੀ ਇਹ ਮਹਿਸੂਸ ਕਰਦੇ ਸਨ ਕਿ ਯੁੱਧ ਵਿਚ ਹਾਰ ਲਾਜ਼ਮੀ ਹੈ ਤਾਂ ਉਹ ਆਪਣੇ ਘਰਾਂ ਤੇ ਤੇਲ ਛਿੜਕ ਕੇ ਅੱਗ ਲਾ ਦਿੰਦੇ ਸਨ ਜਿਨ੍ਹਾਂ ਵਿਚ ਉਨ੍ਹਾਂ ਦੀਆਂ ਇਸਤਰੀਆਂ ਤੇ ਬਾਲ ਬੱਚੇ ਸੜ ਕੇ ਮਰ ਜਾਂਦੇ ਸਨ ਤੇ ਉਹ ਆਪ ਨੰਗੀਆਂ ਤਲਵਾਰਾਂ ਲੈ ਕੇ ਮੈਦਾਨੇ ਜੰਗ ਵਿਚ ਕੁੱਦ ਪੈਂਦੇ ਸਨ ਜਾਂ ਤਾਂ ਆਪਣੇ ਦੁਸ਼ਮਣ ਨੂੰ ਮਾਰ ਦਿੰਦੇ ਸਨ ਜਾਂ ਆਪ ਮਰ ਜਾਂਦੇ ਸਨ। ਰਾਜਪੂਤਾਂ ਤੇ ਸਤਿਕਾਰ ਵਾਲੇ ਜ਼ਿਮੀਦਾਰ ਪਰਿਵਾਰਾਂ ਵਿਚ ਜੰਮਦੀਆਂ ਕੁੜੀਆਂ ਨੂੰ ਮਾਰਨ ਦਾ ਆਮ ਰਿਵਾਜ ਸੀ।

ਕੇ. ਐਮ. ਅਸ਼ਰਫ ਸਪਸ਼ਟ ਦਸਦਾ ਹੈ ਕਿ ਮੱਧਕਾਲ ਦੇ ਲੋਕਾਂ ਵਿਚ ਕੁਝ ਗੰਭੀਰ ਸਮਾਜਿਕ ਬੁਰਾਈਆਂ ਪ੍ਰਚਲਤ ਸਨ ਜਿਵੇਂ ਛੂਤ-ਛਾਤ, ਸਤੀ, ਬਾਲ-ਵਿਆਹ ਤੇ ਗੁਲਾਮੀ। ਉਹ ਇਸ ਨੂੰ ਸਪਸ਼ਟ ਨਹੀਂ ਕਰਦਾ ਪਰ ਪਹਿਲੀਆਂ ਤਿੰਨ ਬੁਰਾਈਆਂ ਹਿੰਦੂਆਂ ਵਿਚ ਪ੍ਰਚਲਿਤ ਸਨ ਤੇ ਚੌਥੀ ਭਾਵ ਗੁਲਾਮੀ ਇਹ ਮੁਸਲਿਮ ਸਮਾਜ ਦਾ ਅਨਿਖੜਵਾਂ ਅੰਗ ਸੀ। ਮੁਸਲਿਮ ਸਮਾਜ ਵਿਚ ਸਮਾਜਿਕ ਨਾ ਬਰਾਬਰੀ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਸੀ ਜਾਂ ਸਹਿ ਲਿਆ ਜਾਂਦਾ ਜਾਂ ਕਦੇ ਕਦੇ ਉਨ੍ਹਾਂ ਦੀ ਨਿੰਦਿਆ ਕੀਤੀ ਜਾਂਦੀ ਪਰ ਹਿੰਦੂ ਸਮਾਜ ਵਿਚ ਇਨ੍ਹਾਂ ਨੂੰ ਪ੍ਰਾਚੀਨ ਵਿਸ਼ਵਾਸ ਅਨੁਸਾਰ ਪ੍ਰਵਾਨਗੀ ਦਿੱਤੀ ਜਾਂਦੀ ਸੀ।

## ਮੁਸਲਿਮ ਸਮਾਜ ਦੀ ਬਣਤਰ

ਲੋਧੀ ਸੁਲਤਾਨ ਦੇ ਸਮੇਂ ਉਨ੍ਹਾਂ ਦੇ ਸਰਦਾਰਾਂ ਕੋਲ ਵੱਡੀਆਂ ਜਾਗੀਰਾਂ, ਮਹਿਲਾਂ ਵਰਗੀਆਂ ਹਵੇਲੀਆਂ, ਹਰਮ ਦੇ ਗੁਲਾਮ ਹੁੰਦੇ ਸਨ। ਉਹ ਅੱਯਾਸ਼ੀ ਤੇ ਸ਼ਾਨੋ ਸ਼ੌਕਤ ਨਾਲ ਜ਼ਿੰਦਗੀ ਬਸਰ ਕਰਦੇ ਸਨ। ਉਲੇਮਾ ਇਸਲਾਮ ਦੇ ਵਿਕਾਸ ਲਈ ਕੰਮ ਕਰਦੇ ਸਨ। ਮਦਰਸੇ ਸ਼ਹਿਰ ਜਾਂ ਕਸਬਿਆਂ ਦੀਆਂ ਮਸੀਤਾਂ ਨਾਲ ਜੁੜੇ ਹੁੰਦੇ ਸਨ। ਬਹੁਤੇ ਉਲਮਾ ਕਾਜੀ ਤੇ ਮੁਫਤੀ ਦਾ ਕੰਮ ਵੀ ਰਾਜ ਲਈ ਕਰਦੇ ਸਨ। ਉਨ੍ਹਾਂ ਨੂੰ ਸਮਾਜਿਕ ਅਤੇ ਧਾਰਮਿਕ ਪ੍ਰਣਾਲੀ ਦੇ ਰਾਖੇ ਮੰਨਿਆ ਜਾਂਦਾ ਸੀ। ਸ਼ੇਖਾਂ, ਸੂਫੀਆਂ, ਪੀਰਾਂ, ਸ਼ੇਖਜਦਿਆਂ ਤੇ ਪੀਰ-ਜਾਦਿਆਂ ਨੂੰ ਸਾਧਾਰਣ ਮੁਸਲਮਾਨ ਵਧੇਰੇ ਸਤਿਕਾਰ ਦੀ ਨਜ਼ਰ ਨਾਲ ਦੇਖਦੇ ਸਨ। ਸ਼ੇਖਜ਼ਾਦੇ ਨੂੰ ਸਾਧਾਰਣ ਮੁਸਲਮਾਨ ਉਹ ਸਥਾਨ ਦਿੰਦਾ ਸੀ ਜੋ ਹਿੰਦੂ ਜਾਤੀ ਵਿਚ ਬ੍ਰਾਹਮਣ ਨੂੰ ਸੀ। ਸਤਿਕਾਰਯੋਗ ਮੁਸਲਿਮ ਵਰਗ ਆਮ ਲੋਕਾਂ ਤੋਂ ਵੱਖ ਅਤੇ ਦੂਰ ਰਹਿੰਦਾ ਸੀ। ਵੱਖ ਵੱਖ ਕੰਮਾਂ ਤੇ ਕਿੱਤਿਆਂ ਦੇ ਲੋਕ ਸ਼ਹਿਰ ਦੇ ਇਕ ਖਾਸ ਹਿੱਸੇ ਵਿਚ ਹੀ ਵਾਸ ਕਰਦੇ ਸਨ।

ਪੰਜਾਬ ਦੀ ਮੁਸਲਿਮ ਜਾਤੀ ਵੀ ਭਾਰਤ ਦੇ ਹੋਰ ਹਿੱਸਿਆਂ ਵਾਂਗ ਸੁੰਨੀ, ਸ਼ੀਆ, ਇਸਮਾਇਲੀ, ਆਦਿ ਵਿਚ ਵੰਡੀ ਹੋਈ ਸੀ। ਪੰਜਾਬ ਵਿਚ ਸੁੰਨੀ ਮੁਸਲਮਾਨਾਂ ਦੀ

ਜ਼ਿਆਦਾ ਵਸੋਂ ਸੀ।

ਇਹ ਧਾਰਨਾ ਕਿ ਮੁਸਲਮਾਨ ਸਮਾਜ, ਬਰਾਬਰੀ ਦੇ ਸੰਕਲਪ ਤੇ ਆਧਾਰਤ ਸੀ, ਸਮਾਜਿਕ-ਆਰਥਿਕ ਪੱਧਰ ਤੇ ਤੋਂ ਰੱਦ ਹੋ ਜਾਂਦੀ ਹੈ। ਮੁਸਲਮਾਨ ਸਰਦਾਰ ਨੂੰ ਪਾਣੀ ਭਰਨ ਵਾਲੇ ਮੁਸਲਮਾਨ ਦੇ ਬਰਾਬਰ ਨਹੀਂ ਰੱਖਿਆ ਜਾ ਸਕਦਾ। ਮੁਸਲਿਮ ਸਮਾਜ ਵਿਚ ਖੁਲ੍ਹੇ ਰੂਪ ਵਿਚ ਸਮਾਜਕ ਵੰਡ ਦੇਖੀ ਜਾ ਸਕਦੀ ਸੀ। ਸਰਦਾਰਾਂ ਦਾ ਸਮਾਜ ਵਿਚ ਵਿਸੇਸ਼ ਸਥਾਨ ਸੀ ਅਤੇ ਉਹ ਹੋਰ ਵਰਗਾਂ ਦੇ ਲੋਕਾਂ ਨਾਲੋਂ ਵੱਧ ਆਰਥਿਕ ਲਾਭ ਪ੍ਰਾਪਤ ਕਰਦੇ ਸਨ। ਜੇ. ਐਸ. ਗਰੇਵਾਲ ਅਨੁਸਾਰ ਕਾਰੀਗਰ, ਨਿਜੀ ਨੌਕਰ, ਘਰੇਲੂ ਗੁਲਾਮ (ਇਸਤਰੀਆਂ ਤੇ ਆਦਮੀ) ਸਮਾਜ ਦੇ ਨੀਵੇਂ ਵਰਗ ਵਿਚ ਆਉਂਦੇ ਸਨ ਅਤੇ ਮੱਧ ਵਰਗ ਵਿਚ ਕਿਸਾਨ, ਸਿਪਾਹੀ, ਵਪਾਰੀ, ਵਿਦਵਾਨ, ਲੇਖਕ, ਸਈਅਦ, ਸ਼ੇਖਜ਼ਾਦੇ ਤੇ ਸਰਕਾਰੀ ਕਰਮਚਾਰੀ ਆਉਂਦੇ ਸਨ। ਮੁਸਲਮਾਨ ਵਿਚ ''ਕੌਮ'' ਸ਼ਬਦ ਦਾ ਪ੍ਰਯੋਗ ਸਮਾਜਿਕ ਵਰਗਾਂ ਲਈ ਵਰਤਿਆ ਜਾਂਦਾ ਸੀ ਜੋ ਆਮ ਤੌਰ ਤੇ ਜਾਤ ਦੇ ਬਰਾਬਰ ਸੀ।

ਮੁਸਲਿਮ ਸਮਾਜ ਵਿਚ ਗੁਲਾਮੀ ਦੀ ਹੋਂਦ ਉਸਦਾ ਅਨਿਖੜਵਾਂ ਅੰਗ ਸੀ, ਅਤੇ ਇਸ ਕਰਕੇ ਗੁਲਾਮ ਨੂੰ ਵੇਚਿਆ ਅਤੇ ਖਰੀਦਿਆ ਜਾ ਸਕਦਾ ਸੀ।

ਜੋ ਸੁਹਜ ਸੁਆਦ ਤੇ ਸਭਿਆਚਾਰ ਪੰਜਾਬ ਦੇ ਉਚੇਰੇ ਵਰਗ ਵਿਚ ਮਿਲਦਾ ਸੀ, ਉਹ ਸ਼ਹਿਰਾਂ ਦੇ ਆਮ ਲੋਕਾਂ ਵਿਚ ਵੀ ਨਹੀਂ ਸੀ।

ਲੋਕ ਖੁਸ਼ੀ ਨਾਲ ਈਦ ਤੇ ਹੋਰ ਮੇਲਿਆਂ ਵਿਚ ਹਿੱਸਾ ਲੈਂਦੇ ਸਨ। ਕੁਝ ਕੁ ਹੀ ਮੁਸਲਮਾਨ ਮੱਕੇ ਦੀ ਯਾਤਰਾ ਤੇ ਜਾ ਸਕਦੇ ਸਨ। ਹਾਜੀਆਂ ਨੂੰ ਦੁਰਲਭ ਹੋਣ ਕਾਰਣ ਸਤਿਕਾਰਿਆ ਜਾਂਦਾ ਸੀ। ਤਕਰੀਬਨ ਸਾਰੇ ਮੁਸਲਮਾਨ ਕਰਾਂਮਾਤਾਂ ਵਿਚ ਵਿਸ਼ਵਾਸ ਰੱਖਦੇ ਸਨ। ਸੁਲਤਾਨ ਕਦੇ ਵੀ ਫਕੀਰਾਂ ਦੀਆਂ ਦਰਗਾਹਾਂ ਵਿਚ ਪੁੱਜ ਕੇ ਅਸੀਸ ਲੈਣ ਦਾ ਮੌਕਾ ਨਹੀਂ ਸਨ ਖੁੰਝਾਉਂਦੇ।

### 1.1.5 ਆਪਣੇ ਸਮਕਾਲੀ ਸਮਾਜ ਬਾਰੇ ਗੁਰੂ ਨਾਨਕ ਦੇਵ ਜੀ ਦਾ ਅਨੁਭਵ

ਗੁਰੂ ਨਾਨਕ ਦੇਵ ਜੀ, ਜੋ ਮਹਾਨ ਸਮਾਜ ਸੁਧਾਰਕ ਮੰਨੇ ਜਾਂਦੇ ਹਨ, ਨੇ ਉਦਾਰ ਸਮਾਜਿਕ ਸਿਧਾਂਤਾਂ ਦਾ ਪ੍ਰਚਾਰ ਕੀਤਾ। ਗੁਰੂ ਨਾਨਕ ਦੇਵ ਜੀ ਦੇ ਫਲਸਫੇ ਵਿਚ ਆਦਰਸ਼ ਮਨੁੱਖ ਨੂੰ ਆਜ਼ਾਦ, ਨਿਡਰ ਤੇ ਨੈਤਿਕ ਪੱਖੋਂ ਚੰਗਾ ਹੋਣਾ ਚਾਹੀਦਾ ਹੈ। ਸਮਾਕਾਲੀ ਭ੍ਰਿਸ਼ਟ ਸਮਾਜ ਵਿਚ ਮਨੁੱਖ ਉਤਸ਼ਾਹਹੀਨ ਹੋ ਚੁੱਕਾ ਸੀ। ਉਸ ਦੇ ਮਨ ਤੇ ਅੰਧ ਵਿਸ਼ਵਾਸ ਤੇ ਸ਼ਰਧਾ ਅਤੇ ਰਸਮਾਂ ਰਿਵਾਜਾਂ ਦਾ ਕਬਜ਼ਾ ਸੀ। ਹਿੰਦੂ ਤੇ ਮੁਸਲਮਾਨ ਦੋਨਾਂ ਵਰਗਾਂ ਵਿਚ ਰੀਤੀ ਰਿਵਾਜਾਂ ਨੂੰ ਸਖਤੀ ਨਾਲ ਪਾਲਿਆ ਜਾਂਦਾ ਸੀ।

ਗੁਰੂ ਨਾਨਕ ਦੇ ਸੰਵੇਦਨਸ਼ੀਲ ਮਨ ਨੇ ਨਵੀਂ ਸਮਾਜਕ ਪ੍ਰਣਾਲੀ ਸਿਰਜਣ ਦਾ ਸੁਪਨਾ ਲਿਆ ਜੋ ਮੁਸਲਮਾਨਾਂ ਤੇ ਹਿੰਦੂਆਂ ਤੋਂ ਵੱਖਰੀ ਸੀ। ਉਨ੍ਹਾਂ ਨੇ ਸਮਾਜ ਵਿਚ ਪ੍ਰਚਲਿਤ ਰਸਮਾਂ ਰਿਵਾਜਾਂ, ਪਰੰਪਰਾਵਾਂ ਤੇ ਕੀਮਤਾਂ ਦੀ ਆਲੋਚਨਾ ਕੀਤੀ। ਸ਼ੋਸ਼ਣ, ਗਦਾਰੀ ਤੇ ਵਹਿਮਾਂ-ਭਰਮਾਂ ਦੇ ਕਾਲ ਵਿਚ ਜਦੋਂ 'ਕਲਯੁਗ ਰਥ ਅਗਨਿ ਕਾ ਕੂੜ ਅਗੇ ਰਥਵਾਹ' ਸ੍ਰੀ ਗੁਰੂ ਨਾਨਕ ਨੇ ਸ਼ੁਭ ਕਰਮਾਂ, ਸਬਰ, ਬਰਾਬਰੀ ਅਤੇ ਨੇਕੀ ਦਾ ਪ੍ਰਚਾਰ ਕੀਤਾ। ਉਹ ਸਮਾਜਿਕ ਤੇ ਰਾਜਨੀਤਿਕ ਸੱਤਾ ਤੋਂ ਕਰਮ ਤੇ ਸੋਚਣੀ ਨੂੰ ਸੁਤੰਤਰ ਰੱਖਣ ਦੇ ਹੱਕ ਵਿਚ ਸਨ। ਮਨੁੱਖੀ ਭਾਈਚਾਰੇ ਦਾ ਸਿਧਾਂਤ ਉਨ੍ਹਾਂ ਦਾ ਇਕ ਕਰਮਸ਼ੀਲ ਤੇ ਮਹੱਤਵਪੂਰਣ ਸਿਧਾਂਤ ਸੀ। ਉਹ ਪਰਮਾਤਮਾ ਦੀ ਏਕਤਾ ਦੇ ਸਿਧਾਂਤ ਵਿਚ ਯਕੀਨ ਰਖਦੇ ਸਨ।

ਜਾਤ ਪ੍ਰਥਾ, ਜਿਸ ਨੂੰ ਧਾਰਮਿਕ ਪ੍ਰਵਾਨਗੀ ਮਿਲੀ ਹੋਈ ਸੀ, ਨਾਲ ਹਿੰਦੂ ਵੰਡੇ ਹੋਏ ਸਨ। ਇਸ ਜਾਤੀ ਸਮਾਜ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨਾ ਸੀ। ਉਨ੍ਹਾਂ ਨੂੰ ਇਸ ਗੱਲ ਦਾ ਧਿਆਨ ਸੀ ਜਿਥੇ ਕਥਿਤ ਉੱਚੀਆਂ ਜਾਤਾਂ ਦਾ ਏਕਾਧਿਕਾਰ ਹੋਵੇ ਉਥੇ ਅਧਿਆਤਮਕ ਵਿਕਾਸ, ਧਾਰਮਿਕ ਸੁਧਾਰ ਤੇ ਸਮਾਜਿਕ ਪ੍ਰਗਤੀ ਹੋਣੀ ਮੁਸ਼ਕਿਲ ਹੈ। ਇਸ ਲਈ ਗੁਰੂ ਨਾਨਕ ਨੇ ਜਾਤ ਪ੍ਰਣਾਲੀ ਦੀ ਨਿੰਦਾ ਕੀਤੀ ਅਤੇ ਸਪਸ਼ਟ ਕਿਹਾ ਕਿ ਸਮਾਜਿਕ ਵਿਤਕਰੇ ਪਰਮਾਤਮਾ ਦੇ ਨਹੀਂ ਮਨੁੱਖ ਦੇ ਪਾਏ ਹੋਏ ਹਨ। ਉਨ੍ਹਾਂ ਅਨੁਸਾਰ ਰੱਬ ਦੀ ਕੋਈ ਜਾਤ ਨਹੀਂ। ਉਸ ਦੀ ਦਰਗਾਹ ਵਿਚ ਜਾਤ ਅਤੇ ਜਨਮ ਦੀ ਪੁੱਛ ਨਹੀਂ ਹੋਣੀ, ਸਤਿਕਾਰ ਅਤੇ ਜਾਤ ਤਾਂ ਮਨੁੱਖ ਦੇ ਕੰਮਾਂ ਤੋਂ ਨਿਸ਼ਚਿਤ ਕੀਤੀ ਜਾਵੇਗੀ। ਅਮਲ ਬਿਨਾਂ ਨਿਰਾ ਪ੍ਰਚਾਰ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਬੇ-ਅਰਥ ਸੀ। ਬਰਾਬਰੀ ਦੇ ਸਿਧਾਂਤ ਦੇ ਅਮਲ ਲਈ ਆਪਣੀਆਂ ਉਦਾਸੀਆਂ ਵਿਚ ਉਨ੍ਹਾਂ ਨੇ ਨੀਵੀਂ ਜਾਤ ਦੇ ਮੁਸਲਮਾਨ ਸਾਥੀ ਮਰਦਾਨੇ ਨੂੰ ਆਪਣੇ ਨਾਲ ਰੱਖਿਆ। ਇਹ ਵੀ ਆਖਿਆ ਜਾਂਦਾ ਹੈ ਕਿ ਗੁਰੂ ਨਾਨਕ ਨੇ ਕਰਤਾਰਪੁਰ ਵਿਖੇ ਮੁਸਲਮਾਨਾਂ ਲਈ ਇਕ ਮਸਜਿਦ ਬਣਾਈ ਤੇ ਉਸ ਵਿਚ ਇਕ ਕਾਜ਼ੀ ਵੀ ਰੱਖਿਆ।

ਗੁਰੂ ਨਾਨਕ ਦੇਵ ਜੀ ਇਸ ਬਾਰੇ ਸਪਸ਼ਟ ਸਨ ਕਿ ਮਨੁੱਖ ਸਮਾਜ ਤੋਂ ਵੱਖ ਹੋ ਕੇ ਇਕੱਲਾ ਨਹੀਂ ਰਹਿ ਸਕਦਾ ਅਤੇ ਮਨੁੱਖ ਦੇ ਵਰਤਾਉ ਤੇ ਸਮਾਜ ਦਾ ਪ੍ਰਭਾਵ ਪੈਂਦਾ ਹੈ। ਇਸ ਲਈ ਉਨ੍ਹਾਂ ਨੇ ਸੰਗਤ ਦੇ ਮਹੱਤਵ ਤੇ ਜ਼ੋਰ ਦਿੱਤਾ। ਉਨ੍ਹਾਂ ਦਾ ਨਿਆਂ ਦਾ ਸੰਕਲਪ ਰਾਜਨੀਤਿਕ ਖੇਤਰ ਵਾਸਤੇ ਵੀ ਸੀ ਜਿਥੇ ਸਰਕਾਰ ਦੇ ਪ੍ਰਬੰਧ ਦਾ ਆਧਾਰ ਨਿਆਂ ਨੂੰ ਮੰਨਿਆ ਗਿਆ ਸੀ।

ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੀ ਪ੍ਰਚਲਿਤ ਸਮਾਜਿਕ ਬੁਰਾਈਆਂ ਜਿਵੇਂ, ਸਤੀ ਦੀ ਰਸਮ ਨੂੰ ਅਪ੍ਰਵਾਨ ਹੀ ਨਹੀਂ ਸੀ ਕੀਤਾ ਸਗੋਂ ਉਸ ਦੀ ਨਿੰਦਿਆ ਵੀ ਕੀਤੀ ਜੋ ਆਪਣੇ ਪਤੀ ਦੀ ਚਿਤਾ ਤੇ ਸੜ ਕੇ ਮਰ ਜਾਂਦੀਆਂ ਸਨ। ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੇ ਆਰਥਿਕ ਸ਼ੋਸਣ ਨੂੰ ਵੀ ਪੂਰੀ ਤਰ੍ਹਾਂ ਨਿੰਦਿਆ। ਉਨ੍ਹਾਂ ਨੇ ਆਖਿਆ ਕਿ ਰਾਜੇ ਤੇ ਮਾਮਲਾ ਉਗਰਾਹੁਣ ਵਾਲੇ, ਉਸ ਦੇ ਅਧਿਕਾਰੀ ਲੋਕਾਂ ਨੂੰ ਤੰਗ ਕਰਕੇ ਉਨ੍ਹਾਂ ਉਪਰ ਜ਼ੁਲਮ ਕਰਕੇ ਪੈਸੇ ਇਕੱਠੇ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਕਿਹਾ, ਹੱਕ ਪਰਾਇਆ ਨਾਨਕਾ ਉਸ ਸੂਅਰ, ਉਸ ਗਾਇ" ਉਪਰੋਕਤ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਚਿਤਰਿਆ ਸਮਾਜ ਵਿਅਰਥ ਰਸਮਾਂ ਅਤੇ ਜਾਤ ਪਾਤ ਤੋਂ ਮੁਕਤ ਸੀ।

## ਧਾਰਮਿਕ ਦਸ਼ਾ

### ਇਸਲਾਮ

ਗੁਰੂ ਨਾਨਕ ਦੇ ਸਮੇਂ ਪੰਜਾਬ ਵਿਚ ਪ੍ਰਮੁੱਖ ਧਰਮਾਂ-ਹਿੰਦੂ ਤੇ ਇਸਲਾਮ-ਵਿਚ ਕਈ ਤਰ੍ਹਾਂ ਦੇ ਵਿਸ਼ਵਾਸ ਤੇ ਧਾਰਮਿਕ ਰੀਤਾਂ ਪ੍ਰਚਲਿਤ ਸਨ। ਇਸਲਾਮ ਵਿਚ ਚਾਰ ਪ੍ਰਮੁੱਖ ਸ਼ਾਖਾਵਾਂ ਵਿਕਸਿਤ ਹੋ ਗਈਆਂ ਸਨ-ਹਨੈਫੀ, ਮਲੀਕੀ, ਸਾਫੀ ਤੇ ਹੰਬਾਲੀ। ਉਨ੍ਹਾਂ ਦੇ, ਕਾਫਰਾਂ ਜਾਂ ਗੈਰ ਮੁਸਲਮਾਨਾਂ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਵੇ ਇਸ ਖੇਤਰ ਵਿੱਚ ਵਿਚਾਰ ਨਹੀਂ ਸਨ ਮਿਲਦੇ। ਹਨੈਫੀ ਸੰਪ੍ਰਦਾਇ ਇਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਸ਼ਹਿਣਸ਼ੀਲ ਸੀ। ਉਸ ਅਨੁਸਾਰ ਹਿੰਦੂ ਸੰਪ੍ਰਦਾਇ ਨੂੰ ਜ਼ਿਮੀ ਜਾਂ ਸੁਰੱਖਿਆ ਅਧੀਨ ਲੋਕ ਮੰਨਿਆ ਜਾਵੇ। ਮੁਸਲਮਾਨਾਂ ਵਿਚ ਦੋ ਪ੍ਰਮੁੱਖ ਫਿਰਕੇ ਸ਼ੀਆ ਤੇ ਸੁੰਨੀ ਸਨ। ਸੁੰਨੀ ਰੱਬ ਦੀ ਵਿਲੱਖਣਤਾ ਤੇ ਏਕਤਾ ਵਿਚ

ਯਕੀਨ ਰੱਖਦੇ ਸਨ। ਅਤੇ ਮਹੁੰਮਦ ਨੂੰ ਅਖੀਰੀ ਪੈਗੰਬਰ ਮੰਨਦੇ ਸਨ। ਉਹ ਕੁਰਾਨ ਨੂੰ ਰੱਬੀ ਇਲਹਾਮ ਮੰਨਦੇ ਸਨ ਜੋ ਮੁਹੰਮਦ ਸਾਹਿਬ ਨੂੰ ਹੋਇਆ। ਕੁਰਾਨ ਤੋਂ ਇਲਾਵਾ ਮੁਹੰਮਦ ਸਾਹਿਬ ਦੇ ਬਚਨ ਤੇ ਅਮਲ ਉਨ੍ਹਾਂ ਲਈ ਧਾਰਮਿਕ ਸੋਮਾ ਸੀ।

ਸ਼ੀਆ ਫਿਰਕਾ ਵੀ ਮਹੱਤਵਪੂਰਣ ਕੱਟੜ ਫਿਰਕਾ ਸੀ ਜੋ ਫਾਤਿਮਾ ਤੇ ਅਲੀ ਮਗਰੋਂ ਉਸ ਲੜੀ ਵਿਚ 12 ਇਮਾਮਾਂ ਨੂੰ ਮੰਨਦੇ ਸਨ।

ਸੂਫੀਆਂ ਦੇ ਪਿਛੇ ਵੀ ਬੜੀ ਜਨਤਾ ਸੀ ਜੋ ਮੂਲ ਰੂਪ ਵਿਚ ਮੁਸਲਮਾਨ ਸਨ ਪਰ ਇਸਲਾਮ ਦੀ ਸ਼ਰ੍ਹਾ ਆਦਿ ਵਲੋਂ ਲਗਭਗ ਬੇਧਿਆਨੇ ਸਨ। ਸੂਫੀ ਆਪਣੇ ਸ਼ਾਹੀ ਪੈਰੋਕਾਰਾਂ ਨੂੰ ਆਤਮਕ ਤੇ ਰਹੱਸਵਾਦੀ ਸਮੱਸਿਆਵਾਂ ਤੋਂ ਇਲਾਵਾ ਹੋਰ ਸਮੱਸਿਆਵਾਂ ਲਈ ਸਲਾਹ ਦੇਣੋਂ ਗੁਰੇਜ਼ ਨਹੀਂ ਕਰਦੇ ਸਨ। ਹਿੰਦੂ ਵੀ ਕਾਫੀ ਗਿਣਤੀ ਵਿਚ ਸੂਫੀਆਂ ਦੀ ਸੰਗਤ ਵਿਚ ਜਾਂਦੇ ਤੇ ਪ੍ਰਵਚਨ ਸੁਣਦੇ ਕਿਉਂਕਿ ਉਨ੍ਹਾਂ ਦੇ ਉਪਦੇਸ਼ ਉਦਾਰ ਤੇ ਅਫਿਰਕੂ ਭਾਵਨਾ ਵਾਲੇ ਹਨ। ਹਿੰਦੂ-ਮੁਸਲਿਮ ਸੰਬੰਧਾਂ ਤੇ ਇਸ ਦਾ ਕਾਫੀ ਚੰਗਾ ਪ੍ਰਭਾਵ ਵੀ ਸੀ।

ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਚਿਸ਼ਤੀਆਂ ਤੇ ਸੁਹਰਾਵਰਦੀਆਂ ਦੇ ਸਿਲਸਿਲੇ ਸਥਾਪਤ ਹੋਏ ਸਨ। ਸੁਹਰਾਵਰਦੀ ਸ਼ੇਖਾਂ ਦੀ ਮੁਲਤਾਨ ਇਕ ਮਹੱਤਵਪੂਰਨ ਗੱਦੀ ਸੀ। ਥਾਨੇਸਰ, ਹਾਂਸੀ ਤੇ ਨਾਰਨੌਲ ਦਾ ਸੰਬੰਧ ਚਿਸ਼ਤੀਆਂ ਨਾਲ ਸੀ। ਸਭ ਤੋਂ ਵੱਧ ਮਹੱਤਵਪੂਰਣ ਥਾਂ ਸ਼ੇਖ ਫਰੀਦ-ਉਦ-ਦੀਨ-ਗੰਜ-ਸ਼ੰਕਰ ਦੀ ਸੀ ਜੋ ਪੰਜਾਬ ਦਾ ਅਤਿਅੰਤ ਮਹੱਤਵਪੂਰਣ ਸ਼ੇਖ ਸੀ।

ਸੂਫੀ ਪਰਮਾਤਮਾ ਨਾਲ ਸਿਧੀ ਸਾਂਝ ਦੇ ਸਿਧਾਂਤ ਦੇ ਧਾਰਨੀ ਸਨ। ਇਸ ਸਾਂਝ ਨੂੰ ਸਥਾਪਤ ਕਰਨ ਲਈ ਉਹ ਸਾਦਗੀ ਵਾਲੀ ਤੇ ਭਗਤੀ ਪ੍ਰਧਾਨ ਜ਼ਿੰਦਗੀ ਬਸਰ ਕਰਦੇ ਸਨ। ਪਰਮਾਤਮਾ ਨਾਲ ਮਿਲਾਪ ਤੋਂ ਪਹਿਲਾਂ ਉਨ੍ਹਾਂ ਨੂੰ ਕਈ ਮੰਜ਼ਿਲਾਂ ਵਿਚੋਂ ਲੰਘਣਾ ਪੈਂਦਾ ਸੀ। ਸੂਫੀਆਂ ਨੇ ਆਪਣੀਆਂ ਖਾਨਗਾਹਾਂ ਤੇ ਜ਼ਮਾਇਤੇ ਖਾਨੇ ਸਥਾਪਿਤ ਕੀਤੇ। ਖਾਨਗਾਹ ਆਮ ਤੌਰ ਤੇ ਕੇਵਲ ਇਕ ਜਾਂ ਦੋ ਕਮਰਿਆਂ ਵਾਲੇ ਕੱਚੇ ਕੋਠੇ ਹੁੰਦੇ ਸਨ। 'ਜ਼ਮਾਇਤਖਾਨਾ' ਵੱਡਾ ਸਾਰਾ ਹਾਲ ਸੀ ਜੋ ਥੰਮਾਂ ਉਪਰ ਉਸਰਿਆ ਗਿਆ ਹੁੰਦਾ ਸੀ ਜਿਸ ਦੀ ਛੱਤ ਘਾਹ ਫੂਸ ਦੀ ਹੁੰਦੀ ਸੀ। ਸੂਫੀ ਖਾਨਗਾਹਾਂ ਵਿਚ ਰਹਿੰਦੇ ਸਨ, ਉਹ ਕਿਸੇ ਪਾਸੋਂ ਕੁਝ ਵੀ ਨਹੀਂ ਸਨ ਮੰਗਦੇ। ਸੁਹਰਾਵਰਦੀਆਂ ਨੂੰ ਸਰਕਾਰ ਪਾਸੋਂ ਦਾਨ ਲੈਣ ਵਿਚ ਕੋਈ ਇਤਰਾਜ਼ ਨਹੀਂ ਸੀ।

ਕਿਉਂਕਿ ਉਲਮਾ ਇਸਲਾਮ ਨੂੰ ਹਿੰਦੂ ਧਰਮ ਨਾਲੋਂ ਉਚੇਰਾ ਮੰਨਦੇ ਸਨ, ਇਸ ਲਈ ਉਹ ਆਪਣਾ ਪਵਿੱਤਰ ਫਰਜ਼ ਸਮਝਦੇ ਸਨ ਕਿ ਵੱਧ ਤੋਂ ਵੱਧ ਲੋਕਾਂ ਨੂੰ ਇਸਲਾਮ ਦੇ ਘੇਰੇ ਵਿਚ ਲਿਆਂਦਾ ਜਾਵੇ। ਕਈ ਹਾਲਤਾਂ ਵਿਚ ਹਿੰਦੂਆਂ ਨਾਲ ਗੈਰ-ਮੁਸਲਿਮ ਹੋਣ ਤੇ ਮਾੜਾ ਵਰਤਾਉ ਵੀ ਕੀਤਾ ਜਾਂਦਾ ਸੀ।

## ਹਿੰਦੂ ਧਰਮ

ਹਿੰਦੂ ਧਰਮ ਵਿਚ ਵੇਦਾਂ ਦੀ ਪ੍ਰਭੂਤਾ ਨੂੰ ਲਗਭਗ ਸਾਰੇ ਹਿੰਦੂਆਂ ਦੇ ਫਿਰਕੇ ਸਵੀਕਾਰ ਕਰਦੇ ਸਨ ਅਤੇ ਇਨ੍ਹਾਂ ਨੂੰ ਬਹੁਤ ਸਾਰੇ ਸਮਾਜਿਕ-ਧਾਰਮਿਕ ਰਸਮਾਂ ਲਈ ਲਾਗੂ ਕੀਤਾ ਜਾਂਦਾ ਸੀ। ਹਿੰਦੂ ਧਰਮ ਗਰੰਥਾਂ ਵਿਚ ਵੇਦਾਂ ਨੂੰ ਦੇਵੀ ਕਿਰਤ ਮੰਨਿਆ ਜਾਂਦਾ ਸੀ। ਮੱਧਕਾਲ ਦੇ ਦੌਰਾਨ ਪੁਰਾਣਾਂ ਦੀ ਬੜੀ ਲੋਕ-ਪ੍ਰਿਯਤਾ ਹੋਈ।

ਇਕ ਸੰਨਿਆਸੀਆਂ ਦੀ ਸੰਪ੍ਰਦਾਇ ਵੀ ਸੀ ਜੋ ਭਗਵੇਂ ਕੱਪੜੇ ਪਹਿਨਦੇ ਸਨ ਤੇ

ਉਨ੍ਹਾਂ ਵਿਚ ਕੁਝ ਨੰਗੇ ਵੀ ਰਹਿੰਦੇ ਸਨ।

ਇਥੇ ਯੋਗੀ ਵੀ ਸਨ ਜੋ ਸੰਗਠਨ ਪੱਖੋਂ ਬੜੀ ਕਮਾਲ ਦੀ ਸੰਪ੍ਰਦਾਇ ਸੀ। ਪੰਜਾਬ ਵਿਚ ਯੋਗੀਆਂ ਦਾ ਪ੍ਰਸਿੱਧ ਸਥਾਨ ਗੋਰਖਨਾਥ ਦਾ ਟਿੱਲਾ ਸੀ ਜੋ ਜਿਹਲਮ ਵਿਖੇ ਸੀ ਅਤੇ ਕਈਆਂ ਸਦੀਆਂ ਤੋਂ ਉਸ ਤੇ ਮਹੰਤੀ ਦਾ ਸਿਲਸਿਲਾ ਚਲਦਾ ਆ ਰਿਹਾ ਸੀ। ਪੰਜਾਬ ਵਿਚਲੇ ਬਹੁਤੇ ਯੋਗੀ ਗੋਰਖਨਾਥ ਦੇ ਪੈਰੋਕਾਰ ਸਨ ਜਿਸ ਨੂੰ ਦਸਵੀਂ ਸਦੀ ਵਿਚ ਹੋਇਆ ਮੰਨਿਆ ਜਾਂਦਾ ਸੀ। ਉਨ੍ਹਾਂ ਵਿਚ ਬਹੁਤੇ, ਇਸ ਜਗਤ ਨੂੰ ਮਿਥਿਆ ਤੇ ਕੇਵਲ ਪ੍ਰਭੂ ਨੂੰ ਸਤਿ ਮੰਨਦੇ ਸਨ। ਉਹ ਪ੍ਰਭੂ ਦੀ ਪ੍ਰਾਪਤੀ ਲਈ ਜੰਗਲਾਂ ਜਾਂ ਪਹਾੜਾਂ ਨੂੰ ਜਾਂਦੇ ਸਨ।

ਹਿੰਦੂ ਸਮਾਜ ਵਿਚ ਜਾਤ-ਪ੍ਰਣਾਲੀ ਕਾਰਣ ਅਮਿੱਟ ਪਾੜ ਪਾਏ ਹੋਏ ਸਨ। ਹਿੰਦੂ ਧਰਮ ਵਿਸ਼ੇਸ਼ ਪ੍ਰਕਾਰ ਦੇ ਖਾਣ-ਪੀਣ ਵਿਸ਼ੇਸ਼ ਪ੍ਰਕਾਰ ਦੇ ਇਸ਼ਨਾਨ ਤੇ ਤਿਲਕ ਲਗਾਉਣ ਤੇ ਹੋਰ ਕਰਮ ਕਾਡਾਂ ਵਿਚ ਬੱਝੇ ਹੋਏ ਸਨ। ਗ੍ਰੰਥਾਂ ਦੇ ਅਧਿਐਨ ਦਾ ਅਧਿਕਾਰ ਕੇਵਲ ਪੁਜਾਰੀਆਂ ਨੂੰ ਸੀ। ਗੋਕੁਲ ਚੰਦ ਨਾਰੰਗ ਦੇ ਸ਼ਬਦਾਂ ਵਿਚ ਅਸਲੀ ਧਰਮ ਦੀ ਬਹਾਰ ਨੂੰ ਬੇਅਰਥ ਰਸਮਾਂ ਰਿਵਾਜ਼ਾਂ, ਵਹਿਮਾਂ-ਭਰਮਾਂ, ਪੁਜਾਰੀਆਂ ਦੇ ਸਵਾਰਥ ਤੇ ਲੋਕਾਂ ਦੇ ਅਲਗਾਵ ਦੀ ਅਮਰਵੇਲ ਚਿੰਬੜੀ ਹੋਈ ਸੀ। ਅਸਲੀਅਤ ਤੇ ਹਿੰਦੂ ਧਰਮ ਦਾ ਆਤਮਕ ਰੂਪ ਸੰਪ੍ਰਦਾਇਕ ਰਸਮਾਂ ਰਿਵਾਜੀ ਦੇ ਬਾਹਰੀ ਦਿਖਾਵੇ ਦੇ ਫੈਲਾਉ ਹੇਠ ਦਬਕੇ ਰਹਿ ਗਿਆ ਸੀ। ਸਦੀਆਂ ਦੇ ਬਾਹਰੀ ਹਮਲਿਆਂ, ਬਦੇਸ਼ੀ ਕੁਸ਼ਾਸਨ ਤੇ ਅਤਿਆਚਾਰਾਂ ਨੇ ਲੋਕਾਂ ਨੂੰ ਬੜੀ ਡੂੰਘੀ ਮਾਨਸਿਕ ਉਦਾਸੀ ਵਿਚ ਪਾ ਦਿੱਤਾ ਸੀ।

## ਸਿੱਖ ਧਰਮ

ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਨਵੇਂ ਧਰਮ ਦਾ ਐਲਾਨ ਮੰਨਿਆ ਜਾਂਦਾ ਹੈ। ਭਾਵੇਂ ਉਨ੍ਹਾਂ ਨੇ ਹਿੰਦੂ ਧਰਮ ਤੇ ਇਸਲਾਮ ਤੋਂ ਬਹੁਤ ਕੁਝ ਲਿਆ ਹੋਵੇ ਪਰ ਉਨ੍ਹਾਂ ਦਾ ਧਰਮ ਆਪਣੇ ਆਪ ਵਿਚ ਪੂਰਨ ਹੈ। ਸੰਖੇਪ ਵਿਚ ਸਿੱਖ ਧਰਮ ਦੁਨੀਆਂ ਦੇ ਧਰਮਾਂ ਵਿਚ ਇਕ ਨਵਾਂ ਤੇ ਵੱਖਰਾ ਧਰਮ ਮੰਨਿਆ ਜਾ ਸਕਦਾ ਹੈ। ਡਬਲਯੂ. ਐਚ. ਮੈਕਲਿਊਡ ਅਨੁਸਾਰ ''ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਰਸੇ ਵਿਚੋਂ ਬਹੁਤ ਕੁਝ ਪ੍ਰਾਪਤ ਕੀਤਾ ਅਤੇ ਇਸ ਦਾ ਪ੍ਰਭਾਵ ਉਨ੍ਹਾਂ ਦੀ ਬਾਣੀ ਤੋਂ ਸਪਸ਼ਟ ਹੈ ਪਰ ਇਹ ਕਹਿਣਾ ਕਿ ਉਹ ਹੋਰਨਾਂ ਲੋਕਾਂ ਦੀ ਸੋਚ ਦੇ ਪ੍ਰਚਾਰਕ ਸਨ ਗਲਤ ਹੋਵੇਗਾ। ਉਨ੍ਹਾਂ ਦੇ ਹੱਥਾਂ ਵਿਚ ਵਿਰਸੇ ਦਾ ਰੂਪਾਂਤਰਣ ਹੋਇਆ ਹੈ ਅਤੇ ਇਸ ਤੋਂ ਇਲਾਵਾ ਜਿਸ ਜੋ ਰੂਪ ਵਿਚ ਰੂਪਾਂਤਰਣ ਮਗਰੋਂ ਪੇਸ਼ ਕੀਤਾ ਗਿਆ ਹੈ ਉਹ ਚਿੰਰਜੀਵੀ ਹੈ।''

ਕਿਉਂਕਿ ਗੁਰੂ ਨਾਨਕ ਦੇਵ ਜੀ ਆਪਣੇ ਜ਼ਮਾਨੇ ਦੇ ਮਹਾਨ ਧਾਰਮਿਕ ਵਿਚਾਰਕ ਸਨ, ਇਸ ਲਈ ਅਸੀਂ ਉਸ ਸਮੇਂ ਪ੍ਰਚਲਿਤ ਧਰਮਾਂ, ਵਿਸ਼ਵਾਸਾਂ ਵਿਧੀਆਂ ਬਾਰੇ ਵਿਚਾਰ ਕਰਦੇ ਹਾਂ। 'ਜਪੁਜੀ' ਵਿਚੋਂ ਉਨ੍ਹਾਂ ਦੇ ਵੇਦਾਂ ਬਾਰੇ ਵਿਚਾਰ ਬੜੇ ਸਪਸ਼ਟ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਇਨ੍ਹਾਂ ਧਾਰਮਿਕ ਗ੍ਰੰਥਾਂ ਦਾ ਨਿਰਾ ਗਿਆਨ ਬਿਲਕੁਲ ਕਿਸੇ ਕੰਮ ਦਾ ਨਹੀਂ ਹੈ। ਉਹ ਹਿੰਦੂਆਂ ਦੇ ਕਰਮ ਕਾਂਡਾਂ ਤੇ ਪੂਜਾ ਵਿਧੀਆਂ ਨੂੰ ਅਸਵੀਕਾਰ ਕਰਦੇ ਹਨ ਤੇ ਤੀਰਥ ਯਾਤਰਾ ਨੂੰ ਕੋਈ ਮਹੱਤਵ ਨਹੀਂ ਦਿੰਦੇ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਜਨੇਊ ਤੇ ਟਿੱਕਾ ਬੇਅਰਥ ਹਨ।

ਉਨ੍ਹਾਂ ਦੇ ਸਮਕਾਲੀ ਇਸਲਾਮ ਬਾਰੇ ਵੀ ਅਜਿਹੇ ਹੀ ਵਿਚਾਰ ਹਨ। ਉਨ੍ਹਾਂ ਨੇ ਆਪਣੇ ਸਮੇਂ ਵਿਚ ਸਥਾਪਿਤ ਧਰਮਾਂ ਦੀ ਸ਼ਲਾਘਾ ਨਹੀਂ ਕੀਤੀ ਤੇ ਵਿਆਪਕ ਧਾਰਮਿਕ ਚਿੰਨ੍ਹਾਂ ਨਾਲ ਆਪਣੇ ਆਪ ਨੂੰ ਕਦੇ ਨਹੀਂ ਜੋੜਿਆ। ਉਨ੍ਹਾਂ ਨੇ ਸਮਕਾਲੀ ਧਾਰਮਿਕ ਵਿਸ਼ਵਾਸਾਂ ਨੂੰ ਤਿਆਗਿਆ ਜਦੋਂ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਉਨ੍ਹਾਂ ਕੋਲ ਦੇਣ ਵਾਸਤੇ ਕੁਝ ਕੀਮਤੀ ਵਿਚਾਰ ਹਨ। ਇਸ ਦਾ ਅਰਥ ਹੈ ਕਿ ਉਨ੍ਹਾਂ ਨੇ ਹਿੰਦੂ ਧਰਮ ਤੇ ਹੋਰ ਸਮਕਾਲੀ ਗ੍ਰੰਥਾਂ ਨੂੰ ਅਸਵੀਕਾਰ ਕੀਤਾ। ਅਸੀਂ ਦੇਖਦੇ ਹਾਂ ਕਿ ਗੁਰੂ ਜੀ ਸਮਾਜ ਸੁਧਾਰ ਲਈ ਨਾ ਤਾਂ ਹਿੰਦੂ ਗ੍ਰੰਥਾਂ ਦੀ ਸ਼ਿਫਾਰਸ਼ ਕਰਦੇ ਹਨ ਤੇ ਨਾ ਹੀ ਮੁਸਲਮਾਨਾਂ ਵਿਚ ਬੁਰਾਈਆਂ ਜੜੋਂ ਪੁੱਟਣ ਲਈ ਕੁਰਾਨ ਦਾ ਹਵਾਲਾ ਦਿੰਦੇ ਹਨ। ਇਉਂ ਉਹ ਇਕ ਸੁਧਾਰਕ ਰੂਪ ਵਿਚ ਨਹੀਂ ਸਗੋਂ ਇਕ ਸਿਰਜਣਹਾਰ ਤੇ ਕਰਾਂਤੀਕਾਰੀ ਅਤੇ ਨਵੇਂ ਧਰਮ ਤੇ ਨਵੇਂ ਫਿਰਕੇ ਦੇ ਮੋਢੀ ਦੇ ਰੂਪ ਵਿਚ ਬੋਲਦੇ ਹਨ। ਗੁਰੂ ਨਾਨਕ ਦੇਵ ਜੀ ਖਤਰੀ ਪਰਿਵਾਰ ਵਿਚੋਂ ਸਾਹਮਣੇ ਆਏ ਇਕ ਆਗੂ ਸਨ ਜਿਨ੍ਹਾਂ ਨੇ ਉਦਾਸ, ਦੱਬੇ-ਕੁਚਲੇ ਹੋਏ ਤੇ ਨੀਵੀਂਆਂ ਜਾਤਾਂ ਦੇ ਲੋਕਾਂ ਤੇ ਬਦਕਿਸਮਤ ਮਨੁੱਖਤਾ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਿਆ। ਉਨ੍ਹਾਂ ਨੇ ਅਰਧ ਮਿਰਤਕ ਕੌਮ ਵਿਚ ਨਵਾਂ ਜੀਵਨ ਭਰਨ ਦਾ ਜ਼ਬਰਦਸਤ ਉਪਰਾਲਾ ਕੀਤਾ। ਸਮਕਾਲੀ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਵਾਤਾਵਰਣ ਨੂੰ ਅਨੁਭਵ ਕਰਦਿਆਂ ਉਨ੍ਹਾਂ ਨੇ ਤਿੱਖਾ ਪ੍ਰਤੀਕਰਮ ਵਿਖਾਇਆ ਤੇ ਉਨ੍ਹਾਂ ਦੇ ਪੈਰੋਕਾਰ ਇਕ ਨਵੇਂ ਭਾਈਚਾਰੇ ਦੇ ਰੂਪ ਵਿਚ ਸਾਹਮਣੇ ਆਏ। ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਪਿਛਲੇ ਦੋ ਦਹਾਕੇ ਜੋ ਉਨ੍ਹਾਂ ਕਰਤਾਰਪੁਰ ਵਿਚ ਰਿਹਾਇਸ਼ ਰਖਦਿਆਂ ਬਤੀਤ ਕੀਤੇ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਮਗਰੋਂ ਪ੍ਰਭਾਵ ਪੱਖੋਂ ਬੜੇ ਮਹੱਤਵਪੂਰਨ ਸਨ। ਇਥੇ ਉਨ੍ਹਾਂ ਆਪਣੇ ਪੈਰੋਕਾਰਾਂ ਤੇ ਦਰਸ਼ਨ ਕਰਨ ਆਉਣ ਵਾਲਿਆਂ ਨੂੰ ਆਪਣੀ ਸਿੱਖਿਆ ਦਿੰਦਿਆਂ ਆਖਿਆ ਕਿ ਬਾਹਰੀ ਦਿਖਾਵਾ ਤੇ ਪਾਖੰਡ ਦਾ ਤਿਆਗ ਕਰੋ, ਜਾਤ ਪਾਤ ਦਾ ਵਿਤਕਰਾ ਤਿਆਗੋ, ਮਾਨਵਤਾ ਦੀ ਬਰਾਬਰੀ ਤੇ ਭਾਈਚਾਰੇ ਵਿਚ ਵਿਸ਼ਵਾਸ ਕਰੋ, ਤੇ ਲੋਕਾਂ ਦੀ ਸੇਵਾ ਕਰੋ।

## ਹਿੰਦੂ ਧਰਮ ਤੇ ਇਸਲਾਮ ਵਿਚਕਾਰ ਆਪਸੀ ਸੰਬੰਧ

ਇਹ ਦੋਵੇਂ ਧਰਮ ਇਕ ਦੂਸਰੇ ਦੇ ਵਿਰੋਧੀ ਜਾਂ ਉਲਟ ਜਾਪਦੇ ਸਨ ਜਿਸ ਦਾ ਕਾਰਨ ਇਨ੍ਹਾਂ ਦੇ ਸਿਧਾਂਤਾਂ ਤੇ ਕਰਮ ਕਾਂਡਾ ਵਿਚ ਅੰਤਰ ਸੀ। ਗੁਰੂ ਨਾਨਕ ਦੇਵ ਜੀ ਪੰਜਾਬ ਦੇ ਪਹਿਲੇ ਤੇ ਮਹੱਤਵਪੂਰਣ ਰਹਿਬਰ ਸਨ ਜਿਨ੍ਹਾਂ ਨੇ ਦੋਨਾਂ ਧਰਮਾਂ ਦੇ ਵਾਦ-ਵਿਵਾਦ ਕਰਨ ਵਾਲੇ ਪੈਰੋਕਾਰਾਂ ਵਿਚ ਸਾਂਝ ਪੈਦਾ ਕਰਨ ਦੇ ਯਤਨ ਕੀਤੇ ਚਾਹੇ ਇਨ੍ਹਾਂ ਦੇ ਵਿਤਕਰੇ ਇੰਨੇ ਸਪਸ਼ਟ ਹੋ ਗਏ ਸਨ ਕਿ ਦੋਵੇਂ ਫਿਰਕੇ ਇਕ ਦੂਸਰੇ ਨੂੰ, ਧਰਮ ਤੇ ਕਰਮ ਕਾਂਡ ਵਿਚ, ਇਕ ਦੂਸਰੇ ਦੇ ਬਰਾਬਰ ਨਹੀਂ ਮੰਨ ਸਕਦੇ।

ਮੌਲਾਣਿਆਂ ਦੀ ਸਲਾਹ ਤੇ ਸੁਲਤਾਨਾਂ ਨੇ ਗੈਰ-ਮੁਸਲਮਾਨਾਂ ਨਾਲ ਵਿਸ਼ਵਾਸ ਦੇ ਆਧਾਰ ਤੇ ਮਾੜਾ ਵਰਤਾਉ ਕੀਤਾ। ਪਰ ਆਮ ਤੌਰ ਤੇ ਰਾਜ ਦੇ ਹਿੱਤ ਵਿਚ ਸੁਲਤਾਨ ਲਈ ਇਹ ਸਿਆਣਪ ਸੀ ਕਿ ਮੁਲਾਂ ਮੌਲਾਣਿਆਂ ਦੁਆਰਾ ਦੱਸੀ ਨੀਤੀ ਦੀ ਥਾਂ ਹੋਰ ਨੀਤੀ ਅਪਣਾਉਂਦੇ। ਅਸੀਂ ਦੇਖਦੇ ਹਾਂ ਕਿ ਨਾ ਤਾਂ ਸੁਲਤਾਨਾਂ ਨੇ ਹਿੰਦੂਆਂ ਦਾ ਵਿਨਾਸ਼ ਕਰਨ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਉਨ੍ਹਾਂ ਨੂੰ ਸ਼ਹਿਰੀਆਂ ਵਾਲੇ ਸਾਰੇ ਅਧਿਕਾਰ ਹੀ ਦਿੱਤੇ। ਹਿੰਦੂਆਂ ਨੂੰ ਆਪਣਾ ਬਣਦਾ ਹਿੱਸਾ ਨੌਕਰੀਆਂ ਵਿਚ ਨਾ ਮਿਲਿਆ ਅਤੇ ਉਨ੍ਹਾਂ ਨਾਲ ਮਤਰੇਈ ਮਾਂ ਵਾਲਾ ਸਲੂਕ

ਕੀਤਾ ਗਿਆ। ਕਈ ਹਾਲਤਾਂ ਵਿਚ ਸਰਕਾਰ ਨੂੰ ਚਲਾਉਣ ਲਈ ਮੁਸਲਿਮਾਂ ਦੀ ਮੱਦਦ ਲੈਣੀ ਪੈਂਦੀ ਸੀ। ਅਜਿਹੇ ਹਾਲਤ ਅਧੀਨ ਰਾਜਨੀਤਕ ਜ਼ਰੂਰਤ ਕਾਰਣ ਸਰਕਾਰ ਨੇ ਬੇ-ਦਿਲੀ ਨਾਲ ਸਹਿਣਸ਼ੀਲਤਾ ਦੀ ਨੀਤੀ ਅਪਣਾਈ। ਹੇਠਲੇ ਪੱਧਰ ਤੇ ਸਮਾਜ ਵਿਚ ਹਿੰਦੂ ਜਾਂ ਮੁਸਲਮਾਨ ਦੋਸਤਾਂ ਵਾਂਗ ਸ਼ਾਂਤੀ ਨਾਲ ਰਹਿਣਾ ਪਸੰਦ ਕਰਦੇ ਸਨ।

ਏ. ਬੀ. ਪਾਂਡੇ ਦਾ ਵਿਚਾਰ ਹੈ ਕਿ ਅਸੀਂ ਪੂਰੇ ਜ਼ੋਰ ਨਾਲ ਕਹਿ ਸਕਦੇ ਹਾਂ ਕਿ ਹਿੰਦੂਆਂ ਨੂੰ ਆਮ ਸ਼ਹਿਰੀਆਂ ਵਾਲਾ ਕੋਈ ਅਧਿਕਾਰ ਨਹੀਂ ਸੀ। ਮੁਸਲਿਮ ਰਾਜ ਦਾ ਫਿਰਕੂ ਸੰਕਲਪ ਇਸ ਵਿਤਕਰੇ ਲਈ ਜ਼ਿੰਮੇਵਾਰ ਸੀ। ਇਸ ਲਈ ਸੁਲਤਾਨ ਦੇ ਰਾਜ ਨੂੰ ਰਾਸ਼ਟਰੀ ਜਾਂ ਕੱਟੜਵਾਦ ਤੋਂ ਉਚੇਰਾ ਨਹੀਂ ਆਖ ਸਕਦੇ।

## 1.1.6 ਗੁਰੂ ਨਾਨਕ ਦੇਵ ਜੀ : ਜੀਵਨ ਤੇ ਯਾਤਰਾਵਾਂ

### ਜਨਮ ਮਿਤੀ

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਨੂੰ ਰਾਏ ਭੋਇ ਦੀ ਤਲਵੰਡੀ ਵਿਖੇ ਇਕ ਬੇਦੀ ਖੱਤਰੀ ਪਰਿਵਾਰ ਵਿਚ ਹੋਇਆ। ਗੁਰੂ ਨਾਨਕ ਦੇਵ ਜੀ ਦੇ ਨਾਂ ਤੇ ਇਸ ਪਿੰਡ ਦਾ ਨਾਂ ਅੱਜ ਕੱਲ੍ਹ ਨਨਕਾਣਾ ਸਾਹਿਬ ਹੈ ਤੇ ਇਹ ਹੁਣ ਪਾਕਿਸਤਾਨ ਵਿਚ ਹੈ। ਗੁਰੂ ਨਾਨਕ ਦੇ ਪਿਤਾ ਮਹਿਤਾ ਕਾਲੂ ਮਾਲ ਵਿਭਾਗ ਵਿਚ ਪਟਵਾਰੀ ਸਨ।

ਗੁਰੂ ਨਾਨਕ ਦੇਵ ਜੀ ਦੀ ਅਸਲ ਜਨਮ ਮਿਤੀ ਬਾਰੇ ਹਾਲੇ ਵੀ ਭੁਲੇਖਾ ਚੱਲਿਆ ਆ ਰਿਹਾ ਹੈ। ਆਪ ਜੀ ਦਾ ਜੀਵਨ ਬਿਰਤਾਂਤ ਦੱਸਣ ਵਾਲੀਆਂ ਲਿਖਤਾਂ, ਪੁਰਾਤਨ ਜਨਮ-ਸਾਖੀ, ਮੇਹਰਬਾਨ ਦੀ ਜਨਮ-ਸਾਖੀ ਅਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਅਨੁਸਾਰ ਆਪ ਜੀ ਦੀ ਜਨਮ ਮਿਤੀ ਵਿਸਾਖ ਸੁਧੀ 3, ਬਿਕਰਮੀ 1526 (5 ਅਪ੍ਰੈਲ 1469) ਹੈ। ਸਰੂਪ ਦਾਸ ਭੱਲਾ 'ਮਹਿਮਾ ਪ੍ਰਕਾਸ਼' ਵਿਚ ਤੇ ਸੁਖਵੰਸੀ ਰਾਇ ਆਪਣੇ ਗਰੰਥ 'ਗੁਰੂ ਨਾਨਕ ਪ੍ਰਕਾਸ਼' ਵਿਚ ਉਪਰੋਕਤ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ। ਕਰਮ ਸਿੰਘ ਨੇ ਆਪਣੀ ਕਿਤਾਬ 'ਕੱਤਕ ਕਿ ਵਿਸਾਖ' ਵਿਚ ਆਪ ਦੀ ਜਨਮ ਮਿਤੀ ਸੰਬੰਧੀ ਦਲੀਲਾਂ ਸਹਿਤ ਖੁਲ੍ਹਕੇ ਵਿਚਾਰ ਕੀਤਾ ਹੈ ਤੇ ਵਿਸਾਖ ਵਾਲੀ ਧਾਰਨਾ ਦੀ ਪ੍ਰੋੜ੍ਹਤਾ ਕੀਤੀ ਹੈ। ਪ੍ਰੰਤੂ ਦੂਜੇ ਪਾਸੇ ਭਾਈ ਬਾਲੇ ਵਾਲੀ ਜਨਮ ਸਾਖੀ ਕੇਸਰ ਸਿੰਘ ਤੇ ਗੁਲਾਬ ਸਿੰਘ ਦੀਆਂ ਗੁਰੂ ਪ੍ਰਣਾਲੀਆਂ ਨੇ ਉਸੇ ਸਾਲ ਯਾਨੀ 1526 ਬਿਕਰਮੀ ਦੇ ਕੱਤਕ ਦੀ ਪੂਰਨਮਾਸ਼ੀ ਨੂੰ ਆਪ ਦੀ ਜਨਮ-ਮਿਤੀ ਮੰਨਿਆ ਹੈ। ਰਵਾਇਤ ਵੀ ਕੱਤਕ ਦੀ ਪੂਰਨਮਾਸ਼ੀ ਦੇ ਹੱਕ ਵਿਚ ਹੈ ਅਤੇ ਆਪ ਜੀ ਦਾ ਜਨਮ ਗੁਰਪੁਰਬ ਵੀ ਭਾਰਤੀ ਕੱਤਕ ਦੀ ਪੂਰੇ ਚੰਨ ਦੀ ਰਾਤ ਭਾਵ ਪੂਰਨਮਾਸ਼ੀ ਨੂੰ ਹੀ ਮਨਾਇਆ ਜਾਂਦਾ ਹੈ।

### ਮੁੱਢਲਾ ਜੀਵਨ

ਇਕਲੌਤਾ ਪੁੱਤਰ ਹੋਣ ਕਾਰਨ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਮਾਪਿਆਂ ਵਲੋਂ ਅਥਾਹ ਲਾਡ ਪਿਆਰ ਮਿਲਿਆ। ਜਦੋਂ ਆਪ ਥੋੜ੍ਹੇ ਵੱਡੇ ਹੋਏ ਤਾਂ ਆਪ ਨੂੰ ਸਕੂਲ ਭੇਜਿਆ ਗਿਆ ਅਤੇ ਆਪ ਦੇ ਅਧਿਆਪਕਾਂ ਨੇ ਆਪ ਨੂੰ ਹਿੰਦੀ, ਸੰਸਕ੍ਰਿਤ ਅਤੇ ਫਾਰਸੀ ਸਿਖਾਈ। ਆਪ ਬਚਪਨ ਤੋਂ ਹੀ ਤੀਖਣ ਪ੍ਰਤਿਭਾ ਅਤੇ

ਅਧਿਆਤਮਕ ਪ੍ਰਵ੍ਰਿਤੀ ਦੇ ਮਾਲਕ ਸਨ। ਮਹਿਤਾ ਕਾਲੂ ਆਪਣੇ ਪੁੱਤਰ ਦੀ ਅਧਿਆਤਮਕ ਪ੍ਰਵ੍ਰਿਤੀ ਦੇ ਕਾਰਨ ਪ੍ਰੇਸ਼ਾਨ ਹੋਣ ਲੱਗੇ ਅਤੇ ਉਨ੍ਹਾਂ ਦਾ ਧਿਆਨ ਸੰਸਾਰਕ ਕੰਮਾਂ ਵੱਲ ਲਾਉਣ ਲਈ ਕਈ ਉਪਾਅ ਕੀਤੇ ਗਏ। ਪਰ ਉਨ੍ਹਾਂ ਨੇ ਇਨ੍ਹਾਂ ਕੰਮਾਂ ਵਿਚ ਕੋਈ ਦਿਲਚਸਪੀ ਨਾ ਲਈ। ਸੰਸਾਰਕ ਕੰਮਾਂ ਵੱਲ ਲਾਉਣ ਲਈ ਆਪ ਦੀ ਸ਼ਾਦੀ ਕਰ ਦਿੱਤੀ ਗਈ ਤੇ ਉਨ੍ਹਾਂ ਦੇ ਦੋ ਪੁੱਤਰ ਹੋਏ। ਪਰ ਵਿਆਹ ਦਾ ਬੰਧਨ ਵੀ ਆਪ ਨੂੰ ਆਪਣੇ ਅਖਤਿਆਰ ਕੀਤੇ ਰਸਤੇ ਤੋਂ ਨਾ ਮੋੜ ਸਕਿਆ ਤਾਂ ਮਾਤਾ ਪਿਤਾ ਨੂੰ ਘੋਰ ਨਿਰਾਸ਼ਾ ਹੋਈ। ਫੇਰ ਆਪ ਨੂੰ ਆਪ ਦੀ ਭੈਣ ਬੇਬੇ ਨਾਨਕੀ ਤੇ ਜੀਜਾ ਜੈ ਰਾਮ ਪਾਸ ਰਹਿਣ ਲਈ ਸੁਲਤਾਨਪੁਰ ਲੋਧੀ ਭੇਜ ਦਿੱਤਾ ਗਿਆ। ਜੈ ਰਾਮ ਨੇ ਆਪਣਾ ਅਸਰ ਰਸੂਖ ਵਰਤ ਕੇ ਨਾਨਕ ਨੂੰ 'ਸੁਲਤਾਨਪੁਰ' ਦੇ ਨਵਾਬ ਦੌਲਤ ਖਾਨ ਕੋਲ ਮੋਦੀ ਖਾਨੇ ਦੀ ਨੌਕਰੀ ਕਰਨ ਲਾ ਦਿੱਤਾ। ਕੁੱਝ ਨੌਕਰੀ ਕਰਨ ਤੋਂ ਬਾਅਦ, ਰੱਬੀ ਰਜ਼ਾ ਸਮਝਦਿਆਂ ਆਪਣੀ ਲਾਹੇਵੰਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤਾਂ ਕਿ ਆਪਣੇ ਆਪ ਨੂੰ ਰੱਬੀ ਰਜ਼ਾ ਲਈ ਪੂਰੇ ਤੌਰ ਤੇ ਅਰਪਣ ਕਰ ਸਕਣ।

### ਯਾਤਰਾਵਾਂ

**ਸਰੋਤ** : ਬਾਬਰ ਦੇ ਹਮਲੇ ਸਮੇਂ ਰਚੀ ਆਪ ਦੀ ਬਾਬਰ-ਬਾਣੀ ਦੇ ਸ਼ਬਦਾਂ ਤੋਂ ਬਿਨਾਂ ਗੁਰੂ ਨਾਨਕ ਸੰਬੰਧੀ ਹੋਰ ਕੋਈ ਸਮਕਾਲੀ ਜਾਣਕਾਰੀ ਸਰੋਤ ਪ੍ਰਾਪਤ ਨਹੀਂ ਹਨ। ਇਸ ਲਈ ਆਪ ਦੀਆਂ ਯਾਤਰਾਵਾਂ ਦੇ ਵੇਰਵੇ ਲਈ ਸਾਨੂੰ ਦੂਜੇ ਸਰੋਤਾਂ ਤੇ ਨਿਰਭਰ ਕਰਨਾ ਪੈਂਦਾ ਹੈ। ਇਨ੍ਹਾਂ ਵਿਚੋਂ ਸਭ ਤੋ ਮਹੱਤਵਪੂਰਣ ਭਾਈ ਗੁਰਦਾਸ ਦੀਆਂ ਵਾਰਾਂ ਹਨ। ਪਰ ਇਸ ਸਰੋਤ ਵਿਚ ਵੀ ਕਾਫੀ ਲੰਬੇ ਖੱਪੇ ਹਨ ਜਿਨ੍ਹਾਂ ਨੂੰ ਪੂਰਿਆ ਨਹੀਂ ਜਾ ਸਕਦਾ। ਇਸ ਤੋਂ ਬਾਅਦ ਜਨਮ ਸਾਖੀਆਂ ਆਉਂਦੀਆਂ ਹਨ। ਇਨ੍ਹਾਂ ਵਿਚ ਵੀ ਯਾਤਰਾਵਾਂ ਸੰਬੰਧੀ ਤੱਥਾਂ ਤੇ ਆਧਾਰਿਤ ਠੋਸ ਜਾਣਕਾਰੀ ਦੀ ਬਜਾਏ ਗੁਰੂ ਜੀ ਦੀ ਸ਼ਖਸੀਅਤ ਅਤੇ ਪ੍ਰਭਾਵ ਨੂੰ ਉਘਾੜਨ ਦਾ ਯਤਨ ਵਧੇਰੇ ਕੀਤਾ ਗਿਆ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਸੰਬੰਧੀ ਤੱਥ ਇਕੱਠੇ ਕਰਨ ਵਾਲੇ ਵਿਦਿਆਰਥੀ ਨੂੰ ਕਾਫੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਐਨੀ ਬੇ-ਉਮੀਦੀ ਦੀ ਵੀ ਗੱਲ ਨਹੀਂ। ਭਾਈ ਗੁਰਦਾਸ ਦੀਆਂ ਵਾਰਾਂ ਤੇ ਜਨਮ ਸਾਖੀਆਂ ਦੀ ਮਦਦ ਨਾਲ ਆਪ ਦੀ ਜੀਵਨੀ ਭਰੋਸੇਯੋਗ ਢੰਗ ਨਾਲ ਤਿਆਰ ਕਰਨੀ ਸੰਭਵ ਹੈ। ਜੋ ਪ੍ਰਮੁੱਖ ਜਨਮ ਸਾਖੀਆਂ ਉਪਲਬੱਧ ਹਨ, ਉਹ ਹੇਠ ਲਿਖੀਆਂ ਹਨ :-

1. ਪੁਰਾਤਨ ਜਨਮ ਸਾਖੀ
2. ਮੇਹਰਬਾਨ ਵਾਲੀ ਜਨਮ ਸਾਖੀ।
3. ਭਾਈ ਬਾਲੇ ਵਾਲੀ ਜਨਮ ਸਾਖੀ।
4. ਭਾਈ ਮਨੀ ਸਿੰਘ ਵਾਲੀ ਜਨਮ ਸਾਖੀ।

ਇਨ੍ਹਾਂ ਵਿਚੋਂ ਪਹਿਲੀਆਂ ਤਿੰਨ ਸਤਾਰਵੀਂ ਸਦੀ ਦੇ ਪਹਿਲੇ ਅੱਧ ਦੀਆਂ ਹਨ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਇਕ ਦੂਜੀ ਦੇ ਅਗੜ-ਪਿਛੜ ਹੀ ਲਿਖੀਆਂ ਗਈਆਂ ਹਨ। ਇਨ੍ਹਾਂ ਵਿਚੋਂ ਆਖਰੀ ਜਨਮ ਸਾਖੀ ਇਨ੍ਹਾਂ ਤੋਂ ਇਕ ਸਦੀ ਬਾਅਦ ਵਿਚ ਲਿਖੀ ਗਈ ਪਰ ਇਸ ਨੂੰ ਬਹੁਤ ਕੀਮਤੀ ਮੰਨਿਆ ਜਾਂਦਾ ਹੈ ਕਿਉਂਕਿ ਇਹ ਭਾਈ ਗੁਰਦਾਸ ਦੀ ਪਹਿਲੀ ਵਾਰ ਤੇ ਆਧਾਰਿਤ ਹੈ।

ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਸੰਬੰਧੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਤਿਹਾਸ ਵਿਭਾਗ ਦੀਆਂ ਹੇਠਲੀਆਂ ਪ੍ਰਕਾਸ਼ਨਾਂ ਭਾਵੇਂ ਦੂਜੇ ਦਰਜੇ ਦੇ ਸਰੋਤਾਂ ਵਿਚ ਆਉਂਦੀਆਂ ਹਨ ਪਰ ਇਹ ਬਹੁਤ ਹੀ ਮਹੱਤਵਪੂਰਨ ਹਨ।

1. ਜਨਮ ਸਾਖੀ ਪਰੰਪਰਾ

2. ਗੁਰੂ ਨਾਨਕ ਦੀਆਂ ਯਾਤਰਾਵਾਂ ਦੀ ਐਟਲਸ

ਉਪਰੋਕਤ ਐਟਲਸ ਵਿਚ 26 ਨਕਸ਼ੇ ਹਨ ਜਿਨ੍ਹਾਂ ਵਿਚੋਂ 22 ਸੰਬੰਧੀ ਵਿਆਖਿਆਤਮਕ ਨੋਟ ਵੀ ਲਿਖੇ ਗਏ ਹਨ।

## ਉਦਾਸੀਆਂ

ਜਦੋਂ ਗੁਰੂ ਨਾਨਕ ਸੁਲਤਾਨਪੁਰ ਵਿਖੇ ਮੋਦੀ ਦੇ ਤੌਰ ਤੇ ਕੰਮ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਰੱਬੀ ਸੰਦੇਸ਼ ਪ੍ਰਾਪਤ ਹੋਇਆ ਕਿ ਉਹ ਭੁੱਲੀ ਹੋਈ ਮਾਨਵਤਾ ਨੂੰ ਸਚਾਈ ਦੇ ਰਸਤੇ ਤੇ ਪਾਉਣ ਲਈ ਯਾਤਰਾਵਾਂ ਸ਼ੁਰੂ ਕਰਨ। ਇਨ੍ਹਾਂ ਯਾਤਰਾਵਾਂ ਵੇਲੇ ਉਨ੍ਹਾਂ ਨੇ ਕੁਝ ਇਸ ਤਰ੍ਹਾਂ ਦੀ ਪੁਸ਼ਾਕ ਪਹਿਨੀ ਕਿ ਉਨ੍ਹਾਂ ਦੀਆਂ ਲੰਮੀਆਂ ਯਾਤਰਾਵਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਪੁਰਾਤਨ ਜਨਮ ਸਾਖੀ ਅਨੁਸਾਰ ਉਨ੍ਹਾਂ ਨੇ ਆਪਣੀਆਂ ਵੱਖ ਵੱਖ ਉਦਾਸੀਆਂ ਸਮੇਂ ਹੇਠ ਲਿਖੇ ਅਨੁਸਾਰ ਪੁਸ਼ਾਕ ਪਹਿਨੀ :-

1. **ਪੂਰਬ ਦੀ ਉਦਾਸੀ** : ਦੋ ਚਾਦਰਾਂ, ਇਕ ਚਿੱਟੀ ਤੇ ਇਕ ਨੀਲੀ, ਇਕ ਪੈਰ ਦੀ ਜੁੱਤੀ ਤੇ ਦੂਜੇ ਵਿਚ ਲਕੜ ਦੀ ਖੜਾਂਵ, ਕਲੰਦਰੀ ਟੋਪੀ, ਹੱਡੀਆਂ ਦੀ ਮਾਲਾ ਮੱਥੇ ਤੇ ਕੇਸਰ ਤਿਲਕ

2. **ਦੱਖਣ ਦੀ ਉਦਾਸੀ** : ਸਿਰ ਬਾਹਾਂ ਅਤੇ ਲੱਤਾਂ ਸਮੇਤ ਸਾਰੇ ਸਰੀਰ ਤੇ ਰੱਸੀਆਂ ਲਿਪਟੀਆਂ ਹੋਈਆਂ, ਲੱਕੜ ਦੀਆਂ ਖੜਾਵਾਂ ਤੇ ਮੱਥੇ ਤੇ ਬਿੰਦੀ ਤਿਲਕ।

3. **ਉੱਤਰ ਦੀ ਉਦਾਸੀ** : ਸਿਰ, ਪੈਰਾਂ ਤੇ ਦੂਜੇ ਅੰਗਾਂ ਲਈ ਚਮੜੇ ਦੇ ਓੜ੍ਹਣ ਅਤੇ ਮੱਥੇ ਕੇਸਰ ਦਾ ਤਿਲਕ।

4. **ਪੱਛਮ ਦੀ ਉਦਾਸੀ** : ਨੀਲਾ ਚੋਲਾ, ਚਮੜੇ ਦੀ ਚੱਪਲ, ਹੱਡੀਆਂ ਦੀ ਮਾਲਾ ਤੇ ਮੱਥੇ ਉੱਤੇ ਬਿੰਦੀ ਤਿਲਕ।

ਇਨ੍ਹਾਂ ਉਦਾਸੀਆਂ ਸੰਬੰਧੀ ਕਈ ਰਾਵਾਂ ਹਨ। ਪੁਰਾਤਨ ਜਨਮ ਸਾਖੀ ਚਾਰ ਉਦਾਸੀਆਂ ਦੱਸਦੀ ਹੈ। ਇਹ ਹਨ ਪੂਰਬੀ, ਦੱਖਣੀ, ਉੱਤਰੀ, ਪੱਛਮੀ ਅਤੇ ਇਕ ਛੋਟੀ ਯਾਤਰਾ ਗੋਰਖ ਹੱਟੜੀ (ਪਿਸ਼ਾਵਰ) ਤੀਕ। ਮੇਹਰਬਾਨ ਦੀ ਜਨਮ ਸਾਖੀ ਤਿੰਨ ਉਦਾਸੀਆਂ ਦਾ ਜ਼ਿਕਰ ਕਰਦੀ ਹੈ ਤੇ ਪਹਿਲੀਆਂ ਦੋ ਨੂੰ ਇਕੋ ਹੀ ਉਦਾਸੀ ਮੰਨਦੀ ਹੈ। ਭਾਈ ਗੁਰਦਾਸ ਵੀ ਤਿੰਨ ਉਦਾਸੀਆਂ ਦਾ ਜ਼ਿਕਰ ਕਰਦਾ ਹੈ ਤੇ ਦੱਖਣ ਦੀ ਉਦਾਸੀ ਨੂੰ ਸ਼ਾਮਲ ਨਹੀਂ ਕਰਦਾ ਪਰ ਕਰਤਾਰਪੁਰ ਤੋਂ ਇਕ ਛੋਟੀ ਯਾਤਰਾ ਵਿਚ ਸ਼ਾਮਲ ਨਹੀ ਹੈ। ਭਾਈ ਮਨੀ ਸਿੰਘ ਭਾਈ ਗੁਰਦਾਸ ਵਾਲੀ ਰਾਏ ਦੀ ਪ੍ਰੋੜ੍ਹਤਾ ਕਰਦਾ ਹੈ।

## ਪਹਿਲੀ ਉਦਾਸੀ

ਗੁਰੂ ਨਾਨਕ ਦੀ ਪਹਿਲੀ ਉਦਾਸੀ ਪੂਰਬ ਵੱਲ ਸੀ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ 1500 ਈਸਵੀ ਦੇ ਨੇੜੇ ਸ਼ੁਰੂ ਹੋਈ। ਮੇਹਰਬਾਨ ਅਨੁਸਾਰ

ਗੁਰੂ ਜੀ ਤਤਕਾਲ ਪੂਰਬ ਵੱਲ ਤੇ ਦਿੱਲੀ ਵੱਲ ਗਏ, ਜਿਥੋਂ ਉਹ ਹਰਦੁਆਰ ਗਏ। ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਜੀ ਪੂਰਬ ਵੱਲ ਮੁੜਨ ਤੋਂ ਪਹਿਲਾਂ ਤੁਲੰਬੇ (ਆਧੁਨਿਕ ਮਖਦੂਮਪੁਰ ਪਾਕਿਸਤਾਨ) ਗਏ। ਜਿਥੇ ਉਹ ਸੱਜਣ ਠੱਗ ਨੂੰ ਮਿਲੇ ਅਤੇ ਉਸ ਨੂੰ ਬੁਰਾਈ ਦੇ ਰਸਤੇ ਤੋਂ ਮੋੜਿਆ ਅਤੇ ਇਸ ਤੋਂ ਬਾਅਦ ਹੀ ਉਹ ਪਾਣੀਪਤ ਤੋਂ ਦਿੱਲੀ ਵੱਲ ਗਏ। ਭਾਈ ਗੁਰਦਾਸ ਇਸ ਬਾਰੇ ਵਿਸ਼ੇਸ਼ ਜਾਂ ਪੱਕੀ ਜਾਣਕਾਰੀ ਤਾਂ ਨਹੀਂ ਦਿੰਦੇ ਪਰ ਸਿੱਧਾ ਇਸ਼ਾਰਾ ਕਰਦੇ ਹਨ ਕਿ ਗੁਰੂ ਜੀ ਸੁਲਤਾਨਪੁਰ ਤੋਂ ਸਿੱਧੇ ਪੂਰਬ ਵਲ ਗਏ। ਭਾਈ ਬਾਲੇ ਵਾਲੀ ਜਨਮ ਸਾਖੀ ਅਨੁਸਾਰ ਗੁਰੂ ਜੀ ਪੰਜਾਬ ਛੱਡਣ ਤੋਂ ਪਹਿਲਾਂ ਏਮਨਾਬਾਦ ਤੇ ਤਲਵੰਡੀ ਗਏ। ਇਨ੍ਹਾਂ ਲੇਖਕਾਂ ਦੀ ਆਮ ਧਾਰਣਾ ਅਨੁਸਾਰ ਅਸੀਂ ਇਹ ਸਵੀਕਾਰ ਕਰ ਸਕਦੇ ਹਾਂ ਕਿ ਗੁਰੂ ਜੀ ਸੁਲਤਾਨਪੁਰ ਤੋਂ ਸਿੱਧੇ ਪੂਰਬ ਵੱਲ ਗਏ।

ਸੁਲਤਾਨਪੁਰ ਤੋਂ ਚਲ ਕੇ ਪੇਹੋਵਾ ਅਤੇ ਕੁਰਕਸ਼ੇਤਰ ਵਲ ਗਏ। ਇਨ੍ਹਾਂ ਸਭ ਥਾਵਾਂ ਤੇ ਗੁਰੂ ਜੀ ਦੇ ਆਉਣ ਦੇ ਮਾਣ ਵਿਚ ਬਣੇ ਇਤਿਹਾਸਕ ਗੁਰਦੁਆਰੇ ਮੌਜੂਦ ਹਨ। ਇਹ ਵੀ ਸੰਭਵ ਹੈ ਕਿ ਗੁਰੂ ਜੀ ਦੂਜੀ ਵਾਰ ਵੀ ਇਨ੍ਹਾਂ ਥਾਵਾਂ ਤੇ ਗਏ ਹੋਣ। ਇਸ ਤੋਂ ਬਾਅਦ ਗੁਰੂ ਜੀ ਪਾਣੀਪਤ ਗਏ ਜਿਥੇ ਉਨ੍ਹਾਂ ਦੀ ਉਸ ਸਮੇਂ ਮਹਾਨ ਸੂਫੀ ਸਰਾਫ-ਉ-ਦੀਨ-ਬੁ-ਅਲੀ ਕਲੰਦਰ (1325 ਈ:) ਦੇ ਉਤਰਾਧਿਕਾਰੀ ਸ਼ੇਖ ਈਦੁਲ ਕਬੀਰ (ਮੌਤ 1540 ਈ:) ਨਾਲ ਗੋਸ਼ਟੀ ਹੋਈ। ਪੁਰਾਤਨ ਜਨਮ ਸਾਖੀ ਦੇ ਅਨੁਸਾਰ ਸ਼ੇਖ ਈਦੁਲ ਕਬੀਰ ਨੂੰ ਸ਼ੇਖ ਤਾਹਿਰ ਜਾਂ ਤਤੀਹਰ ਆਖਦੇ ਸਨ। ਪਾਣੀਪਤ ਤੋਂ ਬਾਅਦ ਗੁਰੂ ਜੀ ਦਿੱਲੀ ਗਏ ਤੇ ਉਸ ਥਾਂ ਠਹਿਰੇ ਜਿਸ ਨੂੰ ਫਕੀਰ ਮਜਨੂੰ ਦੇ ਨਾਂ ਤੇ ਅੱਜ ਕੱਲ੍ਹ 'ਮਜਨੂੰ ਦਾ ਟਿੱਲਾ' ਕਿਹਾ ਜਾਂਦਾ ਹੈ। ਹੁਣ ਉਥੇ ਇਕ ਸ਼ਾਨਦਾਰ ਗੁਰਦੁਆਰਾ ਬਣਿਆ ਹੋਇਆ ਹੈ। ਦਿੱਲੀ ਤੋਂ ਗੁਰੂ ਜੀ ਹਰਿਦੁਆਰ ਗਏ। ਪੁਰਾਤਨ ਜਨਮ ਸਾਖੀ ਇਸ ਸਥਾਨ ਦਾ ਕੋਈ ਜ਼ਿਕਰ ਨਹੀਂ ਕਰਦੀ ਪਰੰਤੂ ਮੇਹਰਬਾਨ ਦੀ ਜਨਮ ਸਾਖੀ ਵਿਚ ਇਸ ਬਾਰੇ ਸ਼ਾਫ ਸ਼ਬਦਾਂ ਵਿਚ ਵਰਨਣ ਹੈ। ਗੁਰੂ ਜੀ ਵਿਸਾਖੀ ਦੇ ਮੌਕੇ ਤੇ ਹਰਦੁਆਰ ਵਿਚ ਸਨ ਤੇ ਇਸ ਸਮੇਂ ਗੁਰੂ ਜੀ ਸੂਰਜ ਦੀ ਬਜਾਏ ਆਪਣੇ ਖੇਤਾਂ ਨੂੰ ਪਾਣੀ ਦੇਣ ਲੱਗੇ ਜਿਸ ਨਾਲ ਲੋਕਾਂ ਦੇ ਮਨਾਂ ਵਿਚਲੇ ਭਰਮ ਜਾਲ ਨੂੰ ਤੋੜਿਆ ਗਿਆ।

ਹਰਦੁਆਰ ਤੋਂ ਗੁਰੂ ਜੀ ਕੋਟਦਵਾਰ, ਪੌੜੀ (ਸ੍ਰੀਨਗਰ, ਉੱਤਰ ਪ੍ਰਦੇਸ਼) ਕੇਦਾਰਨਾਥ, ਬਦਰੀ ਨਾਥ ਅਤੇ ਜੋਸ਼ੀ ਮੱਠ ਗਏ। ਇਕ ਪਾਸੇ ਗੁਰੂ ਜੀ ਦਾ ਹਰਦੁਆਰ ਪੌੜੀ ਜਾਣਾ ਤੇ ਦੂਜੇ ਪਾਸੇ ਰੀਠਾ ਸਾਹਿਬ ਤੇ ਨਾਨਕ ਮਤੇ ਜਾਣਾ ਸਾਨੂੰ ਇਸ ਕੁਦਰਤੀ ਨਤੀਜੇ ਤੇ ਪਹੁੰਚਾ ਦਿੰਦਾ ਹੈ ਕਿ ਯਾਤਰਾ, ਪੁਰਾਣੇ ਤੀਰਥ ਯਾਤਰੀਆਂ ਵਾਲੇ ਰਾਹ ਤੋਂ ਹੀ ਕੀਤੀ।

ਜੋਸੀ ਮੱਠ ਤੋਂ ਗੁਰੂ ਨਾਨਕ ਦੇਵ ਜੀ ਬਨਾਰਸ ਵੱਲ ਚਲੇ। ਰਸਤੇ ਵਿਚ ਰੀਠਾ ਸਾਹਿਬ ਹਲਦਵਾਨੀ ਤੋਂ 23 ਮੀਲ ਪੂਰਬ ਵੱਲ ਗੋਰਖਮਤਾ (ਅੱਜ ਕੱਲ੍ਹ ਨਾਨਕ ਮਤਾ) ਟਾਂਡਾ ਵਣਜਾਰਾ, ਅਯੁੱਧਿਆ, ਨਿਜ਼ਾਮਾਬਾਦ ਤੇ ਪ੍ਰਯਾਗ ਦੀ ਯਾਤਰਾ ਕੀਤੀ। ਇਨ੍ਹਾਂ ਵਿਚੋਂ ਬਹੁਤੀਆਂ ਥਾਵਾਂ ਤੇ ਹੁਣ ਗੁਰੂ ਜੀ ਦੀ ਫੇਰੀ ਦੀ ਯਾਦ ਵਿਚ ਗੁਰਦੁਆਰੇ ਬਣੇ ਹੋਏ ਹਨ। ਜਾਪਦਾ ਹੈ ਕਿ ਇਨ੍ਹਾਂ ਥਾਵਾਂ ਦੇ ਧਾਰਮਿਕ ਨੇਤਾਵਾਂ ਨੂੰ ਗੁਰੂ ਸਾਹਿਬ ਦੀ ਮਿਲਣ ਦੀ ਤੀਬਰ ਇੱਛਾ ਸੀ ਤਾਂ ਕਿ ਮਿਲਕੇ ਉਥੋਂ

ਦੀਆਂ ਧਾਰਮਿਕ ਹਾਲਤਾਂ ਤੋਂ ਜਾਣੂ ਹੋ ਸਕਣ ਅਤੇ ਭਟਕੇ ਹੋਏ ਲੋਕਾਂ ਦੀ ਅਗਵਾਈ ਕਰ ਸਕਣ। ਗੋਰਖਮਤਾ, ਜੋ ਉਸ ਵੇਲੇ ਉਸ ਇਲਾਕੇ ਦੇ ਸਿੱਧ ਯੋਗੀਆਂ ਦਾ ਬਹੁਤ ਵੱਡਾ ਕੇਂਦਰ ਸੀ, ਵਿਖੇ ਗੁਰੂ ਜੀ ਨੂੰ ਲੋਕਾਂ ਨਾਲ ਧਰਮ ਬਾਰੇ ਲੰਮੀਆਂ ਗੋਸ਼ਟੀਆਂ ਕਰਨ ਦਾ ਮੌਕਾ ਮਿਲਿਆ।

ਬਨਾਰਸ ਗੁਰੂ ਜੀ ਕਾਫੀ ਲੰਮਾ ਸਮਾਂ ਠਹਿਰੇ। ਉਥੇ ਉਹ ਜਿਸ ਇਲਾਕੇ ਵਿਚ ਠਹਿਰੇ ਉਹ ਬਨਾਰਸ ਰੇਲਵੇ ਸਟੇਸ਼ਨ ਤੋਂ ਥੋੜ੍ਹੇ ਫਾਸਲੇ ਤੇ ਸਥਿਤ ਹੈ। ਇਕ ਬਹੁਤ ਪੁਰਾਤਨ ਇਤਿਹਾਸਿਕ ਗੁਰਦੁਆਰਾ ਗੁਰੂ ਜੀ ਦੀ ਫੇਰੀ ਦੀ ਯਾਦ ਦਾ ਲਖਾਇਕ ਹੈ। ਬਨਾਰਸ ਤੋਂ ਹਾਜੀਪੁਰ ਨੂੰ ਦੋ ਰਸਤੇ ਜਾਂਦੇ ਸਨ ਇਕ ਗੰਗਾ ਦੇ ਕਿਨਾਰੇ ਦੇ ਨਾਲ ਨਾਲ ਤੇ ਦੂਜਾ ਗਯਾ ਵਲੋਂ ਲੰਘਦਾ ਸੀ। ਕਿਉਂਕਿ ਗਯਾ ਉਸ ਵੇਲੇ ਹਿੰਦੂਆਂ ਤੇ ਬੋਧੀਆਂ ਦਾ ਪ੍ਰਸਿੱਧ ਧਾਰਮਿਕ ਕੇਂਦਰ ਸੀ। ਇਸ ਲਈ ਗੁਰੂ ਜੀ ਗਯਾ ਵਾਲੇ ਰਸਤੇ ਤੋਂ ਗਏ। ਇਥੋਂ ਇਕ ਕੱਚੀ ਸੜਕ ਹਾਜੀਪੁਰ ਨੂੰ ਜਾਂਦੀ ਸੀ ਅਤੇ ਉਸ ਥਾਂ ਤੋਂ ਲੰਘਦੀ ਸੀ ਜਿੱਥੇ ਅੱਜ ਕੱਲ੍ਹ ਦਾ ਪਟਨਾ ਸ਼ਹਿਰ ਆਬਾਦ ਹੋ ਗਿਆ ਹੈ। ਗੁਰੂ ਜੀ ਦੀ ਹਾਜੀਪੁਰ ਫੇਰੀ ਦੀ ਪਵਿੱਤਰ ਯਾਦ ਵਿਚ ਇਤਿਹਾਸਕ ਗੁਰਦੁਆਰਾ ਉਥੇ ਬਣਿਆ ਹੋਇਆ ਹੈ। ਹਾਜੀਪੁਰ ਤੋਂ ਉਹ ਮੁੰਗੇਰ ਅਤੇ ਭਾਗਲਪੁਰ ਹੁੰਦੇ ਹੋਏ ਕੰਤ ਨਗਰ (ਆਧੁਨਿਕ ਜ਼ਿਲ੍ਹਾ ਪੁਰਨੀਆਂ) ਪਹੁੰਚੇ। ਉਥੋਂ ਉਹ ਮਾਲਦਾ ਪਹੁੰਚੇ ਜੋ ਇਕ ਮਹਾਨ ਸੂਫੀ ਕੇਂਦਰ ਸੀ। ਇਥੇ ਗੁਰੂ ਜੀ ਦੀ ਸਥਾਨਕ ਸੂਫੀ ਸੰਤਾਂ ਨਾਲ ਲੰਮੀ ਬਹਿਸ (ਗੋਸ਼ਟੀ) ਹੋਈ। ਇਸ ਸਥਾਨ ਤੋਂ ਅੱਗੇ ਦੋ ਸੰਭਾਵਨਾਵਾਂ ਹਨ। ਉਹ ਮਕਸੂਦਾਬਾਦ ਦੇ ਰਸਤੇ ਸੁਨਾਰ ਗਾਉਂ ਹੁੰਦੇ ਹੋਏ ਢਾਕਾ ਪਹੁੰਚੇ। (2) ਉਹ ਉੱਤਰ ਵਾਲੇ ਪਾਸੇ ਕਾਮਰੂਪ ਵਿਚ ਧੁਬਰੀ ਕਸਬੇ ਪਹੁੰਚੇ। ਪਰ ਜ਼ਿਆਦਾ ਸੰਭਾਵਨਾ ਇਸ ਗੱਲ ਦੀ ਹੈ ਕਿ ਗੁਰੂ ਜੀ ਦੂਜੇ ਰਸਤੇ ਤੋਂ ਗਏ।

ਗੁਰੂ ਦੀ ਆਸਾਮ (ਜੋ ਕਿ ਉਸ ਵੇਲੇ ਕਾਮਰੂਪ ਅਤੇ ਆਸਾ ਦੇਸ਼ ਵਿਚ ਵੰਡਿਆ ਹੋਇਆ ਸੀ) ਫੇਰੀ ਬਾਰੇ ਕੁਝ ਭੁਲੇਖੇ ਹਨ। ਕੁਝ ਲੇਖਕਾਂ ਨੇ ਇਸ ਫੇਰੀ ਬਾਰੇ ਕਿੰਤੂ ਕੀਤਾ ਹੈ। ਪਰ ਇਸ ਦੇ ਹੱਕ ਵਿਚ ਸਿੱਖ ਰਵਾਇਤ ਬਹੁਤ ਮਜ਼ਬੂਤ ਹੈ। ਮੇਹਰਬਾਨ ਇਸ ਦਾ ਕੋਈ ਜ਼ਿਕਰ ਨਹੀਂ ਕਰਦਾ ਪਰੰਤੂ ਪੁਰਾਤਨ ਤੇ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਇਸ ਸੰਬੰਧੀ ਨਿਸ਼ਚਿਤ ਸੰਕੇਤ ਹਨ। ਭਾਈ ਗੁਰਦਾਸ ਵੀ ਅਸਪਸ਼ਟ ਢੰਗ ਨਾਲ ਇਸੇ ਵਿਚਾਰ ਦੀ ਪ੍ਰੋੜ੍ਹਤਾ ਕਰਦਾ ਹੈ।

ਧੁਬਰੀ, ਅੱਜ ਕਲ੍ਹ ਦੇ ਗੁਆਲਪੁੜਾ (Goalpura) ਜ਼ਿਲ੍ਹੇ ਦਾ ਮੁੱਖ ਸ਼ਹਿਰ ਹੈ, ਜਿਥੇ ਕੁਝ ਦੇਰ ਰੁਕਣ ਤੋਂ ਬਾਅਦ ਗੁਰੂ ਜੀ ਨੇ ਦਰਿਆ ਬ੍ਰਹਮਪੁੱਤਰ ਦੇ ਨਾਲ ਨਾਲ ਜਾਂਦਿਆਂ ਕਾਮਰੂਪ ਦੇਸ਼ ਨੂੰ ਪਾਰ ਕੀਤਾ ਤੇ ਆਸ਼ਾ ਦੇਸ਼ ਪਹੁੰਚੇ ਜਿਸ ਤੇ ਉਸ ਵੇਲੇ ਰਾਜਾ ਸਵਾਗ ਨਾਰਾਇਣ ਰਾਜ ਕਰਦਾ ਸੀ। ਆਪਣੀ ਯਾਤਰਾ ਜਾਰੀ ਰਖਦੇ ਹੋਏ ਗੁਰੂ ਜੀ ਆਸਾਮ ਦੇ ਧੁਰ ਪੂਰਬ ਵਲ ਗੋਲਾ ਘਾਟ ਪਹੁੰਚੇ ਜੋ ਕਿ ਅੱਜ ਕਲ੍ਹ ਦੇ ਸਿਵਸਾਗਰ ਜ਼ਿਲ੍ਹੇ ਦੀ ਤਹਿਸੀਲ ਹੈ। ਇਹ ਕਸਬਾ ਧਨਾਸਰੀ ਨਦੀ ਦੇ ਪੂਰਬੀ ਕਿਨਾਰੇ ਤੇ ਸਥਿਤ ਸੀ। ਇਹ ਉਹ ਧਨਾਸਰੀ ਵਾਦੀ ਹੈ ਜਿਸ ਦਾ ਜ਼ਿਕਰ ਜਨਮ ਸਾਖੀਆਂ ਵਿਚ ਆਉਂਦਾ ਹੈ।

ਧਨਾਸਰੀ ਵਾਦੀ ਤੋਂ ਗੁਰੂ ਜੀ ਜਿਸ ਰਸਤੇ ਤੋਂ ਉੱਤਰ ਵੱਲ ਗਏ ਸਨ, ਉਸੇ

ਰਸਤੇ ਤੋਂ ਵਾਪਸ ਮੁੜੇ। ਗੁਹਾਟੀ ਦੇ ਨਜ਼ਦੀਕ ਇਕ ਸਥਾਨ ਤੋਂ ਉਨ੍ਹਾਂ ਆਪਣੀ ਦਿਸ਼ਾ ਬਦਲੀ ਅਤੇ ਉਥੋਂ ਸ਼ਿਲਾਂਗ ਗਏ ਅਤੇ ਜਵਾਰੀ ਤੇ ਜ਼ੈਨਤੀਆਂ ਪਹਾੜੀਆਂ ਵਿਚੋਂ ਲੰਘਦੇ ਸਿਲਹੱਟ ਅਪੜੇ ਜੋ ਇਲਾਕੇ ਦੇ ਸੂਫੀਆਂ ਦਾ ਇਕ ਹੋਰ ਵੱਡਾ ਕੇਂਦਰ ਸੀ। ਇਸ ਸਥਾਨ ਤੇ ਗੁਰੂ ਜੀ ਦੀ ਪਵਿੱਤਰ ਫੇਰੀ ਦੀ ਯਾਦ ਵਿਚ ਇਕ ਪੁਰਾਣਾ ਇਤਿਹਾਸਕ ਗੁਰਦੁਆਰਾ ਮੌਜੂਦ ਹੈ। ਸਿਲਹੱਟ ਦੇ ਇਲਾਕੇ ਵਿਚ ਦਰਿਆ ਸੁਰਮਾ ਤੇ ਬਰਕ ਨੇ ਬਹੁਤ ਹੀ ਸੁਖਦਾਇਕ ਯਾਤਰਾ ਦਾ ਮੌਕਾ ਦਿੱਤਾ। ਇਹ ਸੰਭਵ ਹੈ ਕਿ ਇਹ ਯਾਤਰਾ ਗੁਰੂ ਜੀ ਨੇ ਕਿਸ਼ਤੀਆਂ ਰਾਹੀਂ ਕੀਤੀ ਤੇ ਉਹ ਢਾਂਕੇ ਪਹੁੰਚੇ। ਇਕ ਸੰਭਾਵਨਾ ਇਹ ਵੀ ਹੈ ਕਿ ਗੁਰੂ ਜੀ ਸਿਲਹੱਟ ਤੋਂ ਚਿਟਗਾਂਗ ਵੱਲ ਗਏ ਕਿਉਂਕਿ ਰਸਤਾ ਉਸ ਵੇਲੇ ਆਮ ਚਲਦਾ ਸੀ ਅਤੇ ਉਥੋਂ ਉਨ੍ਹਾਂ ਨੇ ਢਾਕੇ ਦਾ ਰੁੱਖ ਕੀਤਾ।

ਢਾਕੇ ਦੀ ਜੋ ਰਾਜਨੀਤਿਕ ਮਹਾਨਤਾ ਅੱਜ ਕੱਲ੍ਹ ਹੈ, ਉਸ ਸਮੇਂ ਨਹੀਂ ਸੀ। ਇਹ ਤਾਂ ਉਸ ਸਮੇਂ ਮੁੱਖ ਤੌਰ ਤੇ ਦੇਵੀ ਢਾਕੇਸ਼ਵਰੀ ਦੇ ਮੰਦਰ ਕਰਕੇ ਪ੍ਰਸਿੱਧ ਸੀ ਤੇ ਸ਼ਾਇਦ ਇਸੇ ਦੇਵੀ ਦੇ ਨਾਂ ਤੇ ਹੀ ਇਸ ਦਾ ਇਹ ਨਾਂ ਪਿਆ। ਗੁਰੂ ਜੀ ਅੱਜ-ਕੱਲ੍ਹ ਦੇ ਰੜਾ-ਬਾਜ਼ਾਰ ਵਾਲੀ ਥਾਂ ਤੇ ਠਹਿਰੇ ਸਨ। ਇਕ ਪੁਰਾਣਾ ਸਥਾਨਕ ਖੂਹ ਗੁਰੂ ਜੀ ਦੀ ਫੇਰੀ ਦੀ ਯਾਦ ਵਿਚ ਜੁੜਿਆ ਹੋਇਆ ਹੈ। ਢਾਕੇ ਤੋਂ ਗੁਰੂ ਜੀ ਨੇ ਜਗਨ ਨਾਥ ਪੁਰੀ ਦਾ ਰਾਹ ਫੜਿਆ। ਰਸਤੇ ਵਿਚੋਂ ਉਹ ਕਲਕੱਤੇ ਤੇ ਕਟਕ ਵਿਚੋਂ ਲੰਘੇ। ਉਸ ਸਮੇਂ ਕਲਕੱਤਾ ਇਕ ਵੱਡੇ ਪਿੰਡ ਤੋਂ ਵੱਧ ਨਹੀਂ ਸੀ ਅਤੇ ਮੁੱਖ ਤੌਰ ਤੇ ਕਾਲੀ ਦੇਵੀ ਦੇ ਮੰਦਰ ਕਰਕੇ ਜਾਣਿਆ ਜਾਂਦਾ ਸੀ। ਇਨ੍ਹਾਂ ਦੋਵਾਂ ਥਾਵਾਂ ਤੇ ਗੁਰੂ ਜੀ ਦੀ ਫੇਰੀ ਦੀ ਯਾਦ ਵਿਚ ਇਤਿਹਾਸਕ ਗੁਰਦੁਆਰੇ ਬਣੇ ਹੋਏ ਹਨ। ਕਟਕ ਤੋਂ ਉਹਨਾਂ ਤੀਰਥ ਯਾਤਰੀਆਂ ਵਾਲੇ ਰਾਹ ਤੋਂ ਪੁਰੀ ਦਾ ਰਸਤਾ ਫੜਿਆ। ਉਨ੍ਹਾਂ ਦੀ ਪੁਰੀ ਫੇਰੀ ਨੂੰ ਲਗਭਗ ਸਾਰੇ ਮੰਨਦੇ ਹਨ। ਇਸ ਬਾਰੇ ਕੋਈ ਭੁਲੇਖਾ ਨਹੀਂ ਹੈ। ਪੁਰਾਤਨ ਤੇ ਮੇਹਰਬਾਨ ਦੀ ਜਨਮ ਸਾਖੀ ਵਿਚ ਇਸ ਬਾਰੇ ਵਿਵਰਣ ਹੈ। ਈਸ਼ਵਰ ਦਾਸ ਲਿਖਤ ਚੈਤਨੰਯ ਮਹਾਂਪ੍ਰਭੂ ਵਿਚ ਗੁਰੂ ਜੀ ਦੀ ਚੈਤਨੰਯ ਨਾਲ ਹੋਈ ਮਿਲਣੀ ਦਾ ਜ਼ਿਕਰ ਹੈ। ਗੁਰੂ ਦੀ ਦੀ ਫੇਰੀ ਦੀ ਯਾਦ ਵਿਚ ਇਕ ਛੋਟਾ ਜਿਹਾ ਗੁਰਦੁਆਰਾ ਵੀ ਬਣਿਆ ਹੋਇਆ ਹੈ।

ਪੁਰੀ ਵਿਚ ਥੋੜ੍ਹੀ ਦੇਰ ਰੁਕਣ ਤੋਂ ਬਾਅਦ ਸੰਭਵ ਹੈ ਕਿ ਉਹ ਕਟਕ ਵੱਲ ਮੁੜੇ ਤਾਂ ਕਿ ਆਪਣੀ ਯਾਤਰਾ ਦੱਖਣ ਵਾਲੇ ਪਾਸੇ ਜਾਰੀ ਰੱਖ ਸਕਣ। ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਜੀ ਨੇ ਇਥੇ ਆਪਣੀ ਪਹਿਲੀ ਉਦਾਸੀ ਖਤਮ ਕੀਤੀ ਤੇ ਪੰਜਾਬ ਵਾਪਸ ਆ ਗਏ ਅਤੇ ਕੁਝ ਸਮਾਂ ਰੁਕਣ ਤੋਂ ਬਾਅਦ ਆਪਣੀ ਦੂਜੀ ਦੱਖਣ ਦੀ ਉਦਾਸੀ ਲਈ ਨਿਕਲੇ। ਮੇਹਰਬਾਨ ਦੀ ਜਨਮ ਸਾਖੀ ਪੂਰਬ ਤੇ ਦੱਖਣ ਦੋਵਾਂ ਉਦਾਸੀਆਂ ਨੂੰ ਇਕ ਹੀ ਮੰਨਦੀ ਹੈ, ਜੋ ਠੀਕ ਵੀ ਜਾਪਦੀ ਹੈ। ਕੱਟਕ ਤੋਂ ਚਲ ਕੇ ਗੁਰੂ ਜੀ ਗਣਟੂਰ (ਆਂਧਰਾ ਪ੍ਰਦੇਸ਼ ਦਾ ਇਕ ਪ੍ਰਸਿੱਧ ਸ਼ਹਿਰ) ਕਾਂਚੀਪੁਰਮ (ਮਦਰਾਸ ਦੇ 145 ਮੀਲ ਦੱਖਣ ਵੱਲ ਹਿੰਦੂਆਂ ਦਾ ਪ੍ਰਸਿੱਧ ਤੀਰਥ ਸਥਾਨ) ਤਿਰੁਵਨਾਮਲਾਈ (ਜ਼ਿਲ੍ਹਾ ਦੱਖਣੀ ਆਰਕਾਟ) ਤ੍ਰਿਚੁਨਾਪਲੀ, ਅਤੇ ਨਾਗਪਟਨਮ ਵਿਚੋਂ ਲੰਘੇ। ਨਾਗਪਟਨਮ ਦੱਖਣੀ ਭਾਰਤ ਦੀ ਇਕ ਪੁਰਾਣੀ ਬੰਦਰਗਾਹ ਹੈ। ਨਾਗਪਟਨਮ ਤੋਂ ਗੁਰੂ ਜੀ ਲੰਕਾ ਗਏ।

ਗੁਰੂ ਜੀ ਦੀ ਇਸ ਫੇਰੀ ਦੇ ਹੱਕ ਤੇ ਵਿਰੋਧ ਦੋਵਾਂ ਬਾਰੇ ਦਲੀਲਾਂ ਦਿੱਤੀਆਂ ਜਾਂਦੀਆਂ ਹਨ, ਪਰ ਦਲੀਲਾਂ ਦਾ ਝੁਕਾ ਇਸ ਫੇਰੀ ਦੇ ਹੱਕ ਵਿਚ ਹੈ। ਮੇਹਰਬਾਨ ਦੀ ਜਨਮ ਸਾਖੀ ਤੋਂ ਬਿਨਾਂ ਸਭ ਜਨਮ ਸਾਖੀਆਂ ਲੰਕਾ ਫੇਰੀ ਦੇ ਵਿਚਾਰ ਦੀ ਪ੍ਰੋੜ੍ਹਤਾ ਕਰਦੀਆਂ ਹਨ। ਮੇਹਰਬਾਨ ਦਾ ਵੇਰਵਾ ਵੀ ਨਾਂਹ ਵਿਚ ਤਾਂ ਨਹੀਂ ਜਾਂਦਾ ਹੈ ਪਰ ਧੁੰਦਲਾ ਜ਼ਰੂਰ ਹੈ ਕਿਉਂਕਿ ਇਸ ਵਿਚ ਇਕ ਅਣਜਾਣੇ ਦੇਸ਼ ਦਾ ਹਵਾਲਾ ਮੌਜੂਦ ਹੈ ਤੇ ਇਹ ਲੰਕਾ ਬਾਰੇ ਹੀ ਸੰਭਵ ਹੈ। ਉਨੀਵੀਂ ਸਦੀ ਦੇ ਸਿੱਖ ਲਿਖਾਰੀ ਗਿਆਨੀ ਗਿਆਨ ਸਿੰਘ ਨੇ ਵੀ ਇਸ ਲੰਕਾ ਫੇਰੀ ਦੀ ਪ੍ਰੋੜ੍ਹਤਾ ਕੀਤੀ ਹੈ ਤੇ ਜਿਸ ਥਾਂ ਤੇ ਗੁਰੂ ਜੀ ਠਹਿਰੇ ਉਸ ਦਾ ਨਾਂ ਮਤੀਆ-ਕੁਲਮ ਦਿੱਤਾ ਹੈ। ਹੁਣੇ ਜਿਹੇ ਲੰਕਾ ਵਿਚ ਇਕ ਖੁਲ੍ਹੀ ਲਿਖਤ ਮਿਲੀ ਹੈ ਜਿਸ ਵਿਚ 500 ਕੁ ਸਾਲ ਪਹਿਲਾਂ ਇਕ ਭਾਰਤੀ ਸਾਧੂ ਜਨਕਾ ਆਚਾਰੀਆ ਦੇ ਲੰਕਾ ਆਉਣ ਅਤੇ ਲੰਕਾ ਦੇ ਵਿਦਵਾਨਾਂ ਨਾਲ ਧਾਰਮਿਕ ਮਾਮਲਿਆਂ ਤੇ ਬਹਿਸ ਕਰਨ ਦਾ ਜ਼ਿਕਰ ਹੈ। ਇਸ ਲਈ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਗੁਰੂ ਨਾਨਕ ਹੀ ਸਨ। ਫਿਰ ਵੀ ਇਹ ਰਾਏ ਹਾਲੇ ਸਰਵ ਪ੍ਰਵਾਣਿਤ ਨਹੀਂ ਹੈ। ਕਿਹਾ ਜਾਂਦਾ ਹੈ ਕਿ ਲੰਕਾ ਵਿਚ ਗੁਰੂ ਨਾਨਕ ਮਤੀਆ-ਕੁਲਮ (ਹੁਣ ਬੁਟੀਕਲੋਵਾ) ਕਤਰਗਾਮ ਸੀਤਾਵਾਕ (ਆਧੁਨਿਕ ਅਵੀਸਵੇਲਾ) ਅਨੁਰਾਧਾਪੁਰਾ (ਪੁਰਾਣੇ ਸਮਿਆਂ ਦਾ ਲੰਕਾ ਦਾ ਮੁੱਖ ਸ਼ਹਿਰ ਅਤੇ ਮਲਾਰ (ਨਜ਼ਦੀਕ ਆਧੁਨਿਕ ਤਲਾਈ ਮਨਾਰ) ਆਦਿ ਥਾਵਾਂ ਤੇ ਗਏ।

ਮਨਾਰ ਦੇ ਸਥਾਨ ਤੋਂ ਗੁਰੂ ਜੀ ਨੇ ਲੰਕਾ ਤੋਂ ਵਿਦਾ ਲਈ ਤੇ 20 ਮੀਲ ਦੂਰ ਰਾਮੇਸ਼ਵਰਮ ਵਿਖੇ ਕਿਸ਼ਤੀ ਰਾਹੀਂ ਪਹੁੰਚੇ। ਇਸ ਸਫਰ ਵਿਚ ਗੁਰੂ ਜੀ 'ਸੇਤ ਬੰਦ' ਵਿਚੋਂ ਲੰਘੇ ਜਿਸ ਬਾਰੇ ਖਿਆਲ ਕੀਤਾ ਜਾਂਦਾ ਹੈ ਕਿ ਇਸ ਨੂੰ ਲੰਕਾ ਤੇ ਕੀਤੇ ਹਮਲੇ ਸਮੇਂ ਸ੍ਰੀ ਰਾਮ ਚੰਦਰ ਨੇ ਬਣਾਇਆ ਸੀ। ਰਾਮੇਸ਼ਵਰਮ ਵਿਚ ਨਾਨਕ ਉਦਾਸੀ ਮਠ ਗੁਰਦੁਆਰਾ ਗੁਰੂ ਜੀ ਦੀ ਫੇਰੀ ਦੀ ਮੂੰਹ ਬੋਲਦੀ ਤਸਵੀਰ ਹੈ। ਇਥੇ ਹੀ ਗੁਰੂ ਜੀ ਨੇ ਵਾਪਸ ਪੰਜਾਬ ਲਈ ਯਾਤਰਾ ਸ਼ੁਰੂ ਕੀਤੀ। ਰਸਤੇ ਵਿਚ ਗੁਰੂ ਨਾਨਕ ਪਟਨ ਕੋਟਾਯਾਮ, ਤ੍ਰਿਵੇਂਦਰਮ (ਹੁਣ ਕੇਰਲ ਦੀ ਰਾਜਧਾਨੀ) ਬਿਦਰ ਦਿਉਗਈ, ਬੜੋਚ, ਦਵਾਰਕਾ, ਗਿਰਨਾਰ, ਚਟਾਨਾਂ, ਜੂਨਾਗੜ੍ਹ, ਉਜੈਨ, ਚਿਤੌੜਗੜ੍ਹ, ਅਜਮੇਰ, ਦਿੱਲੀ ਸਿਰਸਾ ਅਤੇ ਪਾਕਪਟਨ (ਬਾਬਾ ਫਰੀਦ ਦੀ ਗੱਦੀ ਤੇ ਸੰਤ ਚਿਸ਼ਤੀ ਦੀ ਪ੍ਰਸਿੱਧ ਦਰਗਾਹ) ਆਦਿਕ ਥਾਵਾਂ ਤੋਂ ਹੁੰਦੇ ਹੋਏ ਲੰਘੇ।

## ਦੂਜੀ ਉਦਾਸੀ

ਇਸ ਉਦਾਸੀ ਦਾ ਸੰਬੰਧ ਹਿਮਾਲਾ ਖੇਤਰ ਨਾਲ ਹੈ। ਜਨਮ ਸਾਖੀਆਂ ਤੇ ਭਾਈ ਗੁਰਦਾਸ ਦੀਆਂ ਵਾਰਾਂ ਗੁਰੂ ਜੀ ਦੇ ਸੁਮੇਰ ਪਰਬਤ ਤੇ ਜਾਣ ਦਾ ਜ਼ਿਕਰ ਕਰਦੀਆਂ ਹਨ ਪਰ ਉਹ ਜਿਥੋਂ ਵਾਪਸ ਆਏ ਆਦਿਕ ਗੱਲਾਂ ਬਾਰੇ ਕੋਈ ਸੰਕੇਤ ਨਹੀਂ ਕਰਦੀਆਂ। ਭਾਈ ਬਾਲੇ ਨੇ ਇਸ ਸਮੱਸਿਆ ਦਾ ਹਲ ਗੁਰੂ ਜੀ ਤੋਂ ਚਮਤਕਾਰੀ ਉਡਾਨਾਂ ਕਰਵਾ ਕੇ ਅਜੀਬੋ ਤਰੀਕੇ ਨਾਲ ਕੀਤਾ ਹੈ। ਇਸ ਸਮੱਸਿਆ ਦੇ ਹੱਲ ਲਈ ਸਾਨੂੰ ਸਥਾਨਕ ਰਵਾਇਤਾਂ ਤੇ ਨਿਰਭਰ ਕਰਨਾ ਪਵੇਗਾ। ਇਹ ਰਵਾਇਤਾਂ ਕਾਫੀ ਗਿਣਤੀ ਵਿਚ ਮੌਜੂਦ ਹਨ। ਤਲਵੰਡੀ ਵਿਚ ਕੁਝ ਸਮਾਂ ਠਹਿਰਨ ਤੋਂ ਬਾਅਦ ਗੁਰੂ ਜੀ ਸੁਲਤਾਨਪੁਰ ਲਈ ਚਲੇ ਗਏ। ਰਸਤੇ ਵਿਚ ਉਹ ਲਾਹੌਰ,

ਘਾਵਿੰਡੀ, ਖਾਲੜਾ, ਪੱਟੀ ਅਤੇ ਗੋਇੰਦਵਾਲ ਵਿਚੋਂ ਲੰਘੇ। ਉਹਨਾਂ ਦੀ ਲਾਹੌਰ ਫੇਰੀ ਦਾ ਜ਼ਿਕਰ ਲਗਭਗ ਸਭ ਜਨਮ ਸਾਖੀਆਂ ਵਿਚ ਹੈ। ਉਹਨਾਂ ਦੀ ਯਾਦ ਵਿਚ ਬਣਦੇ ਇਤਿਹਾਸਿਕ ਗੁਰਦੁਆਰੇ ਉਹਨਾਂ ਦੀ ਪਵਿੱਤਰ ਫੇਰੀ ਦੀ ਗਵਾਹੀ ਦਿੰਦੇ ਹਨ। ਲਗਭਗ ਦੂਜੀਆਂ ਥਾਵਾਂ ਤੇ ਵੀ ਇਤਿਹਾਸਿਕ ਗੁਰਦੁਆਰੇ ਮੌਜੂਦ ਹਨ।

ਸੁਲਤਾਨਪੁਰ ਤੋਂ ਗੁਰੂ ਜੀ ਨੇ ਆਪਣੀ ਯਾਤਰਾ ਸ਼ੁਰੂ ਕੀਤੀ। ਉਹ ਬਿਸਤ ਜਲੰਧਰ ਦੁਆਬਾ ਤੇ ਸਤਲੁਜ ਦਰਿਆ ਨੂੰ ਪਾਰ ਕਰਕੇ ਪੀਰ ਬੁੱਢਣ ਸ਼ਾਹ ਦੇ ਸਥਾਨ ਤੇ ਪਹੁੰਚੇ। ਜਿਸ ਥਾਂ ਤੇ ਗੁਰੂ ਜੀ ਠਹਿਰੇ, ਬਾਅਦ ਵਿਚ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਉਹ ਕੀਰਤਪੁਰ ਦੇ ਨਾਂ ਹੇਠ ਆਬਾਦ ਹੋਇਆ। ਉਥੇ ਹੁਣ ਗੁਰੂ ਨਾਨਕ ਦੇਵ ਜੀ ਦੇ ਆਉਣ ਦੀ ਯਾਦ ਵਿਚ ਗੁਰਦੁਆਰਾ ਚਰਨ ਕੰਵਲ ਮੌਜੂਦ ਹੈ। ਇਥੋਂ ਉਹਨਾਂ ਪਹਾੜੀ ਸਫਰ ਸ਼ੁਰੂ ਕੀਤਾ ਤੇ ਬਿਲਾਸਪੁਰ ਵਲ ਰੁਖ ਕੀਤਾ ਜੋ ਕਹਿਲੂਰ ਦੇ ਰਾਜੇ ਦੀ ਰਾਜਧਾਨੀ ਸੀ। ਆਪਣੀ ਯਾਤਰਾ ਜਾਰੀ ਰਖਦੇ ਹੋਏ ਉਹ ਸਕੇਤ ਹੁੰਦੇ ਹੋਏ ਮੰਡੀ ਪਹੁੰਚੇ। ਇਥੋਂ ਦਸ ਮੀਲ ਦੀ ਦੂਰੀ ਤੇ ਸ਼ਕੰਦ-ਧਾਰਾ-ਕੁੰਡ ਹੈ। ਜਿਸ ਨੂੰ ਰਵਾਲਸਰ ਕਹਿੰਦੇ ਹਨ। ਗੁਰੂ ਜੀ ਇਥੋਂ ਹੁੰਦੇ ਹੋਏ ਜਵਾਲਾ ਜੀ ਪਹੁੰਚੇ ਤੇ ਇਸ ਮਸ਼ਹੂਰ ਮੰਦਰ ਦੀ ਸਦਾ ਪ੍ਰਜੋਵੱਲਤ ਲਾਟ ਨੂੰ ਦੇਖ ਕੇ ਨਦੌਣ ਵਿਚੋਂ ਦੀ ਕਾਂਗੜੇ ਵਲ ਯਾਤਰਾ ਜਾਰੀ ਰੱਖੀ। ਉਹ ਬੈਜਨਾਥ (ਜਿਸ ਨੂੰ ਕੀੜ ਕਬੀਲੇ ਦੇ ਨਾਂ ਤੇ ਕੀੜ ਗਰਾਮ ਕਿਹਾ ਜਾਂਦਾ ਹੈ) ਵੀ ਗਏ।

ਬੈਜਨਾਥ ਤੋਂ ਇਕ ਰਸਤਾ ਦੁਲਚੀ ਦੱਰੇ ਵਿਚੋਂ ਦੀ ਕੁੱਲੂ ਜਾਂਦਾ ਹੈ। ਕੁੱਲੂ ਜਾਂਦੇ ਹੋਏ ਗੁਰੂ ਜੀ ਮਨੀਕਰਨ ਵਿਚੋਂ ਲੰਘੇ ਜਿਥੇ ਗੁਰੂ ਜੀ ਦੇ ਆਉਣ ਦੀ ਯਾਦ ਵਿਚ ਇਕ ਇਤਿਹਾਸਕ ਗੁਰਦੁਆਰਾ ਬਣਿਆ ਹੋਇਆ ਹੈ। ਕੁੱਲੂ ਤੋਂ ਗੁਰੂ ਜੀ ਹਮਤੂ ਦੱਰੇ ਵਿਚੋਂ ਲੰਘਦੇ ਹੋਏ ਸਿਪਤੀ-ਵਾਦੀ ਵਿਚ ਦਾਖਲ ਹੋਏ। ਹਮਤੂ ਦੱਰੇ ਦੇ ਦੂਜੇ ਪਾਸੇ ਮੁਲਾਨਾਂ ਨਾਂ ਦਾ ਇਕ ਪੁਰਾਣਾ ਪਿੰਡ ਹੈ ਜਿਸ ਵਿਚ ਗੁਰੂ ਜੀ ਦੇ ਕੁਝ ਸਮਾਂ ਠਹਿਰਨ ਦੀ ਯਾਦ ਹਾਲੀ ਵੀ ਸਾਂਭੀ ਹੋਈ ਹੈ।

ਸਿਪਤੀ ਵਾਦੀ ਦੀ ਪੂਰਬੀ ਹੱਦ ਤਿੱਬਤ ਦੀ ਪੱਛਮੀ ਸਰਹੱਦ ਨਾਲ ਜਾ ਲਗਦੀ ਹੈ। ਸਿਪਤੀ ਦੱਰੇ ਵਿਚੋਂ ਲੰਘ ਕੇ ਗੁਰੂ ਜੀ ਤਿੱਬਤ ਵਿਚ ਦਾਖਲ ਹੋਏ। ਸਤਲੁਜ ਦਰਿਆ ਦੇ ਨਾਲ ਨਾਲ ਮਾਨ ਸਰੋਵਰ ਝੀਲ ਅਤੇ ਕੈਲਾਸ਼ ਪਰਬਤ ਤੇ ਗਏ ਜਿਥੇ ਉਹ ਸਾਧੂਆਂ ਦੀ ਇਕ ਟੋਲੀ ਨੂੰ ਜਾ ਮਿਲੇ ਜਿਨ੍ਹਾਂ ਨੂੰ ਸਿੱਧ ਕਿਹਾ ਜਾਂਦਾ ਸੀ। ਉਹਨਾਂ ਨਾਲ ਆਪਸੀ ਦਿਲਚਸਪੀ ਦੇ ਵਿਸ਼ਿਆਂ ਤੇ ਬਹੁਤ ਲੰਮੀਆਂ, ਬਹਿਸਾਂ (ਗੋਸ਼ਟੀਆਂ) ਕੀਤੀਆਂ।

ਭਾਈ ਗੁਰਦਾਸ ਦੀਆਂ ਵਾਰਾਂ ਅਤੇ ਜਨਮ ਸਾਖੀਆਂ ਵਿਚ ਕੈਲਾਸ਼ ਪਰਬਤ (ਜਿਸ ਨੂੰ ਸੁਮੇਰ ਪਰਬਤ ਕਿਹਾ ਜਾਂਦਾ ਹੈ) ਦੀ ਫੇਰੀ ਦਾ ਵਰਨਣ ਮਿਲਦਾ ਹੈ।

ਕੈਲਾਸ਼ ਪਰਬਤ ਤੋਂ ਗੁਰੂ ਜੀ ਉੱਤਰ ਪੱਛਮ ਵੱਲ ਮੁੜੇ ਗੜਤੋਕ ਅਤੇ ਰੁਦੋਕ (Rudok) ਰਾਹੀਂ ਲੰਘ ਕੇ ਲੱਦਾਖ ਵਿਚ ਦਾਖਲ ਹੋਏ। ਲੇਹ ਜਾਂਦੇ ਹੋਏ ਕਾਰੂੰ ਨਗਰ ਵਿਚੋਂ ਲੰਘੇ। ਇਸ ਇਲਾਕੇ ਦੇ ਕੁਝ ਪਿੰਡਾਂ ਵਿਚ ਨਾਨਕ ਤੋਂ ਬਿਨਾਂ ਕਿਸੇ ਦੀ ਪੂਜਾ ਨਹੀਂ ਕੀਤੀ ਜਾਂਦੀ। ਕਾਰੂੰ ਨਗਰ ਦੇ ਨੇੜੇ ਹੀ ਰੂਹੇਮਸਗ ਨਾਂ ਦਾ

ਇਕ ਸਥਾਨ ਗੁਰੂ ਜੀ ਦੀ ਫੇਰੀ ਸੰਬੰਧੀ ਇਕ ਰਵਾਇਤ ਹਾਲੀ ਵੀ ਸੰਭਾਲੀ ਬੈਠਾ ਹੈ। ਉਥੇ ਇਕ ਪੱਥਰ ਸੰਭਾਲਿਆ ਹੋਇਆ ਹੈ ਤੇ ਕਿਹਾ ਜਾਂਦਾ ਹੈ ਕਿ ਆਪਣੀ ਠਹਿਰ ਸਮੇਂ ਗੁਰੂ ਜੀ ਇਸ ਪੱਥਰ ਤੇ ਬੈਠੇ ਸਨ। ਆਪਣੀ ਯਾਤਰਾ ਜਾਰੀ ਰੱਖਦੇ ਹੋਏ ਗੁਰੂ ਜੀ ਲੇਹ ਨਿਮੀ ਅਤੇ ਬੇਸੋਗੋ ਗਏ। ਬੇਸੋਗੋਂ ਨਾਲ ਵੀ ਇਕ ਸ਼ਾਨਦਾਰ ਰਵਾਇਤ ਜੁੜੀ ਹੈ। ਕਿਹਾ ਜਾਂਦਾ ਹੈ ਕਿ ਇਸ ਸਥਾਨ ਤੇ ਇਕ ਵਾਸੀ ਨੇ ਗੁਰੂ ਜੀ ਤੇ ਹਮਲਾ ਕੀਤਾ ਪਰ ਜਦੋਂ ਗੁਰੂ ਜੀ ਨੇ ਪਿਛੇ ਧੱਕਿਆ ਤਾਂ ਉਹ ਇੱਕ ਚਟਾਨ ਤੇ ਜਾ ਗਿਰਿਆ ਜਿਥੇ ਉਸ ਦੇ ਡਿੱਗਣ ਦਾ ਨਿਸ਼ਾਨ ਹਾਲੀ ਤੀਕ ਮੌਜੂਦ ਹੈ। ਅਗਲਾ ਮਸ਼ਹੂਰ ਥਾਂ ਜਿੱਥੇ ਗੁਰੂ ਜੀ ਗਏ ਸਕਾਰਦੂ ਹੈ। ਇਥੇ ਗੁਰੂ ਜੀ ਦੇ ਨਾਂ ਤੇ ਇਕ ਗੁਰਦੁਆਰਾ ਮੌਜੂਦ ਹੈ। ਇਥੋਂ ਗੁਰੂ ਜੀ ਨੇ ਪ੍ਰਸਿੱਧ ਹਿੰਦੂ-ਮੰਦਰ ਅਮਰਨਾਥ ਵੱਲ ਚਾਲੇ ਪਾਏ। ਰਸਤੇ ਵਿਚ ਕਾਰਗਿਲ, ਦਰਾਸ, ਜੋਜੀਲਾ-ਦਰਾ ਅਤੇ ਬਲਤਾਲ ਵਿਚੋਂ ਹੁੰਦੇ ਗਏ। ਉਥੇ ਉਹਨਾਂ ਮੱਟਨ ਅਤੇ ਪਹਿਲਗਾਮ ਦੀ ਯਾਤਰਾ ਕੀਤੀ ਜੋ ਕਿ ਕਸ਼ਮੀਰ ਘਾਟੀ ਵਿਚ ਸਨ। ਮੱਟਨ (ਜੋ ਮਾਰਤੰਡ ਦੇ ਮੰਦਰਾਂ ਤੇ ਖੰਡਰਾਂ ਲਈ ਪ੍ਰਸਿੱਧ ਹੈ) ਵਿਖੇ ਗੁਰੂ ਦੀ ਪੰਡਤ ਬ੍ਰਹਮਦਾਸ ਨਾਲ ਬਹੁਤ ਗੱਲਬਾਤ ਹੋਈ। ਇਸ ਥਾਂ ਤੇ ਗੁਰੂ ਜੀ ਦੀ ਯਾਦ ਵਿਚ ਉਹਨਾਂ ਦੇ ਨਾਂ ਤੇ ਇਕ ਗੁਰਦੁਆਰਾ ਮੌਜੂਦ ਹੈ।

ਇਸ ਤੋਂ ਅੱਗੇ ਦੀ ਯਾਤਰਾ ਜਾਰੀ ਰੱਖਦੇ ਹੋਏ ਗੁਰੂ ਦੀ ਅਨੰਤਨਾਗ, ਸ੍ਰੀ ਨਗਰ, ਬਾਰਾ ਮੂਲਾ, ਉੜੀ, ਖੈਲਾ ਅਤੇ ਹਸਨ ਅਬਦਾਲ ਗਏ। ਹਸਨ ਅਬਦਾਲ ਨੂੰ ਅੱਜ-ਕੱਲ੍ਹ ਪੰਜਾ ਸਾਹਿਬ ਕਹਿੰਦੇ ਹਨ। ਹਸਨ 'ਅਬਦਾਲ' ਨਾਲ ਇਕ ਮੁਸਲਿਮ ਫਕੀਰ ਵਲੀ-ਕੰਧਾਰੀ ਦੀ ਕਹਾਣੀ ਜੁੜੀ ਹੋਈ ਹੈ। ਵਲੀ ਕੰਧਾਰੀ ਨੇ ਪਹਾੜ ਦੀ ਚੋਟੀ ਤੋਂ ਪਹਾੜ ਦੇ ਪੈਰਾਂ ਵਿਚ ਬੈਠੇ ਗੁਰੂ ਜੀ ਵੱਲ ਇਕ ਵੱਡਾ ਪੱਥਰ, ਗੁੱਸੇ ਨਾਲ ਰੋੜ੍ਹ ਦਿੱਤਾ ਸੀ। ਗੁਰੂ ਜੀ ਨੇ ਆਪਣੇ ਹੱਥ (ਪੰਜੇ) ਨਾਲ ਰੋਕ ਦਿੱਤਾ ਸੀ। ਉਸ ਪੱਥਰ ਤੇ ਪੰਜੇ ਦਾ ਨਿਸ਼ਾਨ ਹਾਲੀ ਵੀ ਦੇਖਿਆ ਜਾ ਸਕਦਾ ਹੈ। ਉਸ ਸਥਾਨ ਤੇ ਇਕ ਸੁੰਦਰ ਗੁਰਦੁਆਰਾ ਬਣਾਇਆ ਗਿਆ ਹੈ।

ਹੁਣ ਗੁਰੂ ਜੀ ਨੇ ਆਪਣੇ ਪਰਿਵਾਰ ਤੇ ਸੰਬੰਧੀਆਂ ਨੂੰ ਮਿਲਣ ਦਾ ਫੈਸਲਾ ਕੀਤਾ ਤੇ ਵਾਪਸ ਤਲਵੰਡੀ (ਹੁਣ ਨਨਕਾਣਾ ਸਾਹਿਬ) ਵਲ ਮੋੜਾ ਪਾਇਆ। ਛੇਤੀ ਹੀ ਉਹ ਸਿੱਧਾਂ-ਨਾਥਾਂ ਦੇ ਮੁੱਖ ਕੇਂਦਰ ਟਿੱਲਾ ਬਾਲ ਗੁਦਾਈ ਪਹੁੰਚੇ। ਇਥੇ ਫੇਰ ਸੰਨਿਆਸੀਆਂ ਨਾਲ ਉਹਨਾਂ ਦੀ ਲੰਬੀ ਗੱਲਬਾਤ (ਗੋਸ਼ਟੀ) ਹੋਈ। ਆਪਣੀ ਯਾਤਰਾ ਜਾਰੀ ਰੱਖਦੇ ਹੋਏ ਉਹਨਾਂ ਦੇ ਦਰਿਆ ਜਿਹਲਮ ਅਤੇ ਚਿਨਾਬ ਨੂੰ ਪਾਰ ਕੀਤਾ ਅਤੇ ਸਿਆਲਕੋਟ ਪਹੁੰਚੇ। ਇਥੇ ਆਪ ਕੁਝ ਦੇਰ ਠਹਿਰੇ। ਇਥੋਂ ਸਿੱਧਾ ਆਪਣੇ ਜਨਮ ਸਥਾਨ ਤਲਵੰਡੀ ਦਾ ਰਸਤਾ ਫੜਿਆ। ਰਸਤੇ ਵਿਚ ਆਪ ਪਸਰੂਰ ਅਤੇ ਸੈਦਪੁਰ (ਅੱਜ-ਕਲ੍ਹ ਐਮਨਾਬਾਦ) ਵੀ ਗਏ।

## ਤੀਸਰੀ ਉਦਾਸੀ

ਕੁਝ ਦੇਰ ਤਲਵੰਡੀ ਅਤੇ ਸੁਲਤਾਨਪੁਰ ਠਹਿਰਨ ਤੋਂ ਬਾਅਦ ਗੁਰੂ ਜੀ ਨੇ ਪੱਛਮੀ ਏਸ਼ੀਆ ਦੇ ਇਸਲਾਮੀ ਦੇਸ਼ਾਂ ਦਾ ਰਟਨ ਕਰਨ ਦਾ ਫੈਸਲਾ ਕੀਤਾ। ਉਹਨਾਂ ਨੇ ਆਪਣੇ ਰਬਾਬੀ ਸਾਥੀ ਮਰਦਾਨਾ ਨੂੰ ਨਾਲ ਲਿਆ ਅਤੇ ਦੁਬਾਰਾ ਆਪਣੀ ਯਾਤਰਾ ਸ਼ੁਰੂ ਕਰ ਦਿੱਤੀ। ਪਾਕਪਟਨ ਵਿਖੇ ਸ਼ੇਖ ਇਬਰਾਹਿਮ ਫਰੀਦ ਦੂਜੇ ਨੂੰ ਦੁਬਾਰਾ ਮਿਲੇ। ਰਸਤੇ ਵਿਚ ਤੁਲੰਬਾ ਵਿਖੇ ਸੱਜਣ ਠੱਗ ਨੂੰ ਸਿੱਧੇ ਰਸਤੇ ਪਾਇਆ ਅਤੇ

ਆਪਣੇ ਮਿਸ਼ਨ ਵਿਚ ਸ਼ਾਮਲ ਕੀਤਾ। ਮੁਲਤਾਨ ਵਿਖੇ ਗੁਰੂ ਜੀ ਸੁਹਰਾਵਾਦੀ ਸਿਲਸਿਲੇ ਦੇ ਸੂਫੀ ਸੰਤ ਸ਼ੇਖ-ਬਹਾ-ਉ-ਦੀਨ ਨੂੰ ਮਿਲੇ ਅਤੇ ਵਿਚਾਰ ਵਟਾਂਦਰਾ ਕੀਤਾ। ਇਕ ਹੋਰ ਸੂਫੀ ਕੇਂਦਰ 'ਉੱਚ' ਵਿਖੇ ਗੁਰੂ ਜੀ ਦੀ ਸ਼ੇਖ ਜਲਾਲੂ-ਦੀਨ ਬੁਖਾਰੀ ਦੇ ਉੱਤਰਾਧਿਕਾਰੀ ਸ਼ੇਖ ਹਾਜੀ ਅਬਦੁਲ ਬੁਖਾਰੀ ਨਾਲ ਗੱਲਬਾਤ (ਗੋਸ਼ਟੀ) ਹੋਈ।

ਉੱਚ ਤੋਂ ਆਪਣੀ ਯਾਤਰਾ ਜਾਰੀ ਰੱਖਦੇ ਹੋਏ ਗੁਰੂ ਜੀ ਸ਼ੱਕਰ ਪਹੁੰਚੇ। ਜਿਥੇ ਗੁਰੂ ਜੀ ਦੀ ਫੇਰੀ ਦੀ ਯਾਦਗਾਰ ਹਾਲੇ ਤੀਕ ਮੌਜੂਦ ਹੈ। ਉਥੋਂ ਉਹ ਲਖਪਤ ਪਹੁੰਚੇ। ਸੰਭਵ ਹੈ ਕਿ ਉਨ੍ਹਾਂ ਨੇ ਕੋਰੀ ਨਦੀ ਰਾਹੀਂ ਕਿਸ਼ਤੀ ਵਿਚ ਯਾਤਰਾ ਕੀਤੀ। ਕੋਰੀ ਨਦੀ ਅੱਜ ਕਲ੍ਹ ਹੋਂਦ ਵਿਚ ਨਹੀਂ ਹੈ। ਇਸ ਸਥਾਨ ਨੂੰ ਸੋਲ੍ਹਵੀਂ ਸਦੀ ਵਿਚ ਵਸਤ-ਬੰਦੂ ਕਿਹਾ ਜਾਂਦਾ ਸੀ। ਉੱਥੇ ਇਕ ਯਾਦਗਾਰੀ ਗੁਰਦੁਆਰਾ ਹੈ ਜਿਸ ਨਾਲ ਪਿਛੋਂ ਜਿਹੇ ਤੱਕ ਕੱਛ ਰਿਆਸਤ ਵਲੋਂ ਜਗੀਰ ਲੱਗੀ ਹੋਈ ਸੀ। ਲਖਪਤ ਤੋਂ ਅੱਗੇ ਕੋਟੇਸ਼ਵਰ ਅਤੇ ਨਾਰਾਇਣ ਸਵਾਮੀ ਦੇ ਮੰਦਰਾਂ ਦੀ ਯਾਤਰਾ ਕੀਤੀ। ਫਿਰ ਉਹ ਪੱਛਮ ਵੱਲ ਮੁੜੇ ਅਤੇ ਕਰਾਚੀ ਦੇ ਪੱਛਮ ਵਿਚ 50 ਮੀਲ ਦੀ ਦੂਰੀ ਤੇ ਸੋਨ ਮਿਆਨੀ ਦੇ ਸਥਾਨ ਤੇ ਪਹੁੰਚੇ। ਇਸ ਸਥਾਨ ਤੋਂ ਕੁਝ ਕੁ ਮੀਲ ਉੱਤਰ ਵਿਚ ਕਾਲੀ ਦੇਵੀ ਦਾ ਇਕ ਮੰਦਰ ਹਿੰਗਲਾਜ ਹੈ। ਹਿੰਗਲਾਜ ਦੇ ਨਜ਼ਦੀਕ ਹੀ ਗੁਰੂ ਜੀ ਦੀ ਯਾਦ ਵਿਚ ਧਰਮਸ਼ਾਲਾ ਬਣੀ ਹੋਈ ਹੈ।

ਭਾਈ ਗੁਰਦਾਸ ਤੇ ਸਭ ਜਨਮ ਸਾਖੀਆਂ ਇਸ ਗੱਲ ਤੇ ਸਹਿਮਤ ਹਨ ਕਿ ਆਪਣੀ ਪੱਛਮੀ ਯਾਤਰਾ ਵਿਚ ਗੁਰੂ ਜੀ ਮੱਕੇ ਗਏ। ਭਾਈ ਗੁਰਦਾਸ ਅਨੁਸਾਰ ਗੁਰੂ ਜੀ ਬਗਦਾਦ ਤੋਂ ਪਹਿਲਾਂ ਮੱਕੇ ਗਏ। ਮੇਹਰਬਾਨ ਵੀ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ। ਪੁਰਾਤਨ ਜਨਮਸਾਖੀ ਇਸ ਗੱਲ ਤੇ ਕੋਈ ਬਹੁਤ ਰੋਸ਼ਨੀ ਨਹੀਂ ਪਾਉਂਦੀ। ਪ੍ਰਾਪਤ ਗਵਾਹੀਆਂ ਦੇ ਆਧਾਰ ਤੇ ਅਸੀਂ ਇਹ ਨਤੀਜਾ ਕੱਢਦੇ ਹਾਂ ਕਿ ਗੁਰੂ ਜੀ ਸਮੁੰਦਰ ਰਾਹੀਂ ਮੱਕੇ ਗਏ ਖੁਸ਼ਕੀ ਦੇ ਰਾਹ ਵਾਪਸ ਆਏ। ਮੇਹਰਬਾਨ ਗੁਰੂ ਜੀ ਦੀ ਹਿੰਗਲਾਜ ਫੇਰੀ ਦਾ ਜ਼ਿਕਰ (ਮੱਕੇ ਜਾਂਦੇ ਹੋਏ) ਸਾਡੀ ਦਲੀਲ ਦੀ ਪ੍ਰੋੜ੍ਹਤਾ ਕਰਦਾ ਹੈ।

ਹਿੰਗਲਾਜ ਦੀ ਯਾਤਰਾ ਤੋਂ ਬਾਅਦ ਗੁਰੂ ਜੀ ਵਾਪਸ ਸੋਨ ਮਿਆਨੀ ਦੀ ਬੰਦਰਗਾਹ ਤੇ ਅਰਬ ਲਈ ਜਹਾਜ਼ ਤੇ ਚੜ੍ਹਨ ਲਈ ਪਹੁੰਚੇ। ਲਗਦਾ ਹੈ ਕਿ ਗੁਰੂ ਜੀ ਜਹਾਜ਼ ਵਿਚ ਇਕੱਲੇ ਨਹੀਂ ਸਨ ਸਗੋਂ ਮੁਸਲਮਾਨ ਹਾਜੀਆਂ ਦੀ ਟੋਲੀ ਵੀ ਉਹਨਾਂ ਦੇ ਨਾਲ ਯਾਤਰਾ ਕਰ ਰਹੀ ਹੋਵੇਗੀ। ਸਮੁੰਦਰੀ ਜਹਾਜ਼ ਅਲ-ਅਸਵਾਦ ਵੀ ਮਸ਼ਹੂਰ ਬੰਦਰਗਾਹ ਤੇ ਰੁਕਿਆ ਜੋ ਕਿ ਪੂਰਬ ਵਲੋਂ ਮੱਕਾ ਜਾਂਦੇ ਯਾਤਰੀਆਂ ਲਈ ਇਕ ਪ੍ਰਸਿੱਧ ਬੰਦਰਗਾਹ ਹੈ। ਮੱਕਾ ਇਥੋਂ ਬਹੁਤੀ ਦੂਰ ਨਹੀਂ ਹੈ।

ਭਾਈ ਗੁਰਦਾਸ ਅਤੇ ਜਨਮ ਸਾਖੀਆਂ ਨੇ ਗੁਰੂ ਜੀ ਦੇ ਮੱਕੇ ਵਿਚ ਠਹਿਰਣ ਦਾ ਜ਼ਿਕਰ ਬਹੁਤ ਸ਼ਾਨਦਾਰ ਢੰਗ ਨਾਲ ਕੀਤਾ ਹੈ। ਖਾਸ ਕਰ ਜੋ ਪ੍ਰਭਾਵ ਉਹਨਾਂ ਨੇ ਮੱਕੇ ਵਿਚ ਮੌਜੂਦ ਲੋਕਾਂ ਤੇ ਛੱਡਿਆ ਵਰਣਨਯੋਗ ਹੈ। 'ਮੱਕਾ ਦੀ ਗੋਸ਼ਟ' ਨਾਂ ਦੀ ਹੱਥ ਲਿਖਤ ਵਿਚ ਗੁਰੂ ਜੀ ਦੇ ਮੱਕੇ ਦੇ ਲੋਕਾਂ ਨਾਲ ਗਲਬਾਤ ਦਾ ਵਿਸਤ੍ਰਿਤ ਬਿਰਤਾਂਤ ਮਿਲਦਾ ਹੈ।

ਡਾਕਟਰ ਡਬਲਿਯੂ. ਐਚ. ਮੈਕਲਊਡ ਨੇ ਗੁਰੂ ਜੀ ਦੇ ਮੱਕੇ ਜਾਣ ਤੇ ਕਿੰਤੂ ਕੀਤਾ ਹੈ ਕਿ ਗੈਰ ਮੁਸਲਿਮ ਨੂੰ ਮੱਕਾ ਸ਼ਹਿਰ ਦੀ ਹੱਦ ਵਿਚ ਨਹੀਂ ਜਾਣ ਦਿੱਤਾ

ਜਾਂਦਾ ਸੀ। ਉਹਨਾਂ ਦੇ ਕਿੰਤੂ ਦਾ ਜਵਾਬ ਦੋ ਆਧਾਰਾਂ ਤੇ ਦਿੱਤਾ ਜਾ ਸਕਦਾ ਹੈ :

1. ਉਹ ਮੁਸਲਿਮ ਹਾਜੀ ਦੇ ਭੇਸ ਵਿਚ ਮੁਸਲਮਾਨ ਹਾਜੀਆਂ ਦੇ ਇਕ ਟੋਲੇ ਨਾਲ ਯਾਤਰਾ ਕਰ ਰਹੇ ਸਨ।
2. 16ਵੀਂ ਸਦੀ ਵਿਚ ਮੱਕੇ ਜਾਣ ਤੇ ਬਹੁਤੀਆਂ ਪਾਬੰਦੀਆਂ ਨਹੀਂ ਸਨ। ਇਹ ਸੰਭਵ ਹੈ ਕਿ ਗੈਰ ਮੁਸਲਿਮ ਵੀ ਮੱਕਾ ਵੀ ਜਾ ਸਕਦੇ ਹੋਣ।

ਪ੍ਰਾਪਤ ਸਭ ਗਵਾਹੀਆਂ ਦੇ ਆਧਾਰ ਤੇ ਇਹ ਗੱਲ ਯਕੀਨੀ ਹੈ ਕਿ ਵਾਪਸੀ ਤੇ ਗੁਰੂ ਜੀ ਨੇ ਖੁਸ਼ਕੀ ਵਾਲਾ ਰਸਤਾ ਅਪਣਾਇਆ। ਇਹ ਗੱਲ ਉਂਞ ਵੀ ਗੁਰੂ ਜੀ ਦੀਆਂ ਯਾਤਰਾਵਾਂ ਦੇ ਉਦੇਸ਼ ਨਾਲ ਮੇਲ ਖਾਂਦੀ ਹੈ। ਗੁਰੂ ਦੀ ਦਾ ਉਦੇਸ਼ ਪਵਿੱਤਰ ਮੱਕਾ ਦੀ ਯਾਤਰਾ ਕਰਨਾ ਨਹੀਂ ਸੀ, ਸਗੋਂ ਉਹ ਤਾਂ ਪੱਛਮੀ ਏਸ਼ੀਆ ਦੇ ਮੁਸਲਮਾਨ ਦੇਸ਼ਾਂ ਦੀ ਯਾਤਰਾ ਕਰਨਾ ਚਾਹੁੰਦੇ ਸਨ।

ਮੱਕੇ ਤੋਂ ਗੁਰੂ ਜੀ ਮਦੀਨੇ ਗਏ। ਮਦੀਨੇ ਵਿਖੇ ਹੀ ਹਜ਼ਰਤ ਮੁਹੰਮਦ ਨੇ ਆਪਣੀ ਨੇਕ ਜ਼ਿੰਦਗੀ ਦੇ ਕਈ ਵਰ੍ਹੇ ਬਿਤਾਏ ਅਤੇ ਉਥੇ ਹੀ ਉਹਨਾਂ ਦੀ ਮੌਤ ਹੋ ਗਈ। ਗੁਰੂ ਜੀ ਦੀ ਮਦੀਨਾ ਫੇਰੀ ਦਾ ਜ਼ਿਕਰ ਭਾਈ ਗੁਰਦਾਸ, ਮਨੀ ਸਿੰਘ ਅਤੇ ਮੇਹਰਬਾਨ ਜਨਮ ਸਾਖੀ ਵਿਚ ਮਿਲਦਾ ਹੈ।

ਮਦੀਨੇ ਤੋਂ ਇਕ ਰਸਤਾ ਉੱਤਰ ਵੱਲ ਫਲਸਤੀਨ, ਸੀਰੀਆ ਤੇ ਤੁਰਕੀ ਵਿਚੋਂ ਲੰਘਦਾ ਹੈ। ਇਹ ਰੂਮ ਸਾਗਰ ਦੇ ਪੂਰਬੀ ਕੰਢੇ ਦੀਆਂ ਬੰਦਰਗਾਹਾਂ ਅਤੇ ਕੁਸਤਨਤੁਨੀਆਂ ਤੇ ਡਾਰਡਨਿਲਿਸ (Strait of Dardenelies) ਨੂੰ ਜੋੜਦਾ ਹੈ। ਮੇਹਰਬਾਨ ਤੇ ਮਨੀ ਸਿੰਘ ਦੋਵਾਂ ਦੀਆਂ ਲਿਖਤਾਂ ਵਿਚ ਮੰਨਿਆ ਗਿਆ ਹੈ ਕਿ ਗੁਰੂ ਜੀ ਸ਼ਾਮ (ਸੀਰੀਆ) ਤੇ ਰੂਮ (ਤੁਰਕੀ) ਗਏ। ਇਸ ਸੰਭਾਵਨਾ ਨੂੰ ਮੁੱਢੋਂ ਰੱਦ ਨਹੀਂ ਕੀਤਾ ਜਾ ਸਕਦਾ ਕਿਉਂਕਿ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਗੁਰੂ ਜੀ ਦੀਆਂ ਕਾਫੀ ਦੂਰ ਦੀਆਂ ਯਾਤਰਾਵਾਂ ਬਾਰੇ ਬੜੇ ਖੁਲ੍ਹੇ ਇਸ਼ਾਰੇ ਮੌਜੂਦ ਹਨ। ਜੇ ਇਹ ਗੱਲ ਸੱਚ ਮੰਨ ਲਈ ਜਾਂਦੀ ਹੈ ਤਾਂ ਗੁਰੂ ਜੀ ਸੀਰੀਆ ਦੀ ਰਾਜਧਾਨੀ ਦਮਿਸ਼ਕ ਵਿਚੋਂ ਵੀ ਲੰਘੇ ਹੋਣਗੇ।

ਉਪਰੋਕਤ ਸਾਰੀਆਂ ਦਲੀਲਾਂ ਗੁਰੂ ਜੀ ਦੇ ਇਸ ਛੋਟੇ ਰਸਤੇ ਨੂੰ ਅਪਣਾਉਣ ਬਾਰੇ ਵੀ ਦਿੱਤੀਆਂ ਜਾ ਸਕਦੀਆਂ ਹਨ।

(1) ਮਦੀਨੇ ਤੋਂ ਬਗਦਾਦ ਵਾਲਾ ਛੋਟਾ ਰਸਤਾ (ਜੋ ਅਰਬ ਦੇ ਮਾਰੂਥਲ ਵਿਚੋਂ ਲੰਘਦਾ ਹੈ) ਆਮ ਤੌਰ ਤੇ ਭਾਰਤ ਨੂੰ ਮੁੜਦੀ ਯਾਤਰਾ ਦੁਆਰਾ ਅਪਣਾਇਆ ਜਾਂਦਾ ਹੈ।

(2) ਇਹ ਮੱਕੇ ਤੇ ਮਦੀਨੇ ਖੁਸ਼ਕੀ ਰਾਹੀਂ ਮੁੜਨ ਦਾ ਯਾਤਰੀਆਂ ਦਾ ਜਾਣਿਆ ਪਛਾਣਿਆ ਤੇ ਗਾਹਿਆਂ ਹੋਇਆ ਰਾਹ ਸੀ। ਇਹ ਰਸਤਾ ਸਭ ਤੋਂ ਪਹਿਲਾ ਖਲੀਫਾ ਹਾਰੁਨ ਰਸੀਦ ਦੀ ਬੇਗਮ ਜ਼ਬੈਦਾ ਬੇਗਮ ਨੇ ਬਣਾਇਆ ਸੀ। ਇਹ ਰਸਤਾ ਫੈਦ ਵਿਚੋਂ ਲੰਘਦਾ ਹੈ।

ਬਗਦਾਦ ਉਸ ਵੇਲੇ ਵਪਾਰ, ਸਰਕਾਰ ਅਤੇ ਧਰਮ ਦਾ ਬਹੁਤ ਵੱਡਾ ਕੇਂਦਰ ਸੀ। ਗੁਰੂ ਜੀ ਦੀ ਇਸ ਬਗਦਾਦ ਦੀ ਯਾਤਰਾ ਦਾ ਹਵਾਲਾ, ਭਾਈ ਗੁਰਦਾਸ, ਮਨੀ

ਸਿੰਘ ਦੀ ਜਨਮ ਸਾਖੀ ਵਿਚ ਬਿਲਕੁਲ ਸਾਫ ਸਾਫ ਮਿਲਦਾ ਹੈ। ਪੁਰਾਤਨ ਤੇ ਬਾਲੇ ਵਾਲੀ ਜਨਮ ਸਾਖੀ ਵਿਚ ਇਸ ਯਾਤਰਾ ਦਾ ਕੋਈ ਜ਼ਿਕਰ ਨਹੀਂ ਹੈ। ਪਰ ਇਤਿਹਾਸਕ ਤੌਰ ਤੇ ਵੀ ਇਹ ਤੱਥ ਹੁਣ ਮੰਨ ਲਿਆ ਗਿਆ ਹੈ ਕਿ ਗੁਰੂ ਜੀ ਬਗਦਾਦ ਗਏ ਸਨ ਕਿਉਂਕਿ ਤੁਰਕੀ ਸਿਲਾਲੇਖ ਤੇ ਇਸ ਬਾਰੇ ਜਾਣਕਾਰੀ ਮਿਲਦੀ ਹੈ। ਇਹ ਖੋਜ ਪਹਿਲੀ ਸੰਸਾਰ ਯੁੱਧ ਵੇਲੇ ਐਸ. ਡੀ. ਓ. ਕਰਤਾਰ ਸਿੰਘ ਨੇ ਕੀਤੀ। ਇਹ ਲਿਖਤ ਸ਼ਹਿਰ ਦੇ ਬਾਹਰੋਂ ਉਸ ਸਥਾਨ ਤੋਂ ਲੱਭੀ ਜਿਸ ਦਾ ਜ਼ਿਕਰ ਭਾਈ ਗੁਰਦਾਸ ਨੇ ਵੀ ਕੀਤਾ। ਇਸ ਲਿਖਤ ਦਾ ਪੰਜਾਬੀ ਤਰਜਮਾ ਹੇਠ ਲਿਖੇ ਅਨੁਸਾਰ ਹੈ :

ਦੇਖੋ ਕਿਵੇਂ ਸਰਬ ਸਮਰੱਥ ਖੁਦਾ ਨੇ ਮਦਦ ਕੀਤੀ ਹੈ ਕਿ ਬਾਬੇ ਨਾਨਕ ਦਾ ਨਵਾਂ ਸਥਾਨ ਬਣਾਇਆ ਜਾਵੇ ਸੱਤ ਪੀਰਾਂ ਨੇ ਮਦਦ ਕੀਤੀ। ਕਿਸਮਤ ਵਾਲੇ ਨੇ ਇਸ ਬੰਦੇ (ਨਾਨਕ) ਨੇ ਧਰਤੀ ਵਿਚੋਂ ਪਾਣੀ ਦਾ ਨਵਾਂ ਚਸ਼ਮਾਂ ਕੱਢ ਦਿੱਤਾ ਹੈ।"

ਸਵਾਮੀ ਅਨੰਦਾ ਚਾਰੀਆਂ ਨੇ ਆਪਣੀ ਮਸ਼ਹੂਰ ਕਿਤਾਬ ਸਨੋ-ਬਰਡਜ (ਬਰਫਾਨੀ ਪੰਛੀ) ਵਿਚ ਇਕ ਲੰਬੀ ਕਵਿਤਾ ਦਿੱਤੀ ਗਈ ਹੈ ਜੋ ਕਿ ਗੁਰੂ ਨਾਨਕ ਦੀ ਬਗਦਾਦ ਫੇਰੀ ਤੇ ਆਧਾਰਿਤ ਹੈ ਤੇ ਇਸ ਵਿਚ ਆਧਾਰ ਕਿਸੇ ਹੱਥ ਲਿਖਤ ਖਰੜੇ ਨੂੰ ਬਣਾਇਆ ਗਿਆ ਹੈ ਪਰੰਤੂ ਇਹ ਲਿਖਤ ਅੱਜ ਕੱਲ੍ਹ ਮਿਲਦੀ ਨਹੀਂ ਹੈ। ਉਸ ਲਿਖਤ ਦਾ ਅਨੁਵਾਦ ਹੇਠ ਲਿਖੇ ਅਨੁਸਾਰ ਹੈ :

'ਇਥੇ ਹਿੰਦੂ ਗੁਰੂ ਨਾਨਕ ਨੇ ਫਕੀਰ ਬਹਿਲੋਲ ਨਾਲ ਗੱਲਬਾਤ ਕੀਤੀ ਅਤੇ ਗੁਰੂ ਜੀ ਦੇ ਇਰਾਨ ਤੋਂ ਜਾਣ ਦੇ ਸੱਠ ਸਾਲ ਬਾਅਦ ਵੀ ਫਕੀਰ ਬਹਿਲੋਲ ਦੀ ਆਤਮਾ ਆਪਣੇ ਮਾਲਿਕ ਦੀ ਰਜ਼ਾ ਵਿਚ, ਊਸ਼ਾ ਦੀ ਲਾਲੀ ਨਾਲ ਰਸੇ ਹੋਏ ਗੁਲਾਬ ਉਤੇ ਬੈਠੀ ਮਧੁ ਮੱਖੀ ਵਾਂਗ, ਆਰਾਮ ਕਰ ਰਹੀ ਹੈ।"

ਬਗਦਾਦ ਤੋਂ ਭਾਰਤ ਪਰਤਣ ਲਈ ਗੁਰੂ ਜੀ ਦੇ ਸਾਹਮਣੇ ਮੁੱਖ ਤੌਰ ਤੇ ਤਿੰਨ ਰਸਤੇ ਸਨ : (1) ਬਗਦਾਦ ਤੋਂ ਪਰਸੀਅਨ ਖਾੜੀ (Persian Gulf) ਤੱਕ ਦਰਿਆ ਤੇ ਖਾੜੀ ਤੋਂ ਅੱਗੇ ਸਮੁੰਦਰ ਰਾਹੀਂ (2) ਕਾਬਲ ਤੋਂ ਕੰਧਾਰ ਵੱਲ ਆਉਣ ਵਾਲਾ ਰਸਤਾ (3) ਤੇ ਤਹਿਰਾਨ, ਹੈਰਾਤ, ਬਲਖ ਤੇ ਕਾਬਲ ਵਲੋਂ ਲੰਘਦਾ ਰਸਤਾ। ਪਹਿਲੇ ਰਸਤੇ ਤੋਂ ਆਉਣ ਦੀ ਸੰਭਾਵਨਾ ਮੁੱਖ ਤੌਰ ਤੇ ਰੱਦ ਕੀਤੀ ਜਾ ਸਕਦੀ ਹੈ ਕਿ ਇਸ ਰਸਤੇ ਅਫਗਾਨਿਸਤਾਨ ਨਹੀਂ ਆਉਂਦਾ ਜਦੋਂ ਕਿ ਗੁਰੂ ਦਾ ਆਪਣੀ ਪੱਛਮੀ ਯਾਤਰਾ ਅਫਗਾਨਿਸਤਾਨ ਜਾਣਾ ਲਗਭਗ ਨਿਸ਼ਚਿਤ ਹੈ। ਪਰ ਦੂਜੀ ਸੰਭਾਵਨਾ ਨੂੰ ਦੋ ਕਾਰਣਾਂ ਕਰਕੇ ਰੱਦ ਨਹੀਂ ਕੀਤਾ ਜਾ ਸਕਦਾ : (1) ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਗੁਰੂ ਜੀ ਦੇ ਕੰਧਾਰ ਜਾਣ ਦਾ ਜ਼ਿਕਰ ਹੈ। (2) ਕੰਧਾਰ ਬਗਦਾਦ ਤੇ ਕਾਬਲ ਦੇ ਰਸਤੇ ਵਿਚ ਪੈਂਦਾ ਹੈ। ਪਰ ਤੀਸਰੀ ਸੰਭਾਵਨਾ ਵਿਚ ਵੀ ਕਾਫੀ ਬਲ ਹੈ ਕਿਉਂਕਿ ਇਹ ਰਸਤਾ ਸਭ ਤੋਂ ਛੋਟਾ ਅਤੇ ਸਿੱਧਾ ਹੈ। ਇਨ੍ਹਾਂ ਤਿੰਨਾਂ ਰਸਤਿਆਂ ਵਿਚ ਦੂਜੇ ਰਸਤੇ ਵਾਲੀ ਸੰਭਾਵਨਾ ਵਧੇਰੇ ਸ਼ਕਤੀਸਾਲੀ ਹੈ ਕਿਉਂਕਿ ਤੀਜੇ ਰਸਤੇ ਵਿਚ ਕੰਧਾਰ ਬਿਲਕੁਲ ਰਹਿ ਜਾਂਦਾ ਹੈ ਅਤੇ ਇਹ ਭਾਈ ਬਾਲੇ ਵਾਲੀ ਜਨਮ ਸਾਖੀ ਦੀ ਗਵਾਹੀ ਦੇ ਵਿਰੁੱਧ ਹੈ।

ਹਾਲੇ ਵੀ ਇਕ ਹੋਰ ਵਿਚਾਰ ਪੇਸ਼ ਕੀਤਾ ਜਾਂਦਾ ਹੈ ਕਿ ਗੁਰੂ ਜੀ ਵਾਪਸੀ ਯਾਤਰਾ ਸਮੇਂ ਅੱਜ-ਕੱਲ੍ਹ ਕਹੇ ਜਾਂਦੇ ਮੱਧ ਏਸ਼ੀਆ ਦੇ ਸੋਵੀਅਤ ਗਣ ਰਾਜਾਂ ਵਿਚੋਂ

ਲੰਘੇ। ਉਪਰੋਕਤ ਵਿਚਾਰ ਦੇ ਹੱਕ ਵਿਚ ਹੇਠ ਲਿਖੀਆਂ ਦਲੀਲਾਂ ਪੇਸ਼ ਕੀਤੀਆਂ ਜਾਂਦੀਆਂ ਹਨ : (1) ਕਵੀਰਾਜ ਪੰਡਤ ਅਰਜਨ ਮੁਨੀ ਨੇ ਆਪਣੀ ਕਿਤਾਬ ਗੁਰਦੁਆਰਾ ਦਰਪਨ, ਵਿਚ ਮੱਧ ਏਸ਼ੀਆ ਦੇ ਬਹੁਤ ਸਾਰੇ ਥਾਵਾਂ ਦਾ ਸੰਬੰਧ ਗੁਰੂ ਜੀ ਦੇ ਨਾਂ ਨਾਲ ਜੋੜਿਆ ਹੈ। ਉਸ ਨੇ ਇਹ ਸਮੱਗਰੀ (ਸੂਚਨਾ) ਬਰੇਲੀ ਦੇ ਇਕ ਸੰਤ ਆਤਮਾ ਰਾਮ ਪਾਸੋਂ ਪ੍ਰਾਪਤ ਕੀਤੀ ਹੈ ਜਿਸ ਨੇ ਇਨ੍ਹਾਂ ਥਾਵਾਂ ਦੀ ਯਾਤਰਾ ਕੀਤੀ ਹੈ। (2) ਇਨ੍ਹਾਂ ਵਿਚੋਂ ਕੁੱਝ ਥਾਵਾਂ ਤੇ ਸਿੱਖ-ਧਰਮਸ਼ਾਲਾਵਾਂ ਹਨ ਜਿਨ੍ਹਾਂ ਵਿਚ ਉਦਾਸੀ, ਸੁਥਰੇ ਜਾਂ ਸਿੱਖ ਪੁਜਾਰੀ ਹਨ। (3) ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖਾਲਸਾ ਵਿਚ ਇਨ੍ਹਾਂ ਵਿਚੋਂ ਕੁਝ ਥਾਵਾਂ ਦਾ ਵਰਣਨ ਕੀਤਾ ਹੈ। ਪਰ ਉਪਰੋਕਤ ਵਿਚਾਰ ਮੰਨਣਯੋਗ ਨਹੀਂ ਜਾਪਦਾ। ਇਸ ਸੰਬੰਧ ਵਿਚ ਜਿਨ੍ਹਾਂ ਧਰਮਸ਼ਾਲਾਵਾਂ ਦਾ ਵਰਣਨ ਮਿਲਦਾ ਹੈ ਇਹ ਉਸ ਖੇਤਰ ਵਿਚ ਵਪਾਰ ਕਰਨ ਵਾਲੇ ਗੁਰੂ ਨਾਨਕ ਦੇ ਸ਼ਰਧਾਲੂ ਸਿੰਧੀ ਤੇ ਮੁਲਤਾਨੀ ਵਪਾਰੀਆਂ ਦੀਆਂ ਬਣਾਈਆਂ ਹੋਈਆਂ ਹਨ।

ਬਗਦਾਦ ਤੋਂ ਆਪਣੀ ਯਾਤਰਾ ਸ਼ੁਰੂ ਕਰਕੇ ਗੁਰੂ ਨਾਨਕ ਈਰਾਨ ਦੀ ਅਜੋਕੀ ਰਾਜਧਾਨੀ ਤਹਿਰਾਨ ਪਹੁੰਚੇ। ਤਹਿਰਾਨ ਤੋਂ ਉਨ੍ਹਾਂ ਨੇ ਕਾਬਲ ਤੇ ਕੰਧਾਰ ਵਾਲਾ ਰਸਤਾ ਫੜਿਆ। ਰਸਤੇ ਵਿਚ ਉਹ ਮਸ਼ਹਦ ਵਿਚੋਂ ਲੰਘੇ। ਭਾਈ ਮਨੀ ਸਿੰਘ ਦੀ ਜਨਮ ਸਾਖੀ ਵਿਚ ਗੁਰੂ ਜੀ ਦੀ ਇਸ ਸਥਾਨ ਦੀ ਯਾਤਰਾ ਦਾ ਵਰਣਨ ਮਿਲਦਾ ਹੈ। ਮਸ਼ਹਦ ਦਾ ਅੱਖਰੀ ਅਰਥ ਸ਼ਹੀਦੀ ਦੀ ਥਾਂ ਹੈ। ਇਸ ਸਥਾਨ ਨੂੰ ਇਹ ਨਾਂ ਨੌਵੀਂ ਸਦੀ ਵਿਚ ਖਲੀਫਾ ਹਾਰੁਣ-ਰਸੀਦ ਦੇ ਆਪਣੇ ਪੁੱਤਰ ਤੇ ਉੱਤਰਾਧਿਕਾਰੀ ਅਤੇ ਜਵਾਈ ਨਾਲ ਇਸ ਥਾਂ ਤੇ ਸ਼ਹੀਦ ਹੋਣ ਕਰਕੇ ਮਿਲਿਆ। ਮਸ਼ਹਦ ਤੋਂ ਗੁਰੂ ਜੀ ਫਰਾਹ ਦੇ ਰਸਤੇ ਵੱਲ ਅੱਗੇ ਕੰਧਾਰ ਤੇ ਕਾਫਲਿਆਂ ਵਾਲੇ ਰਸਤੇ ਕਾਬਲ ਦੀ ਯਾਤਰਾ ਕੀਤੀ।

ਅਫਗਾਨਿਸਤਾਨ ਦੀ ਮੌਜੂਦਾ ਰਾਜਧਾਨੀ ਕਾਬਲ, ਉਸ ਸਮੇਂ ਬਾਬਰ ਅਧੀਨ ਸੀ। ਪੁਰਾਣੇ ਸ਼ਹਿਰ ਦੇ ਪਾਨ-ਚੌਕ-ਜੁਬਾ (ਹੁਣ ਜੁਬਾ-ਏ-ਮੁਹੰਮਦ) ਵਿਚ ਗੁਰੂ ਜੀ ਦੀ ਯਾਦ ਵਿਚ ਇਤਿਹਾਸਕ ਗੁਰਦੁਆਰਾ ਮੌਜੂਦ ਸੀ। ਪਰ ਇਸ ਸਦੀ ਦੇ ਚੌਥੇ ਦਹਾਕੇ ਵਿਚ ਕਾਬਲ ਸਰਕਾਰ ਨੇ ਉਸ ਇਲਾਕੇ ਦੀਆਂ ਇਮਾਰਤਾਂ ਖਰੀਦ ਲਈਆਂ ਤਾਂ ਇਸ ਗੁਰਦੁਆਰੇ ਨੂੰ ਢਾਹ ਦਿੱਤਾ ਗਿਆ। ਅਜਿਹਾ ਸ਼ਹਿਰ ਦੇ ਵਾਧੇ ਅਤੇ ਨਵ-ਉਸਾਰੀ ਲਈ ਕੀਤਾ ਗਿਆ।

ਕਾਬਲ ਤੋਂ ਭਾਰਤ ਤੱਕ ਦੋ ਰਾਹ ਹਨ। ਇਕ ਜਲਾਲਾਬਾਦ ਤੇ ਦੱਰਾ ਖੈਬਰ ਵਿਚੋਂ ਲੰਘਦਾ ਹੈ ਅਤੇ ਦੂਜਾ ਖੁਰੱਮ ਵਾਦੀ ਵਿਚੋਂ। ਗੁਰੂ ਜੀ ਕਿਸ ਰਸਤੇ ਤੋਂ ਆਏ ? ਕਹਿਣਾ ਮੁਸ਼ਕਿਲ ਹੈ ਕਿਉਂਕਿ ਮੌਜੂਦਾ ਗਵਾਹੀਆਂ ਦੋਵਾਂ ਦੇ ਹੱਕ ਵਿਚ ਮੌਜੂਦ ਹਨ। ਕਾਬੁਲ ਪੇਸ਼ਾਵਰ ਸੜਕ ਤੇ ਜਲਾਲਾਬਾਦ ਵਿਖੇ, (ਜੋ ਇਕ ਮਸ਼ਹੂਰ ਪੁਰਾਤਨ ਸ਼ਹਿਰ ਹੈ) ਗੁਰੂ ਜੀ ਦੇ ਆਗਮਨ ਦੀ ਪਵਿੱਤਰ ਯਾਦ ਵਿਚ ਇਕ ਸੁੰਦਰ ਗੁਰਦੁਆਰਾ ਮੌਜੂਦ ਹੈ। ਹਰ ਸਾਲ ਅਫਗਾਨਿਸਤਾਨ ਦੇ ਸਿੱਖ ਵਿਸਾਖੀ ਮਨਾਉਣ ਲਈ ਇਕੱਠੇ ਹੁੰਦੇ ਹਨ। ਇਸ ਤਿਉਹਾਰ ਦਾ ਇਕ ਖਾਸ ਪੱਖ ਜਲਾਲਾਬਾਦ ਤੋਂ ਸੁਲਤਾਨਪੁਰ ਤੱਕ ਧਾਰਮਿਕ ਜਲੂਸ ਦਾ ਨਿਕਲਣਾ ਹੈ। ਇਹ

ਸਭ ਗਵਾਹੀਆਂ ਇਸ ਗੱਲ ਦੀਆਂ ਸੂਚਕ ਸਨ ਕਿ ਗੁਰੂ ਜੀ ਜਲਾਲਾਬਾਦ ਵਾਲੇ ਰਸਤੇ ਤੋਂ ਦਰਾ ਖੈਬਰ ਨੂੰ ਪਾਰ ਕਰਕੇ ਪੇਸ਼ਾਵਰ ਪਹੁੰਚੇ। ਖੁਰੱਮਵਾਦੀ ਰਸਤੇ ਦੇ ਹੱਕ ਵਿਚ ਇਹ ਤੱਥ ਜਾਂਦਾ ਹੈ ਕਿ ਪਿਛੇ ਜਿਹੇ ਤੱਕ ਇਹ ਰਸਤੇ ਸਥਿਤ ਮੁਲਾਨਾ ਵਿਖੇ ਗੁਰੂ ਜੀ ਦੀ ਯਾਦ ਵਿਚ ਬਣਿਆ ਗੁਰਦੁਆਰਾ ਮੌਜੂਦ ਸੀ।

ਦੋਵਾਂ ਸੰਭਾਵਨਾਵਾਂ ਵਿਚ ਜਲਾਲਾਬਾਦ ਦੇ ਦੱਰਾ ਖੈਬਰ ਵਾਲੀ ਸੜਕ ਤੋਂ ਗੁਰੂ ਜੀ ਦਾ ਆਉਣਾ ਜ਼ਿਆਦਾ ਠੀਕ ਲਗਦਾ ਹੈ। ਮੁਲਾਨਾ, ਕਿਉਂਕਿ ਫਰੰਟੀਅਰ ਪਹਾੜੀਆਂ ਦੇ ਭਾਰਤ ਵਾਲੇ ਪਾਸੇ ਸਥਿਤ ਹੈ ਇਸ ਦਾ ਸੰਬੰਧ ਗੁਰੂ ਜੀ ਦੀਆਂ ਪੰਜਾਬ ਵਿਚ ਕੀਤੀਆਂ ਅਨੇਕ ਯਾਤਰਾਵਾਂ ਵਿਚੋਂ ਕਿਸੇ ਇਕ ਕਰਕੇ ਹੋ ਸਕਦਾ ਹੈ।

ਦੱਰਾ ਖੈਬਰ ਨੂੰ ਪਾਰ ਕਰਕੇ ਗੁਰੂ ਜੀ ਪੇਸ਼ਾਵਰ ਵੱਲ ਵਧੇ। ਪੇਸ਼ਾਵਰ ਦਾ ਜ਼ਿਕਰ ਤੁਜਕ–ਏ–ਬਾਬਰੀ ਵਿਚ ਮਿਲਦਾ ਹੈ। ਇਹ ਸਥਾਨ ਗੋਰਖ–ਹਟੜੀ ਕਰਕੇ ਪ੍ਰਸਿੱਧ ਹੈ। ਇਹ ਸਿੱਧ ਜੋਗੀਆਂ ਦਾ ਇਕ ਪ੍ਰਸਿੱਧ ਤੇ ਵੱਡਾ ਕੇਂਦਰ ਹੈ। ਅਲੈਗਜ਼ੈਂਡਰ ਕੰਨਿਘਮ ਅਨੁਸਾਰ ਇਹ ਸਥਾਨ ਬੁੱਧ-ਮਤ ਦਾ ਕੇਂਦਰ ਸੀ। ਉੱਥੇ ਇਕ ਪਿੱਪਲ ਦਾ ਦਰੱਖਤ ਹੋਇਆ ਕਰਦਾ ਸੀ। ਇਹ 100 ਫੁੱਟ ਤੋਂ ਵੱਧ ਉੱਚਾ ਸੀ ਤੇ ਰਵਾਇਤ ਹੈ ਕਿ ਮਹਾਤਮਾ ਬੁੱਧ ਇਸ ਦਰਖਤ ਦੇ ਨੀਚੇ ਬੈਠੇ ਸਨ। ਬਾਬਰ ਨੇ ਵੀ ਆਪਣੀਆਂ ਯਾਦਾਂ ਵਿਚ ਇਸ ਰੁੱਖ ਦਾ ਜ਼ਿਕਰ ਕੀਤਾ ਹੈ। ਬਾਦ ਵਿਚ ਇਹ ਸਥਾਨ ਗੋਰਖ-ਪੰਥੀ ਸਿੱਧਾਂ ਦਾ ਕੇਂਦਰ ਬਣ ਗਿਆ ਸੀ। ਹੌਲੀ ਹੌਲੀ ਇਹ ਸਥਾਨ ਆਪਣੀ ਮਹੱਤਤਾ ਖੋ ਬੈਠਾ ਅਤੇ ਸਿੱਧਾਂ ਨੇ ਵੀ ਇਹ ਥਾਂ ਛੱਡ ਦਿੱਤੀ। ਅਰਸਕਿਨ ਅਨੁਸਾਰ ਪੇਸ਼ਾਵਰ ਦੀ ਮੁੱਖ ਸਰਾਂ ਬਾਅਦ ਵਿਚ ਇਸ ਸਥਾਨ ਤੇ ਬਣਾਈ ਗਈ।

ਆਪਣੀ ਪੇਸ਼ਾਵਰ ਦੀ ਠਹਿਰ ਵਿਚ ਗੁਰੂ ਜੀ ਗੋਰਖ ਹੱਟੜੀ ਗਏ, ਅਤੇ ਉਥੋਂ ਦੇ ਨਿਵਾਸੀਆਂ ਨਾਲ ਲੰਮਾ ਵਿਚਾਰ ਵਟਾਂਦਰਾ ਕੀਤਾ। ਆਪਣੀ ਸੁਭਾ ਤੇ ਮਿਸ਼ਨ ਅਨੁਸਾਰ ਉਨ੍ਹਾਂ ਫੋਕੀਆਂ ਰੀਤਾਂ ਰਸਮਾਂ ਅਤੇ ਧਾਰਮਿਕ ਕਰਮ–ਕਾਂਡ ਛੱਡਣ ਲਈ ਕਿਹਾ ਤੇ ਉਨ੍ਹਾਂ ਨੂੰ ਆਤਮਿਕ ਤੌਰ ਤੇ ਅਰਥ ਭਰੀ ਤੇ ਸਮਾਜ ਲਈ ਲਾਹੇਬੰਦੀ ਜ਼ਿੰਦਗੀ ਜਿਉਣ ਲਈ ਪ੍ਰੇਰਿਆ।

ਗੁਰੂ ਜੀ ਦੀ ਗੋਰਖ ਹੱਟੜੀ ਦੀ ਫੇਰੀ ਦਾ ਹਵਾਲਾ ਪੁਰਾਤਨ ਤੇ ਮੇਹਰਬਾਨ ਦੀਆਂ ਜਨਮ ਸਾਖੀਆਂ ਵਿਚ ਮਿਲਦਾ ਹੈ।

ਪੇਸ਼ਾਵਰ ਤੋਂ ਗੁਰੂ ਜੀ ਹਸਨ ਅਬਦਾਲ ਦੇ ਰਾਹੀਂ ਘਰ ਵੱਲ ਮੁੜੇ। ਰਸਤੇ ਵਿਚ ਟਿੱਲਾ ਬਾਲ ਗਦਾਈਂ ਤੇ ਗੁਜਰਾਤ ਵਿਚ ਰੁਕਦੇ ਲਾਹੌਰ ਪਹੁੰਚੇ। ਰਸਤੇ ਵਿਚ ਉਹ ਸੈਦਪੁਰ ਜਾਂ ਸੱਯਦਪੁਰ (ਅੱਜ ਕੱਲ੍ਹ ਏਮਨਾਬਾਦ) ਵਿਚੋਂ ਲੰਘੇ। ਜਦੋਂ ਗੁਰੂ ਜੀ ਸੈਦਪੁਰ ਵਿਚ ਸਨ ਤਾਂ ਬਾਬਰ ਨੇ ਉਥੇ ਹਮਲਾ ਕੀਤਾ ਤੇ ਲੋਕਾਂ ਉੱਤੇ ਜੁਲਮ ਕੀਤੇ। ਲੋਕਾਂ ਦੀ ਦੁੱਖ ਭਰੀ ਹਾਲਤ ਨੇ ਗੁਰੂ ਜੀ ਦਾ ਦਿਲ ਪਿਘਲਾ ਦਿੱਤਾ ਤੇ ਇਥੋਂ ਹੀ ਉਨ੍ਹਾਂ ਨੇ ਅਜਿਹੀ ਬਾਣੀ ਦੀ ਰਚਨਾ ਕੀਤੀ ਜੋ ਕਿ ਕਿਸੇ ਵੀ ਹੋਰ ਬੋਲੀ ਵਿਚ ਨਹੀਂ ਮਿਲਦੀ। ਇਥੇ ਰਚੀ ਬਾਣੀ ਦੇ ਸ਼ਬਦਾਂ ਨੂੰ ਸਮੂਹਿਕ ਤੌਰ ਤੇ 'ਬਾਬਰ ਬਾਣੀ' ਕਿਹਾ ਜਾਂਦਾ ਹੈ। ਗੁਰੂ ਜੀ ਦੀ ਮਾਨਵਵਾਦੀ ਤੇ ਅਖਲਾਕੀ–ਰਾਜਨੀਤੀ ਦੀ ਫਿਲਾਸਫੀ ਦੀ ਜੋ ਝਲਕ ਇਨ੍ਹਾਂ ਸ਼ਬਦਾਂ ਵਿਚ ਮਿਲਦੀ ਹੈ, ਸ਼ਾਇਦ ਉਸ ਦੀ ਹੋਰ ਮਿਸਾਲ ਨਹੀਂ ਮਿਲਦੀ।

ਸੈਦਪੁਰ ਤੋਂ ਗੁਰੂ ਜੀ ਤਲਵੰਡੀ ਵੱਲ ਚਲੇ ਅਤੇ ਸੁਲਤਾਨਪੁਰ ਹੁੰਦੇ ਹੋਏ ਰਾਵੀ ਦੇ

ਕਿਨਾਰੇ ਉਸ ਸਥਾਨ ਤੇ ਪਹੁੰਚੇ ਜਿਥੇ ਕਿ ਗੁਰੂ ਜੀ ਨੇ ਕਰਤਾਰਪੁਰ (ਰੱਬ ਦਾ ਸ਼ਹਿਰ) ਨਾਂ ਦੀ ਨਵੀਂ ਬਸਤੀ ਆਬਾਦ ਕੀਤੀ।

ਇਥੇ ਕਰਤਾਰਪੁਰ ਵਿਖੇ ਹੀ ਗੁਰੂ ਜੀ ਨੇ ਉਦਾਸੀ ਬਾਣਾ ਉਤਾਰ ਦਿੱਤਾ ਤੇ ਪੱਕੇ ਤੌਰ ਤੇ ਗ੍ਰਹਿਸਥੀਆਂ ਵਾਂਗ ਰਹਿਣਾ ਸ਼ੁਰੂ ਕਰ ਦਿੱਤਾ। ਉਸ ਨੇ ਆਪਣੀ ਇਸ ਨਵੀਂ ਆਬਾਦੀ ਵਿਚ ਆਪਣੇ ਨਾਲ ਰਹਿਣ ਲਈ ਆਪਣੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਵੀ ਬੁਲਾ ਲਿਆ। ਉਹ ਹਾਲੀ ਵੀ ਪੰਜਾਬ ਵਿਚ ਛੋਟੀਆਂ ਯਾਤਰਾਵਾਂ ਕਰਦੇ ਰਹਿੰਦੇ ਸਨ। ਭਾਈ ਗੁਰਦਾਸ ਅਨੁਸਾਰ ਇਨ੍ਹਾਂ ਵਿਚੋਂ ਇਕ ਫੇਰੀ ਅਚਲ ਵਟਾਲੇ ਤੇ ਮੁਲਤਾਨ ਦੀ ਹੈ।

ਗੁਰੂ ਨਾਨਕ ਦੇਵ ਜੀ 23 ਅਸੂ (ਸੁਦੀ 10) ਸੰਮਤ 1596 (22 ਸਤੰਬਰ, 1539) ਨੂੰ ਜੋਤੀ ਜੋਤ ਸਮਾਏ। ਉਨ੍ਹਾਂ ਦੀ ਕੁਲ ਉਮਰ 70 ਸਾਲ 5 ਮਹੀਨੇ 3 ਦਿਨ ਬਣਦੀ ਹੈ। ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਜੀ ਨੇ ਭਾਈ ਲਹਿਣਾ ਨੂੰ ਅੰਗਦ ਨਾਂ ਦੇ ਕੇ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ।

## 1.1.7 ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ

ਇੰਦੂ ਭੂਸ਼ਨ ਬੈਨਰਜੀ ਅਨੁਸਾਰ ਗੁਰੂ ਨਾਨਕ ਦਾ ਸਮਾਂ ਅਗਿਆਨਤਾ ਤੇ ਅਸ਼ਾਂਤੀ ਦਾ ਸਮਾਂ ਸੀ ਅਤੇ ਗੁਰੂ ਨਾਨਕ ਦਾ ਸੰਦੇਸ਼ ਸੱਚ ਅਤੇ ਸ਼ਾਂਤੀ ਦਾ ਸੰਦੇਸ਼ ਸੀ। ਸੱਚ ਦੀ ਕੋਈ ਪੁੱਛ ਨਹੀਂ ਸੀ। ਸੱਚੇ ਧਰਮ ਦਾ ਚਸ਼ਮਾ ਬੇਅਰਥ ਰਸਮਾਂ ਤੇ ਆਧਾਰਹੀਣ ਭਰਮਾਂ ਥੱਲੇ ਖੁਸ਼ਕ ਹੋ ਗਿਆ ਸੀ। ਪੁਜਾਰੀਆਂ ਦਾ ਸਵਾਰਥ ਤੇ ਲੋਕਾਂ ਦੇ ਭਿੰਨ-ਭੇਦ ਵੀ ਇਸ ਦੇ ਜ਼ਿੰਮੇਵਾਰ ਸਨ। ਅਸਲੀਅਤ ਦੀ ਥਾਂ ਫੋਕੇ ਆਡੰਬਰਾਂ ਨੇ ਲੈ ਲਈ ਸੀ। ਹਿੰਦੂ ਧਰਮ ਦਾ ਬਹੁਤ ਹੀ ਉੱਚਾ ਆਤਮਕ ਚਰਿੱਤਰ ਸੰਪਰਦਾਇਕ ਦਿਖਾਵੇ ਦੇ ਨੀਚੇ ਦੱਬਿਆ ਗਿਆ ਸੀ। ਸੈਂਕੜੇ ਹਮਲਿਆਂ, ਬਦੇਸ਼ੀ ਰਾਜ ਅਤੇ ਨਾ ਮੁੱਕਣ ਵਾਲੇ ਦੁੱਖਾਂ ਤੇ ਮੁਸੀਬਤਾਂ ਨੇ ਲੋਕਾਂ ਵਿਚ ਗਿਰਾਵਟ ਲੈ ਆਂਦੀ ਤੇ ਇਸ ਖੜੋਤ ਤੇ ਆਤਮਿਕ ਦੀਵਾਲੀਆਪਨ ਨੇ ਲੋਕਾਂ ਨੂੰ ਬਹੁਤ ਨੀਵੇਂ ਪੱਧਰ ਤੱਕ ਨਿਘਾਰ ਦਿੱਤਾ। ਸਮਾਜ ਪੂਰੇ ਤੌਰ ਤੇ ਆਪਣੀ ਪਵਿੱਤਰਤਾ ਅਤੇ ਇਖਲਾਕ ਖੋ ਚੁਕਿਆ ਸੀ। ਗੁਰੂ ਨਾਨਕ ਨੇ ਮਾਨਵਤਾ ਅਤੇ ਆਪਣੀ ਤਰਕ ਬੁੱਧੀ ਦੀ ਸ਼ਕਤੀ ਨਾਲ ਸਮਾਜ ਨੂੰ ਸੁਧਾਰਨ ਦਾ ਬੀੜਾ ਚੁਕਿਆ ਸੀ। ਉਨ੍ਹਾਂ ਨੇ ਲੋਕਾਂ ਨੂੰ ਸਾਦਾ ਧਰਮ ਅਪਨਾਉਣ ਲਈ ਪ੍ਰੇਰਿਆ। ਮਹਾਨ ਉਪਦੇਸ਼ਕਾਂ ਤੇ ਵਿਚਾਰਵਾਨਾਂ ਵਾਂਗ ਗੁਰੂ ਜੀ ਦਾ ਸਾਦਾ ਜੀਵਨ ਜਿਉਣ ਵਿਚ ਵਿਸ਼ਵਾਸ ਸੀ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਬਹੁਤ ਹੀ ਸਾਦਾ ਅਸੂਲ ਅਪਨਾਉਣ ਦੀ ਸਿੱਖਿਆ ਦਿੱਤੀ। ਗੁਰੂ ਨਾਨਕ ਦੀਆਂ ਸਿੱਖਿਆਵਾਂ (ਉਪਦੇਸ਼) ਹੇਠ ਲਿਖੇ ਅਨੁਸਾਰ ਹਨ :

**ਰੱਬ ਇਕ ਹੈ** : ਗੁਰੂ ਜੀ ਦਾ ਵਿਸ਼ਵਾਸ ਸੀ ਕਿ ਪਰਮਾਤਮਾ ਇਕ ਹੈ। 'ਜਪੁਜੀ' ਦੇ ਆਰੰਭ ਵਿਚ ਗੁਰੂ ਨਾਨਕ ਸਾਹਿਬ ਨੇ ਪਰਮਾਤਮਾ ਬਾਰੇ ਇਹ ਵਿਚਾਰ ਪ੍ਰਗਟ ਕੀਤੇ ਹਨ : **ੴ** ਸਤਿਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲਿ ਮੂਰਤਿ, ਅਜੂਨੀ, ਸੈਭੰ, ਗੁਰਪ੍ਰਸਾਦਿ। ਜਿਸ ਦਾ ਅਰਥ ਹੈ :

ਪਰਮਾਤਮਾ ਇਕ ਹੈ, ਸੱਚ ਉਸ ਦਾ ਨਾਂ ਹੈ, ਉਹ ਕਰਤਾ ਹੈ, ਉਹ ਭੈ ਤੋਂ ਰਹਿਤ ਹੈ,

ਵੈਰ ਤੋਂ ਰਹਿਤ ਹੈ, ਉਹ ਅਮਰ ਹੈ, ਉਹ ਜੂਨਾਂ ਵਿਚ ਨਹੀਂ ਆਉਂਦਾ, ਉਹ ਹਰ ਜਗ੍ਹਾ ਮੌਜੂਦ ਹੈ। ਉਸ ਨੂੰ ਗੁਰੂ ਜੀ ਦੀ ਕਿਰਪਾ ਨਾਲ ਪਾਇਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਰੱਬ ਹਰ ਜਗ੍ਹਾ ਮੌਜੂਦ, ਬੇਵਿਤਕਰਾ, ਰੂਪ ਰਹਿਤ ਅਤੇ ਸਰਬ ਸਮਰਥ ਹੈ। ਉਸ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਆਪਣੇ ਵਿਚੋਂ ਕੀਤੀ ਹੈ। ਗ੍ਰਿਫਨ ਦਾ ਕਹਿਣਾ ਹੈ ਕਿ ਜਿਵੇਂ ਡਾਰਵਿਨ ਜੀਵਾਂ ਦੇ ਵਿਕਾਸ ਦੀ ਗੱਲ ਕਰਦਾ ਹੈ, ਉਵੇਂ ਹੀ ਨਾਨਕ ਦਾ ਸਿਧਾਂਤ ਹੈ ਕਿ ਕੁਦਰਤ ਸ੍ਰਿਸ਼ਟੀ ਦੀ ਰਚਨਾ ਸੂਨਯ ਵਿਚੋਂ ਨਹੀਂ ਸਗੋਂ ਪਰਮਾਤਮਾ ਆਪ ਇਕ ਤੋਂ ਅਨੇਕ ਹੋਣ ਦੀ ਇੱਛਾ ਨਾਲ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਭਾਈ ਜੋਧ ਸਿੰਘ ਜੀ ਲਿਖਦੇ ਹਨ : ਜਦੋਂ ਜੀਵ ਖਤਮ ਹੁੰਦਾ ਹੈ ਤਾਂ ਵੱਖਰੀ ਹੋਂਦ ਖਤਮ ਹੋ ਜਾਂਦੀ ਹੈ, ਪਰ ਪਰਮਾਤਮਾ ਫਿਰ ਵੀ ਹੁੰਦਾ ਹੈ। ਉਸ ਦੀ ਜਾਤ ਅਸਲ ਹੈ, ਉਸਦਾ ਅਮਲ ਸੁਤੰਤਰ ਹੈ, ਉਹ ਸਭ ਕੁਝ ਜਾਣਦਾ ਹੈ। ਉਹ ਪਾਕ ਅਤੇ ਪਵਿੱਤਰ ਹੈ, ਉਹ ਆਪ ਹੀ ਆਪਣਾ ਕਰਤਾ ਹੈ ਤੇ ਜੂਨਾਂ ਵਿਚ ਨਹੀਂ ਆਉਂਦਾ। ਇਹ ਇਕੱਲਾ ਹੀ ਦਾਤਾ ਹੈ। ਫਿਰ ਵੀ ਉਸ ਦੇ ਅਨੇਕ ਗੁਣ ਹਨ। ਉਹ ਅੰਦਰ ਵੀ ਹੈ ਤੇ ਬਾਹਰ ਵੀ, ਉਹ ਦਇਆ ਦਾ ਸਮੁੰਦਰ, ਮਨੁੱਖ ਦਾ ਮਿੱਤਰ, ਪਾਪੀਆਂ ਦਾ ਬਖਸ਼ਣਹਾਰ, ਗਰੀਬਾਂ ਦਾ ਪਾਲਕ ਤੇ ਦੁੱਖਾਂ ਨੂੰ ਹਰਨ ਵਾਲਾ ਹੈ। ਉਹ ਸਿਆਣਾ, ਉਦਾਰਚਿਤ, ਸੁੰਦਰ ਅਤੇ ਮਹਾਂਦਾਨੀ ਹੈ। ਉਹ ਮਨੁੱਖਾਂ ਦਾ ਪਿਤਾ ਵੀ ਹੈ ਤੇ ਮਾਤਾ ਵੀ ਅਤੇ ਉਨ੍ਹਾਂ ਦੀ ਪਾਲਣਾ ਵੀ ਕਰਦਾ ਹੈ। ਗੁਰੂ ਨਾਨਕ ਅਨੁਸਾਰ ਪਰਮਾਤਮਾ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਤੋਂ ਸ੍ਰੇਸ਼ਠ ਹੈ ਅਤੇ ਰਾਮ ਤੇ ਕ੍ਰਿਸ਼ਨ ਨੂੰ ਵੀ ਪੈਦਾ ਕਰਨ ਵਾਲਾ ਹੈ। ਮੁਹੰਮਦ ਤਾਂ ਸੈਕੜੇ ਹਜ਼ਾਰਾਂ ਹਨ ਪਰ ਪਰਮਾਤਮਾ ਇਕ ਹੈ। ਕਨਿੰਘਮ ਦੀ ਰਾਏ ਅਨੁਸਾਰ ਰਾਮਾ ਨੰਦ ਅਤੇ ਕਬੀਰ ਦੇ ਮਨੁੱਖਾਂ ਸਮਾਨ ਤੇ ਹੱਦਾਂ ਵਾਲੇ ਰੱਬ ਦੀ ਬਜਾਏ ਗੁਰੂ ਨਾਨਕ ਪਰਮਾਤਮਾ ਦੀ ਉਸਤਤੀ ਇਹ ਕਹਿ ਕੇ ਕਰਦੇ ਹਨ ਕਿ ਰੱਬ ਇਕ ਹੈ, ਕਰਤਾ ਹੋਣ ਕਾਰਨ ਸਮੇਂ ਦੀ ਹੱਦ-ਬੰਦੀ ਤੋਂ ਉੱਪਰ ਹੈ, ਉਸ ਦੀ ਹੋਂਦ ਆਪਣੇ ਆਪ ਤੋਂ ਹੈ ਤੇ ਬੁੱਧੀ ਦੀ ਪਕੜ ਤੋਂ ਬਾਹਰ ਹੈ ਤੇ ਅੰਤ ਰਹਿਤ ਹੈ। ਉਹ ਸਭ ਖਲੀਫਿਆਂ ਤੇ ਦੇਵਤਿਆਂ ਤੋਂ ਅਲੱਗ ਹੈ। ਉਹ ਪਵਿੱਤਰ ਤੇ ਸ਼ੁਧ ਆਤਮਾ ਹੈ ਤੇ ਜਿਸ ਤੇ ਸਾਰਿਆਂ ਦਾ ਉਦਗਮ ਹੁੰਦਾ ਹੈ। ਸਭ ਕੁਝ ਜੋ ਅਸੀਂ ਦੇਖਦੇ ਹਾਂ ਉਸੇ ਦਾ ਪਸਾਰਾ ਹੈ। ਉਸ ਦੇ ਵੱਸ ਤੋਂ ਕੁੱਝ ਬਾਹਰ ਨਹੀਂ ਹੈ।

ਪਰਮਾਤਮਾ ਦੀ ਪ੍ਰਾਪਤੀ ਸੱਚੀ ਭਗਤੀ ਅਤੇ ਉਸ ਅੱਗੇ ਆਤਮ ਸਮਰਪਣ ਕਰਨ ਨਾਲ ਹੀ ਹੋ ਸਕਦੀ ਹੈ। ਮਨੁੱਖ ਨੂੰ ਉਸ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ। ਪਰਮਾਤਮਾ ਨੂੰ ਦੇਖਿਆ ਨਹੀਂ ਜਾ ਸਕਦਾ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ। ਇਹ ਵਿਸ਼ਵਾਸ ਜੀਵਨ ਦਾ ਅਮਲੀ ਤੇ ਅਸਲੀ ਰਾਹ ਹੈ। ਉਸ ਦੀ ਹੋਂਦ ਨੂੰ ਸਰੀਰ ਵਿਚ ਦਰਦ ਵਾਂਗ, ਦਿਲ ਵਿਚ ਖੁਸ਼ੀ ਵਾਂਗ ਅਤੇ ਫੁੱਲ ਵਿਚ ਸੁਗੰਧੀ ਵਾਂਗ ਮਹਿਸੂਸ ਕੀਤਾ ਜਾ ਸਕਦਾ ਹੈ। ਸੱਚੀ ਸ਼ਰਧਾ ਪਿਆਰ ਅਤੇ ਭਗਤੀ ਨਾਲ ਉਸ ਦੀ ਹੋਂਦ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਦਿਆਲੂ ਹੈ। ਉਹ ਪਿਆਰ ਵਿਚ ਡੁੱਬੇ ਆਪਣੇ ਭਗਤਾਂ ਨੂੰ ਤਸੱਲੀ ਦਿੰਦਾ ਹੈ ਤੇ ਜਦੋਂ ਲੋੜ (ਪਰਮਾਤਮਾ ਦੀ) ਹੁੰਦੀ ਹੈ ਤਾਂ ਉਨ੍ਹਾਂ ਦੀ (ਜੀਵਾਂ ਦੀ) ਮਦਦ ਕਰਦਾ ਹੈ। ਉਹ ਆਪਣੇ ਭਗਤਾਂ ਵਿਚ ਨਿਵਾਸ

ਕਰਦਾ ਹੈ। ਉਹ ਜੀਵਾਂ ਦੇ ਮਨਾਂ ਵਿਚ ਬਿਰਾਜਦਾ ਹੈ। ਜਦੋਂ ਭਗਤ ਉਸ ਅੱਗੇ ਆਤਮ-ਸਮਰਪਣ ਕਰ ਦਿੰਦੇ ਹਨ ਤਾਂ ਉਹ ਆਪ ਉਨ੍ਹਾਂ ਦੀ ਜ਼ਿੰਮੇਵਾਰੀ ਸੰਭਾਲਦਾ ਹੈ। ਸਾਨੂੰ ਆਪਣਾ ਆਪ ਉਸ ਵਿਚ ਮਿਟਾ ਦੇਣਾ ਚਾਹੀਦਾ ਹੈ ਅਤੇ ਪਰਮਾਤਮਾ ਨੂੰ ਹੀ ਆਪਣਾ ਮਾਲਕ ਸਮਝਣਾ ਚਾਹੀਦਾ ਹੈ। ਫਰੈਡਰਿਕ ਪਿਨਕਾਟ ਦੀ ਰਾਏ ਵਿਚ ਗੁਰੂ ਨਾਨਕ ਲਈ ਅਜਿਹੀ ਕੋਈ ਚੀਜ਼ ਨਹੀਂ ਕਿ ਇਹ ਹਿੰਦੂਆਂ ਦਾ ਰੱਬ ਹੈ, ਇਹ ਮੁਸਲਮਾਨਾਂ ਦਾ ਰੱਬ ਹੈ ਅਤੇ ਕਾਫਰਾਂ ਦਾ ਅਲੱਗ ਦੇਵੀ ਜਾਂ ਦੇਵਤਾ ਹੈ ਪਰੰਤੂ ਉਸ ਲਈ ਤਾਂ ਰੱਬ ਇਕ ਹੈ। ਬੁੱਧੀ ਦੀ ਪਕੜ ਤੋਂ ਬਾਹਰ ਹੈ, ਅਨਾਦੀ ਹੈ, ਅਨੇਕਾਂ ਨਾਵਾਂ ਵਾਲਾ ਹੈ ਪਰ ਉਸ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ ਸਗੋਂ ਉਹ ਤਾਂ ਪਿਆਰ ਕਰਨ ਦੀ ਚੀਜ਼ ਹੈ ਤੇ ਪਿਆਰ ਦਾ ਸੋਮਾ ਹੈ। ਗੁਰੂ ਨਾਨਕ ਦਾ ਰੱਬ ਜੋ ਇਸ ਅਜੀਬ ਅਤੇ ਵੰਨ-ਸੁਵੰਨੇ ਸੰਸਾਰ ਨੂੰ ਚਲਾਉਂਦਾ ਹੈ ਅਜਿਹੇ ਪਰਮਾਤਮਾ ਨੂੰ ਮੰਨਣ ਨਾਲ ਭਿੰਨ ਭੇਦ ਆਪਣੇ ਆਪ ਹੀ ਮਿਟ ਜਾਂਦੇ ਹਨ।

## ਸੱਚੇ ਨਾਮ ਦੀ ਮਹੱਤਤਾ

ਗੁਰੂ ਨਾਨਕ ਨੇ ਨਾਮ ਦਾ ਉਪਦੇਸ਼ ਦਿੱਤਾ। ਦੱਬੇ ਕੁਚਲੇ ਤੇ ਛੋਟੀਆਂ ਜਾਤਾਂ ਦੇ ਲੋਕਾਂ ਨੂੰ ਇਹ ਵਿਚਾਰ ਬਹੁਤ ਪਸੰਦ ਆਇਆ ਤੇ ਲੋਕ ਇਸ ਨੂੰ ਅਪਨਾਉਣ ਲੱਗੇ। ਉਨ੍ਹਾਂ ਨੇ ਦੱਸਿਆ ਕਿ ਸੱਚਾ ਨਾਮ ਸਭ ਬੁਰਾਈਆਂ ਤੇ ਦੁੱਖਾਂ ਦਾ ਇਲਾਜ ਹੈ। ਗੁਰੂ ਨਾਨਕ ਦੇਵ ਜੀ ਅਕਸਰ ਕਿਹਾ ਕਰਦੇ ਹਨ ਕਿ ਮੇਰੇ ਕੋਲ ਸੱਚੇ ਨਾਮ, ਸੱਚੀ ਪੂਜਾ ਅਤੇ ਆਤਮ ਸਮਰਪਣ ਤੋਂ ਬਿਨਾਂ ਕੋਈ ਚਮਤਕਾਰ ਨਹੀਂ ਹੈ। ਮਨ ਦੀ ਇਕਾਗਰਤਾ ਤੇ ਸਵੈ ਕਾਬੂ ਨਾਲ ਹੀ ਸੱਚੇ ਨਾਮ ਦੀ ਪੂਜਾ ਜਾ ਭਗਤੀ ਕੀਤੀ ਜਾ ਸਕਦੀ ਹੈ। ਆਤਮ ਸਮਰਪਣ ਤੋਂ ਭਾਵ ਹੈ ਕਿ ਆਪਣੇ ਪੰਜ ਦੁਸ਼ਮਣਾਂ-ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਨੂੰ ਪੂਰੀ ਤਰ੍ਹਾਂ ਖਤਮ ਕਰਨਾ। ਜੋ ਪਰਮਾਤਮਾ ਦਾ ਨਾਮ ਨਹੀਂ ਜਪਦਾ ਉਹ ਜਨਮ ਮਰਨ ਤੋਂ ਮੁਕਤ ਨਹੀਂ ਹੋ ਸਕਦਾ। ਗੁਰੂ ਨਾਨਕ ਦੇਵ ਜੀ ਦੀ ਬਹੁਤੀ ਬਾਣੀ (ਸ਼ਬਦ) ਪਰਮਾਤਮਾ ਦੀ ਮਹਾਨਤਾ ਦੇ ਗੀਤ ਗਾਉਂਦੀ ਹੈ। ਪਰਮਾਤਮਾ ਨਾਲ ਇਕਮਿਕ ਹੋਣਾ ਜ਼ਰੂਰੀ ਹੈ। ਗੁਰੂ ਗਰੰਥ ਸਾਹਿਬ ਵਿਚ ਕਈ ਥਾਵਾਂ ਤੇ ਵਿਆਖਿਆ ਅਨੁਸਾਰ ਨਾਮ ਸਿਮਰਣ ਲਈ ਇਹ ਸ਼ਰਤਾਂ ਜ਼ਰੂਰੀ ਹਨ : ਮਨ ਤੇ ਤਨ ਦੀ ਪਵਿੱਤਰਤਾ, ਲਿਵ ਲਾਉਣਾ, ਨਾਮ ਦੇ ਅਰਥਾਂ ਤੇ ਮਨ ਦੀ ਇਕਾਗਰਤਾ, ਸਬਰ ਅਤੇ ਸਹਿਣ-ਸ਼ਕਤੀ, ਠੀਕ ਅਮਲ, ਵਿਸ਼ਵਾਸ ਅਤੇ ਸ਼ਰਧਾ ਅਤੇ ਸਤਿ ਸੰਗ। ਗੁਰੂ ਜੀ ਨੇ ਇਸ ਵਿਚਾਰ ਦੀ ਪ੍ਰੋੜ੍ਹਤਾ ਆਪਣੀ ਪ੍ਰਸਿੱਧ ਰਚਨਾ ਜਪੁਜੀ ਦੀ ਮਹੱਤਵਪੂਰਨ 20ਵੀਂ ਪਉੜੀ ਵਿਚ ਇਸ ਤਰ੍ਹਾਂ ਕੀਤੀ ਹੈ :-

ਭਰੀਐ ਹਥੁ ਪੈਰੁ ਤਨੁ ਦੇਹ ।।
ਪਾਣੀ ਧੋਤੈ ਉਤਰਸੁ ਖੇਹ ।।
ਮੂਤ ਪਲੀਤੀ ਕਪੜੁ ਹੋਇ
ਦੇ ਸਬੂਣੁ ਲਈਐ ਓਹੁ ਧੋਇ
ਭਰੀਐ ਮਤਿ ਪਾਪਾ ਕੈ ਸੰਗਿ

ਓਹੁ ਧੋਪੈ ਨਾਵੈ ਕੈ ਰੰਗਿ। (ਪੰਨਾ 4)

ਭਾਵ ਤਨ ਗੰਦਾ ਹੋਵੇ ਤਾਂ ਪਾਣੀ ਨਾਲ ਸਾਫ ਹੋ ਜਾਂਦਾ ਹੈ। ਮੈਲਾ ਕਪੜਾ ਸਾਬਣ ਨਾਲ ਧੋ ਲਈਦਾ ਹੈ ਪਰ ਜੇ ਮੱਤ ਪਾਪਾਂ ਨਾਲ ਮੈਲੀ ਹੋ ਜਾਵੇ ਤਾਂ ਉਹ ਨਾਮ-ਸਿਮਰਨ ਨਾਲ ਹੀ ਧੋਤੀ ਜਾ ਸਕਦੀ ਹੈ। ਇਸ ਲਈ ਗੁਰੂ ਨਾਨਕ ਅਨੁਸਾਰ ਨਾਮ ਮਨੁੱਖ ਦੇ ਸਭ ਰੋਗਾਂ ਤੇ ਦੁੱਖਾਂ ਦਾ ਦਾਰੂ ਹੈ। ਇਹ ਹੀ ਜੀਵਨ ਦਾ ਆਧਾਰ ਹੈ।

## ਗੁਰੂ ਦੀ ਮਹੱਤਤਾ

ਸਿੱਖ ਧਰਮ ਵਿਚ ਗੁਰੂ ਨੂੰ ਬਹੁਤ ਉੱਚੀ ਪਦਵੀ ਪ੍ਰਾਪਤ ਹੈ। ਹਿੰਦੂ ਦਰਸ਼ਨ ਅਨੁਸਾਰ ਆਮ ਤੌਰ ਤੇ ਬ੍ਰਾਹਮਣ ਨੂੰ ਗੁਰੂ ਮੰਨਿਆ ਜਾਂਦਾ ਸੀ। ਇਹੀ ਆਤਮਿਕ ਅਤੇ ਦੁਨਿਆਵੀਂ ਅਧਿਆਪਕ ਸੀ ਤੇ ਆਮ ਤੌਰ ਤੇ ਬਜ਼ੁਰਗ ਹੁੰਦਾ ਸੀ। ਪਰ ਸਿੱਖ ਸਿਧਾਂਤਾਂ ਅਨੁਸਾਰ ਗੁਰੂ ਰਖਿਅਕ ਹੈ, ਰਸੂਲ ਹੈ, ਸੱਚਾ ਮਾਰਗ ਦਰਸ਼ਕ ਤੇ ਹਰ ਪੱਖੋਂ ਪਰਿਪੂਰਣ ਹੈ। ਉਹ ਪਰਮਾਤਮਾ ਤੇ ਮਨੁੱਖ ਵਿਚਕਾਰ ਇਕ ਕੜੀ ਦਾ ਕੰਮ ਕਰਦਾ ਹੈ। ਉਸ ਨੇ ਪਰਮਾਤਮਾ ਨੂੰ ਪਾ ਲਿਆ ਹੋਵੇ। ਉਹ ਨਮਰ, ਨਿਰਸੁਆਰਥ, ਨਿਰਪੱਖ ਤੇ ਪਵਿੱਤਰ ਹੈ : ਸੱਚੇ ਗੁਰੂ ਤੋਂ ਬਿਨਾਂ ਜੀਵਨ ਦੇ ਅਸਲ ਉਦੇਸ਼ ਦੀ ਪ੍ਰਾਪਤੀ ਨਹੀਂ ਹੋ ਸਕਦੀ। ਮਨੁੱਖ ਗੁਰੂ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਭਾਵੇਂ ਉਹ ਹਜ਼ਾਰਾਂ ਕਰਮ-ਕਾਂਡ ਕਰੇ ਪਰ ਗੁਰੂ ਤੋਂ ਬਿਨਾਂ ਫਿਰ ਵੀ ਹਨੇਰਾ ਹੀ ਰਹੇਗਾ। ਗੁਰੂ ਠੀਕ ਰਸਤਾ ਹੀ ਨਹੀਂ ਦਿਖਾਉਂਦਾ ਸਗੋਂ ਜਗਿਆਸੂ ਵਿਚ ਚੰਗੇ ਵਿਚਾਰ ਪੈਦਾ ਕਰਕੇ ਅਤੇ ਦ੍ਰਿਸ਼ਟੀ ਨੂੰ ਰੌਸ਼ਨ ਕਰਕੇ ਉਸ ਨੂੰ ਪਵਿੱਤਰ ਕਰਦਾ ਹੈ। ਉਹ ਮਨੁੱਖ ਦਾ ਅਸਲੀ ਪੱਥ-ਪਰਦਰਸ਼ਕ ਹੈ। ਜਪੁਜੀ ਸਾਹਿਬ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਗੁਰੂ ਦੇ ਆਦੇਸ਼ ਦੇ ਨਾਲ ਹੀ ਪਰਮਾਤਮਾ ਦਾ ਸ਼ਬਦ ਸੁਣਾਈ ਦਿੰਦਾ ਹੈ ਅਤੇ ਉਸ ਦੇ ਆਦੇਸ਼ ਨਾਲ ਹੀ ਗਿਆਨ ਪ੍ਰਾਪਤ ਹੁੰਦਾ ਹੈ ਤੇ ਪ੍ਰਭੂ ਦੀ ਸਰਬ ਵਿਆਪਕਤਾ ਦਾ ਪਤਾ ਲਗਦਾ ਹੈ। ਗੁਰੂ ਹੀ ਸੱਚੇ ਗਿਆਨ ਦੀ ਪ੍ਰਾਪਤੀ ਲਈ ਆਕਾਸ਼ ਦੀਪ ਦਾ ਕੰਮ ਕਰਦਾ ਹੈ। ਪਰ ਗੁਰੂ ਸੱਚਾ ਹੋਣਾ ਚਾਹੀਦਾ ਹੈ ਤੇ ਉਸ ਤੇ ਰੱਬ ਦੀ ਮਿਹਰ ਹੋਣੀ ਚਾਹੀਦੀ ਹੈ। ਗੁਰੂ ਨਾਨਕ ਨੇ ਪਰਮਾਤਮਾ ਦੀ ਪ੍ਰਾਪਤੀ ਲਈ ਰੱਬੀ-ਕਿਰਪਾ ਦੀ ਮਹੱਤਤਾ ਹੇਠ ਲਿਖੇ ਅਨੁਸਾਰ ਦੱਸੀ ਹੈ :

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ।।
ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ।।
ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ ।।
ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ।।

(ਪੰਨਾ 149)

ਸਿੱਖ ਧਰਮ ਅਨੁਸਾਰ ਸਤਿਗੁਰੂ ਦੀ ਪ੍ਰਾਪਤੀ ਰੱਬੀ ਮਿਹਰ ਨਾਲ ਹੀ ਹੁੰਦੀ ਹੈ। ਉਹ (ਗੁਰੂ) ਤਾਂ ਹੀ ਲੱਭਦਾ ਹੈ ਜੇਕਰ ਮਨੁੱਖ ਦਾ ਵਿਸ਼ਵਾਸ ਪੱਕਾ ਤੇ ਮਨ ਸ਼ੁਧ ਹੋਵੇ। ਆਤਮਿਕ ਸ਼ਾਂਤੀ ਸਤਿਗੁਰੂ ਦੀ ਪ੍ਰਾਪਤੀ ਨਾਲ ਹੀ ਹੋ ਸਕਦੀ ਹੈ। ਸਿੱਖ ਦਰਸ਼ਨ ਅਨੁਸਾਰ ਗੁਰੂ ਹੀ ਮਨੁੱਖੀ ਜੀਵਾਂ ਨੂੰ ਉਨ੍ਹਾਂ ਦੀ ਮੰਜ਼ਿਲ ਤੱਕ ਲੈ

ਜਾਂਦਾ ਹੈ। ਉਹ ਸ਼ਰਧਾਲੂਆਂ ਦੇ ਮਨਾਂ ਵਿਚ ਭਰੋਸੇ ਦੀ ਦਾਤ ਪੈਦਾ ਕਰਦਾ ਹੈ ਅਤੇ ਉਨ੍ਹਾਂ ਦੀ ਮੁਕਤੀ-ਪ੍ਰਾਪਤੀ ਦੇ ਰਾਹ ਤੇ ਅੱਗੇ ਵੱਧਣ ਦੀ ਪ੍ਰੇਰਨਾ ਦਿੰਦਾ ਹੈ।

**ਸਤਿਸੰਗ**

ਸਿੱਖ ਧਰਮ ਵਿਚ ਸਤਿਸੰਗ ਜਾਂ ਸਤਿ ਪੁਰਖਾਂ ਦੀ ਸੰਗਤ ਦਾ ਦਰਜਾ ਬਹੁਤ ਹੀ ਉੱਚਾ ਹੈ। ਸੰਗਤ ਵਿਚ ਸਤਿਪੁਰਖਾਂ ਨਾਲ ਵਿਚਾਰ ਕਰਕੇ ਮਨੁੱਖ ਰੌਸ਼ਨੀ (ਗਿਆਨ) ਪ੍ਰਾਪਤ ਕਰਦਾ ਹੈ। ਮਨ ਦੇ ਸ਼ੰਕੇ ਨਵਿਰਤ ਹੋ ਕੇ ਮਨ ਤੇ ਅਮਲ ਪਵਿੱਤਰ ਹੁੰਦੇ ਹਨ। ਸਤਿਸੰਗ ਦੇ ਬਹੁਤ ਹੀ ਲਾਭ ਹਨ। ਆਤਮਿਕ ਵਿਚਾਰ ਪੱਕੇ ਹੁੰਦੇ ਹਨ। ਸਾਂਝੀ ਵਿਚਾਰਧਾਰਾ, ਸਮਾਜ ਨੂੰ ਧਾਰਮਿਕ ਤੇ ਜਥੇਬੰਦ ਬੁਲੰਦੀਆਂ ਵੱਲ ਲੈ ਜਾਂਦੀ ਹੈ। ਮਨੁੱਖ ਪਵਿੱਤਰ ਹੋ ਜਾਂਦੇ ਹਨ ਤੇ ਆਪਣੇ ਅੰਤਮ ਨਿਸ਼ਾਨੇ ਦੇ ਹੋਰ ਨਜ਼ਦੀਕ ਪਹੁੰਚ ਜਾਂਦੇ ਹਨ। ਹਿੰਦੂ ਧਰਮ ਵਿਚ ਸਦੀਆਂ ਤੋਂ ਵਿਅਕਤੀਵਾਦ ਦਾ ਬੋਲਬਾਲਾ ਹੈ, ਪਰ ਗੁਰੂ ਨਾਨਕ ਦੇਵ ਜੀ ਨੇ ਸਮੂਹਿਕ ਭਗਤੀ ਨੂੰ ਸਭ ਤੋਂ ਵਧ ਮਹੱਤਤਾ ਦਿੱਤੀ। ਗੁਰੂ ਨਾਨਕ ਤੋਂ ਬਾਅਦ ਦੇ ਗੁਰੂਆਂ ਨੇ ਵੀ ਸਤਿਸੰਗ ਦੀ ਪ੍ਰਥਾ ਨੂੰ ਜਾਰੀ ਰੱਖਿਆ।

**ਕਰਮ ਸਿਧਾਂਤ ਤੇ ਆਤਮਿਕ ਤਬਦੀਲੀ**

ਗੁਰੂ ਨਾਨਕ ਦੇਵ ਜੀ ਦਾ ਕਰਮ ਅਤੇ ਆਤਮਾ ਦੀ ਤਬਦੀਲੀ ਵਿਚ ਪੱਕਾ ਵਿਸ਼ਵਾਸ ਸੀ। ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਚੰਗੇ ਕਰਮਾਂ ਦਾ ਨਤੀਜਾ ਵੀ ਚੰਗਾ ਹੁੰਦਾ ਹੈ। ਸੰਸਾਰ ਨੇਕੀਆਂ ਤੇ ਬਦੀਆਂ ਨਾਲ ਭਰਿਆ ਹੋਇਆ ਹੈ। ਜੀਵ ਆਤਮਾ ਨੂੰ ਬਦੀਆਂ ਵਿਰੁੱਧ ਲੜਨਾ ਚਾਹੀਦਾ ਹੈ ਤੇ ਨੇਕੀ ਦੇ ਰਾਹ ਤੇ ਚਲਣਾ ਚਾਹੀਦਾ ਹੈ। ਹਰ ਚੀਜ਼ ਜਨਮ ਤੋਂ ਪ੍ਰਾਪਤ ਨਹੀਂ ਹੁੰਦੀ ਅਤੇ ਹਰ ਲੋੜੀਂਦੀ ਚੀਜ਼ ਨੂੰ ਗ੍ਰਹਿਣ ਕਰਨ ਲਈ ਕਰਮ ਕਰਨਾ ਪੈਂਦਾ ਹੈ। ਸਦੀਵੀ ਖੁਸ਼ੀ ਨੇਕੀ ਨਾਲ ਹੀ ਮਿਲ ਸਕਦੀ ਹੈ। ਸੰਸਾਰ ਵਿਚ ਬਦੀ ਜ਼ਿਆਦਾ ਭਰਮਾਊ ਤੇ ਦਿਲਕਸ਼ ਹੈ। ਪਰਮਾਤਮਾ ਚਾਹੁੰਦਾ ਹੈ ਕਿ ਮਨੁੱਖ ਨੇਕੀ ਦੇ ਰਾਹ ਤੇ ਚਲਣ। ਗੁਰੂ ਨਾਨਕ ਦਾ ਕਹਿਣਾ ਹੈ : 'ਹਰ ਮਨੁੱਖ ਆਪਣੀ ਮਾਂ ਦੇ ਪੇਟ ਵਿਚੋਂ ਨੰਗਾ ਹੀ ਪੈਦਾ ਹੋਇਆ ਹੈ, ਖੁਸ਼ੀਆਂ ਜਾਂ ਦੁੱਖ ਉਸ ਦੇ ਪੁਰਾਣੇ ਜਨਮਾਂ ਦਾ ਫਲ ਹਨ। ਪਰਮਾਤਮਾ ਤੇ ਸੱਚਾ ਗੁਰੂ ਹੀ ਕਰਮ ਦੇ ਕਾਨੂੰਨਾਂ ਨੂੰ ਬਦਲ ਸਕਦੇ ਹਨ ਜਾਂ ਸੁਧਾਰ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਅਨੁਸਾਰ ਅਮਰ-ਆਤਮਾ ਦਾ ਪ੍ਰਕਾਸ਼ (ਉਦਗਮ) ਉਸੇ ਪੂਰਣ ਪਰਮਾਤਮਾ, ਰੋਸ਼ਨੀ ਦੇ ਥੰਮ ਅਤੇ ਪਵਿੱਤਰ ਸੋਮੇ ਵਿਚੋਂ ਹੁੰਦਾ ਹੈ। ਦੁਨੀਆਂ ਵਿਚ 84 ਲੱਖ ਜੂਨਾਂ ਮੰਨੀਆਂ ਜਾਂਦੀਆਂ ਹਨ। ਉਨ੍ਹਾਂ ਵਿਚ ਮਨੁੱਖੀ ਜਨਮ ਹੀ ਉੱਤਮ ਹੈ ਜਿਸ ਵਿਚ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਆਤਮਾ ਪਰਮਾਤਮਾ ਦਾ ਹੀ ਅੰਗ ਹੈ। ਇਹ ਵੱਖ ਵੱਖ ਸਰੀਰਾਂ ਵਿਚ ਆਪਣੇ ਕਰਮਾਂ ਅਨੁਸਾਰ ਅਨੇਕਾਂ ਸ਼ਕਲਾਂ ਧਾਰਦੀ ਹੈ। ਇਹ ਜਿਸ ਸੋਮੇ ਵਿਚੋਂ ਉਗਮੀ ਹੈ, ਇਸ ਨੂੰ ਉਸ ਨਾਲ ਹੀ ਜੋੜਿਆ ਜਾ ਸਕਦਾ ਹੈ। ਇਸ ਸੰਸਾਰ ਵਿਚ ਮਨ ਬੁਰਾਈਆਂ ਤੇ ਬਦੀਆਂ ਵਲ ਖਿਚਿਆ ਜਾਂਦਾ ਹੈ। ਮਾਇਆ ਬੰਦੇ ਨੂੰ ਜਕੜ ਲੈਂਦੀ ਹੈ। ਮਨੁੱਖ ਦਾ ਆਖਰੀ ਨਿਸ਼ਾਨਾ ਨਿਰਵਾਣ ਪ੍ਰਾਪਤੀ ਜਾਂ ਸੱਚ ਖੰਡ ਹੈ ਅਤੇ ਇਹ ਪਰਮ ਅਨੰਦ ਦੀ ਅਵਸਥਾ ਹੈ। ਮੁਕਤੀ ਪਰਮਾਤਮਾ ਦੀ ਲਗਾਤਾਰ ਭਗਤੀ ਨਾਲ ਉੱਚਾ ਚਰਿੱਤਰ ਅਤੇ

ਮਨੁੱਖ ਮਾਤਰ ਦੀ ਸੇਵਾ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਅਨੁਸਾਰ ਹਰ ਜੀਵ ਦੇ ਦੋ ਸਰੀਰ ਹਨ। ਇਕ ਛੂਹਣਯੋਗ, ਇਕ ਅਛੂਹ, ਇਕ ਦਿਖ ਤੇ ਇਕ ਅਦਿਖ। ਪਹਿਲਾ ਹੈ ਸਰੀਰ ਦੂਸਰੀ ਹੈ ਆਤਮਾ। ਆਤਮਿਕ ਵਿਕਾਸ ਦੇ ਪੰਜ ਪੜਾਅ ਇਹ ਹਨ-ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸੱਚ ਖੰਡ।

## ਮਾਨਵਤਾ ਦਾ ਪਿਆਰ

ਗੁਰੂ ਨਾਨਕ ਦੇਵ ਜੀ ਨੇ ਜਾਤ, ਰੰਗ, ਨਸਲ, ਧਰਮ ਅਤੇ ਭੂਗੋਲਿਕ ਭਿੰਨਤਾਵਾਂ ਤੋਂ ਉੱਪਰ ਉਠ ਕੇ ਸਭ ਨੂੰ ਪਿਆਰ ਕੀਤਾ। ਉਨ੍ਹਾਂ ਦਾ ਪਰਮਾਤਮਾ ਦੇ ਪਿਤਾ ਹੋਣ ਅਤੇ ਮਨੁੱਖਾਂ ਤੇ ਭਰਾ ਹੋਣ ਦਾ ਪੱਕਾ ਵਿਸ਼ਵਾਸ ਸੀ। ਭਾਈ ਜੋਧ ਸਿੰਘ ਨੇ ਇਸ ਬਾਰੇ ਕਿਹਾ ਹੈ ''ਮਨੁੱਖਾਂ ਦੇ ਭਰੱਪਣ ਵਿਚੋਂ ਰੱਬੀ ਏਕਤਾ ਦਾ ਪ੍ਰਕਾਸ਼ ਹੁੰਦਾ ਹੈ।'' ਗੁਰੂ ਨਾਨਕ ਦੇਵ ਜੀ ਨੇ ਵਿਸ਼ਵ ਭਾਈਚਾਰੇ ਦੇ ਸਿਧਾਂਤ ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਨੇ ਕਿਹਾ ਹੈ, ਪਿਤਾ ਇਕੋ ਹੈ ਅਤੇ ਅਸੀਂ ਸਭ ਉਸ ਦੇ ਬੱਚੇ ਹਾਂ। ਉਨ੍ਹਾਂ ਨੇ ਮਨੁੱਖ ਨੂੰ ਬਹੁਤ ਮਹੱਤਤਾ ਦਿੱਤੀ ਹੈ। ਉਨ੍ਹਾਂ ਨੇ ਮਨੁੱਖੀ ਜੀਵਨ ਦੀ ਪਵਿੱਤਰਤਾ ਨੂੰ ਬਹੁਤ ਹੀ ਉੱਚਾ ਦਰਜਾ ਦਿੱਤਾ ਹੈ। ਮੈਕਗਰੇਗਰ ਨੇ ਕਿਹਾ ਹੈ ਕਿ ''ਗੁਰੂ ਨਾਨਕ ਦਾ ਫੁਰਮਾਨ ਸੀ ਸਾਰੀ ਮਨੁੱਖਤਾ ਲਈ ਸ਼ਾਂਤੀ।'' ਗੁਰੂ ਨਾਨਕ ਨੇ ਹਿੰਦੂ ਅਤੇ ਮੁਸਲਿਮ ਤੀਰਥਾਂ ਦੀ ਯਾਤਰਾ ਕੀਤੀ ਅਤੇ ਹਰ ਥਾਂ ਪਰਮਾਤਮਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਰੰਗ ਅਤੇ ਨਸਲ ਦੇ ਭੇਦ-ਭਾਵ ਤੋਂ ਬਿਨਾਂ ਸਭ ਦੀਆਂ ਬੁਰਾਈਆਂ ਨੂੰ ਭੰਡਿਆ। ਗਫ਼ ਕਹਿੰਦਾ ਹੈ, ''ਗੁਰੂ ਨਾਨਕ ਨੇ ਰਸਮਾਂ ਰੀਤੀਆਂ ਦੀ ਪੇਪੜੀ ਨੂੰ ਤੋੜ ਕੇ ਸਭ ਕਾਸੇ ਦੀ ਜੜ੍ਹ ਪਰਮਾਤਮਾ ਦੀ ਏਕਤਾ ਤੇ ਮਨੁੱਖਤਾ ਦੀ ਸਮਾਨਤਾ ਵਿਚ ਲੱਭੀ।'' ਗੁਰੂ ਨਾਨਕ ਨੇ ਉਪਦੇਸ਼ ਦਿੱਤਾ ਕਿ ਜਦੋਂ ਜੀਵਨ ਪਵਿੱਤਰ ਸੋਮੇ ਭਾਵ ਪਰਮਾਤਮਾ ਤੋਂ ਪ੍ਰਾਪਤ ਹੋਇਆ ਹੈ ਤਾਂ ਇਸ ਨੂੰ ਜ਼ਰੂਰ ਹੀ ਪਵਿੱਤਰ ਰਹਿਣਾ ਚਾਹੀਦਾ ਹੈ।

## ਅਵਤਾਰਾਂ ਤੇ ਦੇਵਤਿਆਂ ਪ੍ਰਤੀ ਨਜ਼ਰੀਆ

ਗੁਰੂ ਨਾਨਕ ਦੇਵ ਜੀ ਦਾ ਦੇਵੀ ਦੇਵਤਿਆਂ ਵਿਚ ਵਿਸ਼ਵਾਸ ਨਹੀਂ ਸੀ। ਉਨ੍ਹਾਂ ਦਾ ਇਕ ਪਰਮਾਤਮਾ ਵਿਚ ਵਿਸ਼ਵਾਸ ਸੀ ਜੋ ਸਭ ਨੂੰ ਪੈਦਾ ਕਰਨ ਵਾਲਾ ਹੈ। ਡਾਕਟਰ ਟਰੰਪ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਰਬੋਤਮ ਪਰਮਾਤਮਾ ਦੀ ਏਕਤਾ ਦੇ ਆਧਾਰ ਤੇ ਦੇਵੀ ਦੇਵਤਿਆਂ ਦੀ ਪੂਜਾ ਤੋਂ ਨਹੀਂ ਰੋਕਿਆ ਪਰ ਇਹ ਠੀਕ ਵਿਚਾਰ ਨਹੀਂ ਹੈ, ਕਿਉਂਕਿ ਗੁਰੂ ਨਾਨਕ ਨੇ ਕਈ ਥਾਂ ਕਿਹਾ ਹੈ ਕਿ ਪਰਮਾਤਮਾ ਦੇਵਤਿਆਂ ਤੇ ਅਵਤਾਰਾਂ ਤੋਂ ਉੱਪਰ ਹੈ।

ਗੁਰੂ ਨਾਨਕ ਦਾ ਮੂਰਤੀ ਪੂਜਾ ਵਿਚ ਵਿਸ਼ਵਾਸ ਨਹੀਂ ਸੀ। ਉਨ੍ਹਾਂ ਦਾ ਨਿਰੰਕਾਰ ਪਰਮਾਤਮਾ ਵਿਚ ਵਿਸ਼ਵਾਸ ਸੀ। ਅਰਦਸਤਾਨੀ ਦੇ ਵਿਚਾਰ ਅਨੁਸਾਰ, ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਸਲਾਹਿਆ ਅਤੇ ਉਸੇ ਤਰ੍ਹਾਂ ਹਿੰਦੂਆਂ ਦੇ ਅਵਤਾਰਾਂ ਨੂੰ ਵੀ, ਪਰ ਉਹ ਜਾਣਦੇ ਹਨ ਕਿ ਇਹ ਸਭ ਚੀਜ਼ਾਂ ਪੈਦਾ ਹੋਈਆਂ ਹਨ, ਬਣਾਈਆਂ ਗਈਆਂ ਹਨ ਪਰ ਕਰਤਾ ਨਹੀਂ ਅਤੇ ਗੁਰੂ ਜੀ ਨੇ ਇਨ੍ਹਾਂ ਦੀ ਸਵਰਗ ਵਿਚੋਂ ਆਮਦ ਨੂੰ ਨਹੀਂ ਮੰਨਿਆ। ਭਾਵੇਂ ਗੁਰੂ ਨਾਨਕ ਨੇ ਹਿੰਦੂਆਂ ਦੀ ਤ੍ਰਿਮੂਰਤੀ ਦਾ ਜ਼ਿਕਰ ਕੀਤਾ ਹੈ ਜਿਸ ਦਾ ਅਰਥ ਹੈ ਬ੍ਰਹਮਾ (ਕਰਤਾ) ਵਿਸ਼ਨੂੰ

(ਪਾਲਕ) ਤੇ ਸ਼ਿਵ (ਸੰਸਾਰ ਦਾ ਵਿਨਾਸ਼ ਕਰਤਾ) ਪਰੰਤੂ ਇਨ੍ਹਾਂ ਦੀ ਹੋਂਦ ਨੂੰ ਸੁੰਤਤਰ ਨਹੀਂ ਮੰਨਿਆ ਸਗੋਂ ਇਹ ਤਿੰਨੇ ਪਰਮਾਤਮਾ ਦੀ ਖੁਸ਼ੀ ਅਤੇ ਹੁਕਮ ਅਨੁਸਾਰ ਕੰਮ ਕਰਦੇ ਹਨ। ਉਨ੍ਹਾਂ ਨੇ ਸਾਫ ਸ਼ਬਦਾਂ ਵਿਚ ਕਿਹਾ ਹੈ ਕਿ ਇਕੱਲੇ ਪਰਮਾਤਮਾ ਦੀ ਹੀ ਪੂਜਾ ਕਰਨੀ ਬਣਦੀ ਹੈ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਪਰਮਾਤਮਾ ਦੀ ਥਾਂ ਦੇਵੀ ਦੇਵਤਿਆਂ ਨੂੰ ਪੂਜਣਾ ਬੇਕਾਰ ਹੈ।

## ਸੰਨਿਆਸ ਦਾ ਵਿਰੋਧ

ਗੁਰੂ ਨਾਨਕ ਨੇ ਸੰਨਿਆਸ ਦਾ ਪੂਰਣ ਵਿਰੋਧ ਕੀਤਾ। ਉਨ੍ਹਾਂ ਨੇ ਤਿਆਗ (ਸੰਸਾਰ ਦੇ ਤਿਆਗ) ਦਾ ਵਿਰੋਧ ਕੀਤਾ ਤੇ ਆਪਣੇ ਸਿੱਖਾਂ ਨੂੰ ਦੁਨੀਆਂ ਵਿਚ ਰਹਿਣ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਧਰਮ ਦੇ ਬਾਹਰੀ ਚਿੰਨ੍ਹਾਂ ਦਾ ਖੰਡਨ ਕੀਤਾ ਜਿਨ੍ਹਾਂ ਨੂੰ ਲੋਕ ਜ਼ਰੂਰੀ ਧਾਰਮਿਕ ਕਾਰਜ ਸਮਝ ਕੇ ਕਰਦੇ ਸਨ। ਧੂਣੀਆਂ ਤਪਾਉਣਾ, ਵਰਤ ਰੱਖਣੇ, ਸਰੀਰ ਨੂੰ ਕਸ਼ਟ ਦੇ ਕੇ ਤਪੱਸਿਆ ਕਰਨੀ ਜਾਂ ਤੀਰਥਾਂ ਤੇ ਘੁੰਮਣਾ, ਕੋਈ ਨੇਕ ਕੰਮ ਨਹੀਂ ਸਗੋਂ ਸਿਰਫ ਸਰੀਰਕ ਕ੍ਰਿਆਵਾਂ ਜਾਂ ਅਭਿਆਸ ਹਨ। ਇਨ੍ਹਾਂ ਦਾ ਆਤਮਾ ਨਾਲ ਕੋਈ ਸੰਬੰਧ ਨਹੀਂ ਹੈ। ਗੁਰੂ ਨਾਨਕ ਦਾ ਸੰਦੇਸ਼ ਸੀ, ਕਿ ''ਅੰਜਨ ਮਾਹਿ ਨਿਰੰਜਨ ਰਹੀਏ'' ਅਰਥਾਤ ਸੰਸਾਰ ਦੀਆਂ ਅਪਵਿੱਤਰਤਾਵਾਂ ਵਿਚ ਹੀ ਪਵਿੱਤਰ ਜੀਵਨ ਬਤੀਤ ਕਰੋ। ਗੁਰੂ ਨਾਨਕ ਨੇ ਪਵਿੱਤਰਤਾ ਦੀ ਜੋ ਪਰਿਭਾਸ਼ਾ ਦਿੱਤੀ ਹੈ ਉਹ ਇਸ ਤਰ੍ਹਾਂ ਹੈ-ਉਹ ਪਵਿੱਤਰ ਨਹੀਂ ਜੋ ਆਪਣੇ ਤਨ ਨੂੰ ਪਾਣੀ ਨਾਲ ਧੋ ਕੇ ਆਰਾਮ ਨਾਲ ਬੈਠੇ ਸਨ ਸਗੋਂ ਪਵਿੱਤਰ ਉਹ ਹਨ ਜਿਨਾਂ ਨੇ ਆਪਣੇ ਮਨ ਵਿਚ ਪਰਮਾਤਮਾ ਦਾ ਨਿਵਾਸ ਕੀਤਾ ਹੈ ਉਨ੍ਹਾਂ ਨੇ ਗ੍ਰਹਿਸਥੀ ਜੀਵਨ ਨੂੰ ਬਹੁਤ ਮਹੱਤਤਾ ਦਿੱਤੀ। ਮਨੁੱਖਾਂ ਨੂੰ ਦੁਨੀਆਂ ਦੀਆਂ ਵਸਤਾਂ ਨੂੰ ਪਰਮਾਤਮਾ ਵਲੋਂ ਭੇਟ ਸਮਝ ਕੇ ਪਿਆਰ ਕਰਨਾ ਚਾਹੀਦਾ ਹੈ। ਹਰ ਇਕ ਨੂੰ ਸੱਚਾ ਅਤੇ ਫਰਜ਼-ਪਾਲਕ ਹੋਣਾ ਚਾਹੀਦਾ ਹੈ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਸਿੱਖ ਅਪਵਿੱਤਰਤਾਵਾਂ ਤੋਂ ਉੱਪਰ ਉਠ ਕੇ ਜੀਉਣ ਜਿਵੇਂ ਕਮਲ ਦਾ ਫੁੱਲ ਚਿੱਕੜ ਵਿਚ ਰਹਿ ਕੇ ਗੰਧ ਤੋਂ ਨਿਰਲੇਪ ਰਹਿੰਦਾ ਹੈ। ਉਸੇ ਤਰ੍ਹਾਂ ਦੁਨਿਆਵੀ ਖੁਸ਼ੀਆਂ ਦਾ ਆਨੰਦ ਉਨ੍ਹਾਂ ਦੇ ਗੁਲਾਮ ਬਣਨ ਤੋਂ ਬਿਨਾਂ ਲੈਣ।

## ਤੀਰਥ ਤੇ ਵਰਤ

ਗੁਰੂ ਨਾਨਕ ਦੇਵ ਜੀ ਦੀ ਰਾਇ ਸੀ ਕਿ ਮਨੁੱਖ ਨੂੰ ਨੇਕ ਲੋਕਾਂ ਦੀ ਸੰਗਤ ਵਿਚ ਰਹਿਣਾ ਚਾਹੀਦਾ ਹੈ। ਤੀਰਥਾਂ ਤੇ ਜਾਣਾ ਮਨ ਦੀ ਤਸੱਲੀ ਤਾਂ ਹੈ ਇਸ ਦੇ ਨਾਲ ਪਾਪ ਧੋਤੇ ਨਹੀਂ ਜਾ ਸਕਦੇ। ਉਹ ਸਰੀਰ ਨੂੰ ਕਸ਼ਟ ਦੇਣ ਦੇ ਖਿਲਾਫ ਸਨ। ਮਨੁੱਖੀ ਸਰੀਰ ਹੀ ਪਰਮਾਤਮਾ ਦਾ ਮੰਦਰ ਹੈ। ਉਹ ਵਰਤਾਂ ਦੇ ਵਿਰੁੱਧ ਸਨ। ਉਹ ਚਾਹੁੰਦੇ ਸਨ ਮਨੁੱਖ ਆਪਣੇ ਮਨ ਵਿਚ ਰੱਬ ਨੂੰ ਮਹਿਸੂਸ ਕਰੇ ਤੇ ਮੰਨੇ। ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਤੀਰਥ ਤੇ ਵਰਤ ਕਿਸੇ ਕੰਮ ਦੇ ਨਹੀਂ ਹਨ। ਉਨ੍ਹਾਂ ਨੇ ਯੱਗ ਕਰਨਾ ਅਤੇ ਫੋਕੀਆਂ ਰਸਮਾਂ ਪੂਰੀਆਂ ਕਰਨਾ ਬਿਲਕੁਲ ਰੱਦ ਕਰ ਦਿੱਤਾ। ਜਿਸ ਚੀਜ਼ ਦਾ ਕੋਈ ਅਰਥ ਹੈ ਉਹ ਮਨੁੱਖ ਦੇ ਨੇਕ ਅਮਲ ਹਨ :

## ਵੇਦ ਤੇ ਕੁਰਾਨ

ਗੁਰੂ ਨਾਨਕ ਦੇਵ ਜੀ ਕਿਸੇ ਵੀ ਧਰਮ ਦੀਆਂ ਧਰਮ-ਪੁਸਤਕਾਂ ਦੇ ਵਿਰੁੱਧ ਨਹੀਂ ਸਨ। ਇਨ੍ਹਾਂ ਨੇ ਕਦੀ ਵੀ ਧਰਮ ਗਰੰਥਾਂ ਵਿਚਲੇ ਗਿਆਨ ਨੂੰ ਨਿੰਦਿਆ ਨਹੀਂ। ਕਬੀਰ ਜੀ ਨੇ ਕਿਹਾ, ਪ੍ਰਚਾਰ ਕਿਤਾਬਾਂ ਅਤੇ ਚਾਰ ਵੇਦ ਜੋ ਸਾਰਾ ਸੰਸਾਰ ਜਾਣਦਾ ਹੈ ਪਰਮਾਤਮਾ ਦੇ ਹੁਕਮ ਨਾਲ ਉਪਰੋਂ ਆਏ ਹਨ।" ਅੱਗੇ ਕਹਿੰਦੇ ਹਨ "ਕਿ ਵੇਦ ਅਤੇ ਕੁਰਾਨ ਨੂੰ ਝੂਠੇ ਨਾ ਕਹੋ ਸਗੋਂ ਝੂਠਾ ਤਾਂ ਉਹ ਹੈ ਜੋ ਇਨ੍ਹਾਂ ਤੇ ਅਮਲ ਨਹੀਂ ਕਰਦਾ।" ਪਰ ਗੁਰੂ ਨਾਨਕ ਨੇ ਇਨ੍ਹਾਂ ਗਰੰਥਾਂ ਦੇ ਮਸ਼ੀਨੀ ਤਰ੍ਹਾਂ ਦੇ ਪਾਠ ਦੀ ਜੋ ਪਰਮਾਤਮਾ ਨੂੰ ਬਿਨਾਂ ਸਮਝੇ ਤੇ ਮੰਨੇ ਕੀਤਾ ਜਾਂਦਾ ਹੈ ਘੋਰ ਨਿੰਦਿਆ ਕੀਤੀ ਹੈ। ਗੋਕਲ ਚੰਦ ਨਾਰੰਗ ਅਨੁਸਾਰ, "ਗੁਰੂ ਨਾਨਕ ਅਨੁਸਾਰ ਬ੍ਰਾਹਮਣਾਂ ਨੂੰ ਭੋਜਨ ਕਰਾਉਣਾ, ਗਊਆਂ ਦਾਨ ਕਰਨਾ, ਵੇਦ ਜਾਂ ਕੁਰਾਨ ਪੜ੍ਹਨਾ ਤੇ ਸਿਰਫ ਨਮਾਜ ਪੜ੍ਹਨ ਜਾਂ ਸੰਧਿਆ ਕਰਨਾ ਮੁਕਤੀ ਦੇ ਸਾਧਨ ਨਹੀਂ ਹਨ।"

## ਪੁਜਾਰੀ ਸਮਾਜ ਦੀ ਸਰਵਉੱਚਤਾ ਨੂੰ ਵੰਗਾਰ

ਗੁਰੂ ਨਾਨਕ ਨੇ ਪਾਪਾਂ ਨਾਲ ਲਿਬੜੇ ਪੁਜਾਰੀਆਂ ਦੀ ਸਰਵ-ਉੱਚਤਾ ਦੇ ਖਿਲਾਫ ਆਵਾਜ਼ ਉਠਾਈ। ਉਹ ਆਪਣੇ ਸਵਾਰਥ ਲਈ ਲੋਕਾਂ ਨੂੰ ਗੁੰਮਰਾਹ ਕਰ ਰਹੇ ਸਨ। ਇਹ ਪੰਡਤ ਅਤੇ ਮੁੱਲਾ ਲਾਲਚੀ ਅਤੇ ਸਵਾਰਥੀ ਸਨ। ਉਨ੍ਹਾਂ ਨੇ ਸਚਾਈ ਦੇ ਮਾਰਗ ਨੂੰ ਤਿਆਗ ਦਿੱਤਾ ਸੀ। ਗੋਕਲ ਚੰਦ ਨਾਰੰਗ ਕਹਿੰਦਾ ਹੈ ਕਿ ਗੁਰੂ ਨਾਨਕ ਨੇ ਨਿਡਰ ਹੋ ਕੇ ਇਹ ਕਿਹਾ ਹੈ ਕਿ ਬ੍ਰਾਹਮਣ ਤੇ ਮੁੱਲਾ ਸੱਚ ਦੀ ਭਾਲ ਲਈ ਸੱਚੇ ਗੁਰੂ ਨਹੀਂ ਹਨ ਸਗੋਂ ਉਹ ਆਪ ਅੰਨ੍ਹੇ ਹਨ ਤੇ ਅੰਨ੍ਹਿਆਂ ਨੂੰ ਹੀ ਰਸਤਾ ਦਿਖਾ ਰਹੇ ਹਨ। ਮੁਕਤੀ ਤਾਂ ਪੱਕੇ ਤੌਰ ਤੇ ਪਰਮਾਤਮਾ ਦੀ ਸੱਚੀ ਭਗਤੀ ਨਾਲ ਹੀ ਪ੍ਰਾਪਤ ਹੋ ਸਕਦੀ ਹੈ ਤੇ ਇਹ ਸੱਚੀ ਮੁਕਤੀ ਦਾ ਰਾਹ ਕੋਈ ਸਤਿਗੁਰੂ ਹੀ ਦਿਖਾ ਸਕਦਾ ਹੈ ਜਿਸ ਨੇ ਆਪ ਇਹ ਰਸਤਾ ਦੇਖਿਆ ਹੋਵੇ।

## ਜਾਤ-ਪਾਤ ਪ੍ਰਥਾ

ਜਾਤੀ ਪ੍ਰਥਾ ਬਹੁਤ ਪੁਰਾਣੇ ਸਮਿਆਂ ਤੋਂ ਹਿੰਦੂ ਸਮਾਜ ਦੀ ਰੀੜ੍ਹ ਦੀ ਹੱਡੀ ਰਹੀ ਹੈ। ਗੁਰੂ ਜੀ ਦੇ ਸਮੇਂ ਭਾਰਤੀ ਸਮਾਜ ਅਣਗਿਣਤ ਜਾਤਾਂ ਤੇ ਉਪ-ਜਾਤਾਂ ਵਿਚ ਵੰਡਿਆ ਹੋਇਆ ਸੀ। ਮਨੁੱਖ ਦੀ ਜਾਤ ਉਸ ਦੇ ਕੰਮ ਤੋਂ ਨਹੀਂ ਸਗੋਂ ਜਨਮ ਤੋਂ ਜਾਣੀ ਜਾਂਦੀ ਸੀ। ਸੰਪਰਦਾਇਕ ਵਿਚਾਰ ਕੌਮੀ ਭਾਵਨਾਵਾਂ ਤੋਂ ਉੱਪਰ ਸਨ। ਕੌਮੀ ਏਕਤਾ ਤਾਂ ਇਕ ਸੁਪਨਾ ਮਾਤਰ ਸੀ। ਪ੍ਰੰਤੂ ਗੁਰੂ ਨਾਨਕ ਦਾ ਜਾਤ-ਰਹਿਤ ਸਮਾਜ ਵਿਚ ਵਿਸ਼ਵਾਸ ਸੀ। ਉਹ ਸਮਾਨਤਾ ਦੇ ਝੰਡਾ ਬਰਦਾਰ ਸਨ। ਉਹ ਚਾਹੁੰਦੇ ਸਨ ਕਿ ਮਨੁੱਖ ਦਾ ਮਨੁੱਖ ਦੁਆਰਾ ਸ਼ੋਸਣ ਖਤਮ ਹੋਵੇ।

ਗੁਰੂ ਨਾਨਕ ਨੇ ਸਿਰਫ ਜਾਤਾਂ ਨੂੰ ਹੀ ਨਹੀਂ ਭੰਡਿਆ ਸਗੋਂ ਸੰਪਰਦਾਇਕ ਭਾਵਨਾ ਨੂੰ ਵੀ ਨਿੰਦਿਆਂ ਕਿਉਂਕਿ ਇਹ ਪਿਆਰ ਦੀ ਬੁਨਿਆਦੀ ਸੱਚਾਈ ਦੇ ਵਿਰੁੱਧ ਸੀ। ਗਿਆਨ ਪ੍ਰਾਪਤੀ ਤੋਂ ਬਾਅਦ ਹੀ ਉਨ੍ਹਾਂ ਕਿਹਾ ਕਿ ਨ ਕੋ ਹਿੰਦੂ ਨ ਮੁਸਲਮਾਨ। ਉਹ ਚਾਹੁੰਦੇ ਸਨ ਕਿ ਹਿੰਦੂ ਅਤੇ ਮੁਸਲਮਾਨ ਪਿਆਰ ਭਾਵਨਾ ਦਾ ਵਿਕਾਸ ਕਰਨ ਅਤੇ ਮਿਲ ਕੇ ਰਹਿਣ। ਕਰਤਾਰਪੁਰ ਵਿਖੇ ਲੰਗਰ ਪ੍ਰਥਾ ਦਾ ਆਰੰਭ ਕੀਤਾ ਗਿਆ। ਸਭ ਧਰਮਾਂ, ਰੰਗਾਂ ਤੇ ਜਾਤਾਂ ਦੇ ਲੋਕ ਇਕੱਠੇ ਮਿਲ ਕੇ ਬੈਠਦੇ ਸਨ ਤੇ ਖਾਂਦੇ ਸਨ। ਉਹ ਮਨੁੱਖਾਂ ਦੀ ਸਮਾਨਤਾ ਵਿਚ ਭਰੋਸਾ ਰੱਖਦੇ ਸਨ। ਗੁਰੂ ਨਾਨਕ ਨੇ ਜ਼ੋਰ ਦਿੱਤਾ ਕਿ ਹਰ ਸਿੱਖ ਦਾ ਘਰ ਇਕ ਸੱਚੀ

ਧਰਮਸ਼ਾਲਾ ਹੋਵੇ ਜਿਥੇ ਪਿਆਰ, ਭਗਤੀ ਅਤੇ ਸੇਵਾ ਭਾਵਨਾ ਹੋਵੇ। ਹਰ ਸਿੱਖ ਨੂੰ ਹੁਕਮ ਸੀ ਕਿ ਯਾਤਰੂਆਂ ਦਾ ਸਵਾਗਤ ਕਰੇ ਤੇ ਲੋੜਵੰਦਾਂ ਨੂੰ ਆਰਾਮ ਦੇਵੇ ਤੇ ਅੰਨ ਪਾਣੀ ਹਾਜ਼ਰ ਕਰੇ। ਗੋਕਲ ਚੰਦ ਨਾਰੰਗ ਲਿਖਦੇ ਹਨ ''ਗੁਰੂ ਨਾਨਕ ਨੇ ਹਿੰਦੂ ਤੇ ਮੁਸਲਮਾਨ ਦੋਵਾਂ ਦੇ ਪੁਜਾਰੀਆਂ ਤੇ ਜ਼ੋਰਦਾਰ ਹਮਲਾ ਕੀਤਾ ਤੇ ਐਲਾਨ ਕੀਤਾ ਕਿ ਸਭ ਮਨੁੱਖ ਪਰਮਾਤਮਾ ਦੀਆਂ ਨਜ਼ਰਾਂ ਵਿਚ ਇਕ ਹਨ।''

## ਸ਼ਾਸਕਾਂ ਦੇ ਜ਼ੁਲਮ

ਗੁਰੂ ਨਾਨਕ ਦੇਵ ਜੀ ਦੇ ਸਮੇਂ ਸ਼ਾਸਕ-ਵਰਗ ਨੇ ਰਾਜਨੀਤਿਕ ਤੇ ਸਮਾਜਿਕ ਵਾਤਾਵਰਣ ਬਿਲਕੁਲ ਗੰਧਲਾ ਕਰ ਦਿੱਤਾ ਸੀ। ਹਿੰਦੂਆਂ ਤੇ ਜ਼ੁਲਮ ਕੀਤੇ ਜਾਂਦੇ ਸਨ ਤੇ ਵਿਦੇਸ਼ੀ ਰਾਜਿਆਂ ਦੇ ਹੱਥਾਂ ਵਿਚ ਹਿੰਦੂ ਸਭਿਅਤਾ ਕੁਚਲੀ ਜਾ ਰਹੀ ਸੀ। ਨਿਰਦੋਸ਼ ਲੋਕ ਜ਼ੁਲਮ ਦਾ ਸ਼ਿਕਾਰ ਸਨ। ਉਪਰਲੇ ਤਬਕੇ ਦੇ ਲੋਕ ਹੇਠਲੇ ਤਬਕੇ ਦੇ ਲੋਕਾਂ ਨੂੰ ਘਿਰਣਾ ਕਰਦੇ ਸਨ। ਲੋਧੀਆਂ ਤੇ ਬਾਬਰ ਨੇ ਲੋਕਾਂ ਤੇ ਜ਼ੁਲਮ ਕੀਤੇ। ਗੁਰੂ ਨਾਨਕ ਨੇ ਸ਼ਾਸਕਾਂ ਦੇ ਜ਼ੁਲਮਾਂ ਦਾ ਨਿਡਰ ਹੋ ਕੇ ਪਰਦਾ ਫਾਸ਼ ਕੀਤਾ ਤੇ ਸਖਤ ਸ਼ਬਦਾਂ ਵਿਚ ਇਸ ਦੇ ਵਿਰੁੱਧ ਆਵਾਜ਼ ਉਠਾਈ। ਸਦੀਆਂ ਦੀ ਗੁਲਾਮੀ ਵਿਚ ਗੁਰੂ ਨਾਨਕ ਪਹਿਲੇ ਮਹਾਂਪੁਰਖ ਸਨ ਜਿਨ੍ਹਾਂ ਨੇ ਜ਼ੁਲਮ ਤੇ ਜ਼ਬਰ ਦੇ ਵਿਰੁੱਧ ਆਵਾਜ਼ ਉਠਾਈ।

## ਇਸਤਰੀ ਦੀ ਪ੍ਰਸੰਸਾ

ਗੁਰੂ ਨਾਨਕ ਦੇਵ ਜੀ ਦੇ ਸਮੇਂ ਔਰਤਾਂ ਦਾ ਦਰਜਾ ਤ੍ਰਿਸਕਾਰਪੂਰਨ ਸੀ ਅਤੇ ਉਸਨੂੰ ਚਾਰ ਦੀਵਾਰੀ ਤੇ ਪਰਦੇ ਦੇ ਅੰਦਰ ਰਹਿਣ ਲਈ ਮਜ਼ਬੂਰ ਕੀਤਾ ਜਾਂਦਾ ਸੀ। ਬਾਲ ਵਿਆਹ ਤੇ ਸਤੀ ਹੋਣਾ ਆਮ ਸੀ। ਉਸ ਨੂੰ ਚੰਗੀ ਵਿਦਿਆ ਹਾਸਲ ਕਰਨ ਦੀ ਆਗਿਆ ਨਹੀਂ ਸੀ। ਪਰ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਬਰਾਬਰ ਦਾ ਦਰਜਾ ਦਿੱਤਾ। ਪਰਦੇ ਦੀ ਨਿਖੇਧੀ ਕੀਤੀ ਤੇ ਉਸ ਨੂੰ ਮਨੁੱਖ ਨਾਲ ਸਭ ਰਸਮਾਂ ਕਰਨ ਦਾ ਅਧਿਕਾਰ ਦਿੱਤਾ ਗਿਆ। ਸਤਿ-ਸੰਗ ਸਮੇਂ ਔਰਤਾਂ ਸਮੂੰਹ ਰੀਤਾਂ ਵਿਚ ਸ਼ਾਮਲ ਹੋ ਸਕਦੀਆਂ ਸਨ। ਲੰਗਰ ਵਿਚ ਭੋਜਨ ਪਕਾਉਣ ਅਤੇ ਸੰਗਤ ਨੂੰ ਵਰਤਾਉਣ ਦੀ ਸੇਵਾ ਕਰਦੀਆਂ ਸਨ। ਗੁਰੂ ਨਾਨਕ ਨੇ ਕਿਹਾ ਉਨ੍ਹਾਂ ਨੂੰ (ਇਸਤਰੀਆਂ ਨੂੰ) ਮਾੜਾ ਕਿਉਂ ਕਿਹਾ ਜਾਵੇ ਜੋ ਮਨੁੱਖ ਨੂੰ ਜਨਮ ਦਿੰਦੀਆਂ ਹਨ, ਇਸਤਰੀਆਂ ਅਤੇ ਪੁਰਖ ਭਗਵਾਨ ਦੀ ਕ੍ਰਿਪਾ ਅਤੇ ਆਪਣੇ ਅਮਲ ਲਈ ਭਗਵਾਨ ਸਾਹਮਣੇ ਇਕੋ ਜਿਹੇ ਜ਼ਿੰਮੇਵਾਰ ਹਨ। ਗੁਰੂ ਨਾਨਕ ਨੇ ਔਰਤ ਦਾ ਦਰਜਾ ਇਹ ਕਹਿ ਕੇ ਉੱਚਾ ਕੀਤਾ ਕਿ ਜਿਵੇਂ ਔਰਤਾਂ ਆਪਣੀ ਸੁੰਦਰਤਾ, ਸੀਰਤਾ, ਪਵਿੱਤਰਤਤਾ, ਪਿਆਰ ਸੇਵਾ ਤੇ ਭਗਤੀ ਨਾਲ ਮਨੁੱਖ ਨੂੰ ਜਿੱਤ ਲੈਂਦੀਆਂ ਹਨ ਉਸੇ ਤਰ੍ਹਾਂ ਅਸੀਂ ਪਰਮਾਤਮਾ ਨੂੰ ਪਾ ਸਕਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਕਿਹਾ, ''ਅਸੀਂ ਔਰਤ ਵਿਚ ਨਿੰਮਦੇ ਹਾਂ ਤੇ ਉਸ ਤੋਂ ਜੰਮਦੇ ਹਾਂ। ਉਸ ਨਾਲ ਮੰਗਣੀ ਕਰਦੇ ਹਾਂ ਤੇ ਔਰਤ ਨਾਲ ਨਵੇਂ ਰਿਸ਼ਤਿਆਂ ਦੀ ਸਿਰਜਣਾ ਕਰਦੇ ਹਾਂ। ਔਰਤ ਵੰਸ਼ ਨੂੰ ਚਲਾਉਂਦੀ ਹੈ। ਸੋ ਅਸੀਂ ਔਰਤ ਨੂੰ ਕਿਵੇਂ ਭੰਡੀਏ ਉਹ ਤਾਂ ਰਾਜਿਆਂ ਅਤੇ ਮਹਾਂ-ਪੁਰਖਾਂ ਦੀ ਜਨਮਦਾਤੀ ਹੈ।''

ਕਿਹਾ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ।।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।

(ਪੰਨਾ 473)

### ਵਿਦਿਆ

ਗੁਰੂ ਨਾਨਕ ਦੇਵ ਜੀ ਮਨੁੱਖ-ਮਾਤਰ ਲਈ ਆਤਮਿਕ ਵਿਦਿਆ ਦੀ ਮਹੱਤਤਾ ਤੇ ਜ਼ੋਰ ਦਿੱਤਾ। ਉਨ੍ਹਾਂ ਦਾ ਖਿਆਲ ਸੀ ਕਿ ਆਤਮਿਕ ਸ਼ਾਂਤੀ ਜ਼ਿੰਦਗੀ ਲਈ ਸਭ ਤੋਂ ਕੀਮਤੀ ਹੈ।ਉਹਨਾਂ ਨੇ ਅਸਲੀ ਗਿਆਨੀ (ਪੜ੍ਹੇ ਲਿਖੇ) ਅਤੇ ਅਗਿਆਨੀ ਵਿਅਕਤੀ ਵਿੱਚ ਫਰਕ ਕਰਦਿਆਂ ਸਪਸ਼ਟ ਕੀਤਾ ਹੈ ਕਿ ਅਧਿਆਪਕ ਉਹ ਹੈ ਜੋ ਅਧਿਆਪਕ ਮੌਕੇ ਤੇ ਹੀ ਗਿਆਨ ਦੇ ਸਕੇ ਤਾਂ ਉਸ ਨੂੰ ਪੜ੍ਹਿਆ ਲਿਖਿਆ ਕਿਹਾ ਜਾ ਸਕਦਾ ਹੈ। ਉਹ ਜੋ ਪੜ੍ਹਦਾ ਹੈ ਉਸ ਨੂੰ ਅੰਦਰ ਪਾਉਂਦਾ ਹੈ (ਪਚਾਉਂਦਾ ਹੈ) ਸੱਚ ਨੂੰ ਪਛਾਣਦਾ ਹੈ ਤੇ ਆਪਣਾ ਧਿਆਨ ਰੱਬ ਦੇ ਨਾਂ ਤੇ ਲਾਉਂਦਾ ਹੈ। ਇਸਦੇ ਉਲਟ ਇਕ ਹੰਕਾਰੀ ਗਿਆਨ ਨੂੰ ਵੇਚਦਾ ਹੈ। ਜ਼ਹਿਰ ਖੱਟਦਾ ਹੈ ਤੇ ਜ਼ਹਿਰ ਢਾਲਦਾ ਹੈ। ਮੂਰਖ ਸੰਸਾਰ ਨੂੰ ਨਹੀਂ ਸਮਝਦਾ ਅਤੇ ਅਗਿਆਨਤਾ ਵਿਚ ਫਸਿਆ ਰਹਿੰਦਾ ਹੈ। ਪਰ ਜੇਕਰ ਇਕ ਪੜ੍ਹਿਆ ਲਿਖਿਆ ਬੰਦਾ ਲਾਲਚੀ ਤੇ ਘੁਮੰਡੀ ਹੈ ਉਸਨੂੰ ਵੀ ਮੂਰਖ ਕਿਹਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਉਸ ਅਧਿਆਪਕ ਦੀ ਵਿਰੋਧਤਾ ਵੀ ਕੀਤੀ ਜੋ ਚੇਲਿਆਂ ਤੋਂ ਭੇਟਾ ਲੈਂਦਾ ਹੈ। ਉਹ ਚਾਹੁੰਦੇ ਸਨ ਕਿ ਅਧਿਆਪਕ (ਗੁਰੂ) ਅਮਲੀ ਤੌਰ ਤੇ ਆਤਮਿਕ ਬੁੱਧੀਮਤਾ ਤੇ ਚਰਿੱਤਰ ਪੱਖੋਂ ਬਹੁਤ ਉੱਚਾ ਹੋਣਾ ਚਾਹੀਦਾ ਹੈ। ਇਕ ਪੜ੍ਹੇ ਲਿਖੇ ਨੂੰ ਦੂਜਿਆਂ ਨਾਲ ਨੇਕੀ ਕਰਨੀ ਚਾਹੀਦੀ ਹੈ। ਹੰਕਾਰ ਨੂੰ ਮਾਰਨਾ ਚਾਹੀਦਾ ਹੈ ਅਤੇ ਸੱਚੇ ਗਿਆਨ ਨੂੰ ਪਛਾਨਣਾ ਤੇ ਪ੍ਰਾਪਤ ਕਰਨਾ ਚਾਹੀਦਾ ਹੈ।

### ਧਾਰਮਿਕ ਸ਼ਹਿਨਸ਼ੀਲਤਾ

ਗੁਰੂ ਨਾਨਕ ਦੇਵ ਜੀ ਚਾਹੁੰਦੇ ਸਨ ਕਿ ਮਨੁੱਖ ਰੰਗ, ਨਸਲ, ਜਾਤ, ਉਚ-ਨੀਚਤੇ ਪਦਵੀ ਵਿਤਕਰੇ ਤੋਂ ਉਪਰ ਉਠੇ। ਉਨ੍ਹਾਂ ਸਿਖਾਇਆ ਕਿ ਸਭ ਧਰਮਾਂ ਦਾ ਆਦਰ ਕਰੋ ਕਿਉਂਕਿ ਸਭ ਵਿਚ ਇਕ ਜੋਤ ਵਿਦਮਾਨ ਹੈ। ਇਸ ਕਾਰਨ ਸਭ ਧਰਮਾਂ ਦੇ ਲੋਕਾਂ ਨੇ ਉਨ੍ਹਾਂ ਨੂੰ ਗੁਰੂ ਮੰਨਿਆ। ਉਹ ਬੁਰਾਈ ਦੇ ਦੁਸ਼ਮਣ ਸਨ ਭਾਵੇਂ ਉਹ ਹਿੰਦੂ ਵਿਚ ਹੋਵੇ ਜਾਂ ਮੁਸਲਮਾਨ ਵਿਚ। ਗੁਰੂ ਨਾਨਕ ਹਿੰਦੂਆਂ ਦੇ ਗੁਰੂ ਤੇ ਮੁਸਲਮਾਨਾਂ ਦੇ ਪੀਰ ਸਨ।

## ਸਿੱਖ ਧਰਮ ਅਤੇ ਭਗਤੀ ਅੰਦੋਲਨ

ਮੱਧ ਕਾਲ ਵਿਚ ਭਗਤੀ ਅੰਦੋਲਨ ਲਗਭਗ ਸਾਰੇ ਦੇਸ਼ ਵਿਚ ਫੈਲ ਗਿਆ ਸੀ। ਸਾਰੇ ਭਗਤਾਂ ਦਾ ਇਕੋ ਨਿਸ਼ਾਨਾ ਹਿੰਦੂ ਧਰਮ ਵਿਚ ਮੌਜੂਦ ਬੁਰਾਈਆਂ ਨੂੰ ਦੂਰ ਕਰਨਾ ਸੀ। ਸਮਾਜ ਦੀ ਧਾਰਮਿਕ ਦਸ਼ਾ ਬਹੁਤ ਹੀ ਤਰਸਯੋਗ ਸੀ। ਰਾਮਾਨੁਜ, ਰਾਮਾਨੰਦ, ਕਬੀਰ, ਚੇਤੰਨਯ ਮਹਾਂਪ੍ਰਭੂ, ਨਾਮਦੇਵ ਤੇ ਰਵਿਦਾਸ ਵਰਗੇ ਮਹਾਨ

ਸੁਧਾਰਕਾਂ ਨੇ ਹਿੰਦੂ ਧਰਮ ਵਿਚੋਂ ਬੁਰਾਈਆਂ ਨੂੰ ਕੱਢਣ ਦਾ ਪੂਰਾ ਯਤਨ ਕੀਤਾ। ਗੁਰੂ ਨਾਨਕ ਦੇਵ ਜੀ ਵੇਲੇ ਦੀ ਧਾਰਮਿਕ ਦਸ਼ਾ ਬਾਰੇ ਗੋਕਲ ਚੰਦ ਨਾਰੰਗ ਲਿਖਦਾ ਹੈ, ''ਅਸਲੀਅਤ ਦੀ ਥਾਂ ਕਰਮ ਕਾਡਾਂ ਨੇ ਲੈ ਲਈ ਸੀ ਅਤੇ ਹਿੰਦੂ ਧਰਮ ਦਾ ਮਹਾਨ ਆਤਮਿਕ ਵਿਕਾਸ ਸੰਪਰਦਾਵਾਂ ਦੀ ਭੀੜ ਦੇ ਅਡੰਬਰ ਥੱਲੇ ਦਬ ਗਿਆ ਸੀ। ਪ੍ਰੰਤੂ ਲੱਗਦਾ ਹੈ ਕਿ ਗੁਰੂ ਨਾਨਕ ਨੇ ਹਿੰਦੂ ਧਰਮ ਦੀ ਇਸ ਦਸ਼ਾ ਨੂੰ ਪੂਰੀ ਤਰ੍ਹਾਂ ਸਮਝ ਲਿਆ ਸੀ ਤੇ ਅਸਲ ਰੋਗ ਨੂੰ ਬੁੱਝ ਲਿਆ ਸੀ। ਉਨ੍ਹਾਂ ਅਨੁਸਾਰ ਮੁਸਲਮਾਨ ਕੱਟੜ ਪੰਥੀਆਂ ਵਲੋਂ ਸਰਕਾਰੀ ਸਰਪ੍ਰਸਤੀ ਦੇ ਅਧੀਨ ਧਰਮ ਬਦਲੀ ਦੀ ਜੋ ਢਾਹ ਹਿੰਦੂ ਧਰਮ ਨੂੰ ਲੱਗ ਰਹੀ ਸੀ ਉਸ ਨੂੰ ਧਾਰਮਿਕ-ਪੁਨਰ-ਜਾਗਰਤੀ ਤੋਂ ਬਿਨਾਂ ਰੋਕਿਆ ਨਹੀਂ ਸੀ ਜਾ ਸਕਦਾ। ਧਰਮ-ਬਦਲੀ ਦਾ ਚੱਕਰ ਗੁਰੂ ਜੀ ਦੇ ਜਨਮ ਸਮੇਂ ਜ਼ੋਰਾਂ ਨਾਲ ਚੱਲ ਰਿਹਾ ਸੀ।'' ਭਾਵੇਂ ਕਈ ਪੱਖਾਂ ਤੋਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਭਗਤੀ ਅੰਦੋਲਨ ਦੇ ਹੋਰ ਭਗਤਾਂ ਨਾਲ ਮਿਲਦੀਆਂ ਜੁਲਦੀਆਂ ਹਨ, ਫਿਰ ਵੀ ਕਈ ਪੱਖਾਂ ਤੋਂ ਗੁਰੂ ਨਾਨਕ ਦੇਵ ਜੀ ਦਾ ਧਰਮ ਬਿਲਕੁਲ ਭਿੰਨਤਾ ਰੱਖਦਾ ਹੈ।

ਗੁਰੂ ਨਾਨਕ ਦੇਵ ਜੀ ਦਾ ਰੱਬ ਬਾਰੇ ਵਿਚਾਰ ਬਾਕੀ ਭਗਤਾਂ ਤੋਂ ਭਿੰਨਤਾ ਰੱਖਦਾ ਹੈ। ਉਹ ਭਗਵਾਨ ਦੇ ਨਿਰਗੁਣ ਸਰੂਪ ਨੂੰ ਮੰਨਦੇ ਸਨ ਜੋ ਅਰੂਪ, ਅਮਰ ਤੇ ਹੱਦਾਂ ਤੋਂ ਰਹਿਤ ਹੈ। ਉਨ੍ਹਾਂ ਦਾ ਰੱਬ ਜੰਮਣ ਮਰਣ ਤੋਂ ਬਾਹਰ ਹੈ। ਭਗਤੀ ਸੁਧਾਰਕਾਂ ਨੂੰ ਰੱਬ ਰਾਮ, ਕ੍ਰਿਸ਼ਨ, ਵਿਸ਼ਨੂੰ ਤੇ ਸ਼ਿਵ ਆਦਿ ਦੇ ਰੂਪ ਵਿਚ ਅਵਤਾਰ ਧਾਰਨ ਵਿਚ ਵਿਸ਼ਵਾਸ ਰੱਖਦਾ ਸੀ। ਰੱਬ ਦੇ ਇਨ੍ਹਾਂ ਰੂਪਾਂ ਨੇ ਧਰਮ ਨੂੰ ਗੁੰਝਲਦਾਰ ਬਣਾ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਦਾ ਵਿਚਾਰ ਬਿਲੁਕਲ ਸਾਫ ਤੇ ਸਾਦਾ ਸੀ। ਉਨ੍ਹਾਂ ਦਾ ਅਵਤਾਰਵਾਦ ਵਿਚ ਵਿਸ਼ਵਾਸ ਨਹੀਂ ਸੀ। ਭਾਵੇਂ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਕੁੱਝ ਭਗਤਾਂ ਨੇ ਇਕ-ਰੱਬ ਦਾ ਸਿਧਾਂਤ ਦਿੱਤਾ ਸੀ ਪ੍ਰੰਤੂ ਉਹ ਸ਼ਿਵ ਤੇ ਵਿਸ਼ਨੂੰ ਆਦਿ (ਜਿਨ੍ਹਾਂ ਦੀਆਂ ਤਸਵੀਰਾਂ ਤੇ ਮੂਰਤੀਆਂ ਦੀ ਪੂਜਾ ਕੀਤੀ ਜਾਂਦੀ ਸੀ) ਦੀ ਪੂਜਾ ਦੇ ਖਿਲਾਫ ਆਵਾਜ਼ ਨਹੀਂ ਉਠਾ ਸਕੇ। ਗੁਰੂ ਨਾਨਕ ਨੇ ਮੂਰਤੀ ਪੂਜਾ ਦਾ ਸਪਸ਼ਟ ਖੰਡਨ ਕੀਤਾ ਜੋ ਕਿ ਉਸ ਵੇਲੇ ਦੇ ਹਿੰਦੂ ਧਰਮ ਦਾ ਮੁਢਲਾ ਕੇਂਦਰ ਬਿੰਦੂ ਸੀ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੋਏ ਬਹੁਤੇ ਸੁਧਾਰ ਅੰਦੋਲਨ ਵੱਖ ਵੱਖ ਪੱਖਾਂ ਵਿਚ ਵੰਡੇ ਗਏ ਸਨ ਅਤੇ ਇਨ੍ਹਾਂ ਨੇ ਭੁਲੇਖੇ ਪਾ ਕੇ ਸਥਿਤੀ ਹੋਰ ਵਿਗਾੜ ਦਿੱਤੀ। ਰਾਮਾ ਨੰਦ, ਜਿਸ ਦੇ ਅੰਦੋਲਨ ਦਾ ਬਨਾਰਸ ਵਿਚ ਜ਼ੋਰ ਸੀ, ਜਿਸ ਨੇ ਹਿੰਦੂ ਧਰਮ ਦੀ ਪੁਨਰ-ਜਾਗਰਤੀ ਵਿਚ ਬਹੁਤ ਯੋਗਦਾਨ ਪਾਇਆ, ਉਹ ਵੀ ਗੁਰੂ ਨਾਨਕ ਦੇਵ ਜੀ ਵਾਂਗ ਇਕ ਰੱਬ ਦੀ ਪੂਜਾ ਦਾ ਉਪਦੇਸ਼ ਦੇਣ ਦੀ ਥਾਂ ਆਪਣੀ ਸ਼ਰਧਾ ਸਿਰਫ ਰਾਮ ਵਿਚ ਕੇਂਦਰਿਤ ਕਰਕੇ ਪਹਿਲਾਂ ਮੌਜੂਦ ਪੰਥਾਂ ਵਿਚ ਹੀ ਵਾਧਾ ਕਰ ਸਕਿਆ ਤੇ ਉਹ ਅਵਤਾਰਵਾਦ ਦੇ ਸਿਧਾਂਤ ਨੂੰ ਨਾ ਤੋੜ ਸਕਿਆ।

ਹੋਰ ਭਗਤਾਂ ਨੇ ਸਿਰਫ ਨਿੱਜ, ਵਿਅਕਤੀ ਤੇ ਵਿਸ਼ੇਸ਼ ਤੇ ਜ਼ੋਰ ਦਿੱਤਾ ਜਦੋਂ ਕਿ ਗੁਰੂ ਨਾਨਕ ਦੇਵ ਜੀ ਨੇ ਨਿਜ ਤੇ ਸਮਾਜ ਦੋਵਾਂ ਨੂੰ ਉੱਚਾ ਚੁੱਕਣ ਦਾ ਨਿਸ਼ਾਨਾ ਸਾਹਮਣੇ ਰੱਖਿਆ। ਉਨ੍ਹਾਂ ਨੇ ਸੰਗਤ ਦੀ ਨੀਂਹ ਰੱਖੀ ਜਿਸ ਨੂੰ ਉਨ੍ਹਾਂ ਦੇ ਉਤਰਾਧਿਕਾਰੀਆਂ ਨੇ ਜਾਰੀ ਰੱਖਿਆ।

ਸਿੱਖ ਧਰਮ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਵੀ ਬਚਿਆ ਰਿਹਾ ਜਦੋਂ ਕਿ ਬਾਕੀ ਪੰਥ ਉਨ੍ਹਾਂ ਦੇ ਸੁਧਾਰਕਾਂ ਦੇ ਸਮੇਂ ਵਿਚ ਹੀ ਜਾਂ ਬਾਅਦ ਵਿਚ ਹੌਲੀ ਹੌਲੀ ਹਿੰਦੂ ਧਰਮ ਵਿਚ ਹੀ ਮਿਲ ਗਏ। ਸਿੱਖ ਧਰਮ ਇਕ ਸਮੁਦਾਏ ਦੇ ਤੌਰ ਤੇ ਵਿਕਾਸ ਕਰਦਾ ਗਿਆ। ਗੁਰੂ-ਪ੍ਰਥਾ ਦੀ ਸੰਸਥਾ ਜਿਸ ਦੀ ਨੀਂਹ ਗੁਰੂ ਨਾਨਕ ਨੇ ਰੱਖੀ ਉਨ੍ਹਾਂ ਦੇ ਉਤਰਾਧਿਕਾਰੀਆਂ ਨੇ ਵੀ ਉਸ ਨੂੰ ਜਾਰੀ ਰੱਖਿਆ, ਉਸਦਾ ਹੋਰ ਵਿਕਾਸ ਹੋਇਆ। ਗੁਰੂ ਨਾਨਕ ਦੇਵ ਜੀ ਨੇ ਕਈ ਹੋਰ ਥਾਵਾਂ ਤੇ ਸੰਗਤ ਤੇ ਲੰਗਰ ਸੰਸਥਾ ਸਥਾਪਿਤ ਕੀਤੀ ਤਾਂ ਕਿ ਉਨ੍ਹਾਂ ਦੇ ਸ਼ਰਧਾਲੂ ਇਕ ਥਾਂ ਇਕੱਠੇ ਹੋ ਕੇ ਆਪਸ ਵਿਚ ਮਿਲ ਸਕਣ ਤੇ ਪਰਮਾਤਮਾ ਦੀ ਪ੍ਰਸੰਸਾ ਦੇ ਗੀਤ ਗਾ ਸਕਣ। ਕਿਸੇ ਵੀ ਹੋਰ ਸੁਧਾਰਕ ਨੇ ਅਜਿਹਾ ਕਦੇ ਨਹੀਂ ਕੀਤਾ। ਸਿੱਖ ਧਰਮ ਸਿੱਧਾ ਅਤੇ ਸਾਦਾ ਹੈ। ਸਾਦੇ ਅਸੂਲ ਹਨ-ਇਕ ਪਰਮਾਤਮਾ ਵਿਚ ਭਰੋਸਾ, ਗੁਰੂ ਦਾ ਆਦਰ ਤੇ ਨੇਕ ਜ਼ਿੰਦਗੀ ਦਾ ਆਦਰਸ਼।

ਦੂਜੇ ਸੁਧਾਰਕ ਆਤਮਾ ਦੀ ਮੁਕਤੀ ਦੇ ਪਿਛੇ ਹੀ ਲੱਗੇ ਰਹੇ। ਗੁਰੂ ਨਾਨਕ ਦੇ ਵ ਜੀ ਨੇ ਆਪਣੇ ਸਿਧਾਂਤਾਂ ਦੇ ਪ੍ਰਚਾਰ ਲਈ ਬਹੁਤ ਦੂਰ ਦੂਰ ਤਕ ਵਿਦੇਸ਼ਾਂ ਵਿਚ ਵੀ ਗਏ ਪਰੰਤੂ ਬਾਕੀ ਸੁਧਾਰਕ ਦੇਸ਼ ਵਿਚਲੇ ਪ੍ਰਚਾਰ ਤਕ ਹੀ ਸੀਮਿਤ ਰਹੇ। ਸਿੱਖ ਧਰਮ ਗ੍ਰਹਿਸਥ ਤਿਆਗਣ ਦੇ ਵਿਰੁੱਧ ਹੈ ਅਤੇ ਵਿਸ਼ਵਾਸ ਰੱਖਦਾ ਹੈ ਕਿ ਗ੍ਰਹਿਸਥੀ ਵੀ ਆਸਾਨੀ ਨਾਲ ਮੁਕਤੀ ਪ੍ਰਾਪਤ ਕਰ ਸਕਦਾ ਹੈ। ਗੁਰੂ ਨਾਨਕ ਦੇਵ ਜੀ ਆਪ ਵੀ ਸੰਸਾਰ ਦੇ ਵੱਖ ਵੱਖ ਭਾਗਾਂ ਦੀਆਂ ਉਦਾਸੀਆਂ ਕਰਨ ਤੋਂ ਬਾਅਦ ਕਰਤਾਰਪੁਰ ਵਿਖੇ ਆ ਵਸੇ ਸਨ। ਉਨ੍ਹਾਂ ਦੀ ਇਸ ਨਿਜੀ ਉਦਾਹਰਣ ਦਾ ਬਾਕੀ ਗੁਰੂਆਂ ਨੇ ਵੀ ਤੇ ਸਿੱਖਾਂ ਨੇ ਵੀ ਪਾਲਣਾ ਕੀਤੀ। ਦੂਜੇ ਪੰਥਾਂ ਦੇ ਸੰਸਥਾਪਕਾਂ ਨੇ ਗ੍ਰਹਿਸਥ ਦੀ ਵਕਾਲਤ ਨਹੀਂ ਕੀਤੀ। ਗੁਰੂ ਜੀ ਨੇ ਸੰਨਿਆਸ ਪ੍ਰਥਾ ਨੂੰ ਵੀ ਰੱਦ ਕੀਤਾ। ਉਨ੍ਹਾਂ ਨੇ ਜ਼ਿਆਦਾ ਜ਼ੋਰ ਸੰਸਾਰ ਵਿਚ ਰਹਿੰਦੇ ਹੋਏ ਉੱਚ ਪੱਧਰ ਦਾ ਚਰਿੱਤਰ ਰੱਖਣ ਦੀ ਗੱਲ ਤੇ ਜ਼ਿਆਦਾ ਜ਼ੋਰ ਦਿੱਤਾ। ਉਨ੍ਹਾਂ ਨੇ ਉਪਦੇਸ਼ ਦਿੱਤਾ ਕਿ ਅਪਵਿੱਤਰਤਾ ਵਿਚ ਵੀ ਸਾਨੂੰ ਪਵਿੱਤਰ ਰਹਿਣਾ ਚਾਹੀਦਾ ਹੈ। ਪੇਨ ਲਿਖਦਾ ਹੈ, ''ਗੁਰੂ ਨਾਨਕ ਦੇਵ ਜੀ ਦੇ ਧਰਮ ਸਿਧਾਂਤਾਂ ਵਿਚ ਭਗਤੀ ਸੁਧਾਰਕਾਂ ਨਾਲੋਂ ਚੰਗੇ ਚਰਿੱਤਰ ਲਈ ਬਹੁਤ ਉੱਚੀ ਥਾਂ ਹੈ।'' ਸੰਸਕ੍ਰਿਤ ਉਸ ਸਮੇਂ ਪਰਮਾਤਮਾ ਦੀ ਪੈਦਾ ਕੀਤੀ, ਹਿੰਦੂ ਧਰਮ ਦੀ ਪਵਿੱਤਰ ਭਾਸ਼ਾ ਮੰਨੀ ਜਾਂਦੀ ਸੀ। ਗੁਰੂ ਨਾਨਕ ਨੇ ਸੰਸਕ੍ਰਿਤ ਨੂੰ ਬਿਲੁਕਲ ਨਹੀਂ ਅਪਣਾਇਆ ਬਲਕਿ ਉਨ੍ਹਾਂ ਨੇ ਆਪਣਾ ਉਪਦੇਸ਼ ਆਪਣੀ ਮਾਤ ਭਾਸ਼ਾ, ਪੰਜਾਬੀ ਵਿਚ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਤਕੜੇ ਸ਼ਬਦਾਂ ਵਿਚ ਜਾਤੀ-ਪ੍ਰਥਾ ਦੀ ਨਿਖੇਧੀ ਕੀਤੀ। ਜੰਮਣ ਮਰਨ ਤੇ ਵਿਆਹ ਸਮੇਂ ਪ੍ਰੋਹਿਤਾਂ ਤੇ ਪੁਜਾਰੀਆਂ ਵਲੋਂ ਕੀਤੀਆਂ ਜਾਂਦੀਆਂ ਰਸਮਾਂ ਦਾ ਗੁਰੂ ਨਾਨਕ ਨੇ ਖੰਡਨ ਕੀਤਾ ਤੇ ਸਸਤੀਆਂ ਤੇ ਸਾਦੀਆਂ ਰਸਮਾਂ ਕਰਨ ਲਈ ਕਿਹਾ। ਗੁਰੂ ਨਾਨਕ ਦੇ ਕਹਿਣ ਤੇ ਰਸਮਾਂ ਤੋਂ ਅੱਕੇ ਹੋਏ ਲੋਕਾਂ ਨੇ ਇਹਨਾਂ ਤੋਂ ਛੁਟਕਾਰਾ ਪਾਇਆ। ਉਨ੍ਹਾਂ ਨੇ ਮੰਤਰ ਪਾਠ ਨੂੰ ਵੀ ਨਹੀਂ ਮੰਨਿਆ। ਭਗਤਾਂ ਦੀਆਂ ਸਿੱਖਿਆਵਾਂ ਤੇ ਬੁੱਧ ਧਰਮ, ਨਾਥ ਯੋਗੀਆਂ, ਹਠ-ਯੋਗੀਆਂ ਅਤੇ ਕੁਝ ਹੱਦ ਤਕ ਸੂਫੀਆਂ ਦਾ ਪ੍ਰਭਾਵ ਸੀ। ਕਿਸਾਨਾਂ ਤੇ ਕਾਮਿਆਂ

ਨੇ ਜੋ ਅਨਪੜ੍ਹ ਹੁੰਦੇ ਸਨ ਗੁਰੂ ਨਾਨਕ ਦੇਵ ਜੀ ਦੇ ਸਾਦਾ ਸਿਧਾਂਤਾਂ ਨੂੰ ਜ਼ਿਆਦਾ ਆਸਾਨੀ ਨਾਲ ਸਮਝਿਆ ਤੇ ਅਪਣਾਇਆ। ਕੰਨਿਘਮ ਦੀ ਰਾਏ ਹੈ "ਬਾਕੀ ਸੰਤਾਂ ਦਾ ਮੁੱਖ ਨਿਸ਼ਾਨਾ ਪੁਜਾਰੀ ਜਮਾਤ ਤੋਂ ਮੁਕਤੀ ਅਤੇ ਬੁੱਤ ਪ੍ਰਸਤੀ ਤੇ ਮੂਰਤੀ ਪੂਜਾ ਦੇ ਭੱਦੇਪਣ ਤੋਂ ਛੁਟਕਾਰਾ ਸੀ। ਉਨ੍ਹਾਂ ਨੇ ਕੌਮ ਸਿਰਜਣ ਦੀ ਥਾਂ ਵਿਰੋਧਾਂ ਨੂੰ ਪੱਕਾ ਕੀਤਾ ਅਤੇ ਉਨ੍ਹਾਂ ਦੇ ਪੰਥ ਅੱਜ ਵੀ ਉਸੇ ਰੂਪ ਵਿਚ ਹਨ ਜਿਸ ਵਿਚ ਕਿ ਉਨ੍ਹਾਂ ਨੇ ਛੱਡੇ ਸਨ। ਗੁਰੂ ਨਾਨਕ ਦੇ ਉਪਦੇਸ਼ ਬਾਕੀ ਸੁਧਾਰਕਾਂ ਨਾਲੋਂ ਵਧੇਰੇ ਅਮਲੀ ਸਨ। ਉਨ੍ਹਾਂ ਦੇ ਉਪਦੇਸ਼ ਲੋਕਾਂ ਨੂੰ ਸਿੱਧੇ ਅਪੀਲ ਕਰਦੇ ਸਨ ਅਤੇ ਆਸਾਨੀ ਨਾਲ ਸਮਝਣ ਯੋਗ ਸਨ।" ਪੇਨ ਵਿਚਾਰ ਪ੍ਰਗਟ ਕਰਦਾ ਹੈ, ਗੁਰੂ ਜੀ ਦਾ ਸਵੈ-ਅਨੁਸ਼ਾਸਨ ਵਿਚ ਵਿਸ਼ਵਾਸ ਸੀ। ਉਨ੍ਹਾਂ ਨੇ ਕੀਰਤਨ ਸੁਣਨ ਦੀ ਵਕਾਲਤ ਕੀਤੀ। ਖੁਸ਼ਵੰਤ ਸਿੰਘ ਦੇ ਸ਼ਬਦਾਂ ਵਿਚ "ਜੋ ਉਪਦੇਸ਼ ਗੁਰੂ ਜੀ ਵਲੋਂ ਦਿੱਤਾ ਗਿਆ ਉਹ ਮੌਲਿਕ ਰੂਪ ਵਿਚ ਸ਼ੁਰੂਆਤ ਨਹੀਂ ਸੀ। ਵੱਖ ਵੱਖ ਭਗਤਾਂ ਤੇ ਸੂਫੀਆਂ ਨੇ ਆਪਣੀਆਂ ਲਿਖਤਾਂ ਵਿਚ ਇਕ ਜਾਂ ਦੂਜੇ ਪੱਖ ਤੇ ਜ਼ੋਰ ਦਿੱਤਾ। ਕੁਝ ਨੇ ਮੂਰਤੀ ਪੂਜਾ ਤੇ ਬੁੱਤ ਪ੍ਰਸਤੀ ਦੀ ਨਿੰਦਿਆ ਕੀਤੀ ਕੁਝ ਨੇ ਪੁਜਾਰੀ ਬ੍ਰਾਹਮਣਾਂ ਦੇ ਏਕਾਧਿਕਾਰ ਦੇ ਪ੍ਰਬੰਧ ਨੂੰ ਕੋਸਿਆ ਕਿ ਇਹ ਆਤਮਿਕ ਮਾਮਲਿਆਂ ਵਿਚ ਆਪਣਾ ਹੱਕ ਹੀ ਜਮਾਈ ਬੈਠੇ ਹਨ। ਉਨ੍ਹਾਂ ਵਿਚੋਂ ਕਈਆਂ ਨੇ ਸਭ ਧਰਮਾਂ ਦੀ ਮੌਲਿਕ ਸਾਂਝ ਤੇ ਜ਼ੋਰ ਦਿੱਤਾ ਤੇ ਵੱਖ ਵੱਖ ਧਾਰਮਿਕ ਪੇਸ਼ਿਆਂ ਦੇ ਲੋਕਾਂ ਵਲੋਂ ਰਸਮਾਂ ਅਤੇ ਰੂਪ ਨਾਲ ਪੈਦਾ ਕੀਤੇ ਜਾਂਦੇ ਝਗੜਿਆਂ ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਨੇ ਰੱਬ ਦੀ ਉਸਤਤੀ ਵਿਚ ਸ਼ਬਦ (ਗੀਤ) ਲਿਖੇ ਤੇ ਗਾਏ ਇਕ ਦੂਜੇ ਦੇ ਗਵਾਂਢੀ ਹੋਣ ਦੇ ਅਸੂਲ ਦੇ ਹੱਕ ਵਿਚ ਪ੍ਰਚਾਰ ਕੀਤਾ। ਪਰ ਇਕੱਲੇ ਗੁਰੂ ਨਾਨਕ ਨੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਇਕ ਪ੍ਰਬੰਧ ਅਧੀਨ ਇਕੱਠੇ ਕੀਤਾ ਅਤੇ ਅਜਿਹੀਆਂ ਸੰਸਥਾਵਾਂ ਅਤੇ ਰਵਾਇਤਾਂ ਸ਼ੁਰੂ ਕੀਤੀਆਂ ਜਿਨ੍ਹਾਂ ਨੇ ਇਸ ਧਰਮ ਨੂੰ ਲਗਾਤਾਰ ਪਾਲਿਆ।

### 1.1.8 ਗੁਰੂ ਨਾਨਕ ਦੇਵ ਜੀ ਸੁਧਾਰਕ ਜਾਂ ਕਰਾਂਤੀਕਾਰੀ

ਇਹ ਇਕ ਬਹੁਤ ਹੀ ਉਲਝਿਆ ਹੋਇਆ ਪ੍ਰਸ਼ਨ ਹੈ ਕਿ ਗੁਰੂ ਨਾਨਕ ਦੇਵ ਜੀ ਸੁਧਾਰਕ ਸਨ ਜਾਂ ਕਰਾਂਤੀਕਾਰੀ। ਇਸ ਵਿਸ਼ੇ ਤੇ ਲਿਖਣ ਵਾਲੇ ਦੋ ਧੜਿਆਂ ਵਿਚ ਵੰਡੇ ਹੋਏ ਸਨ। ਡਾਕਟਰ ਇੰਦੂ ਭੂਸ਼ਨ ਬੈਨਰਜੀ, ਗੋਕਲ ਚੰਦ ਨਾਰੰਗ ਅਤੇ ਸੀ. ਐਚ. ਪੇਨ ਦਾ ਮੱਤ ਹੈ ਕਿ ਗੁਰੂ ਨਾਨਕ ਦੇਵ ਜੀ ਭਗਤੀ ਅੰਦੋਲਨ ਦੇ ਬਾਕੀ ਭਗਤਾਂ ਵਾਂਗ ਇਕ ਸੁਧਾਰਕ ਸਨ। ਦੂਜੇ ਪਾਸੇ ਮੈਕਾਲਫ, ਕਾਨ੍ਹ ਸਿੰਘ ਤੇ ਤੇਜਾ ਸਿੰਘ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਇਕ ਕ੍ਰਾਂਤੀਕਾਰੀ ਸਨ ਤੇ ਉਹ ਸਮਾਜ ਵਿਚ ਕਰਾਂਤੀਕਾਰੀ ਤਬਦੀਲੀ ਲਿਆਉਣ ਲਈ ਸਾਰਾ ਜੀਵਨ ਯਤਨਸ਼ੀਲ ਰਹੇ। ਸਭ ਤੋਂ ਪਹਿਲਾਂ ਅਸੀਂ ਵਿਚਾਰਾਂਗੇ ਕਿ ਗੁਰੂ ਜੀ ਕਿੱਥੋਂ ਤਕ ਸੁਧਾਰਕ ਸਨ ?

ਇਕ ਸੁਧਾਰਕ ਹਮੇਸ਼ਾਂ ਸਮਾਜਿਕ ਬੁਰਾਈਆਂ ਨੂੰ ਸਮੇਂ ਤੇ ਵਾਤਾਵਰਣ ਦੇ ਲੋੜ ਦੇ ਅਨੁਸਾਰ ਦੂਰ ਕਰਨ ਦੀ ਵੀ ਕੋਸ਼ਿਸ਼ ਕਰਦਾ ਹੈ। ਗੁਰੂ ਜੀ ਨੇ ਪੁਰਾਣੇ ਧਾਰਮਿਕ ਵਿਸ਼ਵਾਸਾਂ ਤੇ ਪੁਰਾਣੀਆਂ ਸਮਾਜਿਕ ਤੇ ਧਾਰਮਿਕ ਰੂੜ੍ਹੀਆਂ ਨੂੰ ਸੁਧਾਰਨ ਦਾ ਯਤਨ ਕੀਤਾ। ਉਨ੍ਹਾਂ ਦੇ ਦੁੱਖਾਂ ਤੇ ਬਦਕਿਸਮਤੀਆਂ ਵਿਚੋਂ ਛੁਟਕਾਰੇ ਦੀ ਨਵੀਂ

ਆਸ ਪੈਦਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਕਦੀ ਵੀ ਦੂਜਿਆਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਈ। ਉਨ੍ਹਾਂ ਨੇ ਹਿੰਦੂਆਂ ਤੇ ਮੁਸਲਮਾਨਾਂ ਵਿਚ ਮਿਲਵਰਤਣ ਤੇ ਭਰਾਤਰੀ ਭਾਵ ਪੈਦਾ ਕੀਤਾ। ਉਨ੍ਹਾਂ ਨੇ ਅਜਿਹਾ ਕਰਨ ਦੇ ਢੰਗ ਬੜੇ ਅਸਰ ਪਾਊ ਤੇ ਸ਼ਾਂਤੀ ਵਾਲੇ ਸਨ। ਗੁਰੂ ਨਾਨਕ ਨੇ ਮਨੁੱਖ ਦੇ ਮਨੁੱਖ ਨਾਲ ਵੈਰ ਭਾਵ ਨੂੰ ਸਦਾ ਆਪਣਾ ਨਿਸ਼ਾਨਾ ਬਣਾਇਆ ਤੇ ਉਸ ਨੂੰ ਮਿਟਾਉਣ ਦੀ ਕੋਸਿਸ਼ ਕੀਤੀ। ਇਹ ਸੱਚ ਨਹੀਂ ਹੈ ਕਿ ਗੁਰੂ ਨਾਨਕ ਨੇ ਜਾਤੀ-ਪ੍ਰਥਾ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਇਹ ਇਕ ਕਰਾਂਤੀਕਾਰੀ ਕਦਮ ਨਹੀਂ ਹੈ ਕਿਉਂਕਿ ਗੁਰੂ ਨਾਨਕ ਤੋਂ ਪਹਿਲਾਂ ਕਬੀਰ ਵਰਗੇ ਭਗਤਾਂ ਨੇ ਵੀ ਜਾਤੀ ਪ੍ਰਥਾ ਦਾ ਵਿਰੋਧ ਕੀਤਾ। ਉਹ ਇਸ ਪ੍ਰਥਾ ਦੇ ਖਿਲਾਫ ਬੜੇ ਅਸਰ-ਪਾਊ ਢੰਗ ਨਾਲ ਬੋਲੇ। ਡਾ. ਬੈਨਰਜੀ ਅਨੁਸਾਰ ''ਗੁਰੂ ਨਾਨਕ ਕਰਮ ਕਾਂਡ ਦੀ ਉਸ ਨੂੰ ਸਮਝੇ ਬਗੈਰ ਹੀ ਕਰਨ ਦੀ ਉਪਯੋਗਤਾ ਨੂੰ ਕਦੀ ਵੀ ਰੱਦ ਕਰਨ ਤੋਂ ਨਹੀਂ ਚੁੱਕੇ। ਪਵਿੱਤ੍ਰ ਵੇਦਾਂ ਨੂੰ ਪੜ੍ਹਨ ਤੇ ਪਾਠ ਕਰਨ ਦਾ ਇਕੋ ਇਕ ਅਧਿਕਾਰ ਉਪਰਲੀਆਂ ਤਿੰਨ ਜਮਾਤਾਂ ਬ੍ਰਾਹਮਣ, ਖੱਤਰੀ ਤੇ ਵੈਸ਼ਯ ਨੂੰ ਹੀ ਸੀ। ਉਨ੍ਹਾਂ ਨੇ ਧਾਰਮਿਕ ਗਰੰਥਾਂ ਦੇ ਇਸ ਤਰ੍ਹਾਂ ਦੇ ਪਾਠਾਂ ਨੂੰ ਗਲਤ ਕਰਾਰ ਦਿੱਤਾ। ਉਨ੍ਹਾਂ ਨੇ ਵੇਦ ਅਤੇ ਕੁਰਾਨ ਵਿਚਲੇ ਗਿਆਨ ਨੂੰ ਕਦੇ ਰੱਦ ਨਹੀਂ ਕੀਤਾ ਬਲਕਿ ਦੱਸਿਆ ਕਿ ਰਟਣ ਪਾਠ ਮਨੁੱਖ ਨੂੰ ਮੰਜ਼ਿਲ ਤੇ ਨਹੀਂ ਪਹੁੰਚਾਉਂਦਾ ਹੈ। ਗੁਰੂ ਨਾਨਕ ਨੇ ਜਾਤ ਪਾਤ ਦੇ ਬੰਧਨ ਤੋੜ ਕੇ ਰੱਬ ਦੇ ਨਾਂ ਦਾ ਪਾਠ ਕਰਨ ਦਾ ਉਪਦੇਸ਼ ਦਿੱਤਾ।'' ਡਾ. ਬੈਨਰਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਗਰੰਥਾਂ ਦਾ ਨਹੀਂ ਸਗੋਂ ਗਰੰਥਵਾਦ ਦਾ ਵਿਰੋਧ ਕੀਤਾ। ਗੁਰੂ ਨਾਨਕ ਦੇਵ ਜੀ ਨੇ ਆਪ ਕਿਹਾ ਹੈ, ''ਵੇਦਾਂ ਤੇ ਪੁਰਾਣਾਂ ਨੂੰ ਪੜ੍ਹਨ ਦਾ ਕੀ ਲਾਭ ਹੈ ? ਇਹ ਤਾਂ ਖੋਤੇ ਤੇ ਸੰਦਲ ਲੱਦਣ ਦੇ ਸਮਾਨ ਹੈ ਜੋ ਕਿ ਉਸ ਦੀ ਖੁਸ਼ਬੋ ਨੂੰ ਨਹੀਂ ਮਾਣ ਸਕਦਾ।''

ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਸਮਾਜ ਫੋਕੇ ਕਰਮ ਕਾਂਡਾਂ ਵਿਚ ਫਸਿਆ ਹੋਇਆ ਸੀ। ਪੁਜਾਰੀ ਵਰਗ ਮਾਸੂਮ, ਅਗਿਆਨ ਤੇ ਸਾਧਾਰਣ ਦਿਮਾਗ ਦੇ ਲੋਕਾਂ ਦੀ ਛਿੱਲ ਲਾਹ ਰਹੇ ਸਨ। ਗੁਰੂ ਨਾਨਕ ਦੇਵ ਜੀ ਕਦੀ ਵੀ ਬੁਰਾਈਆਂ ਨਾਲ ਸਮਝੌਤਾ ਨਾ ਕਰ ਸਕੇ ਤੇ ਇਨ੍ਹਾਂ ਦੀ ਜ਼ਬਰਦਸਤ ਆਲੋਚਨਾ ਕੀਤੀ। ਯੱਗ ਅਤੇ ਹੋਰ ਰਸਮਾਂ ਕਰਨ ਦੀ ਬਜਾਏ ਗੁਰੂ ਜੀ ਨੇ ਨਾਮ ਸਿਮਰਣ ਦੀ ਮਹੱਤਤਾ ਦੱਸੀ। ਗੁਰੂ ਜੀ ਦਾ ਰੱਬ ਕਰਤਾ ਹੈ। ਉਹ ਰੂਪ ਰਹਿਤ ਤੇ ਜੂਨੀ ਰਹਿਤ ਰੱਬ ਵਿਚ ਵਿਸ਼ਵਾਸ ਕਰਦੇ ਸਨ। ਗੁਰੂ ਜੀ ਅਨੁਸਾਰ ਸਭ ਕੁਝ ਪਰਮਾਤਮਾ ਦੀ ਰਚਨਾ ਹੈ। ਰਾਮ-ਰਹੀਮ ਤੇ ਕਰਤਾਰ ਸਭ ਉਸੇ ਭਗਵਾਨ ਦੇ ਨਾਂ ਹਨ। ਉਨ੍ਹਾਂ ਨੇ ਸਭ ਦਾ ਯੋਗ ਆਦਰ ਕੀਤਾ। ਉਨ੍ਹਾਂ ਨੇ ਬੁਰਾਈਆਂ ਦਾ ਖੰਡਨ ਕੀਤਾ ਤੇ ਇਸ ਦੀ ਥਾਂ ਨਾਮ ਸਿਮਰਣ ਦੀ ਪ੍ਰੇਰਨਾ ਦਿੱਤੀ ਜਿਸ ਨਾਲ ਕਿ ਮੁਕਤੀ ਪ੍ਰਾਪਤ ਹੋ ਸਕਦੀ ਹੈ। ਹਿੰਦੂ ਅਤੇ ਬੁੱਧ ਦਰਸ਼ਨ ਅਨੁਸਾਰ ਕਰਮ ਸਿਧਾਂਤ ਤੇ ਆਤਮਾ ਦੀ ਤਬਦੀਲੀ ਮਨੁੱਖੀ ਜ਼ਿੰਦਗੀ ਦੇ ਮੂਲ ਤੱਤ ਹਨ। ਗੁਰੂ ਨਾਨਕ ਦੇਵ ਜੀ ਨੇ ਵੀ ਇਸ ਦੀ ਪ੍ਰੋੜ੍ਹਤਾ ਕੀਤੀ। ਉਨ੍ਹਾਂ ਨੇ ਇਸ ਸੰਸਾਰ ਵਿਚ ਪਵਿੱਤਰ ਜੀਵਨ ਜੀਉਣ ਤੇ ਨੇਕ ਅਮਲ ਕਰਨ ਤੇ ਜ਼ੋਰ ਦਿਤਾ। ਗੁਰੂ ਨਾਨਕ ਨੇ ਦਲੀਲ ਦਿੱਤੀ ਕਿ ਧਰਮ ਅਤੇ ਜੀਵਨ ਦੀ ਪਵਿੱਤਰਤਾ ਮਨੁੱਖੀ ਜ਼ਿੰਦਗੀ ਦੇ ਦੋ ਮੁੱਖ ਪਹਿਲੂ ਹਨ।

ਗਲਤ ਰਸਮਾਂ ਤੇ ਅੰਨ੍ਹੇ ਭਰਮਾਂ ਤੇ ਵਹਿਮਾਂ ਦੀ ਥਾਂ ਇੱਕ ਰੱਬ ਵਿਚ ਵਿਸ਼ਵਾਸ ਕਰਨਾ ਤੇ ਉਸ ਨੂੰ ਮੰਨਣਾ ਚਾਹੀਦਾ ਹੈ। ਗੁਰੂ ਨਾਨਕ ਅਨੁਸਾਰ ''ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ ਤੋਂ ਭਾਵ ਉਨ੍ਹਾਂ ਦਾ ਕਹਿਣਾ ਸੀ ਕਿ ਦੋਵੇਂ ਆਪਣੇ ਆਪਣੇ ਧਰਮਾਂ ਦੀ ਸਹੀ ਪਛਾਣ ਭੁੱਲ ਗਏ ਹਨ। ਉਨ੍ਹਾਂ ਦੇ ਪਰਮਾਤਮਾ ਦਾ ਪਿਤਾ ਹੋਣ ਤੇ ਮਨੁੱਖਾਂ ਦਾ ਭਰੱਪਣ ਵਿਚ ਵਿਸ਼ਵਾਸ ਸੀ। ਉਨ੍ਹਾਂ ਦੀ ਦਲੀਲ ਬੜੀ ਅਸਰ ਪਾਊ ਸੀ ਅਤੇ ਦੋਵੇਂ ਧਰਮਾਂ ਦੇ ਲੋਕਾਂ ਲਈ ਸੁਨਣਯੋਗ ਸੀ। ਸਮਾਜ ਦੇ ਮੂਲ ਸਮਾਜਿਕ ਢਾਂਚੇ ਨੂੰ ਗੁਰੂ ਨਾਨਕ ਨੇ ਛੇੜਿਆ। ਉਨ੍ਹਾਂ ਨੇ ਉਸ ਵੇਲੇ ਦੇ ਫੌਜਦਾਰੀ ਅਤੇ ਦੀਵਾਨੀ ਕਾਨੂੰਨ ਵਿਚ ਕੋਈ ਸੁਧਾਰ ਜਾਂ ਸੁਝਾਅ ਨਹੀਂ ਦਿੱਤਾ। ਕੰਨਿਘਮ ਕਹਿੰਦਾ ਹੈ ਕਿ, ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦਾ ਵਿਕਾਸ ਸਮੇਂ ਦੇ ਹੱਥ ਵਿਚ ਛੱਡ ਦਿੱਤਾ। ਉਨ੍ਹਾਂ ਨੇ ਹਿੰਦੂ ਅਤੇ ਮੁਸਲਮਾਨ ਦੋਵਾਂ ਤੋਂ ਹੀ ਆਦਰ ਮਿਲਿਆ। ਅਜਿਹਾ ਦੂਜੇ ਧਰਮ ਸੰਸਥਾਪਕਾਂ ਨਾਲ ਨਹੀਂ ਹੋਇਆ। ਹਜ਼ਰਤ ਮੁਹੰਮਦ ਨੂੰ ਵਿਰੋਧ ਕਾਰਣ ਮੱਕਾ ਛੱਡ ਕੇ ਮਦੀਨੇ ਜਾਣਾ ਪਿਆ ਤੇ ਈਸਾ ਨੂੰ ਜੀਵਨ ਭਰ ਦੇ ਦੁੱਖ ਉਠਾਣੇ ਪਏ। ਪਰੰਤੂ ਗੁਰੂ ਨਾਨਕ ਦੇਵ ਜੀ ਦੇ ਬਿਆਨ ਦੀ ਮਿਠਾਸ ਤੇ ਨੇਕ ਵਿਚਾਰਾਂ ਨੇ ਸਭ ਨੂੰ ਉਸ ਦਾ ਬਣਾ ਦਿੱਤਾ। ਉਨ੍ਹਾਂ ਦਾ ਅਧਿਕਾਰੀਆਂ ਦੀ ਆਲੋਚਨਾ ਕਰਨ ਦਾ ਢੰਗ ਵੈਰ ਵਾਲਾ ਨਹੀਂ ਸੀ। ਉਹ ਸਭ ਦੇ ਮਿੱਤਰ ਸਨ ਅਤੇ ਸਭ ਦੀ ਚੰਗਿਆਈ ਦੀ ਪ੍ਰਸੰਸਾ ਕਰਦੇ ਸਨ। ਉਨ੍ਹਾਂ ਨੇ ਕਦੀ ਵੀ ਹਿੰਦੂ ਜਾਂ ਇਸਲਾਮ ਧਰਮ ਨੂੰ ਬਰਬਾਦ ਕਰਨ ਦਾ ਇੱਛਾ ਨਹੀਂ ਕੀਤੀ ਸਗੋਂ ਉਹ ਤਾਂ ਉਨ੍ਹਾਂ ਦੀ ਮੌਲਿਕ ਤੇ ਪੁਰਾਤਨਤਾ ਨੂੰ ਬਹਾਲ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਸਿਧਾਂਤਾਂ ਦੀ ਥਾਂ ਕਰਮ ਕਾਂਡ ਨੂੰ ਭੰਡਿਆ। ਉਨਾਂ ਦਾ ਸੁਧਾਰ ਕਰਨ ਦਾ ਤਰੀਕਾ ਸਹਿਜ, ਧੀਰਜ, ਨੇਕ, ਸ਼ਾਤ, ਠੰਢ ਪਾਉਣ ਤੇ ਸਬਰ ਸੰਤੋਖ ਵਾਲਾ ਸੀ। ਗ੍ਰਿਫਨ ਅਨੁਸਾਰ ''ਉਹ ਅਸਲ ਵਿਚ ਇਕ ਉੱਤਮ ਸੁਧਾਰਕ ਸਨ।''

### 1.1.9 ਕ੍ਰਾਂਤੀਕਾਰੀ

ਦੂਸਰੇ ਵਰਗ ਦੇ ਵਿਦਵਾਨਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਇਕ ਕਰਾਂਤੀਕਾਰੀ ਸਨ। ਉਨ੍ਹਾਂ ਨੇ ਸਮਾਜ ਦੇ ਮੌਜੂਦਾ ਧਾਰਮਿਕ ਤੇ ਸਮਾਜਿਕ ਪ੍ਰਬੰਧ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਉਹ ਪੁਰਾਣੇ ਸਮਾਜ ਦੀਆਂ ਨੀਹਾਂ ਤੇ ਨਵਾਂ ਸਮਾਜ ਉਸਾਰਨ ਦੇ ਚਾਹਵਾਨ ਸਨ। ਉਨਾਂ ਨੇ ਹਿੰਦੂ ਧਰਮ ਦੇ ਲਗਭਗ ਸਭ ਮੂਲ ਸਿਧਾਂਤਾਂ ਦਾ ਖੰਡਨ ਕੀਤਾ। ਉਹ ਦੂਜੇ ਸੁਧਾਰਕਾਂ ਵਾਂਗ ਨਰਮ ਨਹੀਂ ਸਨ। ਉਨ੍ਹਾਂ ਆਪਣਾ ਉਪਦੇਸ਼ ਪਕਿਆਈ ਨਾਲ ਤੇ ਨਿਡਰ ਹੋ ਕੇ ਦਿੱਤਾ। ਮੌਜੂਦਾ ਸੰਸਥਾਵਾਂ ਤੇ ਅਜਿਹਾ ਹਮਲਾ ਕੀਤਾ ਗਿਆ ਕਿ ਉਹ ਇਧਰੋਂ ਉਧਰੋਂ ਟੁੱਟਣ ਲੱਗੀਆਂ। ਨਵਾਂ ਪ੍ਰਬੰਧ ਵਧੀਆ ਤੇ ਪਵਿੱਤਰ ਸੀ। ਭਾਵੇਂ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਗਤ ਸੁਧਾਰਕਾਂ ਨੇ ਵਿਚਾਰ ਪ੍ਰਗਟ ਕੀਤੇ ਪਰ ਉਹ ਅਜਿਹਾ ਉਨ੍ਹਾਂ ਵਾਂਗ ਕਦੇ ਵੀ ਨਹੀ ਕਰ ਸਕੇ। ਉਨ੍ਹਾਂ ਨੇ ਇਸ ਭੇਦ ਭਾਵ ਵਾਲੇ ਸਮਾਜਿਕ ਢਾਂਚੇ ਦੀ ਜ਼ੋਰਦਾਰ ਵਿਰੋਧਤਾ ਕੀਤੀ। ਜਾਤੀ ਪ੍ਰਥਾ (ਜੋ ਹਿੰਦੂ ਧਰਮ ਦਾ ਮੂਲ ਪ੍ਰਬੰਧ ਸੀ) ਵੀ ਗੁਰੂ ਨਾਨਕ ਦੇਵ ਜੀ ਦੀ ਆਲੋਚਨਾ ਦਾ ਸ਼ਿਕਾਰ ਹੋਣ ਤੋਂ ਨਾ ਬਚ ਸਕੀ। ਭਾਵੇਂ ਉਨ੍ਹਾਂ ਤੋਂ ਪਹਿਲਾਂ ਕੁਝ ਸੁਧਾਰਕਾਂ ਨੇ ਇਸ ਦਾ ਖੰਡਨ ਕੀਤਾ

ਸੀ ਪਰੰਤੂ ਗੁਰੂ ਨਾਨਕ ਦੇਵ ਜੀ ਦਾ ਖੰਡਨ ਬਹੁਤ ਹੀ ਜ਼ੋਰਦਾਰ ਤੇ ਮਜ਼ਬੂਤ ਸੀ। ਇਸ ਦੀ ਆਵਾਜ਼ ਬਹੁਤ ਹੀ ਬੁਲੰਦ ਸੀ। ਲੰਗਰ ਸੰਸਥਾ ਦਾ ਸ਼ੁਰੂ ਕਰਨਾ ਜਾਤੀ ਪ੍ਰਥਾ ਤੇ ਇਕ ਕਰੜੀ ਸੱਟ ਸੀ। ਸੰਗਤ ਦੀ ਸਥਾਪਨਾ ਨਾਲ ਮਨੁੱਖੀ ਸਮਾਨਤਾ ਕਾਇਮ ਕੀਤੀ ਤੇ ਗੁਰੂ ਨਾਨਕ ਦੇਵ ਜੀ ਨੇ ਵਿਅਕਤੀਗਤ ਪੂਜਾ ਦਾ ਸਿਧਾਂਤ (ਜੋ ਕਿ ਹਿੰਦੂ ਧਰਮ ਦਾ ਅਨਿਖੜਵਾਂ ਅੰਗ ਸੀ) ਰੱਦ ਕਰ ਦਿੱਤਾ ਗੰਡਾ ਸਿੰਘ ਨੇ ਟਿੱਪਣੀ ਕੀਤੀ ਹੈ, ''ਗੁਰੂ ਨਾਨਕ ਨੇ ਮਹਿਸੂਸ ਕੀਤਾ ਕਿ ਲੋਕਾਂ ਦੇ ਦੁੱਖ ਦਾ ਕਾਰਣ ਉਨ੍ਹਾਂ ਵਿਚ ਏਕਤਾ ਨਾ ਹੋਣਾ ਹੈ ਜੋ ਕਿ ਵਿਸ਼ਵਾਸਾਂ ਦੀ ਭਿੰਨਤਾ ਵਿਚੋਂ ਪੈਦਾ ਹੁੰਦੀ ਹੈ। ਉਨ੍ਹਾਂ ਨੇ ਆਪਣੇ ਸ਼ਗਿਰਦਾਂ ਨੂੰ ਆਪਣੇ ਗੁਰਦੁਆਰੇ ਬਣਾਉਣ ਲਈ ਕਿਹਾ। ਨਤੀਜੇ ਵਜੋਂ ਦੇਸ਼ ਅਤੇ ਦੇਸ਼ ਤੋਂ ਬਾਹਰ ਵੀ ਭਿੰਨ ਭਿੰਨ ਥਾਵਾਂ ਤੇ ਸਿੱਖ ਸੰਗਤਾਂ ਦੀ ਸਥਾਪਨਾ ਹੋਈ। ਬਾਅਦ ਵਿਚ ਸੰਗਤ ਦਾ ਸਮੂਹਿਕ ਰੂਪ ਸਿੱਖ ਧਰਮ ਦਾ ਅਨਿਖੜਵਾਂ ਅੰਗ ਬਣ ਗਿਆ।

ਗੁਰੂ ਨਾਨਕ ਦੇਵ ਜੀ ਨੇ ਵਰਤਾਂ, ਤਪ-ਸਾਧਨਾਵਾਂ ਤੇ ਯਾਤਰਾਵਾਂ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ। ਗੁਰੂ ਦਾ ਇਹ ਕਥਨ ਕਿ ''ਨਾ ਕੋ ਹਿੰਦੂ ਨਾ ਮੁਸਲਮਾਨ'' ਨੇ ਹਿੰਦੂ ਤੇ ਇਸਲਾਮ ਦੋਵਾਂ ਧਰਮਾਂ ਦੀ ਹੋਂਦ ਨੂੰ ਵੰਗਾਰਿਆ। ਗੁਰੂ ਨਾਨਕ ਦੇਵ ਜੀ ਨੇ ਆਪਣੇ ਉਪਦੇਸ਼ (ਸ਼ਬਦਾਂ) ਪਦ ਦੇ ਰੂਪ ਵਿਚ ਦਿੱਤੇ ਜਿਨ੍ਹਾਂ ਵਿਚ ਪਿਛੋਂ ਕਿਸੇ ਤਰ੍ਹਾਂ ਦੀ ਮਿਲਾਵਟ ਕਰਨੀ ਔਖੀ ਹੋ ਗਈ ਤੇ ਉਹ ਉਪਦੇਸ਼ ਉਸੇ ਰੂਪ ਵਿਚ ਸਾਡੇ ਤੀਕ ਪਹੁੰਚੇ ਸਕੇ। ਸ਼ਾਇਦ ਗੁਰੂ ਨਾਨਕ ਦੇਵ ਜੀ ਪਹਿਲੇ ਅਜਿਹੇ ਧਾਰਮਿਕ ਨੇਤਾ ਸਨ ਜਿਨ੍ਹਾਂ ਨੇ ਜ਼ੁਲਮ ਦੀ ਨਿਖੇਧੀ (ਭਾਵੇਂ ਉਹ ਕਿਸੇ ਵੀ ਰੂਪ ਵਿਚ ਹੋਵੇ) ਨਿਡਰ ਹੋ ਕੇ ਕੀਤੀ। ਰਾਜਨੀਤਿਕ ਜ਼ੁਲਮ ਆਪਣਾ ਸਿਖਰ ਛੂਹ ਚੁੱਕੇ ਸਨ ਪਰੰਤੂ ਉਨ੍ਹਾਂ ਨੇ ਇਨ੍ਹਾਂ ਦੀ ਵੀ ਨਿਖੇਧੀ ਕੀਤੀ, ਜਦ ਕਿ ਦੂਜਾ ਕੋਈ ਵੀ ਸੁਧਾਰਕ ਇਨ੍ਹਾਂ ਜੁਲਮਾਂ ਵਿਰੁੱਧ ਜ਼ਬਾਨ ਨਹੀਂ ਖੋਲ੍ਹ ਸਕਿਆ। ਉਨ੍ਹਾਂ ਨੇ ਖੁਲ੍ਹੇ ਆਮ ਰਾਜਨੀਤਿਕ ਬੁਰਾਈਆਂ ਦੀ ਵੀ ਨਿਖੇਧੀ ਕੀਤੀ ਜਿਵੇਂ ਕਿ ਖੁਸ਼ਵੰਤ ਸਿੰਘ ਲਿਖਦਾ ਹੈ, ''ਗੁਰੂ ਨਾਨਕ ਦੇ ਧਾਰਮਿਕ ਤੇ ਸਮੁਦਾਇਕ ਉਪਦੇਸ਼ ਜਿੰਨੇ ਮਹੱਤਵਪੂਰਣ ਸਨ, ਉਨੇ ਹੀ ਰਾਜਨੀਤਿਕ ਉਪਦੇਸ਼ ਵੀ ਸਨ।'' ਉਨ੍ਹਾਂ ਨੇ ਪੂਰੇ ਜ਼ੋਰ ਨਾਲ ਲੋਧੀ ਰਾਜਿਆਂ ਅਤੇ ਹਮਲਾਵਰ ਬਾਬਰ ਦੀ ਨਿਖੇਧੀ ਕੀਤੀ। ਇਹ ਉਨ੍ਹਾਂ ਦੀ ਨਿਡਰਤਾ ਅਤੇ ਪਕਿਆਈ ਹੀ ਸੀ ਜਿਸ ਨੇ ਬਾਅਦ ਵਿਚ ਮੁਗਲਾਂ ਤੇ ਸਿੱਖਾਂ ਦੀ ਟੱਕਰ ਨੂੰ ਲਾਜ਼ਮੀ ਬਣਾ ਦਿੱਤਾ। ਗੋਲਕ ਚੰਦ ਜੀ ਨਾਰੰਗ ਦੀ ਰਾਏ ਅਨੁਸਾਰ, ''ਸਦੀਆਂ ਦੀ ਗੁਲਾਮੀ ਦੇ ਬਾਅਦ ਇਹ ਗੁਰੂ ਨਾਨਕ ਹੀ ਸਨ ਜਿਨ੍ਹਾਂ ਨੇ ਜ਼ੁਲਮ ਤੇ ਜ਼ਬਰ ਦੇ ਖਿਲਾਫ ਆਵਾਜ਼ ਉਠਾਈ।'' ਸਿੱਖ ਬਾਅਦ ਵਿਚ ਇਕ ਲੜਾਕੂ ਤੇ ਬਹਾਦਰ ਕੌਮ ਬਣ ਗਈ। ਹਿੰਦੂ ਧਰਮ ਦੇ ਉਲਟ ਸਿੱਖ ਧਰਮ ਗ੍ਰਹਿਸਥੀਆਂ ਦਾ ਧਰਮ ਹੈ। ਗ੍ਰਹਿਸਥ ਤਿਆਗ ਨੂੰ ਬਿਲਕੁਲ ਰੱਦ ਕਰ ਦਿੱਤਾ ਗਿਆ। ਤੇਜਾ ਸਿੰਘ ਅਤੇ ਗੰਡਾ ਸਿੰਘ ਦਾ ਕਹਿਣਾ ਹੈ, ਲੋਕਾਂ ਦੀ ਭਾਸ਼ਾ ਨੂੰ ਧਾਰਮਿਕ ਪ੍ਰਚਾਰ ਦਾ ਮਾਧਿਅਮ ਬਣਾ ਕੇ ਗੁਰੂ ਜੀ ਨੇ ਇਕ ਤਰ੍ਹਾਂ ਲੋਕਾਂ ਵਿਚ ਕੌਮੀਅਤ ਦੀ ਭਾਵਨਾ ਨੂੰ ਪੈਦਾ ਕੀਤਾ। ਸਮੂਹਿਕ ਸਭਾਵਾਂ ਵਿਚ ਇਨ੍ਹਾਂ ਸਿਖਿਆਵਾਂ ਨੂੰ ਬਾਣੀ ਦੇ ਸ਼ਬਦਾਂ ਦੇ ਰੂਪ ਵਿਚ ਗਾਇਆ, ਜਿਸ ਨਾਲ ਉਪਰੋਕਤ ਆਦਰਸ਼ ਅਤੇ ਵਿਚਾਰ ਨੂੰ ਵੀ ਹੋਰ ਬਲ ਮਿਲਿਆ। ਇਸ ਨਾਲ ਲੋਕਾਂ ਦੀ ਸੂਝ ਵਿਚ ਵੀ ਸੁਧਾਰ ਹੋਇਆ। ਮਹਾਨ ਸਚਾਈਆਂ ਲੋਕਾਂ ਦੀ ਆਪਣੀ ਬੋਲੀ ਵਿਚ

ਉਨ੍ਹਾਂ ਨੂੰ ਦੱਸੀਆਂ ਗਈਆਂ ਤਾਂ ਲੋਕਾਂ ਨੇ ਆਪਣੇ ਅੰਦਰ ਵਿਚਾਰਾਂ ਦੀ ਇਕ ਨਵੀਂ ਸ਼ਕਤੀ ਮਹਿਸੂਸ ਕੀਤੀ। ਇਸ ਤਰ੍ਹਾਂ ਇਕ ਨਵੇਂ ਲੱਭੇ ਧਰਮ (ਵਿਸ਼ਵਾਸ) ਨੇ ਤੇ ਉਸ ਵਿਚ ਸੱਚੀ ਸ਼ਰਧਾ ਨੇ ਲੋਕਾਂ ਦੀ ਬੁੱਧੀ ਦਾ ਵਿਕਾਸ ਕੀਤਾ।" ਦੂਜੇ ਸੁਧਾਰਕਾਂ ਵਾਂਗ ਗੁਰੂ ਨਾਨਕ ਦੇਵ ਜੀ ਦੇ ਧਰਮ ਸਿਧਾਂਤ ਕੁਝ ਲੋਕਾਂ ਤਕ ਹੀ ਸੀਮਤ ਨਾ ਰਹੇ ਸਗੋਂ ਉਨ੍ਹਾਂ ਦੀ ਸਿਖਿਆ ਵਿਚ ਸੰਸਾਰ ਪੱਧਰ ਦੀ ਯੋਗਤਾ ਤੇ ਸ਼ਕਤੀ ਸੀ। ਜਿਸ ਨੇ ਮਨੁੱਖ ਜਾਤੀ ਦੇ ਭਲੇ ਲਈ ਇਕ ਮਹਾਨ ਕੌਮ ਦੇ ਨਿਰਮਾਣ ਵਿਚ ਹਿੱਸਾ ਪਾਇਆ।

ਦੋਵੇਂ ਰਾਵਾਂ (ਸੁਧਾਰਕ ਤੇ ਕ੍ਰਾਂਤੀਕਾਰੀ) ਨੂੰ ਵੇਖਣ ਤੋਂ ਬਾਅਦ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਬੁਰਾਈ ਤੇ ਜਬਰ ਦੇ ਵਿਰੁੱਧ ਬਹੁਤ ਹੀ ਪਕਿਆਈ ਅਤੇ ਨਿਡਰ ਹੋ ਕੇ ਆਵਾਜ਼ ਉਠਾਈ। ਉਹ ਨਿਸ਼ਚਿਤ ਤੌਰ ਤੇ ਇਕ ਕ੍ਰਾਂਤੀਕਾਰੀ ਸੁਧਾਰਕ ਸਨ ਜਿਨ੍ਹਾਂ ਨੇ ਰਾਜਨੀਤਿਕ ਜ਼ੁਲਮਾਂ ਨੂੰ ਵੀ ਨਹੀਂ ਛੱਡਿਆ ਤੇ ਉਨ੍ਹਾਂ ਦਾ ਡਟ ਕੇ ਵਿਰੋਧ ਕੀਤਾ। ਆਪਣੀ ਹੀ ਜ਼ਿੰਦਗੀ ਸਮੇਂ ਆਪਣਾ ਉਤਰਾਧਿਕਾਰੀ ਨਿਯੁਕਤ ਕਰਕੇ, ਦੂਜੇ ਸੁਧਾਰਕਾਂ ਵਾਂਗ ਆਪਣੀ ਇਸ ਲਹਿਰ ਨੂੰ ਲਗਾਤਾਰ ਜਾਰੀ ਰੱਖਣ ਦਾ ਨਿਸ਼ਚਿਤ ਸੰਕੇਤ ਦਿੱਤਾ। ਸਿੱਖ ਧਰਮ ਉਨ੍ਹਾਂ ਦੇ ਉਤਰਾਧਿਕਾਰੀਆਂ ਦੇ ਸਮੇਂ ਵਿਚ ਆਪਣੇ ਨਿਸ਼ਚਿਤ ਉਦੇਸ਼ ਵਲ, ਬੜੀ ਤੇਜ਼ੀ ਨਾਲ ਵਧਿਆ। ਭਗਤੀ ਲਹਿਰ ਦੇ ਦੂਜੇ ਭਗਤਾਂ ਵਲੋਂ ਜੋ ਲਹਿਰਾਂ ਚਲਾਈਆਂ ਗਈਆਂ ਉਹ ਉਨ੍ਹਾਂ ਦੇ ਹੀ ਜਿਉਂਦੇ ਜਿਉਂਦੇ ਜਾਂ ਕੁਝ ਸਾਲਾਂ ਬਾਅਦ ਅਲੋਪ ਹੋ ਗਈਆਂ। ਜੇ ਕੋਈ ਲਹਿਰ ਕਿਸੇ ਤਰ੍ਹਾਂ ਬਾਕੀ ਵੀ ਰਹੀ ਤਾਂ ਉਹ ਵੀ ਬਹੁਤ ਥੋੜ੍ਹੇ ਲੋਕਾਂ ਤੀਕ ਹੀ ਸੀਮਿਤ ਹੋ ਕੇ ਰਹਿ ਗਈ।

ਜੇਕਰ ਗੁਰੂ ਨਾਨਕ ਦੇਵ ਜੀ ਇਕ ਕ੍ਰਾਂਤੀਕਾਰੀ ਨਹੀਂ ਸਨ ਤਾਂ ਵੀ ਉਹ ਆਮ ਸੁਧਾਰਕਾਂ ਤੋਂ ਉਪਰ ਸਨ। ਭਾਵੇਂ ਉਹ ਆਪਣੀ ਜ਼ਿੰਦਗੀ ਦੇ ਸਮੇਂ ਕ੍ਰਾਂਤੀ ਨਾ ਲਿਆ ਸਕੇ ਪਰ ਉਨ੍ਹਾਂ ਨੇ ਕ੍ਰਾਂਤੀ ਦੇ ਅਜਿਹੇ ਬੀਜ ਬੀਜ ਦਿੱਤੇ ਜੋ ਉਨ੍ਹਾਂ ਦੇ ਨੌਂ ਉਤਰਾਧਿਕਾਰੀਆਂ ਦੇ ਸਮੇਂ ਵਧੇ-ਫੁੱਲੇ। ਜਿਵੇਂ ਕਿ ਤੇਜਾ ਸਿੰਘ ਅਤੇ ਗੰਡਾ ਸਿੰਘ ਕਹਿੰਦੇ ਹਨ, "ਗੁਰੂ ਜੀ ਸਿਰਫ ਸੁਧਾਰਕ ਹੀ ਨਹੀਂ ਸਨ ਸਗੋਂ ਇਕ ਨਵੇਂ ਧਰਮ ਦੇ ਜਨਮ ਦਾਤਾ ਵੀ ਸਨ। ਇਹ ਇਸ ਤੱਥ ਤੋਂ ਸਾਬਤ ਹੁੰਦਾ ਹੈ ਜਿਵੇਂ ਉਹ ਗੈਰ ਹਿੰਦੂ ਦੇਸਾਂ ਵਿਚ ਗਏ ਉਥੇ ਸੰਗਤਾਂ ਜਾਂ ਹੋਰ ਸਿੱਖ ਸੰਸਥਾਵਾਂ ਬਣਾਈਆਂ, ਮੰਜੀਆਂ ਨਿਯੁਕਤ ਕੀਤੀਆਂ ਅਤੇ ਖਾਸ ਧਿਆਨ ਨਾਲ ਆਪਣਾ ਅਜਿਹਾ ਉਤਰਾਧਿਕਾਰੀ ਨਿਯੁਕਤ ਕੀਤਾ ਜੋ ਉਨ੍ਹਾਂ ਦੇ ਸ਼ੁਰੂ ਕੀਤੇ ਕੰਮਾਂ ਨੂੰ ਜਾਰੀ ਰੱਖ ਸਕੇ।

### 1.1.10 ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਭਾਵ

### ਧਾਰਮਿਕ ਪ੍ਰਭਾਵ

ਗੁਰੂ ਜੀ ਲਾਜ਼ਮੀ ਤੌਰ ਤੇ ਇਕ ਧਾਰਮਿਕ ਪੁਰਖ ਸਨ। ਉਨ੍ਹਾਂ ਦਾ ਮਨ ਫੋਕੀਆਂ ਰਸਮਾਂ, ਭੈੜੇ ਰਿਵਾਜਾਂ, ਬੇਕਾਰ ਰਿਵਾਇਤਾਂ ਨੂੰ ਦੇਖ ਕੇ ਬਹੁਤ ਦੁਖੀ ਹੋਇਆ। ਉਨ੍ਹਾਂ ਨੇ ਤਕੜਾਈ ਨਾਲ ਇਨ੍ਹਾਂ ਦੀ ਵਿਰੋਧਤਾ ਕੀਤੀ। ਇਕ ਸਾਫ ਦਿਲ ਧਾਰਮਿਕ ਨੇਤਾ ਹੋਣ ਕਰਕੇ ਉਹ ਹਿੰਦੂ ਧਰਮ ਵਿਚ ਬੁੱਤ ਪੂਜਾ ਅਤੇ ਕਈ ਦੇਵੀ ਦੇਵਤਿਆਂ ਦੀ ਹੋਂਦ ਨੂੰ ਬਰਦਾਸ਼ਤ ਨਾ ਕਰ ਸਕੇ। ਇਸ ਮਹਾਨ ਗੁਰੂ ਨੇ

ਭਰਿਸ਼ਟ ਤੇ ਸਵਾਰਥੀ ਬ੍ਰਾਹਮਣਾਂ ਦੇ ਗਲਬੇ ਨੂੰ ਵੰਗਾਰਿਆ। ਉਨ੍ਹਾਂ ਨੇ ਲੋਕਾਂ ਨੂੰ ਸੇਧ ਦਿੱਤੀ ਕਿ ਇਕੋ ਸਰਬ ਸ਼ਕਤੀਮਾਨ ਪਰਮਾਤਮਾ ਦੀ ਭਗਤੀ ਕਰਨ ਤੀਰਥਾਂ ਤੇ ਘੁੰਮਣ ਦੀ ਬਜਾਏ ਉਨ੍ਹਾਂ ਨੇ ਰੱਬ ਦਾ ਨਾਮ ਜਪਣ ਤੇ ਜ਼ੋਰ ਦਿੱਤਾ। ਗੁਰੂ ਨਾਨਕ ਨੇ ਮਹਿੰਗੀਆਂ ਤੇ ਗੁੰਝਲਦਾਰ ਰਸਮਾਂ ਦੀ ਬਜਾਏ ਸਾਦੀਆਂ ਤੇ ਸਸਤੀਆਂ ਰਸਮਾਂ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਲੋਕਾਂ ਦੀ ਸੋਚ ਨੂੰ ਤਰਕਪੂਰਣ ਬਣਾਇਆ। ਸਵੈ-ਭਰੋਸਾ ਲੋਕਾਂ ਦੇ ਜੀਵਨ ਦਾ ਅੰਗ ਬਣ ਗਿਆ। ਜਿਸ ਨਾਲ ਲੋਕਾਂ ਵਿਚ ਸਵੈ-ਪ੍ਰਤੀ ਜਾਗਰਤੀ ਆਈ। ਮੂਰਤੀ ਪੂਜਾ ਦਾ ਵਿਰੋਧ ਕਰਨ ਦੇ ਕਾਰਨ ਮੁਸਲਮਾਨ ਉਨ੍ਹਾਂ ਦੇ ਮਿੱਤਰ ਬਣ ਗਏ। ਹਿੰਦੂ ਅਤੇ ਮੁਸਲਮਾਨ ਇਕ ਦੂਜੇ ਦੇ ਨੇੜੇ ਆਏ। ਉਨ੍ਹਾਂ ਵਿਚ ਪਿਆਰ ਤੇ ਵਿਸ਼ਵਾਸ ਵਧਿਆ। ਧਾਰਮਿਕ ਸ਼ਹਿਣਸ਼ੀਲਤਾ ਪੈਦਾ ਹੋਈ। ਗੋਰਡਨ ਦੀ ਰਾਏ ਵਿਚ, ਗੁਰੂ ਨਾਨਕ ਹੀ ਇਕ ਅਜਿਹਾ ਹਿੰਦੂ ਸੁਧਾਰਕ ਸੀ ਜਿਸ ਨੇ ਕੌਮੀ ਵਿਸ਼ਵਾਸ ਦੀ ਸਥਾਪਨਾ ਕੀਤੀ। ਉਹ ਆਮ ਲੋਕਾਂ ਵਿਚੋਂ ਉਠ ਕੇ ਇਕ ਮਹਾਨ ਪ੍ਰਚਾਰਕ ਤੇ ਸੁਧਾਰਕ ਬਣੇ ਅਤੇ ਆਪਣਾ ਪ੍ਰਚਾਰ ਪਕਿਆਈ ਨਾਲ ਕੀਤਾ ਤੇ ਲੋਕਾਂ ਨੂੰ ਇਕ ਮਹਾਨ ਧਾਰਮਿਕ ਕੌਮ ਬਣਨ ਲਈ ਜਗਾਇਆ। ਧਰਮ ਸਿਧਾਂਤ ਸਾਦਾ ਤੇ ਸਪਸ਼ਟ ਹੋ ਗਏ। ਸੱਚ ਸਮਾਜ ਦਾ ਧੁਰਾ ਬਣ ਗਿਆ।

## ਸਮਾਜਿਕ ਪ੍ਰਭਾਵ

ਗੁਰੂ ਨਾਨਕ ਦੇਵ ਜੀ ਦੇ ਸਮਾਜਿਕ ਸੁਧਾਰ ਕਾਰਨ ਸਮਕਾਲੀ ਸਮਾਜ ਵਿਚ ਅਨੇਕਾਂ ਵਰਣਨਯੋਗ ਤਬਦੀਲੀਆਂ ਆਈਆਂ ਅਤੇ ਉਨ੍ਹਾਂ ਨੇ ਭਾਰਤੀ ਸਮਾਜ ਦੇ ਢਾਂਚੇ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ। ਗੁਰੂ ਨਾਨਕ ਨੇ ਸਭ ਤੋਂ ਵੱਧ ਨਿਸ਼ਾਨਾ ਜਾਤੀ ਪ੍ਰਥਾ ਨੂੰ ਬਣਾਇਆ। ਲੰਗਰ ਪ੍ਰਥਾ ਦਾ ਆਰੰਭ ਕਰਕੇ ਗੁਰੂ ਜੀ ਨੇ ਵੱਖ ਵੱਖ ਰੰਗਾਂ, ਧਰਮਾਂ, ਨਸਲਾਂ, ਤੇ ਕੌਮ ਦੇ ਲੋਕਾਂ ਨੂੰ ਇਕ ਥਾਂ ਇਕੱਠੇ ਕੀਤਾ। ਲੋਕਾਂ ਨੇ ਸੰਪਰਦਾਇਕ ਭਾਵਨਾਵਾਂ ਦਾ ਤਿਆਗ ਕੀਤਾ। ਅਮਰ-ਗਰੀਬ ਉਚ-ਨੀਚ ਤੇ ਛੂਤ-ਅਛੂਤ ਦਾ ਵਿਤਕਰਾ ਦੂਰ ਹੋਇਆ। ਮਾਨਵ ਪਿਆਰ ਦਾ ਪਾਠ ਯਾਦ ਹੋਇਆ। ਲੋਕਾਂ ਨੇ ਸਮਾਜ ਵਿਚ ਇਸ ਨਵੀਂ ਤੇ ਵਧੀਆ ਤਬਦੀਲੀ ਦਾ ਸਵਾਗਤ ਕੀਤਾ। ਸਤੀ ਪ੍ਰਥਾ ਤੇ ਕੁੜੀਮਾਰ ਦੀ ਨਿਖੇਧੀ ਕੀਤੀ ਗਈ। ਗੁਰੂ ਨਾਨਕ ਦੇ ਪ੍ਰਭਾਵ ਅਧੀਨ ਸਮਾਜਿਕ ਪੁਨਰ ਜਾਗਰਤੀ ਅਤੇ ਕੌਮੀ ਭਾਵਨਾ ਮਜ਼ਬੂਤ ਹੋਈ। ਵੱਖ ਵੱਖ ਧਰਮਾਂ ਤੇ ਲੋਕਾਂ ਨੇ ਇਕ ਧਰਮ ਦੀ ਰਾਏ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਿਆ। ਧਾਰਮਿਕ ਇਕੱਠ ਵਿਚ ਹਿੰਦੂ ਅਤੇ ਮੁਸਲਮਾਨ ਦੋਵੇਂ ਸ਼ਾਮਲ ਹੁੰਦੇ ਸਨ। ਆਪਣੀ ਈਰਖਾ ਦੀ ਥਾਂ ਆਪਸੀ ਸਮਝ ਅਤੇ ਮਿੱਤਰਤਾ ਪੈਦਾ ਹੋਈ। ਦੱਬੇ ਕੁਚਲੇ ਛੋਟੀਆਂ ਜਾਤਾਂ ਦੇ ਲੋਕ ਸਮਾਨਤਾ ਦੀ ਮੰਗ ਕਰਨ ਲੱਗੇ। ਉਨ੍ਹਾਂ ਦਾ ਦਰਜਾ ਉੱਚਾ ਹੋਇਆ। ਗੁਰੂ ਦੇ ਪ੍ਰਭਾਵ ਅਧੀਨ ਉਨ੍ਹਾਂ ਨੂੰ ਆਦਰ ਮਾਣ ਦਾ ਦਰਜਾ ਦਿੱਤਾ ਜਾਣ ਲਗਾ। ਉਹ ਸਿੱਖ ਸਜਣ ਲਗੇ ਅਤੇ ਉਹਨਾਂ ਨੇ ਅੱਗੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ।

## ਰਾਜਨੀਤਿਕ ਪ੍ਰਭਾਵ

ਉਸ ਵੇਲੇ ਮੁਸਲਮਾਨ ਸ਼ਾਸਕ ਜ਼ਾਲਮ ਸਨ। ਉਹ ਲੋਕਾਂ ਨੂੰ ਲੁੱਟ ਅਤੇ ਕੁੱਟ ਰਹੇ ਸਨ। ਰਾਜ ਕਰਮਚਾਰੀ ਰਿਸ਼ਵਤਖੋਰ ਸਨ। ਰਾਜਤੰਤਰ ਦੀ ਜ਼ਮੀਰ ਵਿਗੜੀ ਪਈ ਸੀ। ਹਿੰਦੂ ਮੁਸਲਮਾਨ ਅਫਸਰਾਂ ਦੀ ਕੱਟੜਤਾ ਦੇ ਸ਼ਿਕਾਰ ਸਨ। ਮੁਗਲ ਹਮਲਾਵਰ ਬਾਬਰ ਨੇ ਭੋਲੇ-

ਭਾਲੇ ਬੇਕਸੂਰ ਲੋਕਾਂ ਦਾ ਕਤਲੇਆਮ ਕੀਤਾ। ਗੁਰੂ ਨਾਨਕ ਦੇਵ ਜੀ ਨੇ ਜ਼ਾਲਮਾਂ ਦੇ ਖਿਲਾਫ ਨਿਡਰ ਹੋ ਕੇ ਆਵਾਜ਼ ਉਠਾਈ। ਉਨ੍ਹਾਂ ਨੇ ਆਪਣੇ ਸਮਕਾਲੀ ਲੋਕਾਂ ਦੇ ਰਾਜਨੀਤਿਕ ਅਧਿਕਾਰਾਂ ਦੀ ਅਣਹੋਂਦ ਬਾਰੇ ਵਿਚਾਰ ਕੀਤਾ ਤੇ ਟਿਪੱਣੀ ਕੀਤੀ।:

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ।।
ਜਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ।।
ਅੰਧੀ ਰਯਤਿ ਗਿਆਨੁ ਵਿਹੂਣੀ ਭਾਹਿ ਭਰੇ ਮੁਰਦਾਰੁ ।।
(ਪੰਨਾ 469)

ਉਨ੍ਹਾਂ ਵੱਗ ਦੇ ਮਾਲਕ ਲੋਧੀ ਪਠਾਣ ਰਾਜਿਆਂ ਨੂੰ ਭਾਰਤ ਦੇ ਬਚਾਅ ਲਈ ਤਕੜਾ ਮੁਕਾਬਲਾ ਨਾ ਕਰਨ ਕਰਕੇ ਬੁਰਾ ਭਲਾ ਕਿਹਾ ਤੇ ਜਿਸ ਕਰਕੇ ਅਜਿਹੇ ਕੀਮਤੀ ਮੋਤੀ (ਦੇਸ਼) ਨੂੰ ਵਿਦੇਸ਼ੀਆਂ ਨੂੰ ਆਸਾਨੀ ਨਾਲ ਗੁਆਣ ਦਾ ਗਿਲਾ ਕੀਤਾ :

ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ। (ਪੰਨਾ 360)

ਭਾਵ ਲੋਧੀ ਰਾਜਿਆਂ ਨੇ (ਹਿੰਦੁਸਤਾਨ) ਕੀਮਤੀ ਵਿਰਾਸਤ ਨੂੰ ਲੁਟਾ ਦਿੱਤਾ ਹੈ ਤੇ ਉਨ੍ਹਾਂ ਦੇ ਮਰਨ ਦੇ ਬਾਅਦ ਉਨ੍ਹਾਂ ਦਾ ਕੋਈ ਆਦਰ ਨਹੀਂ ਹੋਵੇਗਾ ਤੇ ਨਾ ਹੀ ਉਨ੍ਹਾਂ ਨੂੰ ਕੋਈ ਯਾਦ ਕਰੇਗਾ।

ਖੁਸ਼ਵੰਤ ਸਿੰਘ ਅਨੁਸਾਰ ਭਾਰਤ ਦੇ ਪੂਰੇ ਇਤਿਹਾਸ ਵਿਚ ਉਹ ਇਕ ਅਜਿਹੇ ਪ੍ਰਸਿੱਧ ਨੇਤਾ ਸਨ ਜਿਨ੍ਹਾਂ ਦੇ ਅਸਲ ਚੇਲਿਆਂ ਦੀ ਗਿਣਤੀ ਭਾਵੇਂ ਬਹੁਤੀ ਨਹੀਂ ਸੀ ਫਿਰ ਵੀ ਦੂਜੇ ਧਰਮਾਂ ਤੇ ਸਮਾਜਾਂ ਦੇ ਲੋਕਾਂ ਨੇ ਉਨ੍ਹਾਂ ਦੀ ਇਸ ਗੱਲ ਤੇ ਫੁੱਲ ਚੜ੍ਹਾਏ ਕਿ :–

ਨ ਕੋ ਹਿੰਦੂ ਨ ਮੁਸਲਮਾਨ ।।

ਭਾਵ ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ ਹੈ। ਇਸ ਵਿਚਾਰ ਨੇ ਪੰਜਾਬੀਅਤ ਤੇ ਪੰਜਾਬੀ ਕੌਮ ਦੀ ਭਾਵਨਾ ਨੂੰ ਜਨਮ ਦਿੱਤਾ। ਉਨ੍ਹਾਂ ਨੇ ਖੁਲ੍ਹੇਆਮ ਇਹ ਗੱਲ ਕਹੀ ਕਿ ਜ਼ਾਲਮਾਂ ਨੂੰ ਕੋਈ ਯਾਦ ਨਹੀਂ ਕਰੇਗਾ। ਉਨ੍ਹਾਂ ਦੀਆਂ ਸਿੱਖਿਆਵਾਂ ਦਾ ਬਹੁਤ ਅਸਰ ਹੋਇਆ ਤੇ ਅੰਤ ਇਸੇ ਅਸਰ ਦੇ ਅਧੀਨ ਦਸਮ ਗੁਰੂ ਦੇ ਵੇਲੇ ਖਾਲਸੇ ਦਾ ਜਨਮ ਹੋਇਆ ਜੋ ਸਿੱਖ ਧਰਮ ਦੇ ਬਾਨੀ ਗੁਰੂ ਦੁਆਰਾ ਪੇਸ਼ ਕੀਤੇ ਸਿਧਾਂਤਾਂ ਦੀ ਖਾਤਰ ਲੜਿਆ।

## ਨੈਤਿਕ ਪ੍ਰਭਾਵ

ਗੁਰੂ ਨਾਨਕ ਦੇਵ ਜੀ ਨੇ ਇਖਲਾਕੀ ਮਿਆਰ ਦੀ ਉੱਚਤਾ ਤੇ ਵਧੇਰੇ ਜ਼ੋਰ ਦਿੱਤਾ। ਉਨ੍ਹਾਂ ਨੇ ਝੂਠ, ਧੋਖਾਬਾਜ਼ੀ, ਚੋਰੀ, ਨਸ਼ਿਆ ਤੇ ਬਦਕਾਰੀ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਇਨ੍ਹਾਂ ਬੁਰਾਈਆਂ ਨੂੰ ਨੰਗਾ ਕੀਤਾ ਤੇ ਇਸ ਸੁਧਾਰ ਦਾ ਰਸਤਾ ਦੱਸਿਆ। ਉਨ੍ਹਾਂ ਨੇ ਸਮਾਜ ਦੀ ਆਤਮਾ ਨੂੰ ਜਗਾਇਆ ਜਿਵੇਂ ਕਿ ਗੰਡਾ ਸਿੰਘ ਲਿਖਦਾ ਹੈ, ''ਆਪਣੇ ਦੇਸ਼ ਵਾਸੀਆਂ ਦੀ ਬੇਚਾਰਗੀ ਨੂੰ ਦੇਖਦੇ ਹੋਏ ਉਨ੍ਹਾਂ ਲੋਕਾਂ ਲਈ ਸੱਚ ਦਾ ਮਾਰਗ ਲੱਭਿਆ, ਉਨਾਂ ਨੇ ਲੋਕਾਂ ਨੂੰ ਬੁਰੀਆਂ ਆਦਤਾਂ ਵਿਚ ਪੈਣੋਂ ਰੋਕਿਆ। ਗੋਕਲ ਚੰਦ ਨਾਰੰਗ ਅਨੁਸਾਰ, ''ਪੰਜਾਬ ਦੇ ਹਿੰਦੂ, ਨਾਨਕ ਦੇ

ਜਨਮ ਵੇਲੇ ਦੀ ਬਜਾਏ ਉਨ੍ਹਾਂ ਦੇ ਕਾਰਨ, ਉਨ੍ਹਾਂ ਦੇ ਮਰਨ ਵੇਲੇ ਨਿਸ਼ਚਿਤ ਤੌਰ ਤੇ ਵਧੀਆ ਸਨ। ਗੁਰੂ ਨਾਨਕ ਦੇਵ ਜੀ ਮਾਨਵਤਾ ਨੂੰ ਆਤਮਿਕ ਵਿਕਾਸ ਵਲ ਲੈ ਗਏ। ਆਮ ਲੋਕਾਂ ਦੇ ਮਨ ਪਵਿੱਤਰ ਤੇ ਸਾਫ ਹੋ ਗਏ। ਉਨ੍ਹਾਂ ਨੇ ਹਿੰਦੂ ਵਿਚਾਰਧਾਰਾ ਨੂੰ ਝੰਜੋੜਿਆ ਅਤੇ ਪੰਜਾਬੀਆਂ ਦੀ ਇਖਲਾਕੀ ਤੇ ਆਤਮਿਕ ਦਸ਼ਾ ਵਿਚ ਸੁਧਾਰ ਕੀਤਾ।" ਤੇਜਾ ਸਿੰਘ ਅਤੇ ਗੰਡਾ ਸਿੰਘ ਗੁਰੂ ਨਾਨਕ ਦੇਵ ਜੀ ਦੇ ਕੰਮਾਂ ਬਾਰੇ ਲੇਖਾ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਪੱਕਾ ਭਰੋਸਾ ਸੀ ਕਿ ਜਿਨ੍ਹਾਂ ਚਿਰ ਲੋਕ ਅਗਿਆਨਤਾ ਤੇ ਭ੍ਰਿਸ਼ਟਾਚਾਰ ਵਿਚ ਫਸੇ ਹੋਏ ਹਨ ਉਨ੍ਹਾਂ ਲਈ ਕੁਝ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਲੋਕਾਂ ਨੂੰ ਅਣਗਿਣਤ ਦੇਵੀ ਦੇਵਤਿਆਂ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਇਆ ਤੇ ਉਨ੍ਹਾਂ ਨੂੰ ਇਕ ਪਰਮਾਤਮਾ, ਜੋ ਕਰਤਾ ਹੈ, ਪਾਲਕ ਹੈ ਭਾਵੇਂ ਉਸ ਦਾ ਕੋਈ ਵੀ ਨਾਮ ਹੈ ਮੰਨਣ ਦੀ ਪ੍ਰੇਰਣਾ ਦਿੱਤੀ। ਉਸ ਦੀ ਮੂਰਤੀ ਦੇ ਰੂਪ ਵਿਚ ਪੂਜਾ ਨਹੀਂ ਕੀਤੀ ਜਾ ਸਕਦੀ, ਸਗੋਂ ਭਗਤ ਨੇ ਉਸ ਦੇ ਨਾਮ ਦਾ ਅਭਿਆਸ ਕਰਨਾ ਹੈ। ਮਨੁੱਖ ਪਰਮਾਤਮਾ ਦਾ ਅਜਬ ਚਮਤਕਾਰ ਹੈ, ਪਰਮਾਤਮਾ ਮਨੁੱਖ ਦੇ ਮਨ ਵਿਚ ਵਸਦਾ ਤੇ ਪ੍ਰਗਟ ਹੁੰਦਾ ਹੈ। ਆਦਮੀ ਦੇ ਨਾਲ ਨਾਲ ਇਸਤਰੀ ਦਾ ਦਰਜਾ ਉੱਚਾ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ।

### 1.1.11 ਸਹਾਇਕ ਪੁਸਤਕਾਂ


1. Fauja Singh (Edited) : History of Punjab (A.D. 1000-1526) Vol. III.
2. J. S. Grewal : Guru Nanak in History.
3. B. S. Nijjar : Punjab Under Sultans of Delhi.
4. K. M. Ashraf : Life and conditions of Hindustan.
5. Rashbrook Williams: An Empire Builder of 16th Century.
6. J. S. Grewal : Guru Nanak in History
7. Fauja Singh : History of Punjab, Vol. III
8. K. M. Ashraf Life & Conditions of People of Hindustan.
9. A. L. Srivastava : Medieval Indian Culture.
10. B. S. Nijjar : Punjab Under Sutltans of Delhi.
11. ਗੁਰੂ ਨਾਨਕ ਦੀਆਂ ਯਾਤਰਾਵਾਂ (ਐਟਲਸ) ਡਾ. ਫੌਜਾ ਸਿੰਘ ਅਤੇ ਡਾ. ਕਿਰਪਾਲ ਸਿੰਘ
12. ਗੁਰੂ ਨਾਨਕ ਦੀਆਂ ਉਦਾਸੀਆਂ (ਯਾਤਰਾਵਾਂ) ਡਾ. ਐਸ. ਐਸ. ਕੋਹਲੀ
13. ਗੁਰੂ ਨਾਨਕ ਪ੍ਰੋ. ਹਰਬੰਸ ਸਿੰਘ
14. ਜਨਮ ਸਾਖੀ ਪਰੰਪਰਾ (ਪੰਜਾਬੀ) ਡਾ. ਕਿਰਪਾਲ ਸਿੰਘ

ਪਾਠ ਨੰਬਰ : 1.2 ਡਾ. ਪਰਮਵੀਰ ਸਿੰਘ

## ਸਿੱਖ ਧਰਮ ਦੇ ਮੁੱਢਲੇ ਨਿਯਮ - ਨਾਮ ਜਪਣਾ, ਕਿਰਤ ਕਰਨੀ,ਵੰਡ ਛਕਣਾ

1.2.1 ਉਦੇਸ਼

1.2.2 ਭੂਮਿਕਾ

1.2.3 ਸਿੱਖ ਫਲਸਫੇ ਅਨੁਸਾਰ ਆਦਰਸ਼ਕ ਜੀਵਨ

1.2.4 ਨਾਮ ਜਪਣਾ

1.2.5 ਕਿਰਤ ਕਰਨੀ

1.2.6 ਵੰਡ ਛਕਣਾ

1.2.7 ਮਨੁੱਖੀ ਸਮੱਸਿਆਵਾਂ ਪ੍ਰਤੀ ਸਰਵਜਨਿਕ ਸਰੋਕਾਰ

**1.2.1 ਉਦੇਸ਼** : ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿਖ ਧਰਮ ਦੇ ਮੁੱਢਲੇ ਨਿਯਮਾਂ, ਜਿਸ ਉਪਰ ਸਮੁੱਚਾ ਸਿਖ ਫਲਸਫਾ ਆਧਾਰਿਤ ਹੈ, ਉਸ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ।

**1.2.2 ਭੂਮਿਕਾ** : ਦਰਸ਼ਨ ਦੀ ਭਾਸ਼ਾ ਵਿਚ ਨੈਤਿਕਤਾ ਤੋਂ ਆਮ ਭਾਵ ਹੈ ਮਨੁੱਖੀ ਵਿਵਹਾਰ ਵਿਚ ਠੀਕ ਜਾਂ ਗਲਤ, ਚੰਗੇ ਜਾਂ ਬੁਰੇ ਵਿਵਹਾਰ ਦੇ ਵਿਚਾਰਾਂ ਦਾ ਸਿਧਾਂਤਕ ਰੂਪ। ਹਰ ਜਗ੍ਹਾ ਅਤੇ ਵਿਅਕਤੀ ਸਮੂੰਹ ਵਿਚ ਕੁਝ ਖਾਸ ਕਿਸਮ ਦੇ ਅਸੂਲ ਮੌਜੂਦ ਹੁੰਦੇ ਹਨ ਜਿਨ੍ਹਾਂ ਨੂੰ ਕੇਂਦਰ ਬਣਾ ਕੇ ਕਿਸੇ ਖਾਸ ਕਿਸਮ ਦੇ ਵਿਵਹਾਰ ਨੂੰ ਜਾਂਚਿਆ ਜਾਂਦਾ ਹੈ। ਇਹ ਵਿਵਹਾਰ ਆਮ ਤੌਰ ਤੇ ਵਿਅਕਤੀ ਵਿਸ਼ੇਸ਼ ਜਾਂ ਵਿਸ਼ੇਸ਼ ਸਮਾਜ ਦੇ ਆਦਰਸ਼ ਜਾਂ ਸਰਵ-ਉੱਚ ਕੀਮਤਾਂ ਤੇ ਆਧਾਰਤ ਹੁੰਦਾ ਹੈ, ਜਿਸ ਦੀ ਪ੍ਰਾਪਤੀ ਹਿਤ ਵਿਸ਼ੇਸ਼ ਵਿਅਕਤੀ ਜਾਂ ਸਮਾਜ ਤੋਂ ਕਿਸੇ ਖਾਸ ਕਿਸਮ ਦੇ ਵਿਵਹਾਰ ਦੀ ਆਸ ਕੀਤੀ ਜਾਂਦੀ ਹੈ। ਜਾਂ ਇੰਜ ਕਹਿ ਲਈਏ ਕਿ ਕਿਸੇ ਖਾਸ ਉਦੇਸ਼ ਦੀ ਪ੍ਰਾਪਤੀ ਕਿਸੇ ਖਾਸ ਕਿਸਮ ਦੇ ਵਿਵਹਾਰ ਨੂੰ ਅਪਣਾਏ ਬਿਨਾਂ ਅਤੇ ਖਾਸ ਕਿਸਮ ਦੇ ਵਿਹਾਰ ਨੂੰ ਤਿਆਗੇ ਬਿਨਾਂ ਨਹੀਂ ਹੋ ਸਕਦੀ। ਉਦਾਹਰਣ ਵਜੋਂ ਜਿਵੇਂ ਜੇ ਕਿਸੇ ਖਾਸ ਵਿਅਕਤੀ ਦੇ ਜੀਵਨ ਜਾਂ ਸਮਾਜ ਦਾ ਉੱਚਤਮ ਆਦਰਸ਼ ਆਰਥਕ ਉਦੇਸ਼ ਦੀ ਪੂਰਤੀ ਕਰਨਾ ਹੋਵੇ ਤਾਂ ਉਨ੍ਹਾਂ ਦਾ ਵਿਵਹਾਰ ਵੀ ਉਸੇ ਪ੍ਰਾਪਤੀ ਦੀ ਦਿਸ਼ਾ ਵਿਚ ਹੋਵੇਗਾ ਅਤੇ ਉਸ ਵਿਸ਼ੇਸ਼ ਸਮਾਜ ਵਿਚ ਉਸੇ ਆਧਾਰ ਤੇ ਵਿਅਕਤੀ ਦੇ ਵਿਵਹਾਰ ਨੂੰ ਠੀਕ ਜਾਂ ਗਲਤ ਮੰਨਿਆਂ ਜਾਵੇਗਾ। ਜੇ ਕਿਸੇ ਵਿਅਕਤੀ ਜਾਂ ਸਮਾਜ ਦਾ ਉਦੇਸ਼ ਧਾਰਮਿਕ ਸੰਪੂਰਨਤਾ ਹਾਸਿਲ ਕਰਨਾ ਹੋਵੇ ਤਾਂ ਉਸ ਲਈ ਵਿਵਹਾਰ ਦੀ ਦਿਸ਼ਾ ਵੀ ਉਸੇ ਤਰਾਂ ਦੀ ਹੋਵੇਗੀ। ਇਹਨਾਂ ਨੈਤਿਕ ਨਿਯਮਾਂ ਨੂੰ ਆਮ ਤੌਰ ਤੇ ਵਿਅਕਤੀ ਜਾਂ ਸਮਾਜ ਦੇ ਆਗੂਆਂ ਰਾਹੀਂ ਨਿਰਧਾਰਤ ਕੀਤਾ ਜਾਂਦਾ ਹੈ। ਜਿਸ ਤਰਾਂ ਦੇ ਉਦੇਸ਼ ਦੇ ਧਾਰਨੀ ਖਾਸ ਵਿਅਕਤੀ ਸਮੂੰਹ ਜਾਂ ਸਮਾਜ ਦੇ ਆਗੂ ਹੁੰਦੇ ਹਨ ਉਸੇ ਤਰਾਂ ਦੇ ਨੈਤਿਕ ਨਿਯਮ ਉਹ ਆਪਣੇ ਲੋਕਾਂ ਲਈ ਨਿਰਧਾਰਤ ਕਰਦੇ ਹਨ।

**1.2.3 ਸਿੱਖ ਫਲਸਫੇ ਅਨੁਸਾਰ ਆਦਰਸ਼ਕ ਜੀਵਨ** :ਸਿੱਖ ਧਰਮ ਅਨੁਸਾਰ ਮਨੁੱਖ ਦਾ ਅੰਤਿਮ ਆਦਰਸ਼ ਆਤਮ - ਸਿੱਧੀ ਹਾਸਿਲ ਕਰਨਾ ਹੁੰਦਾ ਹੈ ਇਸ ਕਰਕੇ ਉਸ ਦੇ ਵਿਵਹਾਰ ਦਾ ਮੁੱਖ ਜ਼ੋਰ ਵੀ ਉਸੇ ਤਰਾਂ ਦੇ ਅਸੂਲ ਅਪਨਾਉਣਾ ਹੈ ਜਿਸ ਨਾਲ ਸਹਿਜੇ ਹੀ ਮਨੁੱਖ ਆਪਣੀ ਮੰਜ਼ਿਲ ਪ੍ਰਾਪਤੀ ਦੇ ਰਾਹ ਤੇ ਤੁਰਿਆ ਜਾਵੇ। ਮਨੁੱਖ ਦੀ ਆਤਮਾ ਆਪਣੀ ਅੰਤਿਮ ਮੰਜ਼ਿਲ ਹਾਸਿਲ ਕਰ ਲਵੇ ਇਸ ਲਈ ਇਕ ਸਿੱਖ ਲਈ ਠੀਕ ਜਾਂ ਗਲਤ ਚੰਗੇ ਜਾਂ ਬੁਰੇ ਵਿਵਹਾਰ ਦਾ ਮਾਪਦੰਡ ਵੀ ਆਤਮਿਕ ਸ਼ੁੱਧੀ ਅਤੇ ਆਤਮਿਕ ਗੁਣਾਂ ਨੂੰ ਸਨਮੁੱਖ ਰੱਖ ਕੇ ਤਹਿ ਕੀਤਾ ਗਿਆ ਹੈ। ਆਤਮਾ ਦਾ ਅਸਲੀ ਉਦੇਸ਼ ਸੱਚ, ਸੰਤੋਖ ਅਤੇ ਬ੍ਰਹਮ ਗਿਆਨ ਆਦਿ ਗੁਣਾਂ ਨੂੰ ਪ੍ਰਾਪਤ ਕਰਕੇ ਆਪ ਬ੍ਰਹਮ ਰੂਪ ਹੋ ਜਾਣਾ ਹੈ। ਇਸ ਕਰਕੇ ਉਨ੍ਹਾਂ ਗੁਣਾਂ ਨੂੰ ਪ੍ਰਾਪਤ ਵੀ ਆਤਮਿਕ ਗੁਣ ਧਾਰਨ ਕਰ ਕੇ ਹੀ ਕੀਤਾ ਜਾ ਸਕਦਾ ਹੈ। ਇਸ ਕਰਕੇ ਸਿੱਖ ਲਈ ਠੀਕ ਜਾਂ ਗਲਤ ਵਿਵਹਾਰ ਦਾ ਮਾਪਦੰਡ ਉਨ੍ਹਾਂ ਗੁਣਾਂ ਨੂੰ ਧਾਰਨ ਕਰਨਾ ਹੁੰਦਾ ਹੈ ਜੋ ਉਸ ਦੀ ਆਤਮਾ ਨੂੰ ਸ਼ੁੱਧਤਾ ਪਰਦਾਨ ਕਰਕੇ ਉਸ ਨੂੰ ਆਪਣੀ ਅਸਲੀ ਮੰਜ਼ਿਲ ਤੇ ਚੱਲਣ ਯੋਗ ਬਣਾਉਂਦੇ ਹਨ।

ਆਤਮਾ ਦੀ ਸ਼ੁੱਧਤਾ ਵਾਸਤੇ ਜੋ ਗੁਣ ਨਿਰਧਾਰਤ ਕੀਤੇ ਗਏ ਹਨ ਉਹ ਗੁਰੂ ਨਾਨਕ ਤੋਂ ਲੈ ਕੇ ਬਾਕੀ ਸਾਰੇ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਤੇ ਆਧਾਰਤ ਹਨ। ਇਸ ਵਕਤ ਗੁਰੂ ਸਾਹਿਬਾਨ ਦਾ ਨੈਤਿਕ ਸਿਧਾਂਤ ਹੋਰ ਵਿਸ਼ਾਲ ਰੂਪ ਧਾਰਨ ਕਰ ਕੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਮੌਜੂਦ ਹੈ ਕਿਉਂਕਿ ਇਸ ਵਿਚ ਛੇ ਗੁਰੂ ਸਾਹਿਬਾਨਾਂ ਤੋਂ ਬਿਨਾਂ ਸੰਤਾਂ, ਭਗਤਾਂ ਅਤੇ ਸੂਫੀ ਮਹਾਂਪੁਰਸ਼ਾਂ ਦੀਆਂ ਸਿੱਖਿਆਵਾਂ ਸ਼ਾਮਿਲ ਹਨ। ਇਸ ਤਰਾਂ ਜਿਨ੍ਹਾਂ ਵੀ ਮਹਾਂਪੁਰਸ਼ਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ ਉਹ ਸਿੱਖ ਧਰਮ ਦੇ ਨੈਤਿਕ ਨਿਯਮ ਤੈਅ ਕਰਨ ਵਿਚ ਸਹਾਈ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਪ੍ਰਭੂ ਪ੍ਰੇਮ ਵਿਚ ਭਿਜੇ ਹੋਏ ਉਸ ਦੇ ਪ੍ਰੇਮੀਆਂ ਦੇ ਦਿਲਾਂ ਵਿਚੋਂ ਸਹਿਜ ਸੁਭ੍ਹਾ ਉਤਪੰਨ ਹੋਇਆ ਇਕ ਕਾਵਿਕ ਪਰਵਾਹ ਹੈ ਇਸ ਕਰਕੇ ਇਸ ਵਿਚ ਨੈਤਿਕ ਨਿਯਮਾਂ ਬਾਰੇ ਕੋਈ ਵਿਸ਼ੇਸ਼ ਨਿਰਧਾਰਤ ਫਾਰਮੂਲਾ ਕਿਸੇ ਇਕ ਥਾਂ ਤੇ ਖਾਸ ਵਿਉਂਤ ਅਨੁਸਾਰ ਉਪਲਬਧ ਨਹੀਂ। ਪਰ ਗੁਰੂ ਗ੍ਰੰਥ ਸਾਹਿਬ ਤੇ ਆਧਾਰਤ ਸਮੁੱਚਾ ਸਿੱਖ ਸਿਧਾਂਤ ਨੈਤਿਕਤਾ ਦੇ ਕਈ ਪੱਖਾਂ ਨੂੰ ਉਜਾਗਰ ਕਰਦਾ ਪਰਤੀਤ ਹੁੰਦਾ ਹੈ। ਇਸ ਕਰਕੇ ਸਿੱਖ ਧਰਮ ਦੇ ਮੁੱਢਲੇ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਸਿੱਖ ਨੈਤਿਕ ਨਿਯਮਾਂ ਦਾ ਮੁੱਖ ਆਧਾਰ ਮੰਨਿਆ ਜਾਂਦਾ ਹੈ। ਭਾਵੇਂ ਹੋਰ ਬਹੁਤ ਸਾਰੇ ਸ੍ਰੋਤ ਜਿਵੇਂ; ਦਸਮ ਗ੍ਰੰਥ, ਵਾਰਾਂ ਭਾਈ ਗੁਰਦਾਸ, ਜਨਮਸਾਖੀਆਂ, ਰਹਿਤਨਾਮੇ, ਅਤੇ ਗੁਰੂ ਇਤਿਹਾਸ ਨਾਲ ਜੁੜੇ ਗ੍ਰੰਥ ਵੀ ਸਾਨੂੰ ਨੈਤਿਕ ਨਿਯਮਾਂ ਦੀ ਕਾਫੀ ਜਾਣਕਾਰੀ ਪਰਦਾਨ ਕਰਦੇ ਹਨ ਪਰ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦੇ ਸਦੀਵੀ ਗੁਰੂ ਦਾ ਦਰਜਾ ਪ੍ਰਾਪਤ ਹੈ ਇਸ ਕਰਕੇ ਦੂਜੇ ਬਾਕੀ ਸਾਰੇ ਸ੍ਰੋਤਾਂ ਵਿਚਲੀ ਨੈਤਿਕ ਅਗਵਾਈ ਦਾ ਵੀ ਮੂਲ ਸ੍ਰੋਤ ਗੁਰੂ ਗ੍ਰੰਥ ਸਾਹਿਬ ਹੀ ਹੈ। ਇਸ ਵਿਚ ਗੁਰੂ ਸਾਹਿਬਾਨ ਅਤੇ ਉਨ੍ਹਾਂ ਸੰਤਾਂ ਭਗਤਾਂ ਦੇ ਦੈਵੀ ਅਨੁਭਵ ਮੌਜੂਦ ਹਨ ਜਿਨ੍ਹਾਂ ਨੇ ਇਕ ਖਾਸ ਕਿਸਮ ਦਾ ਨੈਤਿਕ ਰਵੱਈਆ ਅਖਤਿਆਰ ਕਰਦੇ ਹੋਏ ਆਪਣੀ ਉਸ ਮੰਜ਼ਿਲ ਨੂੰ ਪ੍ਰਾਪਤ ਕੀਤਾ ਜੋ ਮੰਜ਼ਿਲ ਉਨ੍ਹਾਂ ਨੇ ਸਾਡੇ ਸਭ ਲਈ ਨਿਰਧਾਰਤ ਕੀਤੀ ਹੈ। ਇਸੇ ਕਰਕੇ ਇਸ ਸ੍ਰੋਤ ਨੂੰ ਮਨੁੱਖੀ ਜੀਵਨ ਦੀ ਸੰਪੂਰਨ ਅਧਿਆਤਮਿਕ-ਨੈਤਿਕ ਅਗਵਾਈ ਦਾ ਮੂਲ ਸੋਮਾ ਮੰਨਿਆ ਜਾਂਦਾ ਹੈ। ਭਾਵੇਂ ਸਿੱਖ ਨੈਤਿਕ ਨਿਯਮਾਂ ਨੂੰ ਨਿਰਧਾਰਤ ਕਰਨ ਲਈ ਕਾਫੀ ਘਾਲਣਾ ਕਰਨੀ ਪੈਂਦੀ ਹੈ ਪਰ ਗੁਰਬਾਣੀ ਅਤੇ ਸਬੰਧਤ ਸ੍ਰੋਤਾਂ ਵਿਚ ਬਹੁਤ ਜਗ੍ਹਾ ਐਸੇ ਹਵਾਲੇ ਜ਼ਰੂਰ ਮਿਲਦੇ ਹਨ ਜਿਨ੍ਹਾਂ ਨੂੰ ਸਿੱਖ ਨੈਤਿਕ ਨਿਯਮਾਂ ਦਾ ਆਧਾਰ ਮੰਨਿਆ ਜਾ ਸਕਦਾ ਹੈ। ਇਸੇ ਕਰਕੇ ਬਹੁਤ ਕੰਮ ਤਾਂ ਭਾਵੇ ਸਿੱਖ ਨੈਤਿਕਤਾ ਤੇ ਨਹੀਂ ਹੋਇਆ ਪਰ ਫਿਰ ਵੀ ਕਾਫੀ ਵਿਦਵਾਨਾਂ ਨੇ ਆਪਣੇ ਆਪਣੇ ਤਰੀਕੇ ਨਾਲ ਕੋਸ਼ਿਸ਼ ਕੀਤੀ ਹੈ ਕਿ ਸਿੱਖ ਨੈਤਿਕ ਨਿਯਮਾਂ ਨੂੰ ਲੱਭ ਕੇ ਕਿਸੇ ਤਰਾਂ ਉਨ੍ਹਾਂ ਨੂੰ ਨਿਯਮਬੱਧ ਰੂਪ ਵਿਚ ਪਾਠਕਾਂ ਦੀ ਸਹੂਲਤ ਵਾਸਤੇ ਕਿਸੇ ਇਕ ਥਾਂ ਪ੍ਰਸਤੁਤ ਕੀਤਾ ਜਾ ਸਕੇ। ਡਾ. ਅਵਤਾਰ ਸਿੰਘ, ਡਾ. ਵਜ਼ੀਰ ਸਿੰਘ, ਡਾ. ਜਗਬੀਰ ਸਿੰਘ, ਡਾ. ਜਸਵਿੰਦਰ ਕੌਰ ਢਿਲੋਂ, ਪ੍ਰੋ. ਗੁਰਬਚਨ ਸਿੰਘ ਤਾਲਿਬ ਆਦਿ ਦੇ ਨਾਮ ਇਸ ਵਿਸ਼ੇ ਲਈ ਖਾਸ ਵਰਨਣਯੋਗ ਹਨ।

ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੀ ਪਰਧਾਨ ਸੁਰ ਅਧਿਆਤਮਿਕ ਹੈ। ਇਸ ਵਿਚ ਮਨੁੱਖੀ ਜੀਵਨ ਲਈ ਅਧਿਆਤਮਿਕ ਸੰਪੂਰਨਤਾ ਪ੍ਰਾਪਤ ਕਰਨ ਅਤੇ ਉਸ ਅਨੁਸਾਰ ਆਪਣੇ ਨਿਜੀ ਜੀਵਨ ਨੂੰ ਸੇਧ ਦੇਣ ਦੀ ਰੂਪ ਰੇਖਾ ਪਰਦਾਨ ਕੀਤੀ ਗਈ ਹੈ। ਗੁਰੂ ਗ੍ਰੰਥ ਅਨੁਸਾਰ ਆਮ ਤੌਰ ਤੇ ਇਹ ਧਾਰਨਾ ਮੰਨੀ ਜਾਂਦੀ ਹੈ ਕਿ ਮਨੁੱਖ ਆਤਮ - ਸਿੱਧੀ ਦੇ ਰਾਹ ਤੇ ਦੋ ਤਰਾਂ ਨਾਲ ਵਿਵਹਾਰ ਕਰਦਾ ਹੋਇਆ ਆਪਣੀ ਮੰਜ਼ਿਲ ਤੇ ਪਹੁੰਚ ਸਕਦਾ ਹੈ। ਨੀਵੇਂ ਮੰਡਲਾਂ ਤੋਂ ਉੱਚਾ ਚੁੱਕ ਕੇ ਅਧਿਆਤਮ ਦੇ ਉਨ੍ਹਾਂ ਮੰਡਲਾਂ ਤੱਕ ਪਹੁੰਚਦਾ ਕਰ ਦਿੰਦੀ ਹੈ ਜਿਥੇ ਸੱਚ ਅਤੇ ਕੇਵਲ ਸੱਚ ਦਾ ਵਾਸਾ ਹੁੰਦਾ ਹੈ। ਜਿਸ ਮੰਡਲ ਵਿਚ ਆਪ ਵਾਹਿਗੁਰੂ ਦਾ ਵਾਸਾ ਹੁੰਦਾ ਹੈ।

ਗੁਰੂ ਸਾਹਿਬ ਦਾ ਕਹਿਣਾ ਹੈ ਕਿ ਸਿਮਰਨ ਕਰਨ ਵਾਲਾ ਨਾਮ ਅਭਿਆਸੀ ਪਹਿਲਾਂ ਸਾਧ ਸੰਗਤ ਵਿਚ ਆਪਣੀ ਹਉਮੈ ਦਾ ਤਿਆਗ ਕਰਦਾ ਹੈ ਫਿਰ ਉਸ ਨੂੰ ਨਾਮ ਜਪਣ ਦਾ ਰਾਹ ਸਮਝ ਆਉਂਦਾ ਹੈ। ਗੁਰੂ ਦੀ ਸਿੱਖਿਆ ਪ੍ਰਤੀ ਪੂਰੀ ਤਰ੍ਹਾਂ ਸਮਰਪਤ ਗੁਰਮੁਖ ਹੀ ਆਪਣੇ ਨਿਜ ਦੇ ਹੰਕਾਰ ਦਾ ਤਿਆਗ ਕਰਕੇ ਕੇਵਲ ਗੁਰੂ ਦੀ ਸਿੱਖਿਆ ਦੇ ਸਹਾਰੇ ਕਦਮ - ਦਰ - ਕਦਮ ਚੰਗੇ ਗੁਣਾਂ ਨੂੰ ਅਖਤਿਆਰ ਕਰਕੇ ਹੌਲੀ - ਹੌਲੀ ਸਹਿਜ ਅਵੱਸਥਾ ਵਿਚ ਵਿਚਰਦੇ ਹੋਏ ਨਾਮ ਦਾ ਸਿਮਰਨ ਕਰਦੇ-ਕਰਦੇ ਪ੍ਰਭੂ ਦੀ ਨਜ਼ਦੀਕੀ ਅਤੇ ਅੰਤ ਵਿਚ ਪ੍ਰਭੂ ਦੀ ਹਸਤੀ ਵਿਚ ਲੀਨ ਹੋ ਸਕਦਾ ਹੈ। ਗੁਰੂ ਪ੍ਰਤੀ ਆਪਣੇ ਆਪ ਨੂੰ ਸਮਰਪਿਤ ਕਰਨ ਤੋਂ ਲੈ ਕੇ ਪ੍ਰਭੂ ਵਿਚ ਲੀਨ ਹੋਣ ਤੱਕ ਦੀ ਯਾਤਰਾ ਤੱਕ ਇਕ ਆਮ ਆਦਮੀ ਪਹਿਲਾਂ ਸਿੱਖ, ਫੇਰ ਗੁਰਮੁਖ, ਫੇਰ ਬ੍ਰਹਮ ਗਿਆਨੀ ਅਤੇ ਅੰਤ ਵਿਚ ਪ੍ਰਭੂ ਦੀ ਹਸਤੀ ਦਾ ਹਿੱਸਾ ਹੋ ਜਾਂਦਾ ਹੈ। ਸਿੱਖ ਹੋਣ ਦੀ ਅਵੱਸਥਾ ਵਿਚ ਉਹ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰਦਾ ਹੈ; ਭਾਵ ਉਨ੍ਹਾਂ ਗੁਣਾਂ ਨੂੰ ਗ੍ਰਹਿਣ ਕਰਦਾ

ਹੈ ਜਿਨ੍ਹਾਂ ਨੂੰ ਗ੍ਰਹਿਣ ਕਰਕੇ ਉਸ ਨੂੰ ਨਾਮ ਸਿਮਰਨ ਦਾ ਰਾਹ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਇਹ ਹੁੰਦਾ ਹੈ ਆਪਣੀ ਨਿਜ ਦੀ ਅਕਲ ਜਾਂ ਆਪਣੀ ਨਿਜ ਦੀ ਸੋਚਣ ਸ਼ਕਤੀ ਨੂੰ ਪ੍ਰਭੂ ਦੇ ਨਾਮ ਦੇ ਰਾਹ ਲਈ ਸਹਾਈ ਨਾ ਮੰਨ ਕੇ ਸਗੋਂ ਗੁਰੂ ਦੀ ਸਮਝ ਉੱਤੇ ਪੂਰਨ ਵਿਸ਼ਵਾਸ ਲਿਆਉਣਾ। ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਤਾਂ ਜਪੁਜੀ ਸਾਹਿਬ ਵਿਚ ਕਿਹਾ ਹੀ ਹੈ ਕਿ ਮਨੁੱਖ ਦੇ ਕੋਲ ਭਾਵੇਂ ਆਪਣੀਆਂ ਹਜ਼ਾਰਾਂ ਅਕਲਾਂ ਹੋਣ ਪਰ ਗੁਰੂ ਦੀ ਅਕਲ ਅਖਤਿਆਰ ਕੀਤੇ ਬਿਨਾਂ ਮਨੁੱਖ ਉਸ ਪਰਮਾਤਮਾ ਦੇ ਨਾਮ ਸਿਮਰਨ ਦੇ ਰਾਹ ਤੇ ਨਹੀਂ ਚੱਲ ਸਕਦਾ ਕਿਉਂਕਿ ਉਹ ਰਾਹ ਜੋ ਗੁਰੂ ਨੇ ਦੱਸਣਾ ਹੁੰਦਾ ਹੈ ਮਨੁੱਖ ਉਸ ਰਾਹ ਤੇ ਆਪਣੇ ਆਪ ਜਾਂ ਆਪਣੀ ਨਿਜੀ ਸਮਝ ਕਰਕੇ ਕਦੇ ਵੀ ਪਹੁੰਚ ਨਹੀਂ ਸਕਦਾ। ਇਹ ਰਾਹ ਸਰੀਰ ਅਤੇ ਆਤਮਾ ਦੇ ਗੁੱਝੇ ਭੇਦਾਂ ਵਿਚੋਂ ਉਜਾਗਰ ਹੁੰਦਾ ਹੈ ਅਤੇ ਬੇਹੱਦ ਸੂਖਮ ਵਿਧੀ ਨਾਲ ਪਾਰ ਕੀਤਾ ਜਾਂਦਾ ਹੈ ਜਿਸ ਦਾ ਗੁੱਝਾ ਭੇਦ ਕੇਵਲ ਅਤੇ ਕੇਵਲ ਗੁਰੂ ਪਾਸ ਹੀ ਹੁੰਦਾ ਹੈ। ਇਸ ਕਰਕੇ ਹਲੀਮੀ ਗ੍ਰਹਿਣ ਕਰੇ ਬਿਨਾਂ ਇਸ ਗੁੱਝੇ ਭੇਦ ਦੀ ਘੁੰਡੀ ਗੁਰੂ ਨਹੀਂ ਖੋਲਦਾ ਜਾਂ ਇੰਜ ਮੰਨ ਲਈਏ ਕਿ ਨਿਜ ਦਾ ਹੰਕਾਰ ਤਿਆਗੇ ਬਿਨਾਂ ਕੋਈ ਕਿਵੇਂ ਗੁਰੂ ਦੀ ਸਿੱਖਿਆ ਤੇ ਪੂਰੀ ਤਰਾਂ ਬਿਨਾਂ ਸ਼ੱਕ ਕੀਤੇ ਚੱਲ ਸਕਦਾ ਹੈ। ਇਸੇ ਕਰਕੇ ਇਹ ਮੰਨਿਆ ਗਿਆ ਹੈ ਕਿ ਆਪਣੇ ਸਵੈ ਦਾ ਤਿਆਗ, ਆਪਣੇ ਹੰਕਾਰ ਦਾ ਤਿਆਗ ਹੀ ਗੁਰਮਤਿ ਦੀ ਪਹਿਲੀ ਪਉੜੀ ਹੈ ਜਿਸ ਤੇ ਚੜ੍ਹ ਕੇ ਇਕ ਮਨੁੱਖ ਗੁਰੂ ਦੀ ਵੱਡਮੁੱਲੀ ਸਿਖਿਆ ਦੀ ਪ੍ਰਾਪਤੀ ਕਰਕੇ ਉਸ ਤੇ ਚੱਲ ਕੇ ਆਪਣਾ ਅਧਿਆਤਮਿਕ ਉਦੇਸ਼ ਪ੍ਰਾਪਤ ਕਰ ਸਕਣ ਦੇ ਯੋਗ ਹੋ ਸਕਦਾ ਹੈ। ਲਗਾਤਾਰ ਗੁਰੂ ਦੀ ਸਿੱਖਿਆ ਗ੍ਰਹਿਣ ਕਰਦੇ - ਕਰਦੇ, ਗੁਰੂ ਦੁਆਰਾ ਦੱਸੇ ਰਾਹ ਤੇ ਚੱਲਦੇ - ਚੱਲਦੇ ਇਕ ਸਾਧਾਰਣ ਸਿੱਖ ਸਾਧਕ ਦਾ ਰੂਪ ਅਖਤਿਆਰ ਕਰਕੇ ਉਨ੍ਹਾਂ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ ਜੋ ਉਸ ਨੂੰ ਸਮਾਜ ਵਿਚ ਇਕ ਉੱਤਮ ਦਰਜੇ ਦੇ ਵਿਅਕਤੀ ਦਾ ਦਰਜਾ ਵੀ ਪਰਦਾਨ ਕਰਦੇ ਹਨ। ਉੱਤਮਤਾ ਹਾਸਿਲ ਤਾਂ ਗੁਰਮੁਖ ਕਰ ਹੀ ਲੈਂਦਾ ਹੈ ਪਰ ਉਸ ਦੀ ਹੋਂਦ ਆਪਣੀ ਸੰਪੂਰਨਤਾ ਵਿਚ ਉਦੋਂ ਆਉਂਦੀ ਹੈ ਜਦੋਂ ਗੁਰਮੁਖ ਨਾਮ ਦਾ ਸਿਮਰਨ ਕਰਦਾ ਹੋਇਆ ਆਪ ਬ੍ਰਹਮ ਰੂਪ ਹੋ ਜਾਂਦਾ ਹੈ ਅਤੇ ਬ੍ਰਹਮ ਰੂਪ ਹੋਣ ਤੇ ਉਹ ਬ੍ਰਹਮ ਗਿਆਨੀ ਤਾਂ ਹੋ ਹੀ ਜਾਂਦਾ ਹੈ ਨਾਲ ਹੀ ਨਾਲ ਬ੍ਰਹਮ ਵਾਲੇ ਗੁਣ ਵੀ ਉਸ ਵਿਚ ਆ ਜਾਂਦੇ ਹਨ ਅਤੇ ਉਹ ਸ਼ੀਲ, ਸੰਤੋਖ, ਪ੍ਰੇਮ, ਵਿਸ਼ਾਲਤਾ, ਆਨੰਦ ਆਦਿ ਦੈਵੀ ਗੁਣ ਧਾਰਨ ਕਰ ਕੇ ਸਰਬਤ ਦੇ ਭਲੇ ਦਾ ਮੁਜੱਸਮਾ ਬਣ ਜਾਂਦਾ ਹੈ।

ਨਾਮ ਜਪਣ ਦੀ ਸਥਿਤੀ ਮਨੁੱਖ ਦੇ ਅੰਦਰੋਂ ਸ਼ੁਰੂ ਹੁੰਦੀ ਹੈ ਪਰ ਉਸ ਦੀ ਪ੍ਰਾਪਤੀ ਬਿਨਾਂ ਸ਼ੱਕ ਉਸ ਨੂੰ ਇਕ ਐਸਾ ਵਿਅਕਤੀ ਬਣਾ ਦਿੰਦੀ ਹੈ ਜੋ ਕੇਵਲ ਆਪਣੇ ਨਿਜ ਬਾਰੇ ਹੀ ਆਪਣਾ ਅੰਦਰੂਨੀ ਸਰੋਕਾਰ ਨਹੀਂ ਰੱਖਦਾ ਬਲਕਿ ਉਸ ਦਾ ਸਬੰਧ ਸਾਰੇ ਵਿਸ਼ਵ ਨਾਲ ਹੋ ਜਾਂਦਾ ਹੈ।

ਸਿੱਖ ਵਿਚਾਰਧਾਰਾ ਕਿਉਂਕਿ ਮੁੱਖ ਤੌਰ 'ਤੇ ਅਧਿਆਤਮਿਕ ਹੈ ਅਤੇ ਇਸ ਲਈ ਵਿਅਕਤੀ ਨੂੰ ਆਪਣਾ ਅਧਿਆਤਮਿਕ ਉਦੇਸ਼ ਹਾਸਿਲ ਕਰਨ ਲਈ ਪਦਾਰਥਵਾਦੀ ਸੰਸਾਰ ਦੇ ਬੰਧਨ ਤੋਂ ਉੱਪਰ ਉੱਠਣ ਦੀ ਪ੍ਰੇਰਨਾ ਦਿੰਦਾ ਹੈ ਪਰ ਕਿਸੇ ਵੀ ਤਰਾਂ ਇਹ ਪਦਾਰਥਕ ਸੰਸਾਰ ਤੋਂ ਰਿਸ਼ਤਾ ਤੋੜਨਾ ਨਹੀਂ। ਇਸ ਕਰਕੇ ਸਿੱਖ-ਸਿਧਾਂਤ ਸਮਾਜਿਕ ਜਾਂ ਸੰਸਾਰੀ ਫਰਜ਼ਾਂ ਤੋਂ ਉਪਰਾਮਤਾ ਦੀ ਸਿੱਖਿਆ ਨਹੀਂ ਦਿੰਦਾ। ਹਮੇਸ਼ਾਂ ਪ੍ਰਭੂ ਦੀ ਪ੍ਰੇਮਾ ਭਗਤੀ ਵਿਚ ਲੀਨ ਰਹਿ ਕੇ ਉਸ ਦੀ ਪ੍ਰਾਪਤੀ ਵੱਲ ਕ੍ਰਿਆਸ਼ੀਲ ਰਹਿਣਾ ਹੀ ਇਕ ਸਿੱਖ ਦੇ ਅੰਤਰੀਵੀ ਜੀਵਨ ਦਾ ਮੁੱਖ ਹਿੱਸਾ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਉਹ ਆਪਣੇ ਸਮਾਜਿਕ ਫ਼ਰਜ਼ਾਂ ਤੋਂ ਮੂੰਹ ਮੋੜ ਕੇ ਇਹ ਸਭ ਕੁਝ ਕਰਦਾ ਹੈ।

ਇਕ ਸਿੱਖ ਲਈ ਇਸ ਵਿਵਹਾਰ ਦੇ ਪ੍ਰਗਟ ਰੂਪ ਵਿਚ ਪ੍ਰਵੇਸ਼ ਕਰਨ ਦੇ ਕਈ ਪੜਾਅ ਹਨ ਜਿਨ੍ਹਾਂ ਨੂੰ ਉਹ ਕਦਮ-ਦਰ-ਕਦਮ ਅਖਤਿਆਰ ਕਰਦਾ ਹੈ। ਪਹਿਲਾਂ ਉਸ ਦਾ ਹਿਰਦਾ ਪਰਿਵਰਤਨ ਹੁੰਦਾ ਹੈ ਜਿਸ ਨਾਲ ਉਸ ਵਿਚ ਸਹਿਨਸ਼ੀਲਤਾ, ਨਿਮਰਤਾ, ਖਿਮਾ ਕਰਨ ਅਤੇ ਪ੍ਰੇਮ ਕਰਨ ਦੀ ਮਨੋਬ੍ਰਿਤੀ ਪੈਦਾ ਹੁੰਦੀ ਹੈ। ਅਧਿਆਤਮਿਕ ਤੌਰ ਤੇ ਪ੍ਰੇਰਤ ਕਰਮ ਕਰਨਾ ਜਿਵੇਂ ਪ੍ਰਭੂ ਦੀ ਭਗਤੀ ਅਤੇ ਉਸ ਪ੍ਰਤੀ ਅਰਦਾਸ ਵਿਚ ਸਦਾ ਲੀਨ ਰਹਿਣ ਵਾਲੀ ਮਨੋਸਥਿਤੀ, ਅਤੇ ਬਾਅਦ ਵਿਚ ਇਸ ਸਭ ਦੇ ਪ੍ਰਭਾਵ ਨਾਲ ਮਨੁੱਖੀ ਸੁਭਾ ਵਿਚ ਉਹ ਪੜਾਅ ਆਉਣਾ ਜਿਥੇ ਉਹ ਮਨੁੱਖੀ ਰਿਸ਼ਤਿਆਂ ਦੇ ਸੰਸਾਰ ਵਿਚ ਆਪਣੀ ਸਾਰਥਿਕ ਭੂਮਿਕਾ ਵੀ ਨਿਭਾਉਂਦਾ ਹੈ। ਇਹ ਭੂਮਿਕਾ ਨਿਭਾਉਂਦਾ ਗੁਰਮੁਖ ਇਹ ਸਿੱਧ ਕਰਦਾ ਹੈ ਕਿ ਪਰਮਾਤਮਾ ਆਪ ਮਨੁੱਖ ਨੂੰ ਕੁਝ ਖਾਸ ਮਕਸਦ ਲਈ ਚੁਣਦਾ ਹੈ। ਭਾਵੇਂ ਮਨੁੱਖੀ ਮਨ ਅਤੇ ਜੀਵਨ ਢੰਗ ਵਿਚ ਇਸ ਤਰਾਂ ਦਾ ਰਵੱਈਆਂ ਅਪਨਾਉਣਾ ਬਹੁਤ ਔਖਾ ਕੰਮ ਹੈ। ਕਿਉਂਕਿ ਮਨੁੱਖ ਲਈ ਜੀਵਨ ਦੇ ਅਧਿਆਤਮਿਕ ਅਤੇ ਵਿਵਹਾਰਿਕ ਜੋ ਕਿ ਆਮ ਤੌਰ ਤੇ ਵਿਰੋਧੀ ਪੱਖ ਮੰਨੇ ਜਾਂਦੇ ਹਨ ਉਨ੍ਹਾਂ ਨੂੰ ਸਮਤੋਲ ਰੂਪ ਵਿਚ

ਆਪਣੇ ਜੀਵਨ ਵਿਚ ਨਾਲ ਨਾਲ ਲੈ ਕੇ ਚੱਲਣਾ ਕਾਫੀ ਔਖਾ ਕੰਮ ਹੈ। ਪਰ ਸਿੱਖ ਸਿਧਾਂਤ ਵਿਚ ਗੁਰੂ ਨਾਨਕ ਤੋਂ ਲੈ ਕੇ ਬਾਕੀ ਗੁਰੂ ਸਾਹਿਬਾਨ ਤੱਕ ਇਕ ਤੱਥ ਨੂੰ ਮੁੱਖ ਮੰਨਿਆ ਗਿਆ ਹੈ ਕਿ ਮਨੁੱਖ ਆਪਣੇ ਆਪ ਨੂੰ ਜੀਵਨ ਦੇ ਵਿਵਹਾਰਿਕ ਪੱਖ ਤੋਂ ਅਲੱਗ ਨਹੀਂ ਕਰ ਸਕਦਾ। ਇਹ ਉਸਦੇ ਜੀਵਨ ਦਾ ਅਨਿੱਖੜਵਾਂ ਅੰਗ ਹੈ। ਇਸ ਤਰਾਂ ਦੇ ਜੀਵਨ ਢੰਗ ਨੂੰ ਅਪਨਾਉਣ ਤੋਂ ਬਿਨ੍ਹਾਂ ਮਨੁੱਖ ਧਰਮ ਦੀ ਮੁੱਢਲੀ ਸਿੱਖਿਆ ਤਾਂ ਹਾਸਿਲ ਕਰ ਸਕਦਾ ਹੈ ਪਰ ਆਪਣੇ ਅਧਿਆਤਮਿਕ ਉਦੇਸ਼ ਦੀ ਪ੍ਰਾਪਤੀ ਨਹੀਂ ਕਰ ਸਕਦਾ। ਇਸ ਕਰਕੇ ਇਹ ਜ਼ਰੂਰੀ ਹੈ ਕਿ ਅਧਿਆਤਮਿਕ ਗਿਆਨ ਇਕ ਸਾਧਾਰਣ ਵਿਅਕਤੀ ਨੂੰ ਇਕ ਚੰਗਾ ਇਨਸਾਨ ਬਣਨ ਦੀ ਪ੍ਰੇਰਨਾ ਦੇਵੇ। ਸਿੱਖ ਸਿਧਾਂਤ ਵਿਚ ਇਕ ਤਾਂ ਉਹ ਵਿਅਕਤੀਗਤ ਤੌਰ ਤੇ ਆਪਣੀ ਮੰਜ਼ਿਲ ਪ੍ਰਾਪਤ ਕਰਨ ਲਈ ਗੁਰੂ ਦੁਆਰਾ ਦੱਸੇ ਹੋਏ ਨਿਯਮਾਂ ਨੂੰ ਨਿਜੀ ਤੌਰ ਤੇ ਅਪਣਾ ਕੇ ਉਸ ਅਨੁਸਾਰ ਆਪਣਾ ਜੀਵਨ ਜਿਉਂਦੇ ਹੋਏ ਆਪਣੇ ਆਪ ਵਿਅਕਤੀਗਤ ਤੌਰ ਤੇ ਆਪਣੇ ਉਦੇਸ਼ ਦੀ ਪ੍ਰਾਪਤੀ ਕਰ ਲੈਂਦਾ ਹੈ। ਉਨ੍ਹਾਂ ਅਸੂਲਾਂ ਨੂੰ ਮੰਨ ਕੇ ਉਨ੍ਹਾਂ ਅਨੁਸਾਰ ਚੱਲਣਾ ਉਸ ਲਈ ਨਿਜੀ ਨੈਤਿਕ ਨਿਯਮ ਹੁੰਦੇ ਹਨ। ਪਰ ਆਪਣੇ ਵਿਅਕਤੀਗਤ ਉਦੇਸ਼ ਦੀ ਪ੍ਰਾਪਤੀ ਦੇ ਨਾਲ ਨਾਲ ਹਰ ਵਿਅਕਤੀ ਲਈ ਕੁਝ ਸਮਾਜਕ ਨਿਯਮ ਮੰਨਣੇ ਨਿਰਧਾਰਤ ਹੁੰਦੇ ਹਨ। ਸਿੱਖ ਜੀਵਨ ਧਾਰਾ ਵਿਚ ਮਨੁੱਖ ਦੀ ਅਧਿਆਤਮਿਕ ਮੰਜ਼ਿਲ ਕਿਸੇ ਵੀ ਤਰਾਂ ਕੇਵਲ ਵਿਅਕਤੀਗਤ ਉਪਲਬਧੀ ਹੀ ਨਹੀਂ ਹੁੰਦੀ ਕਿਉਂਕਿ ਵਿਅਕਤੀ ਸਮਾਜ ਦਾ ਇਕ ਅਟੁੱਟ ਅੰਗ ਮੰਨਿਆਂ ਜਾਂਦਾ ਹੈ ਅਤੇ ਉਸ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਸਮਾਜਿਕ ਜਿਮੇਂਵਾਰੀਆਂ ਨਿਭਾਉਂਦਾ ਹੋਇਆ ਆਪਣੀ ਮੰਜ਼ਿਲ ਦੇ ਰਾਹ ਤੇ ਤੁਰਦਾ ਹੋਇਆ ਉਸ ਨੂੰ ਪ੍ਰਾਪਤ ਕਰਨ ਦੇ ਯੋਗ ਹੋਵੇ। ਇਥੇ ਸੁਆਲ ਉਠਦਾ ਹੈ ਕਿ ਮਨੁੱਖ ਆਪਣੀ ਆਤਮਿਕ - ਸਿੱਧੀ ਹਾਸਿਲ ਕਰਨ ਦੇ ਰਸਤੇ ਤੇ ਕੋਸ਼ਿਸ ਕਰਨ ਦੇ ਨਾਲ - ਨਾਲ ਕਿਸ ਤਰਾਂ ਆਪਣੇ ਆਪ ਨੂੰ ਕੁਝ ਨੈਤਿਕ ਨਿਯਮਾਂ ਵਿਚ ਨਿਯਮਬੱਧ ਕਰੇ ਕਿ ਉਸ ਨੂੰ ਇਕ ਆਦਰਸ਼ ਸਿੱਖ ਮੰਨਿਆ ਜਾ ਸਕੇ। ਇਕ ਚੰਗੇ ਸਿੱਖ ਲਈ ਇਹ ਆਮ ਧਾਰਨਾ ਹੈ ਕਿ ਉਹ ਹੇਠ ਲਿਖੇ ਇਨ੍ਹਾਂ ਅਸੂਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਆਪ ਨੂੰ ਇਕ ਚੰਗਾ ਸਿੱਖ ਅਤੇ ਇਕ ਚੰਗਾ ਸਮਾਜਿਕ ਪ੍ਰਾਣੀ ਸਿੱਧ ਕਰੇ। ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਨੂੰ ਇਕ ਸਿੱਖ ਲਈ ਉਸ ਦੇ ਜ਼ਰੂਰੀ ਨੈਤਿਕ ਕਰਤੱਵ ਮੰਨੇ ਗਏ ਹਨ ਜਿਨ੍ਹਾਂ ਨੂੰ ਆਪਣੇ ਜੀਵਨ ਵਿਚ ਢਾਲ ਕੇ ਉਹ ਆਪਣੇ ਨਿਜੀ ਉਦੇਸ਼ ਦੀ ਪ੍ਰਾਪਤੀ ਦੇ ਨਾਲ - ਨਾਲ ਸਮਾਜਿਕ ਜਿੰਮੇਵਾਰੀਆਂ ਵੀ ਨਿਭਾਉਂਦਾ ਹੈ।

### 1.2.4 ਨਾਮ ਜਪਣਾ :

ਸਿੱਖ ਧਰਮ ਅਨੁਸਾਰ ਮਨੁੱਖੀ ਜੀਵਨ ਦੀ ਸੰਪੂਰਨਤਾ ਦਾ ਭਾਵ ਇਹ ਲਿਆ ਜਾਂਦਾ ਹੈ ਕਿ ਮਨੁੱਖੀ ਹੋਂਦ ਜਿਸ ਤੱਤ ਤੋਂ ਪੈਦਾ ਹੋਈ ਉਸੇ ਤੱਤ ਵਿਚ ਉਸ ਦਾ ਵਾਪਸ ਸਮਾ ਜਾਣਾ। ਦੁਨੀਆਂ ਦੇ ਬਹੁਤ ਸਾਰੇ ਧਰਮਾਂ ਨੇ ਮਨੁੱਖੀ ਹੋਂਦ ਦੀ ਸੰਪੂਰਨਤਾ ਜਾਂ ਉਸ ਦੇ ਅੰਤਿਮ ਉਦੇਸ਼ ਨੂੰ ਆਪਣੇ - ਆਪਣੇ ਮਤਿ ਅਨੁਸਾਰ ਨਿਰਧਾਰਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਈਆਂ ਦਾ ਵਿਚਾਰ ਹੈ ਕਿ ਮਨੁੱਖੀ ਸੰਪੂਰਨਤਾ ਕੇਵਲ ਜਨਮ - ਮਰਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕਰਨਾ ਹੈ। ਕੁਝ ਦਾ ਵਿਚਾਰ ਹੈ ਕਿ ਮਨ ਜਾਂ ਵਿਚਾਰਾਂ ਦੀ ਵਿਚਲਤਾ ਦਾ ਸ਼ਾਂਤ ਹੋਣਾ ਹੀ ਮਨੁੱਖੀ ਹੋਂਦ ਦੀ ਅੰਤਿਮ ਮੰਜ਼ਿਲ ਹੈ। ਕੁਝ ਕਹਿੰਦੇ ਹਨ ਕਿ ਮਰਨ ਤੋਂ ਬਾਅਦ ਸਵਰਗ ਦੀ ਪ੍ਰਾਪਤੀ ਹੀ ਮਨੁੱਖੀ ਹੋਂਦ ਦਾ ਉਦੇਸ਼ ਹੈ। ਪਰ ਸਿੱਖ ਧਰਮ ਵਿਚ ਮਨੁੱਖੀ ਹੋਂਦ ਦੀ ਸੰਪੂਰਨਤਾ ਨਾ ਤਾਂ ਕੇਵਲ ਜਨਮ - ਮਰਨ ਦੇ ਚੱਕਰ ਤੋਂ ਮੁਕਤੀ ਹੈ, ਨਾ ਮਨੁੱਖੀ ਮਨ ਦੀਆਂ ਭਟਕਦੀਆਂ ਬਿਰਤੀਆਂ ਨੂੰ ਸ਼ਾਂਤ ਕਰਨ ਵਿਚ ਹੈ, ਅਤੇ ਨਾ ਹੀ ਸਵਰਗ ਦੀ ਪ੍ਰਾਪਤੀ ਵਿਚ। ਸਿੱਖ ਧਰਮ ਵਿਚ ਮਨੁੱਖੀ ਹੋਂਦ ਦੀ ਸੰਪੂਰਨਤਾ ਉਸ ਦੇ ਤੱਤ ਸਰੂਪ ਵਿਚ ਵਾਪਸ ਸਮਾ ਜਾਣ ਤੇ ਹੁੰਦੀ ਹੈ। ਇਥੇ ਕਿਉਂਕਿ ਇਹ ਮੰਨਿਆਂ ਗਿਆ ਹੈ ਕਿ ਮਨੁੱਖੀ ਹੋਂਦ ਦੇ ਦੋ ਪੱਖ ਹਨ ; ਇਕ ਉਸ ਦਾ ਸਰੀਰਕ ਪੱਖ ਅਤੇ ਦੂਜਾ ਉਸ ਦਾ ਆਤਮਿਕ ਪੱਖ। ਸਰੀਰਕ ਪੱਖ ਪ੍ਰਭੂ ਵਿਚੋਂ ਹੀ ਪੈਦਾ ਹੋਏ ਪੰਜ ਭੌਤਿਕ ਤੱਤਾਂ ਤੋਂ ਬਣਿਆ ਅਤੇ ਆਤਮਿਕ ਪੱਖ ਪ੍ਰਭੂ ਦੀ ਆਪਣੀ ਤਾਤਵਿਕ ਹੋਂਦ ਦਾ ਹੀ ਅੰਸ਼ ਹੈ। ਇਸ ਤਰਾਂ ਕੁਲ ਮਿਲਾ ਕੇ ਮਨੁੱਖੀ ਹੋਂਦ ਪ੍ਰਭੂ ਦੀ ਆਪਣੀ ਹੋਂਦ ਵਿਚੋਂ ਹੀ ਪੈਦਾ ਹੋਈ ਹੈ। ਦੂਜੇ ਲਫਜ਼ਾਂ ਵਿਚ ਮਨੁੱਖੀ ਹੋਂਦ ਅਸਲ ਵਿਚ ਦੈਵੀ ਹੋਂਦ ਦਾ ਹੀ ਪ੍ਰਗਟਾਵਾ ਹੈ। ਪ੍ਰਭੂ ਨੇ ਆਪ ਹੀ ਆਪਣੇ ਆਪ ਨੂੰ ਰਚਨਾ ਦੇ ਵਿਸਥਾਰ ਵਿਚ ਵਿਆਪਕ ਕੀਤਾ ਹੋਇਆ ਹੈ। ਇਸੇ ਕਰਕੇ ਰਚਨਾ ਦੀ ਸੰਪੂਰਨਤਾ ਵੀ ਉਸੇ ਪ੍ਰਭੂ ਵਿਚ ਅਭੇਦਤਾ ਦੀ ਅਵੱਸਥਾ ਵਿਚ ਹੀ ਹੋ ਸਕਦੀ ਹੈ। ਮਨੁੱਖ ਦੀ ਸੰਪੂਰਨਤਾ ਪ੍ਰਭੂ ਦੀ ਅਸਲੀ ਹਸਤੀ ਵਿਚ ਵਾਪਸ ਅਭੇਦ ਹੋ ਕੇ ਹੁੰਦੀ ਹੈ। ਇਸ ਤਰਾਂ ਸਿੱਖ ਸਿਧਾਂਤ ਅਨੁਸਾਰ ਮਨੁੱਖ ਦਾ ਅੰਤਿਮ ਉਦੇਸ਼ ਪ੍ਰਭੂ ਵਿਚ ਅਭੇਦ ਹੋਣਾ ਹੈ, ਪ੍ਰਭੂ ਰੂਪ ਹੋਣਾ ਹੈ, ਅਕਾਲ ਰੂਪ ਹੋਣਾ ਹੈ। ਉਥੇ ਆਤਮਾ ਅਤੇ ਪਰਮਾਤਮਾ ਇਕ ਰੂਪ ਹੋ ਜਾਂਦੇ ਹਨ। ਦੂਸਰਾਪਨ ਜਾਂ ਦੁਬਿਧਾ ਆਪਣੇ ਆਪ ਖਤਮ ਹੋ ਜਾਂਦੀ

ਹੈ। ਗੁਰੂ ਜੀ ਨੇ ਫੁਰਮਾਇਆ ਹੈ :

ਆਤਮਾ ਪਰਾਤਮਾ ਏਕੋ ਕਰੈ ।।
ਅੰਤਰ ਕੀ ਦੁਬਿਧਾ ਅੰਤਰਿ ਮਰੈ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੬੧)

ਅਭੇਦਤਾ ਦੀ ਸਥਿਤੀ ਹਾਸਿਲ ਕਰਨ ਲਈ ਮਨੁੱਖ ਨੇ ਗੁਰੂ ਦੁਆਰਾ ਦੱਸੇ ਹੋਏ ਮਾਰਗ ਨੂੰ ਅਪਣਾ ਕੇ ਉਸ ਤੇ ਚੱਲਣਾ ਹੁੰਦਾ ਹੈ। ਗੁਰੂ ਦੁਆਰਾ ਦੱਸੇ ਮਾਰਗ ਤੇ ਚੱਲਦੇ ਚੱਲਦੇ ਮਨੁੱਖ ਅੰਤ ਵਿਚ ਉਹ ਮਾਨਸਿਕ ਅਧਿਆਤਮਿਕ ਸਥਿਤੀ ਹਾਸਿਲ ਕਰ ਹੀ ਲੈਂਦਾ ਹੈ ਜੋ ਉਸ ਦੇ ਜੀਵਨ ਦਾ ਅਸਲੀ ਮਕਸਦ ਹੁੰਦਾ ਹੈ। ਇਸ ਸਿਧਾਂਤ ਨੂੰ ਦਰਸ਼ਨ ਦੀ ਭਾਸ਼ਾ ਵਿਚ ਕੀਮਤ ਸਿਧਾਂਤ ਵੀ ਕਿਹਾ ਜਾਂਦਾ ਹੈ ਕਿ ਕਿਉਂਕਿ ਮਨੁੱਖ ਨੇ ਚੰਗੇ ਗੁਣ ਅਖਤਿਆਰ ਕਰ ਕੇ ਜਿਸ ਉੱਚਤਮ ਉਦੇਸ਼ ਦੀ ਪ੍ਰਾਪਤੀ ਕਰਨੀ ਹੁੰਦੀ ਹੈ ਉਸ ਨਾਲ ਮਨੁੱਖੀ ਮਨ ਵਿਚ ਉਹ ਸਾਰੇ ਗੁਣ ਆਪਣੇ ਆਪ ਆ ਜਾਂਦੇ ਹਨ ਜੋ ਉਸ ਨੂੰ ਵਿਚਾਰ ਅਤੇ ਵਿਵਹਾਰ ਦੀ ਸੰਪੂਰਨਤਾ ਪਰਦਾਨ ਕਰਦੇ ਹਨ। ਮਨੁੱਖੀ ਹੋਂਦ ਦੀ ਉਸ ਅੰਤਿਮ ਸਥਿਤੀ ਹਾਸਿਲ ਕਰਨ ਨਾਲ ਉਸ ਵਿਚ ਆਤਮ - ਪ੍ਰਗਾਸ, ਆਤਮ - ਸਿੱਧੀ, ਬ੍ਰਹਮ - ਗਿਆਨ, ਸੰਤ ਆਦਿ ਜਿਹੇ ਐਸੇ ਗੁਣ ਪ੍ਰਗਟ ਹੋ ਜਾਂਦੇ ਹਨ ਕਿ ਉਹ ਆਪ ਪਰਮਾਤਮ ਰੂਪ ਹੋ ਜਾਂਦਾ ਹੈ। ਆਤਮਾ ਦੀ ਇਹ ਸਥਿਤੀ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਬਹੁਤ ਸਾਰੀਆਂ ਧਾਰਮਿਕ ਪ੍ਰੰਪਰਾਵਾਂ ਵਿਚ ਮਨੁੱਖੀ ਹੋਂਦ ਦੀ ਅੰਤਿਮ ਮੰਜ਼ਿਲ ਦੀ ਪ੍ਰਾਪਤੀ ਜਾਂ ਸਿੱਧੀ ਦਾ ਸਫਰ ਬਾਹਰੀ ਸ੍ਰੋਤਾਂ ਤੋਂ ਸ਼ੁਰੂ ਹੁੰਦਾ ਹੈ। ਜਿਵੇਂ ਬਾਹਰੀ ਕਰਮ ਕਾਂਡ ਕਰਨੇ, ਗਿਆਨ ਦੀ ਪ੍ਰਾਪਤੀ ਕਰਨੀ, ਸ਼ਾਸਤਰਾਂ ਦਾ ਪੜਨ - ਪੜਾਉਣ ਜਾਂ ਬਾਹਰੀ ਸਰੀਰਕ ਪ੍ਰਗਟਾਵੇ ਰਾਹੀਂ ਭਗਤੀ ਆਦਿ। ਪਰ ਸਿੱਖ ਧਰਮ ਵਿਚ ਮਨੁੱਖੀ ਹੋਂਦ ਦੀ ਪ੍ਰਾਪਤੀ ਜਾਂ ਸਿੱਧੀ ਭਾਵ ਮਨੁੱਖੀ ਹੋਂਦ ਨੂੰ ਉਸ ਦੀ ਅਸਲੀ ਤੇ ਮੁੱਢਲੀ ਹਾਲਤ ਵਿਚ ਪਹੁੰਚਦਾ ਕਰਨ ਦੀ ਪ੍ਰਕ੍ਰਿਆ ਮਨੁੱਖ ਦੇ ਅੰਦਰੋਂ ਹੀ ਸ਼ੁਰੂ ਹੁੰਦੀ ਹੈ। ਇਹ ਗੁਰੂ ਤੋਂ ਪ੍ਰਭੂ ਦੀ ਅਸਲੀ ਹਕੀਕਤ ਦਾ ਗਿਆਨ ਪ੍ਰਾਪਤ ਕਰਨ ਤੋਂ ਲੈ ਕੇ ਉਸ ਪ੍ਰਭੂ ਪ੍ਰਤੀ ਪ੍ਰੇਮ ਭਾਵਨਾ ਰੱਖ ਕੇ ਉਸ ਨੂੰ ਸਦਾ ਯਾਦ ਰੱਖ ਕੇ ਹੁੰਦੀ ਹੈ। ਗੁਰੂ ਦੁਆਰਾ ਦੱਸੇ ਤਰੀਕੇ ਨਾਲ ਸਿਮਰਨ ਦੀ ਖਾਸ ਵਿਧੀ ਮਨੁੱਖ ਨੂੰ ਮਾਨਸਿਕਤਾ ਦੇ ਧਾਰਮਿਕ ਜੀਵਨ ਨਾ ਤਾਂ ਕੇਵਲ ਕੁਝ ਇਕ ਦਾਰਸ਼ਨਿਕ ਅਸੂਲਾਂ ਨੂੰ ਮੰਨਣ ਵਿਚ ਹੈ ਅਤੇ ਨਾ ਹੀ ਕੇਵਲ ਪਰਮ ਸ਼ਕਤੀ ਨਾਲ ਭਾਵੁਕ ਸਾਂਝ ਪੈਦਾ ਕਰਨਾ ਹੀ ਹੈ। ਬਲਕਿ ਇਹ ਇਕ ਐਸਾ ਜੀਵਨ ਢੰਗ ਹੈ ਜਿਸ ਦਾ ਸਬੰਧ ਸਦ-ਵਿਵਹਾਰ ਨਾਲ ਹੈ। ਗੁਰੂ ਸਾਹਿਬ ਨੇ ਕਿਹਾ ਹੈ :

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੨)

ਭਾਵ; ਸਭ ਕੁਝ ਸਚ ਤੋਂ ਨੀਚੇ ਹੈ ਪਰ ਸਚ ਤੇ ਆਧਾਰਤ ਜੀਵਨ ਢੰਗ ਉਸ ਤੋਂ ਵੀ ਉੱਚਾ ਹੈ। ਇਸ ਤਰਾਂ ਦੀ ਸੋਚ ਨੂੰ ਸਿੱਖ ਵਿਚਾਰਧਾਰਾ ਵਿਚ ਵਾਰ ਵਾਰ ਪ੍ਰਗਟ ਕੀਤਾ ਗਿਆ ਹੈ। ਆਮ ਤੌਰ ਤੇ ਸਿੱਖ ਸਿਧਾਂਤ ਦੋ ਮੁੱਖ ਵਿਚਾਰਾਂ ਦਾ ਧਾਰਨੀ ਹੈ। ਉਹ ਹਨ (ੳ) ਮੁੱਢਲੀ ਸੱਚਾਈ ਵਿਚ ਵਿਸ਼ਵਾਸ ਜੋ ਕੇਵਲ ਵਿਚਾਰ ਹੀ ਨਹੀਂ ਬਲਕਿ ਇਕ ਐਸੀ ਸੱਚਾਈ ਜਿਸ ਤੱਕ ਪਹੁੰਚਿਆ ਜਾ ਸਕਦਾ ਹੈ (ਅ) ਸ਼ਬਦ ਦੀ ਸ਼ਕਤੀ ਜਿਸ ਰਾਹੀਂ ਇਕ ਵਿਅਕਤੀ ਅਧਿਆਤਮਿਕ ਉੱਨਤੀ ਅਖਤਿਆਰ ਕਰਦਾ ਹੋਇਆ ਬ੍ਰਹਮ ਰੂਪ ਹੋਣ ਦੀ ਸਮਰੱਥਾ ਰੱਖਦਾ ਹੈ। ਗੁਰੂ ਨਾਨਕ ਦੇਵ ਜੀ ਦਾ ਕਹਿਣਾ ਹੈ ਕਿ ਸੱਚ ਮਨੁੱਖੀ ਵਿਵਹਾਰ ਦਾ ਮੁੱਖ ਧੁਰਾ ਹੈ ਇਸ ਕਰਕੇ ਜੋ ਸੱਚ ਨੂੰ ਜਾਂ ਸੱਚ ਦੇ ਰਾਹ ਨੂੰ ਪ੍ਰਾਪਤ ਕਰ ਲੈਂਦਾ ਹੈ ਤਾਂ ਬਾਕੀ ਸਦਗੁਣ ਆਪਣੇ ਆਪ ਉਸ ਵਿਚ ਆ ਜਾਂਦੇ ਹਨ। ਇਸੇ ਕਰਕੇ ਗੁਰੂ ਸਾਹਿਬ ਕਹਿੰਦੇ ਹਨ ਕਿ ਸਭ ਤਰਾਂ ਦਾ ਗਿਆਨ ਧਿਆਨ ਵਿਅਰਥ ਹੁੰਦਾ ਹੈ ਜੇ ਉਹ ਮਨੁੱਖੀ ਮਨ ਨੂੰ ਵਿਸ਼ਾਲਤਾ ਅਤੇ ਸ਼ੁੱਧਤਾ ਪ੍ਰਦਾਨ ਨਹੀਂ ਕਰਦਾ। ਇਸੇ ਕਰਕੇ ਗੁਰੂ ਸਾਹਿਬ ਨੇ ਕਰਮ - ਕਾਂਡੀ ਧਾਰਮਿਕ ਵਿਧੀ ਨੂੰ ਮਾਨਤਾ ਨਹੀਂ ਦਿੱਤੀ ਕਿਉਂਕਿ ਉਹ ਕਿਸੇ ਵੀ ਤਰਾਂ ਮਨੁੱਖ ਨੂੰ ਵਿਵਹਾਰਿਕ ਪਰਪੱਕਤਾ ਪਰਦਾਨ ਨਹੀਂ ਕਰਦੀ। ਗੁਰੂ ਨਾਨਕ ਦੇ ਸਿਧਾਂਤ ਵਿਚ ਅਧਿਆਤਮਿਕ ਅਤੇ ਵਿਵਹਾਰਿਕ ਜੀਵਨ ਦਾ ਸਾਂਝਾ ਸਿਧਾਂਤ ਦਿੱਤਾ ਗਿਆ ਹੈ। ਇਸ ਕਰਕੇ ਜਿਸ ਨੇ ਵੀ ਗੁਰੂ ਨਾਨਕ ਦੇ ਸਿਧਾਂਤ ਨੂੰ ਅਪਣਾਇਆ ਉਸ ਨੇ ਇਸ ਸਿਧਾਂਤ ਦੇ ਤੱਤ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਨੇ ਦੋ ਤਰਾਂ ਦੀ ਵਿਚਾਰਧਾਰਾ ਦੀ ਵਿਰੋਧਤਾ ਵੀ ਕੀਤੀ ਹੈ ਅਤੇ ਉਹ ਹੈ ਅਧਿਆਤਮਿਕ ਉਦੇਸ਼ ਦੀ ਪੂਰਤੀ ਕਰਮ - ਕਾਂਡੀ ਤਰੀਕੇ ਨਾਲ ਕਰਨ ਦੀ ਕੋਸ਼ਿਸ਼ ਅਤੇ ਦੂਜਾ ਆਪਣੇ ਵਿਵਹਾਰ ਨੂੰ ਆਪਣੇ ਵਿਅਕਤੀਗਤ ਦ੍ਰਿਸ਼ਟੀਕੋਣ ਤੇ ਆਧਾਰਤ ਕਰਕੇ ਆਪਣੇ ਨਿਜ ਤੱਕ, ਆਪਣੇ ਕਬੀਲੇ, ਜਾਤੀ, ਨਸਲ ਜਾਂ ਫਿਰਕੇ ਤੱਕ ਹੀ ਕੇਂਦ੍ਰਿਤ

ਰੱਖਣਾ।

ਭਾਈ ਗੁਰਦਾਸ ਨੇ ਗੁਰੂ ਨਾਨਕ ਨਾਲ ਸਬੰਧਤ ਉਸ ਘਟਨਾ ਦਾ ਜ਼ਿਕਰ ਕਰਕੇ ਇਸ ਸਿਧਾਂਤ ਦੀ ਸਾਰਥਕਤਾ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਥੇ ਗੁਰੂ ਨਾਨਕ ਨੇ ਸਿੱਧਾਂ ਨਾਲ ਵਾਰਤਾਲਾਪ ਦੌਰਾਨ ਉਨ੍ਹਾਂ ਨੂੰ ਕਿਹਾ ਸੀ ਕਿ ਆਪਣੇ ਆਪ ਨੂੰ ਸੰਸਾਰ ਦੇ ਫਰਜ਼ਾਂ ਤੋਂ ਉਪਰਾਮ ਕਰਕੇ ਉਨ੍ਹਾਂ ਨੇ ਚੰਗਾ ਨਹੀਂ ਕੀਤਾ। ਉਨ੍ਹਾਂ ਦੀ ਅਧਿਆਤਮਿਕ ਪਹੁੰਚ ਅਤੇ ਰੂਹਾਨੀ ਸ਼ਕਤੀਆਂ ਦਾ ਸਮਾਜ ਨੂੰ ਕੀ ਲਾਭ ਜੇ ਉਹ ਸਮਾਜ ਤੋਂ ਪਰ੍ਹੇ ਪਹਾੜਾਂ ਵਿਚ ਆਪਣੇ ਆਪ ਨੂੰ ਛੁਪਾ ਕੇ ਆਪਣਾ ਜੀਵਨ ਜਿਉਣ। ਉਨ੍ਹਾਂ ਨੇ ਸਿੱਧਾਂ ਨੂੰ ਕਿਹਾ ਕਿ ਜੇ ਉਨ੍ਹਾਂ ਦੀ ਅਧਿਆਤਮਿਕ ਪ੍ਰਾਪਤੀ ਆਮ ਆਦਮੀ ਲਈ ਜਾਂ ਸਮੁੱਚੇ ਸਮਾਜ ਲਈ ਲਾਹੇਵੰਦ ਸਾਬਿਤ ਨਹੀਂ ਹੁੰਦੀ ਤਾਂ ਉਨ੍ਹਾਂ ਦੀ ਪ੍ਰਾਪਤੀ ਵਿਅਰਥ ਹੈ। ਗੁਰੂ ਜੀ ਨੇ ਇਸ ਸਿਧਾਂਤ ਤੇ ਜ਼ੋਰ ਦੇਣ ਦੀ ਕੋਸ਼ਿਸ਼ ਕੀਤੀ ਕਿ ਵਿਅਕਤੀ ਵਿਸ਼ੇਸ਼ ਜਾਂ ਕਿਸੇ ਖਾਸ ਧਾਰਮਿਕ ਸਮੂੰਹ ਦੀ ਅਧਿਆਤਮਿਕ ਪ੍ਰਾਪਤੀ ਦੀ ਪੂਰਤੀ ਸਮਾਜਿਕ ਫਰਜ਼ਾਂ ਦੀ ਪੂਰਤੀ ਨਾਲ ਸੰਪੂਰਨ ਹੋਣੀ ਚਾਹੀਦੀ ਹੈ ਨਹੀਂ ਤਾਂ ਕਿਸੇ ਦੀ ਵੀ ਅਧਿਆਤਮਿਕ ਪ੍ਰਾਪਤੀ ਵਿਅਰਥ ਹੈ। ਗੁਰੂ ਸਾਹਿਬ ਜੀ ਇਸ ਵਿਚਾਰ ਦੇ ਧਾਰਨੀ ਹਨ ਕਿ ਅਧਿਆਤਮਿਕ ਪ੍ਰਾਪਤੀ ਦੀ ਰੌਸ਼ਨੀ ਵਿਚ ਸਾਧਕ ਨੇ ਸੰਸਾਰ ਵਿਚੋਂ ਬੁਰਾਈ ਅਤੇ ਦੁੱਖ ਦੀ ਸਮਾਪਤੀ ਕਰਨ ਦੀ ਕੋਸ਼ਿਸ਼ ਕਰਨੀ ਹੁੰਦੀ ਹੈ। ਗੁਰੂ ਸਾਹਿਬ ਨੇ ਸਿੱਧਾਂ ਦੇ ਜੀਵਨ ਢੰਗ ਵਿਚ ਇਹੀ ਕਮੀ ਮਹਿਸੂਸ ਕੀਤੀ ਜਿਸ ਕਰਕੇ ਉਨ੍ਹਾਂ ਨੂੰ ਲੱਗਿਆ ਕਿ ਸਿੱਧਾਂ ਨੇ ਭਾਵੇਂ ਅਧਿਆਤਮਿਕ ਸੰਪੂਰਨਤਾ ਤਾਂ ਹਾਸਿਲ ਕਰ ਲਈ ਪਰ ਉਸ ਸੰਪੂਰਨਤਾ ਦੀ ਰੌਸ਼ਨੀ ਵਿਚ ਆਪਣਾ ਸੰਸਾਰਕ ਜਾਂ ਸਮਾਜਿਕ ਫਰਜ਼ ਪੂਰਾ ਨਹੀਂ ਕੀਤਾ। ਹਾਲਾਂਕਿ ਉਨ੍ਹਾਂ ਬਾਰੇ ਬਹੁਤ ਕੁਝ ਐਸਾ ਸੀ ਜਿਸ ਦੀ ਗੁਰੂ ਸਾਹਿਬ ਨੇ ਭਰਪੂਰ ਸ਼ਲਾਘਾ ਵੀ ਕੀਤੀ।

ਪੁਰਾਤਨ ਭਾਰਤੀ ਪਰੰਪਰਾ ਵਿਚ ਸੰਸਾਰ ਤੋਂ ਉਪਰਾਮਤਾ (ਭਾਂਜਵਾਦੀ) ਨੂੰ ਉੱਤਮ ਧਾਰਮਿਕ ਜੀਵਨ ਮੰਨਿਆ ਜਾਂਦਾ ਸੀ। ਪਰ ਗੁਰੂ ਸਾਹਿਬ ਨੇ ਜੀਵਨ ਦਾ ਜੋ ਰੂਪ ਪੇਸ਼ ਕੀਤਾ ਉਹ ਅਧਿਆਤਮਿਕ ਉਦੇਸ਼ ਦੇ ਨਾਲ ਨਾਲ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਵੀ ਵਚਨਬੱਧ ਹੋਣਾ ਸੀ। ਪੁਰਾਤਨ ਭਾਰਤੀ ਧਾਰਮਿਕ ਪਰੰਪਰਾ ਨੂੰ ਸਾਹਮਣੇ ਰੱਖਦੇ ਹੋਏ ਇੱਕ ਖਾਸ ਕਿਸਮ ਦੀ ਸਮਾਜਿਕ ਸਥਿਤੀ ਅੱਖਾਂ ਸਾਹਮਣੇ ਆ ਜਾਂਦੀ ਹੈ। ਮਨੁੱਖ ਦੇ ਜੀਵਨ ਨੂੰ ਆਮ ਤੌਰ ਤੇ ਸੌ ਸਾਲ ਦੇ ਸਮੇਂ ਵਿਚ ਵੰਡ ਦਿੱਤਾ ਗਿਆ ਜਿਥੇ ਉਨ੍ਹਾਂ ਸੌ ਸਾਲਾਂ ਨੂੰ ਚਾਰ ਆਸ਼ਰਮਾਂ ਵਿਚ ਵੰਡ ਕੇ ਉਨ੍ਹਾਂ ਵਿਚ ਮਨੁੱਖ ਦੇ ਫਰਜ਼ ਨਿਰਧਾਰਤ ਕਰ ਦਿੱਤੇ ਗਏ। ਪਹਿਲਾ ਬ੍ਰਹਮਚਾਰੀ ਆਸ਼ਰਮ ਸੀ ਜਿਥੇ ਮਨੁੱਖ ਬ੍ਰਹਮਚਾਰੀ ਧਰਮ ਦਾ ਪਾਲਣ ਕਰਦਾ ਹੋਇਆ ਆਪਣੇ ਜੀਵਨ ਦੇ ਪੱਚੀ ਸਾਲ ਬਿਤਾਉਂਦਾ ਸੀ। ਅਗਲੇ ਪੱਚੀ ਸਾਲ ਮਨੁੱਖ ਗ੍ਰਹਿਸਤ ਆਸ਼ਰਮ ਵਿਚ ਪਰਵੇਸ਼ ਕਰਦਾ ਅਤੇ ਆਪਣੇ ਗ੍ਰਹਿਸਤ ਧਰਮ ਦੀ ਪਾਲਣਾ ਕਰਦਾ ਹੋਇਆ ਪਰਿਵਾਰਿਕ ਅਤੇ ਸਮਾਜਿਕ ਜੀਵਨ ਦੇ ਫਰਜ਼ ਨਿਭਾਉਂਦਾ ਸੀ। ਉਸ ਤੋਂ ਅਗਲੇ ਪੱਚੀ ਸਾਲਾਂ ਦਾ ਸਮਾਂ ਵਾਣਪ੍ਰਸਤ ਆਸ਼ਰਮ ਦਾ ਸਮਾਂ ਨਰਧਾਰਤ ਹੁੰਦਾ ਸੀ। ਉਸ ਵਾਣਪ੍ਰਸਤ ਸਮੇਂ ਵਿਚ ਮਨੁੱਖ ਸੰਨਿਆਸ ਗ੍ਰਹਿਣ ਕਰਨ ਦੀ ਤਿਆਰੀ ਹਿਤ ਬਨਵਾਸੀ ਜੀਵਨ ਵਿਚ ਵਿਚਰਦੇ ਹੋਏ ਆਪਣੇ ਆਪ ਨੂੰ ਸੰਨਿਆਸੀ ਹੋਣ ਲਈ ਤਿਆਰ ਕਰਦਾ ਸੀ। ਜੀਵਨ ਦਾ ਆਖਰੀ ਪੜਾ ਸੰਨਿਆਸ ਦਾ ਸੀ ਜਿਥੇ ਮਨੁੱਖ ਪੂਰੀ ਤਰਾਂ ਆਪਣੇ ਆਪ ਨੂੰ ਅਧਿਆਤਮਿਕ ਜੀਵਨ ਪ੍ਰਤੀ ਸਮਰਪਿਤ ਕਰ ਦਿੰਦਾ ਸੀ। ਪਰ ਕਮਾਲ ਦੀ ਗੱਲ ਇਹ ਕਿ ਸਾਰੇ ਸਮਾਜ ਦਾ ਵਿਤੀ ਅਤੇ ਹੋਰ ਫਰਜ਼ਾਂ ਦਾ ਬੋਝ ਕੇਵਲ ਸਮਾਜ ਦੇ ਇਕੋ ਵਰਗ ਤੇ ਪਿਆ ਅਤੇ ਉਹ ਸੀ ਗ੍ਰਹਿਸਤੀ। ਇਸ ਦਾ ਦੂਜਾ ਅਸਰ ਇਹ ਵੀ ਲਿਆ ਜਾ ਸਕਦਾ ਹੈ ਕਿ ਸਮੁੱਚੇ ਸਮਾਜ ਦਾ ਕੇਵਲ ਚੌਥਾ ਹਿੱਸਾ ਹੀ ਸਮਾਜਿਕ ਤੌਰ ਤੇ ਕ੍ਰਿਆਸ਼ੀਲ ਸੀ ਅਤੇ ਬਾਕੀ ਸਮਾਜ ਦੇ ਤਿੰਨ ਹਿੱਸੇ ਉਸ ਇਕ ਵਰਗ ਤੇ ਹੀ ਨਿਰਭਰ ਕਰਦੇ ਸਨ। ਹਾਲਾਂਕਿ ਗ੍ਰਹਿਸਤੀ ਨੂੰ ਸਮਾਜ ਦਾ ਨਿਮਨ ਵਰਗ ਹੀ ਗਿਣਿਆ ਗਿਆ ਪਰ ਨਿਰਭਰ ਉਹ ਬਾਕੀ ਸਾਰੇ ਉਸੇ ਤੇ ਹੀ ਕਰਦੇ ਸਨ।

ਇਥੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਕ ਤਾਂ ਉਸ ਵੇਲੇ ਦੇ ਭਾਰਤ ਦੀ ਆਰਥਕ ਅਵੱਸਥਾ ਕੈਸੀ ਹੋਵੇਗੀ ਅਤੇ ਦੂਜਾ ਸਮਾਜ ਦੇ ਉਸ ਇਕ ਵਰਗ ਦੀ ਦਸ਼ਾ ਕੈਸੀ ਹੋਵੇਗੀ ਜੋ ਬਾਕੀ ਸਾਰੇ ਸਮਾਜ ਦੇ ਬੋਝ ਹੇਠ ਦੱਬਿਆ ਪਿਆ ਸੀ। ਜੇ ਉਹ ਸਿਲਸਿਲਾ ਉਸੇ ਤਰਾਂ ਹੀ ਚੱਲਦਾ ਰਹਿੰਦਾ ਤਾਂ ਅਸੀਂ ਅੱਜ ਦੀ ਤਾਰੀਖ ਵਿਚ ਭਲੀ ਭਾਂਤ ਅੰਦਾਜ਼ਾ ਲਾ ਸਕਦੇ ਹਾਂ ਕਿ ਅੱਜ ਦੇ ਹਿੰਦੁਸਤਾਨ ਦੀ ਆਰਥਿਕ ਦਸ਼ਾ ਕੈਸੀ ਹੁੰਦੀ ਅਤੇ ਦੂਜਾ ਸਮਾਜ ਦੇ ਇਕ ਖਾਸ ਵਰਗ (ਗ੍ਰਿਹਸਤੀ) ਦੀ ਦਸ਼ਾ ਕੀ ਹੁੰਦੀ। ਭਾਰਤੀ ਸਮਾਜ ਸੰਸਾਰ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਕਿੱਥੇ ਹੁੰਦਾ। ਇਸੇ ਤੱਥ ਨੂੰ ਮੱਦੇਨਜ਼ਰ ਰੱਖਦੇ ਹੋਏ ਗੁਰੂ ਸਾਹਿਬ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਅਤੇ ਸਾਰਾ ਜੀਵਨ ਇਕੋ ਜਿਹੇ ਨੈਤਿਕ ਨਿਯਮਾਂ ਦੀ ਪਾਲਣਾ ਕਰਨ ਲਈ ਕਿਹਾ। ਉਨ੍ਹਾਂ ਅਨੁਸਾਰ ਇਕ ਚੰਗਾ ਵਿਅਕਤੀ ਜਾਂ ਵਿਅਕਤੀ ਦੇ ਧਾਰਮਿਕ ਹੋਣ ਦੀ ਨਿਸ਼ਾਨੀ ਹੈ ਕਿ ਉਹ ਨਾਮ ਜਪੇ, ਕਿਰਤ ਕਰੇ, ਅਤੇ ਵੰਡ ਛਕੇ। ਇਨ੍ਹਾਂ ਨੈਤਿਕ ਨਿਯਮਾਂ ਤੇ ਚੱਲਦੇ ਹੋਏ ਸਿੱਖ ਦੇ ਜੀਵਨ ਵਿਚ ਸਤ ਸੰਤੋਖ ਅਤੇ ਵੀਚਾਰ ਦਾ ਪ੍ਰਕਾਸ਼ ਆਪਣੇ ਆਪ ਹੀ ਹੋ ਜਾਂਦਾ

ਹੈ। ਇਸੇ ਨਾਲ ਹੀ ਉਸ ਦੇ ਨਿਜੀ ਨੈਤਿਕ ਕਰਤੱਵ ਅਤੇ ਸਮਾਜਿਕ ਕਰਤੱਵ ਪੂਰੇ ਹੋ ਜਾਣਗੇ। ਇਕੱਲੇ ਨਿਜ ਨੂੰ ਕੇਂਦਰ ਬਣਾ ਕੇ ਕੀਤੇ ਨੈਤਿਕ ਨਿਯਮਾਂ ਦੀ ਸਾਰਥਕਤਾ ਨੂੰ ਸਿੱਖ ਵਿਚਾਰਧਾਰਾ ਵਿਚ ਇੰਨਾ ਉੱਚਾ ਨਹੀਂ ਮੰਨਿਆ ਗਿਆ ਜਿੰਨਾਂ ਆਪੇ ਤੋਂ ਉੱਪਰ ਉੱਠ ਕੇ ਕੀਤੇ ਨੈਤਿਕ ਨਿਯਮਾਂ ਨੂੰ। ਇਸੇ ਕਰਕੇ ਸਿਮਰਨ ਅਤੇ ਸੇਵਾ ਦੋਵੇਂ ਨਾਲ ਨਾਲ ਚੱਲਦੇ ਹਨ। ਸੇਵਾ ਤੋਂ ਬਿਨ੍ਹਾਂ ਸਿਮਰਨ ਨਿਰਾਰਥਕ ਗਿਣਿਆ ਗਿਆ ਹੈ ਅਤੇ ਸੇਵਾ ਸਿਮਰਨ ਤੋਂ ਬਿਨ੍ਹਾਂ ਦਿਸ਼ਾਹੀਨ। ਗੁਰੂ ਸਾਹਿਬ ਮੰਨਦੇ ਹਨ ਕਿ ਸਵੈ ਤਿਆਗ ਦੀ ਭਾਵਨਾ ਨਾਲ ਕੀਤੀ ਸੇਵਾ ਹੀ ਧਾਰਮਿਕ ਜੀਵਨ ਸ਼ੈਲੀ ਦਾ ਜ਼ਰੂਰੀ ਹਿੱਸਾ ਹੈ। ਗੁਰੂ ਸਾਹਿਬ ਦਾ ਕਹਿਣਾ ਹੈ ਕਿ ਮਨੁੱਖੀ ਮਨ ਦੀ ਸ਼ੁੱਧਤਾ ਦੂਜਿਆਂ ਦੀ ਸੇਵਾ ਕਰਕੇ ਹੁੰਦੀ ਹੈ ਇਸ ਦੀ ਸ਼ੁੱਧਤਾ ਤੀਰਥਾਂ ਤੇ ਇਸ਼ਨਾਨ ਕਰਕੇ ਜਾਂ ਕਰਮ - ਕਾਂਡ ਕਰਕੇ ਨਹੀਂ ਬਲਕਿ ਜ਼ਰੂਰਤਮੰਦਾਂ ਦੀ ਸੇਵਾ ਕਰਕੇ ਹੁੰਦੀ ਹੈ। ਸੇਵਾ ਦੀ ਪਰੰਪਰਾਗਤ ਭਾਰਤੀ ਧਾਰਮਿਕ ਮਰਿਆਦਾ ਤੋਂ ਉਲਟ ਗੁਰੂ ਸਾਹਿਬ ਨੇ ਗਰੀਬਾਂ ਮਜ਼ਲੂਮਾਂ ਅਤੇ ਨੀਵੇਂ ਤਬਕੇ ਦੇ ਉਨ੍ਹਾਂ ਜ਼ਰੂਰਤਮੰਦਾਂ ਦੀ ਸੇਵਾ ਦੀ ਪ੍ਰੇਰਨਾ ਦਿੱਤੀ ਜਿੰਨ੍ਹਾਂ ਬਾਰੇ ਇਹ ਸੋਚਿਆ ਜਾਂਦਾ ਸੀ ਕਿ ਉਹ ਕੇਵਲ ਦੂਜਿਆਂ ਦੀ ਸੇਵਾ ਕਰਨ ਲਈ ਹੀ ਬਣੇ ਹਨ ਪਰ ਉਨ੍ਹਾਂ ਨੂੰ ਸੇਵਾ ਕਰਵਾਉਣ ਦਾ ਹੱਕ ਨਹੀਂ। ਪਰ ਸਿੱਖ ਜੀਵਨ ਸ਼ੈਲੀ ਵਿਚ ਨੀਚ ਗਿਣੇ ਜਾਣ ਵਾਲਿਆਂ ਦੀ ਸੇਵਾ ਨੂੰ ਬਲਕਿ ਉੱਚਾ ਦਰਜਾ ਦਿੱਤਾ ਗਿਆ ਹੈ। ਗੁਰੂ ਸਾਹਿਬ ਦਾ ਕਹਿਣਾ ਹੈ ਜੋ ਪਰਮਾਤਮਾ ਨਾਲ ਪਿਆਰ ਕਰਦਾ ਹੈ ਉਹ ਉਸ ਦੇ ਜੀਵਾਂ ਨਾਲ ਪਿਆਰ ਕਰਦਾ ਹੈ। ਕਿਉਂਕਿ ਉਨ੍ਹਾਂ ਜੀਵਾਂ ਦੇ ਅੰਦਰ ਪਰਮਾਤਮਾ ਆਪ ਵੱਸਦਾ ਹੈ।

ਅਧਿਆਤਮਿਕ ਜੀਵਨ ਦੀ ਪਰਪੱਕਤਾ ਲਈ ਸਾਧਕ ਦੇ ਮਨ ਵਿਚ ਪ੍ਰਭੂ ਪ੍ਰਤੀ ਭਾਉ ਦਾ ਵਿਕਸਿਤ ਹੋਣਾ ਵੀ ਜ਼ਰੂਰੀ ਹੁੰਦਾ ਹੈ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਗੁਰੂ ਨਾਲ ਲਗਾਤਾਰ ਸਬੰਧ ਬਨਾਉਣ ਨਾਲ ਗੁਰਬਾਣੀ ਦਾ ਭਾਵ ਸਮਝਣ ਨਾਲ ਅਤੇ ਗੁਰੂ ਦੀ ਸਿੱਖਿਆ ਨੂੰ ਆਪਣੇ ਜੀਵਨ ਵਿਚ ਢਾਲਣ ਨਾਲ ਹੌਲੀ - ਹੌਲੀ ਸਿੱਖ ਦੇ ਮਨ ਵਿਚ ਪ੍ਰਭੂ ਪ੍ਰਤੀ ਪ੍ਰੇਮ ਦੀ ਭਾਵਨਾ ਉਤਪੰਨ ਹੁੰਦੀ ਹੈ ਅਤੇ ਉਸ ਦੇ ਗੁਣਾਂ ਦਾ ਗਿਆਨ ਹਾਸਿਲ ਹੋਣ ਨਾਲ ਉਸ ਪ੍ਰਭੂ ਦਾ ਭੈ ਜਾਂ ਭਉ ਵੀ ਉਸ ਦੇ ਮਨ ਵਿਚ ਉਤਪੰਨ ਹੁੰਦਾ ਹੈ। ਇਨ੍ਹਾਂ ਗੁਣਾਂ ਦਾ ਪ੍ਰਭਾਵ ਮਨੁੱਖ ਦੇ ਸਮਾਜਕ ਜੀਵਨ ਉੱਪਰ ਵੀ ਪੈਂਦਾ ਹੈ। ਜਿਵੇਂ ਜਿਵੇਂ ਉਹ ਆਪਣੇ ਅਧਿਆਤਮਿਕ ਮਾਰਗ ਤੇ ਅੱਗੇ ਵਧਦਾ ਰਹਿੰਦਾ ਹੈ ਉਵੇਂ ਉਵੇਂ ਉਸ ਵਿਚ ਪ੍ਰਭੂ ਪ੍ਰਤੀ ਪ੍ਰੇਮ ਤਾਂ ਵਧਦਾ ਹੀ ਹੈ ਪਰ ਨਾਲ ਦੀ ਨਾਲ ਉਸ ਵਿਚ ਪਰਮਾਤਮਾ ਦੀ ਹੋਂਦ ਦੀ ਵਿਸ਼ਾਲਤਾ ਦਾ ਗਿਆਨ ਵਧਣ ਕਰਕੇ ਉਹ ਪਰਮਾਤਮਾ ਦੇ ਵਿਆਪਕ ਰੂਪ ਪ੍ਰਤੀ ਵੀ ਪ੍ਰੇਮ ਮਹਿਸੂਸ ਕਰਨ ਲੱਗਦਾ ਹੈ। ਕਿਉਂਕਿ ਗੁਰੂ ਦੀ ਸਿੱਖਿਆ ਨਾਲ ਸਿੱਖ ਇਸ ਤੱਥ ਦਾ ਗਿਆਤਾ ਤਾਂ ਬੇਸ਼ਕ ਹੋ ਜਾਂਦਾ ਹੈ ਕਿ ਪ੍ਰਭੂ ਦੀ ਹਸਤੀ ਦੇ ਦੋ ਰੂਪ ਹਨ : ਇਕ ਸਰਗੁਣ ਅਤੇ ਦੂਜਾ ਨਿਰਗੁਣ। ਭਾਵੇਂ ਇਹ ਸਹੀ ਹੈ ਕਿ ਸਿੱਖ ਨੂੰ ਗੁਰੂ ਦੁਆਰਾ ਇਹੀ ਸਿਖਾਇਆ ਜਾਂਦਾ ਹੈ ਕਿ ਭਗਤੀ ਪ੍ਰਭੂ ਦੇ ਨਿਰਗੁਣ ਸਰੂਪ ਦੀ ਹੀ ਕੀਤੀ ਜਾਂਦੀ ਹੈ। ਉਸ ਪ੍ਰਭੂ ਦੀ ਭਗਤੀ ਜੋ ਕਦੇ ਜਨਮ ਨਹੀਂ ਲੈਂਦਾ। ਜੋ ਸਮੇਂ ਦੇ ਬੰਧਨ ਵਿਚ ਨਹੀਂ ਪੈਂਦਾ। ਜਿਸ ਦਾ ਕੋਈ ਸਰੂਪ ਨਹੀਂ। ਪਰ ਇਹ ਵੀ ਸਿਖਾਇਆ ਜਾਂਦਾ ਹੈ ਕਿ ਉਸ ਨਿਰਗੁਣ ਦਾ ਹੀ ਵਿਸਤ੍ਰਿਤ ਰੂਪ ਸਰਗੁਣ ਰੂਪ ਵਿਚ ਸ੍ਰਿਸ਼ਟੀ ਵਜੋਂ ਵਿਆਪਕ ਹੈ। ਗੁਰੂ ਜੀ ਕਹਿੰਦੇ ਹਨ ਇਹ ਜੋ ਸੰਸਾਰ ਸਾਨੂੰ ਨਜ਼ਰ ਆ ਰਿਹਾ ਹੈ ਉਹ ਉਸ ਪ੍ਰਭੂ ਦਾ ਹੀ ਵਿਸਤ੍ਰਿਤ ਅਤੇ ਸਰਗੁਣ ਰੂਪ ਹੈ। ਇਸ ਕਰਕੇ ਪ੍ਰਭੂ ਪ੍ਰੇਮ ਦਾ ਇਕ ਜ਼ਰੀਆ ਸਾਰੀ ਦ੍ਰਿਸ਼ਟਮਾਨ ਸ੍ਰਿਸ਼ਟੀ ਲਈ ਪ੍ਰੇਮ ਹੈ। ਨਾਮ ਸਿਰਮਨ ਦੇ ਰਾਹ ਤੇ ਚੱਲਦੇ ਸਾਧਕ ਵਿਚ ਇਹ ਗੁਣ ਸਹਿਜੇ ਹੀ ਉਤਪੰਨ ਹੋ ਜਾਂਦਾ ਹੈ। ਉਹ ਪ੍ਰਭੂ ਨੂੰ ਸਭ ਵਿਚ ਵਿਆਪਕ ਸਮਝ ਕੇ ਸਭ ਨੂੰ ਇਸ ਤਰਾਂ ਪ੍ਰੇਮ ਕਰਦਾ ਹੈ ਜਿਵੇਂ ਇਹ ਪ੍ਰੇਮ ਉਹ ਪ੍ਰਭੂ ਨੂੰ ਹੀ ਕਰ ਰਿਹਾ ਹੋਵੇ।

ਇਸ ਤੋਂ ਇਲਾਵਾ ਜਿਵੇਂ ਜਿਵੇਂ ਸਾਧਕ ਪ੍ਰਭੂ ਦੀ ਭਗਤੀ ਵਿਚ ਲੀਨ ਹੋਇਆ ਉਸ ਦੇ ਨਜ਼ਦੀਕ ਹੋਈ ਜਾਂਦਾ ਹੈ ਉਵੇਂ ਉਵੇਂ ਉਸ ਦੇ ਸਰਬਸ਼ਕਤੀਮਾਨ ਹੋਣ ਬਾਰੇ ਉਸ ਦੇ ਸ਼ੰਕਿਆਂ ਦੀ ਨਿਵਿਰਤੀ ਹੋਣ ਲੱਗਦੀ ਹੈ। ਉਸ ਨੂੰ ਪ੍ਰਭੂ ਦੀਆਂ ਅਸਲੀ ਸ਼ਕਤੀਆਂ ਦਾ ਗਿਆਨ ਹੋ ਜਾਂਦਾ ਹੈ ਅਤੇ ਇਸ ਤਰਾਂ ਉਸ ਅੰਦਰ ਪ੍ਰਭੂ ਜੋ ਸਰਬਸ਼ਕਤੀਮਾਨ ਹੈ ਉਸ ਦਾ ਭਉ ਉਸ ਦੇ ਅੰਦਰ ਪੈਦਾ ਹੁੰਦਾ ਹੈ। ਇਸ ਭਉ ਨੂੰ ਮੰਨਣ ਵਾਲਾ ਉਸ ਪ੍ਰਭੂ ਦੇ ਭਉ ਨੂੰ ਆਪਣੇ ਸਮਾਜਕ ਜੀਵਨ ਵਿਚ ਵੀ ਅਪਣਾ ਕੇ ਉਨ੍ਹਾਂ ਅਉਗੁਣਾਂ ਤੋਂ ਬਚਿਆ ਰਹਿੰਦਾ ਹੈ ਜੋ ਪ੍ਰਭੂ ਦੇ ਭੈ ਤੋਂ ਬਾਹਰ ਰਹਿ ਕੇ ਇਕ ਸਾਧਾਰਨ ਵਿਅਕਤੀ ਕਰਕੇ ਸਮਾਜ ਦੀ ਸ਼ਾਂਤੀ ਵਿਵਸਥਾ ਨੂੰ ਤਹਿਸ ਨਹਿਸ ਕਰ ਸਕਦਾ ਹੈ। ਕਿਉਂਕਿ ਪ੍ਰਭੂ ਦੇ ਭੈ ਵਿਚ ਰਹਿਣ ਵਾਲਾ ਵਿਅਕਤੀ ਕਦੇ ਵੀ ਉਹ ਗੁਨਾਹ ਨਹੀਂ ਕਰਦਾ ਜਿਨ੍ਹਾਂ ਨੂੰ ਕਰ ਕੇ ਉਸ ਨੂੰ ਲੱਗੇ ਕਿ ਇਕ ਤਾਂ ਉਹ ਪ੍ਰਭੂ ਦੀ ਨੇੜਤਾ ਤੋਂ ਵਾਂਝਾ ਰਹਿ ਜਾਵੇਗਾ ਦੂਜੇ ਉਨ੍ਹਾਂ ਕਰਮਾਂ ਦਾ ਫਲ ਉਸ ਨੂੰ ਭੁਗਤਣਾ ਪਵੇਗਾ। ਜੋ ਬੇਹੱਦ ਦੁੱਖਦਾਈ ਅਤੇ ਅਸਹਿ ਹੋ ਸਕਦਾ ਹੈ।

ਮਨੁੱਖੀ ਸਮਾਜ ਵਿਚ ਸ਼ਾਂਤੀ ਅਤੇ ਵਿਵਸਥਾ ਬਣਾਏ ਰੱਖਣ ਲਈ ਇਹ ਦੋ ਗੁਣ ਬੇਹੱਦ ਜ਼ਰੂਰੀ ਹਨ ਕਿ ਉਸ ਪ੍ਰਭੂ ਦੀ ਵਿਆਪਕਤਾ ਨੂੰ ਮੰਨਦੇ ਹੋਏ ਸਭ ਪ੍ਰਤੀ ਪ੍ਰੇਮ ਦੀ ਭਾਵਨਾ ਬਣੀ ਰਹੇ ਅਤੇ ਉਸ ਦੇ ਭੈ ਕਰਕੇ ਮਨੁੱਖ ਬੁਰੇ ਕਰਮਾਂ ਤੋਂ ਬਚਿਆ ਰਹੇ। ਪ੍ਰਭੂ ਦੇ ਭੈ ਨੂੰ ਮੰਨਣ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਕਿਉਂਕਿ ਹਰ ਜਗ੍ਹਾ ਉਸੇ ਪਰਮਾਤਮਾ ਦਾ ਹੀ ਹੁਕਮ ਵਰਤਦਾ ਹੈ। ਇਸ ਸੰਸਾਰ ਵਿਚ ਕੁਝ ਵੀ ਐਸਾ ਨਹੀਂ ਵਾਪਰਦਾ ਜੋ ਪਰਮਾਤਮਾ ਦੇ ਹੁਕਮ ਤੋਂ ਬਾਹਰ ਹੋਵੇ। ਇਸ ਕਰਕੇ ਮਨੁੱਖ ਦਾ ਸ਼ਾਂਤ ਚਿਤ ਰਹਿਣਾ ਜਾ ਆਪਣੀ ਕਿਸੇ ਵੀ ਮੁਸੀਬਤ ਲਈ ਕਿਸੇ ਹੋਰ ਨੂੰ ਜ਼ਿੰਮੇਵਾਰ ਨਾ ਠਹਿਰਾ ਕੇ ਵਿਰੋਧ ਦੀ ਭਾਵਨਾ ਆਪਣੇ ਅੰਦਰ ਪੈਦਾ ਨਾ ਹੋਣ ਦੇਣਾ, ਇਹ ਦੋ ਐਸੇ ਗੁਣ ਹਨ ਜੋ ਮਨੁੱਖੀ ਮਨ ਵਿਚ ਤਾਂ ਸ਼ਾਂਤੀ ਰੱਖਦੇ ਹੀ ਹਨ ਇਸ ਦੇ ਨਾਲ ਮਨੁੱਖੀ ਸਮਾਜ ਨੂੰ ਵੀ ਬਹੁਤ ਸਾਰੀਆਂ ਮੁਸੀਬਤਾਂ ਤੋਂ ਬਚਾ ਕੇ ਰੱਖਦੇ ਹਨ। ਇਸ ਨਾਲ ਇਕ ਹੋਰ ਫਾਇਦਾ ਵੀ ਹੁੰਦਾ ਹੈ ਕਿ ਮਨੁੱਖ ਆਪਦੀ ਹਉਮੈ ਕਿਸੇ ਉੱਪਰ ਨਹੀਂ ਥੋਪ ਸਕਦਾ ਕਿਉਂਕਿ ਇਹ ਮੰਨਣ ਵਾਲਾ ਕਿ ਸਭ ਕੁਝ ਕਰਨ ਕਰਾਉਣ ਵਾਲਾ ਕੇਵਲ ਪਰਮਾਤਮਾ ਆਪ ਹੀ ਹੈ ਇਸ ਕਰਕੇ ਕੋਈ ਇਨਸਾਨ ਇਹ ਕਹਿ ਕੇ ਆਪਣੇ ਆਪ ਉੱਪਰ ਹੰਕਾਰ ਨਹੀਂ ਕਰ ਸਕਦਾ। ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਤੱਥ ਦਾ ਨਿਤਾਰਾ ਇਸ ਤਰਾਂ ਕੀਤਾ ਹੈ :

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ।।
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧)

ਇਸ ਤੱਥ ਦਾ ਨੈਤਿਕ ਪ੍ਰਭਾਵ ਇਹ ਪੈਂਦਾ ਹੈ ਕਿ ਮਨੁੱਖ ਵਿਚ ਹਉਮੈ ਦੀ ਭਾਵਨਾ ਦਾ ਖਾਤਮਾ ਹੋ ਕੇ ਉਸ ਵਿਚ ਇਕ ਹੋਰ ਸਦਗੁਣ ਪੈਦਾ ਹੋ ਜਾਂਦਾ ਹੈ ਅਤੇ ਉਹ ਹੁੰਦਾ ਹੈ ਨਿਮਰਤਾ। ਜਿਥੇ ਇਨਸਾਨ ਇਹ ਸੋਚ ਬੈਠਦਾ ਹੈ ਕਿ ਕਿਸੇ ਖਾਸ ਕੰਮ ਜਾਂ ਕਿਸੇ ਖਾਸ ਫੈਸਲੇ ਨੂੰ ਕਰਨ ਵਾਲਾ ਉਹ ਆਪ ਹੈ ਤਾਂ ਇਸ ਤੇ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਉਹ ਤਾਂ ਮੂਰਖਾਂ ਦਾ ਵੀ ਮੂਰਖ ਹੁੰਦਾ ਹੈ। ਕਿਉਂਕਿ ਇਹ ਸੱਚਾਈ ਤਾਂ ਇਕ ਸਾਧਾਰਣ ਸਮਝ ਵਾਲੇ ਨੂੰ ਵੀ ਪਤਾ ਹੋ ਜਾਂਦੀ ਹੈ ਕਿ ਜੇ ਪ੍ਰਭੂ ਦਾ ਹੁਕਮ ਹੀ ਸਭ ਜਗ੍ਹਾ ਵਿਆਪਕ ਹੁੰਦਾ ਹੈ ਅਤੇ ਉਸ ਤੋਂ ਬਿਨ੍ਹਾਂ ਕੁਝ ਵੀ ਵਾਪਰ ਨਹੀਂ ਸਕਦਾ। ਇਕ ਸਾਧਕ ਇਸ ਤੱਥ ਨੂੰ ਭਲੀ ਭਾਂਤ ਆਪਣੇ ਜੀਵਨ ਵਿਚ ਚੰਗੀ ਤਰਾਂ ਅਪਣਾ ਲੈਂਦਾ ਹੈ। ਜਿੰਨੀ ਨੇੜਤਾ ਵਿਅਕਤੀ ਪ੍ਰਭੂ ਨਾਲ ਪਾਉਂਦਾ ਹੈ ਉਨਾਂ ਹੀ ਉਹ ਉਸ ਦੇ ਹੁਕਮ ਨੂੰ ਚੰਗੀ ਤਰਾਂ ਪਹਿਚਾਣ ਜਾਂਦਾ ਹੈ। ਉਸ ਦੇ ਹੁਕਮ ਨੂੰ ਪਹਿਚਾਨਣ ਦੇ ਨਤੀਜੇ ਵਜੋਂ ਉਸ ਵਿਚ ਹਲੀਮੀ ਦਾ ਸਦਗੁਣ ਪੈਦਾ ਹੋ ਜਾਂਦਾ ਹੈ।

ਗੁਰੂ ਸਾਹਿਬ ਅਨੁਸਾਰ ਮਨੁੱਖ ਭਾਂਵੇ ਕਰਮ ਕਰਨ ਲਈ ਆਜ਼ਾਦ ਹੈ ਪਰ ਉਹ ਇੰਨਾਂ ਆਜ਼ਾਦ ਨਹੀਂ ਕਿ ਕੁਝ ਵੀ ਕਰੇ। ਸਿੱਖ ਸਿਧਾਂਤ ਅਨੁਸਾਰ ਹਰ ਵਿਅਕਤੀ ਨੂੰ ਜੋ ਵੀ ਉਹ ਕਰਦਾ ਹੈ ਉਸ ਦਾ ਫਲ ਜ਼ਰੂਰ ਭੁਗਤਣਾ ਪੈਂਦਾ ਹੈ। ਇਸੇ ਕਰਕੇ ਇਹ ਮੰਨਿਆ ਜਾਂਦਾ ਹੈ ਕਿ ਮਨੁੱਖ ਕਰਮ ਕਰਨ ਲਈ ਆਜ਼ਾਦ ਤਾਂ ਹੈ ਪਰ ਸਭ ਕੁਝ ਆਪਣੀ ਮਰਜ਼ੀ ਨਾਲ ਕਰਨ ਲਈ ਆਜ਼ਾਦ ਨਹੀਂ ਹੈ। ਜੇ ਉਹ ਸਭ ਕੁਝ ਕਰ ਤਾਂ ਸਕਦਾ ਹੈ ਪਰ ਉਹ ਉਸ ਕਰਮ ਦੇ ਅੱਛੇ ਜਾਂ ਬੁਰੇ ਨਤੀਜੇ ਦੇ ਬੰਧਨ ਵਿਚ ਜ਼ਰੂਰ ਜਕੜਿਆ ਹੋਇਆ ਹੈ। ਕਰਮਾਂ ਦੇ ਹਿਸਾਬ ਕਿਤਾਬ ਦਾ ਦਾਇਰਾ ਕੇਵਲ ਸਾਡੇ ਵਰਤਮਾਨ ਜੀਵਨ ਨਾਲ ਹੀ ਨਹੀਂ ਗਿਣਿਆ ਜਾਂਦਾ ਬਲਕਿ ਇਹ ਵੀ ਮੰਨ ਲਿਆ ਜਾਂਦਾ ਹੈ ਕਿ ਪਿਛਲੇ ਜਨਮਾਂ ਵਿਚ ਕੀਤੇ ਚੰਗੇ ਜਾਂ ਬੁਰੇ ਕੰਮ ਹਮੇਸ਼ਾ ਸਾਡਾ ਪਿੱਛਾ ਕਰਦੇ ਹਨ। ਉਹ ਉਨੀ ਦੇਰ ਸਾਡਾ ਪਿੱਛਾ ਨਹੀਂ ਛੱਡਦੇ ਜਿੰਨੀ ਦੇਰ ਤੱਕ ਅਸੀਂ ਉਨ੍ਹਾਂ ਦੇ ਫਲ ਨਹੀਂ ਭੁਗਤ ਲੈਂਦੇ। ਇਥੇ ਆ ਕੇ ਮਨੁੱਖ ਦੀ ਵਿਚਾਰਧਾਰਾ ਵਿਚ ਆਮ ਤੌਰ ਤੇ ਇਕ ਟਕਰਾਅ ਵਾਲੀ ਸਥਿਤੀ ਪੈਦਾ ਹੋ ਜਾਂਦੀ ਹੈ ਕਿ ਜੇ ਹਰ ਜਗ੍ਹਾ ਪਰਮਾਤਮਾ ਦਾ ਹੁਕਮ ਚੱਲਦਾ ਹੈ ਅਤੇ ਕੁਝ ਵੀ ਉਸ ਦੇ ਹੁਕਮ ਤੋਂ ਬਾਹਰ ਨਹੀਂ ਹੁੰਦਾ ਤਾਂ ਮਨੁੱਖ ਨੂੰ ਆਪਣੇ ਕੀਤੇ ਹੋਏ ਕਰਮਾਂ ਦੀ ਸਜਾਂ ਕਿਉਂ ਮਿਲਦੀ ਹੈ ? ਗੁਰਮਤਿ ਅਨੁਸਾਰ ਇਸ ਦਾ ਉੱਤਰ ਦਿੱਤਾ ਗਿਆ ਹੈ, ਕਿ ਕਿਉਂਕਿ ਪ੍ਰਭੂ ਦਾ ਹੁਕਮ ਉਸ ਦੇ ਕਾਨੂੰਨ ਦੇ ਰੂਪ ਵਿਚ ਇਸ ਰਚਨਾ ਵਿਚ ਵਿਆਪਕ ਹੈ। ਉਸ ਹੁਕਮ ਅਨੁਸਾਰ ਹੀ ਤਹਿ ਹੁੰਦਾ ਹੈ ਕਿ ਕੀ ਠੀਕ ਹੈ ਜਾਂ ਕੀ ਗਲਤ ਹੈ, ਅਤੇ ਉਸੇ ਦੇ ਆਧਾਰ ਤੇ ਠੀਕ ਕੰਮ ਕਰਨ ਵਾਲੇ ਨੂੰ ਫਲ ਅਤੇ ਗਲਤ ਕੰਮ ਕਰਨ ਵਾਲੇ ਨੂੰ ਸਜ਼ਾ ਭੁਗਤਣੀ ਪੈਂਦੀ ਹੈ। ਇਸੇ ਕਰਕੇ ਮਨੁੱਖ ਕਰਮ ਕਰਨ ਲਈ ਤਾਂ ਆਜ਼ਾਦ ਹੈ ਪਰ ਕੁਝ ਵੀ ਕਰਨ ਲਈ ਆਜ਼ਾਦ ਨਹੀਂ।

ਗੁਰਬਾਣੀ ਵਿਚ ਕੁਝ ਗੁਣ ਜਾਂ ਨੈਤਿਕ ਨਿਯਮ ਨਿਰਧਾਰਤ ਕੀਤੇ ਗਏ ਹਨ ਜਿੰਨ੍ਹਾਂ ਅਨੁਸਾਰ ਕਰਮ ਕਰਕੇ ਮਨੁੱਖ ਨੂੰ ਸਜ਼ਾ ਨਹੀਂ ਭੁਗਤਣੀ ਪੈਂਦੀ ਅਤੇ ਇਸੇ ਤਰਾਂ ਕੁਝ ਅਉਗੁਣ ਵੀ ਨਿਰਧਾਰਤ ਕੀਤੇ ਗਏ ਹਨ ਜਿੰਨ੍ਹਾਂ ਨੂੰ ਕਰਨ ਨਾਲ ਮਨੁੱਖ ਸਜ਼ਾ ਦਾ ਪਾਤਰ ਹੋ ਜਾਂਦਾ ਹੈ। ਗੁਰਮਤਿ ਅਨੁਸਾਰ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਐਸੇ ਅਉਗੁਣ ਹਨ ਜੋ

ਵਿਅਕਤੀ ਨੂੰ ਬੁਰਾਈ ਵੱਲ ਪ੍ਰੇਰਦੇ ਹਨ। ਇਨ੍ਹਾਂ ਤੋਂ ਪ੍ਰੇਰਤ ਹੋਇਆ ਮਨੁੱਖ ਆਪਣੇ ਆਪ ਲਈ ਤਾਂ ਕਿਵੇਂ ਨਾ ਕਿਵੇਂ ਭਾਵੇਂ ਸੁੱਖ ਪੈਦਾ ਕਰ ਲੈਂਦਾ ਹੈ ਪਰ ਉਹ ਸਮਾਜ ਲਈ ਬਹੁਤ ਵੱਡੀ ਮੁਸੀਬਤ ਬਣ ਜਾਂਦਾ ਹੈ। ਇਸੇ ਕਰਕੇ ਪ੍ਰਭੂ ਦੇ ਹੁਕਮ ਦੀ ਸਰਬਸ਼ਕਤੀਮਾਨਤਾ ਅਤੇ ਸਰਬਵਿਆਪਕਤਾ ਨੂੰ ਮੰਨਦੇ ਹੋਏ ਇਕ ਗੁਰਮੁਖ ਇਨ੍ਹਾਂ ਪੰਜ ਵਿਕਾਰਾਂ ਤੋਂ ਪ੍ਰੇਰਤ ਹੋ ਕੇ ਕੋਈ ਐਸਾ ਕਰਮ ਨਹੀਂ ਕਰਦਾ ਕਿ ਉਸ ਨੂੰ ਇਸ ਜਾਂ ਇਸ ਜੀਵਨ ਤੋਂ ਬਾਅਦ ਸਜ਼ਾ ਦਾ ਭਾਗੀ ਹੋਣਾ ਪਵੇ।

ਬੇਸ਼ਕ ਇਹ ਔਗੁਣ ਉਸ ਵਿਚ ਸਜ਼ਾ ਦਾ ਡਰ ਪੈਦਾ ਕਰਦੇ ਹਨ ਅਤੇ ਇਸ ਤਰਾਂ ਉਹ ਇਨ੍ਹਾਂ ਔਗੁਣਾਂ ਤੋਂ ਬਚੇ ਰਹਿਣ ਦੀ ਕੋਸ਼ਿਸ਼ ਕਰਦਾ ਹੈ ਪਰ ਨਾਲ ਦੀ ਨਾਲ ਇਹ ਵਿਚਾਰ ਵੀ ਸਿੱਖ ਸਿਧਾਂਤ ਦਾ ਹਿੱਸਾ ਹੈ ਕਿ ਨਾਮ ਸਿਮਰਨ ਦੇ ਰਾਹ ਤੇ ਚੱਲਣ ਵਾਲੇ ਦੇ ਰਾਹ ਵਿਚ ਇਹ ਔਗੁਣ ਰੁਕਾਵਟ ਪਾਉਂਦੇ ਹਨ। ਜਿੰਨੀ ਦੇਰ ਤੱਕ ਇਕ ਸਾਧਕ ਨੈਤਿਕ ਤੌਰ ਤੇ ਪੂਰੀ ਤਰਾਂ ਪਰਪੱਕ ਹੋ ਕੇ ਆਪਣੇ ਹਿਰਦੇ ਨੂੰ ਸ਼ੁੱਧ ਨਹੀਂ ਕਰ ਲੈਂਦਾ ਉਨੀ ਦੇਰ ਤੱਕ ਪ੍ਰਭੂ ਦਾ ਰਾਹ ਉਸ ਲਈ ਨਹੀਂ ਖੁੱਲਦਾ। ਗੁਰੂ ਸਾਹਿਬ ਆਪ ਫੁਰਮਾਉਂਦੇ ਹਨ ਕਿ ਬਿਨ੍ਹਾਂ ਚੰਗੇ ਗੁਣਾਂ ਨੂੰ ਧਾਰਨ ਕੀਤਿਆਂ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ। ਭਾਵੇ ਗੁਣ ਉਸ ਲਈ ਸੁੱਖ ਜਾਂ ਦੁੱਖ ਨਿਰਧਾਰਤ ਕਰਦੇ ਹਨ ਪਰ ਭਗਤ ਜਦੋਂ ਨਾਮ ਸਿਮਰਨ ਰਾਹੀਂ ਪ੍ਰਭੂ ਦੀ ਮਿਹਰ ਦਾ ਪਾਤਰ ਹੋ ਜਾਂਦਾ ਹੈ ਤਾਂ ਉਸ ਲਈ ਕਰਮਾਂ ਦੇ ਬੰਧਨ ਕੱਟੇ ਜਾਂਦੇ ਹਨ ਅਤੇ ਉਹ ਉਸ ਸਦੀਵੀ ਸੁੱਖ ਨੂੰ ਪ੍ਰਾਪਤ ਕਰ ਲੈਂਦਾ ਹੈ ਜਿਸ ਲਈ ਉਹ ਸਾਰੀ ਜ਼ਿੰਦਗੀ ਇੱਛੁਕ ਅਤੇ ਵਿਆਕੁਲ ਰਹਿੰਦਾ ਹੈ। ਪਰ ਇਹ ਨਦਰ ਕਰਮ ਉਸ ਤੇ ਹੁੰਦਾ ਹੈ ਜੋ ਬੇਹੱਦ ਨਿਮਰਤਾ ਧਾਰਨ ਕਰਕੇ ਪ੍ਰਭੂ ਦਾ ਸਿਮਰਨ ਕਰਦਾ ਹੋਇਆ ਉਸ ਦੇ ਵਿਆਪਕ ਰੂਪ ਜੋ ਸ੍ਰਿਸ਼ਟੀ ਬਣ ਕੇ ਵਿਸਤ੍ਰਿਤ ਹੈ ਉਸ ਨੂੰ ਉਸੇ ਪ੍ਰਭੂ ਦਾ ਰੂਪ ਮੰਨ ਕੇ ਉਸ ਦੀ ਸੇਵਾ ਅਤੇ ਉਸ ਦੇ ਪ੍ਰੇਮ ਵਿਚ ਆਪਣੇ ਆਪ ਨੂੰ ਸਮਰਪਤ ਕਰ ਦਿੰਦਾ ਹੈ। ਕਿਉਂਕਿ ਸਿੱਖ ਸਿਧਾਂਤ ਅਨੁਸਾਰ ਇਹ ਮੰਨਿਆ ਗਿਆ ਹੈ ਕਿ ਪ੍ਰਭੂ ਆਪ ਇਸ ਸ੍ਰਿਸ਼ਟੀ ਵਿਚ ਵਿਆਪਕ ਹੈ, ਜੋ ਵੀ ਸਾਨੂੰ ਨਜ਼ਰ ਆਉਂਦਾ ਹੈ ਉਹ ਸਭ ਪ੍ਰਭੂ ਦਾ ਵਿਆਪਕ ਰੂਪ ਹੈ। ਅਗਰ ਅਸੀਂ ਕਿਸੇ ਨਾਲ ਵੀ ਅੱਛਾ ਜਾਂ ਬੁਰਾ ਵਿਵਹਾਰ ਕਰਦੇ ਹਾਂ ਤਾਂ ਉਹ ਵਿਵਹਾਰ ਦਰ ਅਸਲ ਅਸੀਂ ਪ੍ਰਭੂ ਨਾਲ ਹੀ ਕਰ ਰਹੇ ਹੁੰਦੇ ਹਾਂ। ਫਿਰ ਅਸੀਂ ਉਸ ਪ੍ਰਭੂ ਨਾਲ ਹੀ ਦੁਰਵਿਵਹਾਰ ਕਰ ਕੇ ਆਪ ਕਿਵੇਂ ਉਸ ਤੱਕ ਪਹੁੰਚ ਸਕਦੇ ਹਾਂ ? ਜਦਕਿ ਉਸ ਤੱਕ ਪਹੁੰਚਣ ਦਾ ਕੇਵਲ ਇੱਕੋ ਤਰੀਕਾ ਹੀ ਹੈ ਅਤੇ ਉਹ ਹੈ ਉਸ ਦੇ ਵਿਆਪਕ ਰੂਪ ਨਾਲ ਸਦਗੁਣਾਂ ਦੀ ਸਾਂਝ ਪਾ ਕੇ ਉਸ ਪ੍ਰਤੀ ਪ੍ਰੇਮ ਭਾਵ ਰੱਖ ਕੇ ਉਸ ਦੀ ਭਗਤੀ ਕਰਨਾ। ਜੇ ਮਨੁੱਖ ਇਹ ਸੋਚੇ ਕਿ ਉਹ ਪ੍ਰਭੂ ਦੀ ਭਗਤੀ ਤਾਂ ਕਰ ਰਿਹਾ ਹੈ ਪਰ ਜੇ ਉਹ ਉਸ ਦੀ ਸੰਪੂਰਨਤਾ ਨੂੰ ਪ੍ਰੇਮ ਨਾ ਕਰੇ ਤਾਂ ਪ੍ਰਭੂ ਚਰਨਾ ਵਿਚ ਉਸ ਦਾ ਪਿਆਰ ਕਿਵੇਂ ਸਵੀਕਾਰ ਹੋ ਸਕਦਾ ਹੈ ? ਜੇ ਮਨੁੱਖ ਕਹੇ ਕਿ ਉਹ ਪ੍ਰਭੂ ਦੇ ਦੈਵੀ ਜਾਂ ਆਤਮ ਰੂਪ ਨੂੰ ਪਿਆਰ ਕਰਦਾ ਹੈ ਪਰ ਜੇ ਉਹ ਉਸਦੇ ਵਿਅਕਤ ਰੂਪ ਨੂੰ ਪਿਆਰ ਨਹੀਂ ਕਰਦਾ ਤਾਂ ਉਸ ਦਾ ਪਿਆਰ ਕਿਵੇਂ ਮਨਜ਼ੂਰ ਹੋ ਸਕਦਾ ਹੈ। ਕਿਉਂਕਿ ਇਹ ਤਾਂ ਇਕੋ ਪਰਮਾਤਮਾ ਦੇ ਦੋ ਪਹਿਲੂ ਹਨ। ਇਸ ਕਰਕੇ ਨਾਮ ਸਿਮਰਨ ਦੀ ਪਹਿਲੀ ਪਉੜੀ ਹੈ ਪ੍ਰਭੂ ਦੇ ਬਣਾਏ ਹੋਏ ਸੰਸਾਰ ਵਿਚ ਸਦਗੁਣੀ ਤਰੀਕੇ ਨਾਲ ਵਿਚਰਨਾ। ਬਾਣੀ ਦਾ ਅਭਿਆਸ ਮਨੁੱਖ ਨੂੰ ਸਿਖਾਉਂਦਾ ਹੈ ਕਿ ਕਿਸ ਤਰਾਂ ਦੇ ਗੁਣ ਧਾਰਨ ਕਰਨ ਨਾਲ ਵਿਅਕਤੀ ਪ੍ਰਭੂ ਨੂੰ ਪਿਆਰਾ ਲੱਗ ਸਕਦਾ ਹੈ ਜਾਂ ਉਸ ਨੂੰ ਮੰਜ਼ੂਰ ਹੋ ਸਕਦਾ ਹੈ। ਗੁਰੂ ਸਹਿਬ ਨੇ ਮੁੰਦਾਵਨੀ ਵਿਚ ਫੁਰਮਾਇਆ ਹੈ ਕਿ ਮਨੁੱਖੀ ਜੀਵਨ ਲਈ ਤਿੰਨ ਅੰਮ੍ਰਿਤ ਰੂਪੀ ਗੁਣ ਅਕਾਲ ਪੁਰਖ ਵਲੋਂ ਦਿੱਤੇ ਗਏ ਹਨ ਅਤੇ ਉਹ ਹਨ ਸਤੁ, ਸੰਤੋਖੁ ਅਤੇ ਵੀਚਾਰ। ਜੋ ਸਾਧਕ ਗੁਰੂ ਦੁਆਰਾ ਰਸਤੇ ਨੂੰ ਅਖਤਿਆਰ ਕਰਕੇ ਸਦਗੁਣਾਂ ਨੂੰ ਪ੍ਰਾਪਤ ਕਰ ਲੈਂਦਾ ਹੈ ਉਸ ਵਿਚ ਸੱਚ ਦਾ ਵਾਸਾ ਆਪਣੇ ਆਪ ਹੋ ਜਾਂਦਾ ਹੈ। ਉਹ ਸੱਚ ਦਾ ਗਿਆਨ ਹੀ ਨਹੀਂ ਹੋ ਜਾਂਦਾ ਬਲਕਿ ਉਹ ਸੱਚ ਸਰੂਪ ਹੋ ਜਾਂਦਾ ਹੈ। ਉਸ ਦਾ ਮਨ ਸਦੀਵੀ ਭਟਕਣ ਤੋਂ ਉੱਪਰ ਉੱਠ ਕੇ ਸਦੀਵੀ ਸੰਤੁਸ਼ਟੀ ਦੀ ਅਵੱਸਥਾ ਪ੍ਰਾਪਤ ਕਰ ਲੈਂਦਾ ਹੈ ਜਿਥੇ ਉਹ ਆਨੰਦ ਰੂਪ ਹੋ ਜਾਂਦਾ ਹੈ ਅਤੇ ਉਸ ਦੀ ਮਾਨਸਿਕਤਾ ਸਦੀਵੀ ਤੌਰ ਤੇ ਨਿਰਸੰਸੀ ਸਥਿਤੀ ਦਾ ਧਾਰਨੀ ਹੋ ਜਾਂਦਾ ਹੈ ਜਿਥੇ ਉਸ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ।

ਜਿੰਨ੍ਹਾਂ ਤੇ ਪ੍ਰਭੂ ਦੀ ਕ੍ਰੋਪੀ ਹੁੰਦੀ ਹੈ ਜਾਂ ਜਿਨ੍ਹਾਂ ਨੂੰ ਪ੍ਰਭੂ ਆਪਣੇ ਰਾਹ ਤੇ ਨਹੀਂ ਪਾਉਣਾ ਚਾਹੁੰਦਾ ਉਨ੍ਹਾਂ ਵਿਚ ਉਹ ਬੁਰੇ ਕਰਮ ਕਰਨ ਦੀ ਬਿਰਤੀ ਪਾ ਦਿੰਦਾ ਹੈ ਅਤੇ ਉਹ ਬੁਰੇ ਕਰਮ ਉਸ ਨੂੰ ਪਰਮਾਤਮਾ ਦੇ ਰਾਹ ਤੋਂ ਹਮੇਸ਼ਾ ਦੂਰ ਰੱਖਦੇ ਹਨ। ਜਿਨ੍ਹਾਂ ਨੂੰ ਉਹ ਆਪਣੇ ਨਜ਼ਦੀਕ ਕਰਨਾ ਚਾਹੁੰਦਾ ਹੈ ਉਨ੍ਹਾਂ ਵਿਚ ਉਹ ਸਦਗੁਣ ਪੈਦਾ ਕਰ ਦਿੰਦਾ ਹੈ ਕਿਉਂਕਿ ਸਵੱਛ ਮਨ ਵਿਚ ਹੀ ਪ੍ਰਭੂ ਦਾ ਅੰਮ੍ਰਿਤ ਰੂਪੀ ਨਾਮ ਵੱਸ ਸਕਦਾ ਹੈ। ਪ੍ਰਭੂ ਦੀ ਸ਼ਕਤੀ ਦੋ ਤਰਾਂ ਨਾਲ ਵਿਆਪਕ ਹੁੰਦੀ ਹੈ; ਹਾਂ ਵਾਚਕ ਅਤੇ ਨਾਂਹ ਵਾਚਕ ਤਰੀਕੇ ਨਾਲ। ਹਾਂ ਵਾਚਕ ਇਸ ਤਰਾਂ ਕਿ ਜੋ ਵਿਧਾਨ ਇਸ ਸੰਸਾਰ ਵਿਚ ਵਿਆਪਕ ਹੈ ਉਹ ਉਸੇ ਪ੍ਰਭੂ ਦਾ ਬਣਾਇਆ ਹੋਇਆ ਹੈ, ਅਤੇ ਨਾਂਹ ਵਾਚਕ ਇਸ ਤਰਾਂ ਕਿ ਪ੍ਰਭੂ ਨੇ ਕੁਝ ਜੀਵਾਂ ਨੂੰ ਸਜ਼ਾ

ਦੇਣ ਲਈ ਮਾਇਆ ਦਾ ਵਿਸਥਾਰ ਕੀਤਾ ਹੋਇਆ ਹੈ ਤਾਂ ਕਿ ਉਹ ਉਸ ਵਿਚ ਫਸ ਕੇ ਆਪਣੇ ਗੁਨਾਹਾਂ ਦੀ ਸਜ਼ਾ ਆਪ ਭੁਗਤਨ। ਪਰ ਇਹ ਤੱਥ ਜ਼ਰੂਰ ਵਿਦਮਾਨ ਰਹਿੰਦਾ ਹੈ ਕਿ ਹਰ ਜੀਵ ਨੂੰ ਉਸ ਦੇ ਕਰਮਾਂ ਦੇ ਆਧਾਰ ਤੇ ਹੀ ਸੁੱਖ ਜਾਂ ਦੁੱਖ ਪ੍ਰਾਪਤ ਹੋਵੇ। ਬੁਰੇ ਕਰਮਾਂ ਵਾਲਿਆਂ ਨੂੰ ਪ੍ਰਭੂ ਦੀ ਨੇੜਤਾ ਹਾਸਿਲ ਨਹੀਂ ਹੁੰਦੀ ਉਹ ਆਪ ਹੀ ਉਨ੍ਹਾਂ ਅੰਦਰ ਹੰਕਾਰ ਅਤੇ ਅਗਿਆਨਤਾ ਦਾ ਪਸਾਰਾ ਕਰ ਦਿੰਦਾ ਹੈ ਤਾਂ ਕਿ ਉਹ ਉਸੇ ਭਰਮ ਵਿਚ ਫਸੇ ਆਪਣੇ ਕਰਮਾਂ ਦਾ ਫਲ ਭੁਗਤਦੇ ਰਹਿਣ।

ਦੁੱਖਾਂ ਜਾਂ ਸੁੱਖਾਂ ਦੀ ਇੱਛਾ ਤੋਂ ਛੁਟਕਾਰਾ ਕੇਵਲ ਪ੍ਰਭੂ ਦੀ ਹਸਤੀ ਵਿਚ ਅਭੇਦ ਹੋਣ ਤੋਂ ਬਾਅਦ ਹੀ ਪ੍ਰਾਪਤ ਹੁੰਦਾ ਹੈ। ਇਹ ਮਨੁੱਖ ਦੇ ਸੰਪੂਰਨ ਹੋਣ ਦੀ ਅਧਿਆਤਮਿਕ ਅਵੱਸਥਾ ਹੈ। ਇਸ ਅਵੱਸਥਾ ਦਾ ਧਾਰਨੀ ਪ੍ਰਭੂ ਰੂਪ ਹੋ ਜਾਂਦਾ ਹੈ ਅਤੇ ਪ੍ਰਭੂ ਦੇ ਸਾਰੇ ਗੁਣਾਂ ਦਾ ਵੀ ਧਾਰਨੀ ਹੋ ਜਾਂਦਾ ਹੈ। ਸਤੁ, ਸੰਤੋਖ ਵੀਚਾਰ ਉਸ ਦੇ ਹਿਰਦੇ ਵਿਚ ਆਪ ਮੁਹਾਰੇ ਹੀ ਉਸ ਦੇ ਸੁਭਾ ਦਾ ਹਿੱਸਾ ਹੋ ਜਾਂਦੇ ਹਨ। ਇਸ ਤਰਾਂ ਦਾ ਵਿਅਕਤੀ ਪ੍ਰਭੂ ਵਾਂਗ ਹੀ ਸਮਾਜ ਦੇ ਦੂਜੇ ਜੀਵਾਂ ਦੇ ਭਲੇ ਲਈ ਕ੍ਰਿਆਸ਼ੀਲ ਰਹਿੰਦਾ ਹੋਇਆ ਸਰਬਤ ਦੇ ਭਲੇ ਦਾ ਮੁਜੱਸਮਾ ਬਣ ਜਾਂਦਾ ਹੈ। ਵਿਅਕਤੀ ਦੀ ਇਹ ਅਵੱਸਥਾ ਜੋ ਪ੍ਰਭੂ ਰੂਪ ਹੋਣ ਦੀ ਅਵੱਸਥਾ ਹੇ ਉਸ ਨੂੰ ਕਿਸੇ ਵੀ ਤਰਾਂ ਦੇ ਸੁੱਖ ਦੁੱਖ ਤੋਂ ਉਪਰ ਉਠਾ ਦਿੰਦੀ ਹੈ। ਇਸ ਅਵੱਸਥਾ ਵਿਚ ਉਹ ਨਿਰਭਉ ਅਤੇ ਨਿਰਵੈਰ ਹੋ ਕੇ ਸਮਾਜ ਵਿਚ ਸਮਾਜ ਦੇ ਸੁੱਖ ਦੁੱਖ ਦਾ ਸਹਾਈ ਬਣ ਕੇ ਵਿਚਰਦਾ ਹੈ।

### 1.2.5 ਕਿਰਤ ਕਰਨੀ :

ਸਿੱਖ ਸਿਧਾਂਤ ਵਿਚ ਸਿਮਰਨ ਕਰਦੇ ਹੋਏ ਜਾਂ ਸਿਮਰਨ ਕਰਦੇ - ਕਰਦੇ ਅਧਿਆਤਮਿਕਤਾ ਦੀ ਅੰਤਿਮ ਮੰਜ਼ਿਲ ਪ੍ਰਾਪਤ ਕਰਨ ਤੇ ਵਿਅਕਤੀ ਕਿਸੇ ਵੀ ਤਰਾਂ ਸਮਾਜਿਕ ਪ੍ਰਾਣੀ ਹੋਣ ਤੋਂ ਆਪਣੇ ਆਪ ਨੂੰ ਮੁਨਕਰ ਨਹੀਂ ਕਰ ਸਕਦਾ। ਪਹਿਲੀ ਗੱਲ ਤਾਂ ਇਹ ਹੈ ਕਿ ਸਿੱਖ ਕਿਸੇ ਵੀ ਤਰਾਂ ਕਿਸੇ ਦਾ ਮੁਹਤਾਜ ਨਹੀਂ ਹੁੰਦਾ, ਕਿਸੇ ਤੇ ਬੋਝ ਨਹੀਂ ਹੁੰਦਾ। ਦੂਜੇ ਗੁਰੂ ਸਾਹਿਬ ਦਾ ਹੁਕਮ ਹੈ ਕਿ ਸੰਸਾਰ ਵਿਚ ਰਹਿੰਦਿਆਂ, ਸੰਸਾਰ ਦੇ ਕੰਮ ਕਾਰ ਕਰਦਿਆ ਹੋਇਆਂ ਅਤੇ ਪ੍ਰਭੂ ਦੀ ਭਗਤੀ ਵੀ ਕਰਦਿਆਂ ਹੋਇਆਂ ਵਿਅਕਤੀ ਆਪਣੇ ਆਪ ਨੂੰ ਇਸ ਸੰਸਾਰ ਦਾ ਇਕ ਜ਼ਿੰਮੇਵਾਰ ਪ੍ਰਾਣੀ ਵਜੋਂ ਸਿੱਧ ਕਰਦਾ ਰਹੇ। ਇਸ ਕਰਕੇ ਸਿੱਖ ਲਈ ਗੁਰੂ ਸਾਹਿਬ ਦੀ ਹਦਾਇਤ ਹੈ ਕਿ ਸਿਰਫ ਇਹੀ ਨਹੀਂ ਕਿ ਉਹ ਆਪਣਾ ਬੋਝ ਕਿਸੇ ਤੇ ਨਾ ਪਾਵੇ ਬਲਕਿ ਸਮਾਜ ਦੇ ਬਾਕੀ ਸਾਰੇ ਪ੍ਰਾਣੀਆਂ ਵਾਂਗ ਆਪ ਮਿਹਨਤ ਮੁਸ਼ੱਕਤ ਕਰਦਾ ਹੋਇਆ ਆਪਣੀ ਜੀਵਿਕਾ ਆਪ ਕਮਾਵੇ। ਗੁਰੂ ਸਾਹਿਬ ਨੇ ਪਰੰਪਰਾਗਤ ਭਾਰਤੀ ਵਿਚਾਰਧਾਰਾ ਦਾ ਵਿਵਹਾਰਿਕ ਤਰੀਕੇ ਨਾਲ ਵਿਰੋਧ ਕਰਦੇ ਹੋਏ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਸਭ ਨੂੰ ਆਪਣੀ ਜੀਵਿਕਾ ਖੁਦ ਕਮਾਉਣੀ ਚਾਹੀਦੀ ਹੈ ਕਿਉਂਕਿ ਜੋ ਮਨੁੱਖ ਆਪਣੀ ਜੀਵਿਕਾ ਆਪ ਨਹੀਂ ਕਮਾ ਸਕਦੇ ਉਹ ਸਮਾਜ ਉੱਪਰ ਇਕ ਬੋਝ ਹੁੰਦੇ ਹਨ ਅਤੇ ਦੂਜਿਆਂ ਤੇ ਬੋਝ ਹੋਣ ਵਾਲੇ ਆਪਣਾ ਜੀਵਨ ਕਿਸ ਤਰਾਂ ਕਾਮਯਾਬ ਬਣਾ ਸਕਦੇ ਹਨ। ਇਸ ਵਿਚਾਰ ਦੇ ਦੋ ਸਮਾਜਿਕ ਪਹਿਲੂ ਸਾਹਮਣੇ ਆਉਂਦੇ ਹਨ। ਇਕ ਤਾਂ ਇਹ ਕਿ ਉਸ ਸਮਾਜ ਵਿਚ ਜਦੋਂ ਗੁਰੂ ਨਾਨਕ ਦੇਵ ਜੀ ਨੇ ਇਹ ਮੁੱਦਾ ਉਠਾਇਆ ਉਦੋਂ ਭਾਰਤੀ ਸਮਾਜ ਦਾ ਕੇਵਲ ਚੌਥਾ ਹਿੱਸਾ ਹੀ ਸਾਰੇ ਸਮਾਜ ਲਈ ਉਪਜੀਵਿਕਾ ਕਮਾਉਂਦਾ ਸੀ। ਇਸ ਤਰਾਂ ਜੇ ਕਿਸੇ ਵਿਸ਼ੇਸ਼ ਸਮਾਜ ਦਾ ਕੇਵਲ ਚੌਥਾ ਹਿੱਸਾ ਹੀ ਬਾਕੀ ਸਾਰੇ ਸਮਾਜ ਦਾ ਬੋਝ ਆਪਣੇ ਸਿਰ ਤੇ ਢੋਂਦਾ ਹੋਵੇ ਤਾਂ ਇਹ ਆਪਣੇ ਆਪ ਵਿਚ ਜ਼ਾਲਮ ਵਿਵਹਾਰ ਹੈ। ਜ਼ੁਲਮ ਕਰਨ ਨਾਲ ਪੈਦਾ ਹੋਈ ਇਕ ਖਾਸ ਕਿਸਮ ਦੀ ਮਾਨਸਿਕਤਾ ਨਾਲ ਮਨੁੱਖ ਲਈ ਆਪਣੀ ਅਧਿਆਤਮਿਕ ਮੰਜ਼ਿਲ ਨੂੰ ਪ੍ਰਾਪਤ ਕਰਨਾ ਤਾਂ ਇਕ ਪਾਸੇ ਰਿਹਾ ਉਹ ਉਸ ਰਾਹ ਤੇ ਚੱਲ ਵੀ ਨਹੀਂ ਸਕਦਾ। ਇਸ ਦਾ ਦੂਜਾ ਪ੍ਰਭਾਵ ਇਸ ਤਰਾਂ ਹੁੰਦਾ ਹੈ ਕਿ ਜਿਸ ਸਮਾਜ ਵਿਸ਼ੇਸ਼ ਵਿਚ ਕੇਵਲ ਚੌਥਾ ਹਿੱਸਾ ਹੀ ਸਾਰੇ ਸਮਾਜ ਲਈ ਉਪਜੀਵਿਕਾ ਕਮਾਉਣ ਵਾਲਾ ਹੋਵੇ ਤਾਂ ਉਸ ਸਮਾਜ ਨੂੰ ਕੰਗਾਲੀ ਅਤੇ ਬਦਹਾਲੀ ਤੋਂ ਕੋਈ ਵੀ ਨਹੀਂ ਬਚਾ ਸਕਦਾ। ਜੇ ਗੁਰੂ ਸਾਹਿਬ ਇਸ ਤਰਾਂ ਦੇ ਸਮਾਜ ਦੀ ਸਿਰਜਨਾ ਕਰਨ ਦੀ ਸਿੱਖਿਆ ਨਾ ਦਿੰਦੇ ਜਿਸ ਵਿਚ ਸਾਰਾ ਸਮਾਜ ਆਪਣੀ ਉਪਜੀਵਿਕਾ ਆਪ ਕਮਾਏ ਅਤੇ ਕੋਈ ਕਿਸੇ ਤੇ ਬੋਝ ਨਾ ਬਣੇ ਤਾਂ ਇਹ ਅੰਦਾਜ਼ਾ ਭਲੀ ਪ੍ਰਕਾਰ ਲਾਇਆ ਜਾ ਸਕਦਾ ਹੈ ਕਿ ਉਸ ਹਾਲਤ ਵਿਚ ਅੱਜ ਦੇ ਭਾਰਤ ਦੀ ਆਰਥਿਕ ਅਤੇ ਸਮਾਜਕ ਦਸ਼ਾ ਕੀ ਹੁੰਦੀ ?

ਗੁਰੂ ਸਾਹਿਬ ਨੇ ਕੇਵਲ ਸਮਾਜ ਦੇ ਸਭ ਵਰਗਾ ਨੂੰ ਆਪ ਆਪਣੀ ਉਪਜੀਵਕਾ ਕਮਾਉਣ ਦੀ ਸਿਖਿਆ ਹੀ ਨਹੀਂ ਦਿੱਤੀ ਬਲਕਿ ਉਨ੍ਹਾਂ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਹਰ ਵਿਅਕਤੀ ਦਸਾਂ ਨੌਹਾਂ ਦੀ ਮਿਹਨਤ ਕਰਕੇ ਆਪਣੀ ਕਮਾਈ ਕਰੇ। ਇਸ ਤੋਂ ਭਾਵ ਲਿਆ ਜਾ ਸਕਦਾ ਹੈ ਕਿ ਹਰ ਕੋਈ ਮਿਹਨਤ ਨਾਲ, ਇਮਾਨਦਾਰੀ, ਅਤੇ ਹੱਕ ਦੀ ਕਮਾਈ ਕਰੇ। ਮਿਹਨਤ, ਇਮਾਨਦਾਰੀ ਅਤੇ ਸਹੀ ਜ਼ਰੀਏ ਰਾਹੀਂ ਆਪਦੀ ਉਪਜੀਵਕਾ ਕਮਾਉਣ ਲਈ ਮਨੁੱਖ ਜੋ ਸਾਧਨ ਜੁਟਾਉਂਦਾ ਹੈ ਉਨ੍ਹਾਂ ਨਾਲ ਸਮਾਜ ਦਾ ਕੋਈ ਵਿਅਕਤੀ ਵੀ ਜ਼ੁਲਮ ਜਾਂ ਧੱਕੇ ਦਾ ਸ਼ਿਕਾਰ ਨਹੀਂ ਹੁੰਦਾ। ਇਸ ਸਿਧਾਂਤ ਦੀ ਸਮਾਜ ਨੂੰ ਮੁੱਖ ਦੇਣ ਇਹ ਹੈ ਕਿ ਇਕ ਤਾਂ ਇਸ

ਸਿਧਾਂਤ ਨੂੰ ਮੰਨਣ ਨਾਲ ਸਬੰਧਤ ਸਮਾਜ ਵਿਚ ਹੇਰਾਫੇਰੀ, ਧੋਖਾ, ਚੋਰੀ, ਬੇਇਮਾਨੀ, ਠੱਗੀ ਅਤੇ ਦੂਜੇ ਦਾ ਹੱਕ ਮਾਰਨ ਵਰਗੀਆਂ ਬੁਰਾਈਆਂ ਆਪਣੇ ਆਪ ਖਤਮ ਹੋ ਜਾਂਦੀਆਂ ਹਨ ਅਤੇ ਦੂਜਾ ਉਸ ਸਮਾਜ ਦਾ ਜੇ ਹਰ ਵਿਅਕਤੀ ਮਿਹਨਤ ਦੀ ਕਿਰਤ ਕਰਨ ਵਾਲਾ ਹੋਵੇ ਤਾਂ ਸ਼ਾਂਤ ਹੋਣ ਦੇ ਨਾਲ ਨਾਲ ਉਹ ਵਿਸ਼ੇਸ਼ ਸਮਾਜ ਸਮ੍ਰਿੱਧ ਅਤੇ ਉੱਤਮ ਨੈਤਿਕ ਸਮਾਜ ਵੀ ਹੋ ਸਕਦਾ ਹੈ। ਸੋਚਿਆ ਜਾਵੇ ਕਿ ਜੇ ਕਿਸੇ ਵਿਸ਼ੇਸ਼ ਸਮਾਜ ਵਿਚ ਚੌਥਾ ਹਿੱਸਾ ਕੰਮ ਕਰਨ ਨਾਲ ਵੀ ਉਸ ਸਮਾਜ ਦੇ ਪ੍ਰਾਣੀ ਭੁਖੇ ਨਹੀਂ ਮਰਦੇ ਤਾਂ ਸ਼ਤ - ਪ੍ਰਤੀਸ਼ਤ ਮਨੁੱਖਾਂ ਦੇ ਕੰਮ ਕਰਨ ਨਾਲ ਕੋਈ ਸਮਾਜ ਕਿੰਨਾ ਸਮ੍ਰਿੱਧ ਹੋ ਸਕਦਾ ਹੈ। ਸਿੱਖ ਕੌਮ ਵਿਚ ਆਰਥਿਕ ਖੁਸ਼ਹਾਲੀ ਅਤੇ ਸਮ੍ਰਿਧੀ ਦਾ ਮੁੱਖ ਕਾਰਨ ਗੁਰੂ ਦੀ ਇਸੇ ਸਿਖਿਆ ਦਾ ਹੀ ਅਸਰ ਹੈ। ਗੁਰੂ ਨਾਨਕ ਜਿਨ੍ਹਾਂ ਨੇ ਇਹ ਵਿਚਾਰ ਆਪਣੇ ਸਿੱਖਾਂ ਸਾਹਮਣੇ ਰੱਖਿਆ ਉਨ੍ਹਾਂ ਕੇਵਲ ਇਸ ਨੂੰ ਇਕ ਸਿਧਾਂਤ ਵਜੋਂ ਪਰਚਾਰਿਆ ਹੀ ਨਹੀਂ ਬਲਕਿ ਉਨ੍ਹਾਂ ਇਸ ਨੂੰ ਆਪਣੇ ਜੀਵਨ ਵਿਚ ਢਾਲ ਕੇ ਆਪ ਧਰਮ ਅਤੇ ਮਿਹਨਤ ਦੀ ਕਮਾਈ ਕਰਕੇ ਦੱਸਿਆ। ਆਪਣੇ ਜੀਵਨ ਦੇ ਆਖਰੀ ਸਾਲਾਂ ਵਿਚ ਜਦੋਂ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਚ ਰਹਿਣ ਲੱਗੇ ਸਨ ਤਾਂ ਉਨ੍ਹਾਂ ਆਪ ਆਪਣੇ ਹੱਥੀਂ ਖੇਤੀ ਦਾ ਕੰਮ ਸੰਭਾਲਿਆ। ਗੁਰੂ ਜੀ ਨੇ ਕਦੇ ਵੀ ਇਹ ਵਿਚਾਰ ਪ੍ਰਗਟ ਨਹੀਂ ਕੀਤਾ ਕਿ ਜੇ ਕੋਈ ਮਿਹਨਤ ਅਤੇ ਇਮਾਨਦਾਰੀ ਦੀ ਕਮਾਈ ਕਰਨ ਵਾਲਾ ਹੈ ਤਾਂ ਉਹ ਅਜਿਹਾ ਕਰਦੇ ਹੋਏ ਛੋਟਾ ਜਾਂ ਵੱਡਾ ਹੋ ਜਾਂਦਾ ਹੈ। ਇਸੇ ਕਰਕੇ ਸਿੱਖ ਸਿਧਾਂਤ ਵਿਚ ਕੰਮ ਦੇ ਆਧਾਰ ਤੇ ਮਨੁੱਖਾਂ ਵਿਚ ਨਾ ਤਾਂ ਕੋਈ ਭੇਦ ਭਾਵ ਹੈ ਅਤੇ ਨਾ ਹੀ ਵੰਡ।

ਮੁੱਢਲੇ ਭਾਰਤੀ ਸਮਾਜ ਵਿਚ ਕੰਮ ਦੇ ਆਧਾਰ ਤੇ ਜੋ ਮੁੱਢ ਜਾਤੀ ਪ੍ਰਥਾ ਦਾ ਬੱਝਾ ਸੀ, ਕੰਮ ਦੇ ਆਧਾਰ ਤੇ ਉਸੇ ਤਰਾਂ ਦਾ ਮੁੱਢ ਸਿੱਖ ਜੀਵਨ ਢੰਗ ਵਿਚ ਨਹੀਂ ਬੱਝਾ। ਇਸ ਦਾ ਮੁੱਖ ਕਾਰਨ ਸ਼ਾਇਦ ਇਹੀ ਹੈ ਕਿ ਇਕ ਤਾਂ ਕੋਈ ਇਕ ਵਿਸ਼ੇਸ਼ ਕੰਮ ਪੱਕੇ ਤੌਰ ਤੇ ਕਿਸੇ ਵਿਅਕਤੀ ਵਿਸ਼ੇਸ਼ ਦੇ ਹਿੱਸੇ ਨਹੀਂ ਆਇਆ। ਕਿਉਂਕਿ ਕੋਈ ਵੀ, ਕਿਸੇ ਵੀ ਕੰਮ ਨੂੰ ਆਪਣੀ ਧਰਮ ਦੀ ਕਿਰਤ ਕਰਨ ਦਾ ਆਧਾਰ ਬਣਾ ਸਕਦਾ ਹੈ। ਦੂਜੇ ਕਿਸੇ ਵੀ ਕੰਮ ਨੂੰ ਤੁੱਛ ਜਾਂ ਛੋਟਾ ਕੰਮ ਸਮਝ ਕੇ ਛੁਟਿਆਇਆ ਨਹੀਂ ਗਿਆ। ਗੁਰੂ ਸਾਹਿਬ ਲਈ ਕੇਵਲ ਉਹੀ ਕੰਮ ਛੋਟਾ ਅਤੇ ਘਟੀਆ ਹੈ ਜਿਸ ਨਾਲ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂੰਹ ਦੇ ਹੱਕ ਮਾਰੇ ਜਾਂਦੇ ਹੋਣ। ਇਕ ਸਿੱਖ ਨੇ ਕਦਾਚਿਤ ਵੀ ਉਹ ਕਾਰੋਬਾਰ ਜਾਂ ਵਾਪਾਰ ਆਦਿ ਨਹੀਂ ਕਰਨਾ ਹੁੰਦਾ ਜਿਸ ਨਾਲ ਕਿਸੇ ਨੂੰ ਵੀ ਦੁੱਖ ਪਹੁੰਚਦਾ ਹੋਵੇ ਜਾਂ ਕਿਸੇ ਦਾ ਕਿਸੇ ਕਿਸਮ ਨਾਲ ਵੀ ਹੱਕ ਮਾਰਿਆ ਜਾਂਦਾ ਹੋਵੇ। ਸਹੀ ਤਰੀਕੇ ਅਤੇ ਮਿਹਨਤ ਨਾਲ ਕਮਾਇਆ ਹੋਇਆ ਧੰਨ ਹੀ ਮਨੁੱਖ ਨੂੰ ਸੁੱਖ ਦੇ ਸਕਦਾ ਹੈ। ਗਲਤ ਤਰੀਕੇ ਨਾਲ ਜਾਂ ਕਿਸੇ ਦਾ ਹੱਕ ਮਾਰ ਕੇ ਕਮਾਇਆ ਧਨ ਮਨੁੱਖ ਲਈ ਅਤਿਅੰਤ ਦੁੱਖ ਦਾ ਕਾਰਣ ਬਣ ਸਕਦਾ ਹੈ।

### 1.2.6 ਵੰਡ ਛਕਣਾ :

ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕੇਵਲ ਇਹੀ ਸਿੱਖਿਆ ਹੀ ਨਹੀਂ ਦਿੱਤੀ ਕਿ ਉਹ ਹੱਕ ਅਤੇ ਮਿਹਨਤ ਦੀ ਕਮਾਈ ਹੀ ਕਰਨ ਜਿਸ ਨੂੰ ਗੁਰੂ ਸਾਹਿਬ ਨੇ ਦਸਾਂ ਨੌਹਾਂ ਦੀ ਕਮਾਈ ਕਹਿ ਕੇ ਵਡਿਆਈਆ ਹੈ ਬਲਕਿ ਇਹ ਸਿੱਖਿਆ ਵੀ ਦਿੱਤੀ ਕਿ ਜੋ ਕੁਝ ਵੀ ਉਹ ਆਪ ਘਾਲਣਾ ਘਾਲ ਕੇ ਕਮਾਈ ਕਰਨ ਉਸ ਨੂੰ ਉਹ ਇੱਕਲਿਆਂ ਹੀ ਨਾ ਛਕਣ ਬਲਕਿ ਦੂਜਿਆਂ ਨਾਲ ਵੰਡ ਕੇ ਛਕਣ। ਇਸ ਦਾ ਭਾਵ ਹੈ : ਉਸ ਕਮਾਈ ਵਿਚੋਂ ਧਰਮ ਅਰਥ ਕੁਝ ਹਿੱਸਾ ਕੱਢਿਆ ਜਾਵੇ ਜਿਸ ਨਾਲ ਜ਼ਰੂਰਤਮੰਦ ਅਤੇ ਮਜਬੂਰ ਜੋ ਮਿਹਨਤ ਨਹੀਂ ਕਰ ਸਕਦੇ ਉਨ੍ਹਾਂ ਨੂੰ ਭੋਜਨ ਛਕਾਇਆ ਜਾਵੇ, ਜਾਂ ਹੋਰ ਤਰੀਕਿਆਂ ਨਾਲ ਉਨ੍ਹਾਂ ਦੀ ਮੱਦਦ ਕੀਤੀ ਜਾਵੇ। ਤਾਂ ਕਿ ਇਹ ਨਾ ਹੋਵੇ ਕਿ ਜੋ ਬਿਮਾਰ, ਬਿਰਧ, ਮਜ਼ਬੂਰ ਹੋਣ ਉਹਨਾਂ ਪ੍ਰਤੀ ਮਨੁੱਖ ਆਪਣਾ ਸਮਾਜਕ ਫਰਜ਼ ਭੁਲਾ ਹੀ ਦੇਣ ਅਤੇ ਸਮਾਜ ਵਿਚ ਭੁੱਖ ਅਤੇ ਦੁੱਖ ਬਣਿਆ ਰਹੇ। ਗੁਰੂ ਜੀ ਕਹਿੰਦੇ ਹਨ ਕਿ ਜਿਹੜਾ ਮਿਹਨਤ ਦੀ ਕਮਾਈ ਵਿਚੋਂ ਕੁਝ ਦੂਜੇ ਨੂੰ ਵੀ ਦਿੰਦਾ ਹੈ, ਸਿੱਖੀ ਦੇ ਸਿਧਾਂਤਿਕ ਅਤੇ ਅਸਲੀ ਰਾਹ ਦੀ ਪਹਿਚਾਣ ਉਸੇ ਨੂੰ ਹੁੰਦੀ ਹੈ। ਉਨ੍ਹਾਂ ਕਿਹਾ ਹੈ ਕਿ :

ਘਾਲਿ ਖਾਇ ਕਿਛੁ ਹਥਹੁ ਦੇਇ ।।
ਨਾਨਕ ਰਾਹੁ ਪਛਾਣਹਿ ਸੇਇ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੪੫)

ਇਸ ਦਾ ਭਾਵ ਬਿਲਕੁਲ ਇਹ ਨਹੀਂ ਕਿ ਜੋ ਵੀ ਇਹ ਚਾਹੇ ਕਿ ਉਸ ਨੂੰ ਕੰਮ ਨਾ ਕਰਨਾ ਪਵੇ ਤਾਂ ਉਹ ਵਿਹਲਾ ਬੈਠ ਕੇ ਖਾਵੇ, ਜਾਂ ਭੀਖ ਮੰਗ ਕੇ ਖਾਵੇ। ਗੁਰੂ ਸਾਹਿਬ ਨੇ ਕਿਹਾ ਕਿ ਭੀਖ ਮੰਗਣਾ ਬਹੁਤ ਹੀ ਨੀਚ ਕੰਮ ਹੈ ਅਤੇ ਉਨ੍ਹਾਂ ਆਪਣੇ ਸਿੱਖਾਂ ਨੂੰ ਇਸ ਕੰਮ ਤੋਂ ਬਹੁਤ ਜ਼ੋਰ ਦੇ ਕੇ ਵਰਜਿਆ। ਉਨ੍ਹਾਂ ਕਿਹਾ ਕਿ ਭੀਖ ਮੰਗਣਾ ਮਰਨ ਦੇ

ਬਰਾਬਰ ਹੈ ਕਦੇ ਵੀ ਭੀਖ ਮੰਗਣ ਨਹੀਂ ਜਾਣਾ। ਪਰੰਪਰਾਗਤ ਭਾਰਤੀ ਜੀਵਨ ਸ਼ੈਲੀ ਵਿਚ ਆਮ ਤੌਰ ਤੇ ਭੀਖ ਮੰਗ ਦੀ ਰਵਾਇਤ ਸੀ। ਇਹ ਰਵਾਇਤ ਕੇਵਲ ਭੁੱਖੇ ਜਾਂ ਮਜਬੂਰ ਆਦਮੀ ਦੇ ਭੀਖ ਮੰਗਣ ਦੀ ਨਹੀਂ ਸੀ ਬਲਕਿ ਬਹੁਤ ਧਾਰਮਿਕ ਪਹੁੰਚ ਵਾਲੇ ਮਹਾਂਪੁਰਸ਼, ਸੰਤ, ਯੋਗੀ, ਸੰਨਿਆਸੀ, ਬੋਧੀ, ਜੈਨੀ, ਆਦਿ ਕਈ ਤਰਾਂ ਦੇ ਧਾਰਮਿਕ ਸੰਗਠਨ ਐਸੇ ਸਨ ਜੋ ਕੇਵਲ ਭਿਖਿਆ ਮੰਗ ਕੇ ਹੀ ਆਪਣਾ ਗੁਜ਼ਾਰਾ ਕਰਦੇ ਸਨ। ਇਹ ਸਭ ਉਹ ਲੋਕ ਸਨ ਜੋ ਉਂਜ ਤਾਂ ਗ੍ਰਿਹਸਤੀਆਂ ਨੂੰ ਤੁੱਛ ਸਮਝਦੇ ਪਰ ਆਪਣਾ ਭੋਜਨ ਉਨ੍ਹਾਂ ਤੋਂ ਮੰਗ ਕੇ ਖਾਂਦੇ ਸਨ, ਆਪਣੀ ਉਪਜੀਵਿਕਾ ਲਈ ਉਨ੍ਹਾਂ ਤੇ ਬੋਝ ਬਣਦੇ ਸਨ। ਗੁਰੂ ਸਾਹਿਬ ਨੇ ਇਸ ਦੇ ਉਲਟ ਉਸ ਮਨੁੱਖ ਨੂੰ ਸਭ ਤੋਂ ਉੱਤਮ ਮੰਨਿਆਂ ਜੋ ਆਪ ਧਰਮ ਦੀ ਕਮਾਈ ਕਰ ਕੇ ਦੂਜਿਆਂ ਦੀ ਵੀ ਮੱਦਦ ਕਰੇ। ਗੁਰੂ ਸਾਹਿਬ ਨੇ ਕਿਹਾ ਕਿ ਇੱਕ ਸਿੱਖ ਦੇ ਧਾਰਮਿਕ ਫਰਜ਼ ਦੇ ਨਾਲ ਨਾਲ ਸਮਾਜਿਕ ਫਰਜ਼ ਵੀ ਹੈ ਕਿ ਉਹ ਆਪਣੀ ਮਿਹਨਤ ਦੀ ਕਮਾਈ ਵਿਚੋਂ ਦਸਵਾਂ ਹਿੱਸਾ ਗੁਰੂ ਦੇ ਨਾਮ ਤੇ ਦੇਵੇ। ਚਾਹੇ ਉਹ ਧਨ ਗੁਰੂ ਘਰ ਵਿਚ ਦਿੱਤਾ ਜਾਵੇ ਜਾਂ ਗੁਰੂ ਦੇ ਨਾਮ ਤੇ ਕਿਸੇ ਗਰੀਬ ਦੀ ਮੱਦਦ ਲਈ ਦਿੱਤਾ ਜਾਵੇ। ਸਿੱਖ ਪਰੰਪਰਾ ਵਿਚ ਗੁਰੂ ਨਾਨਕ ਦੇ ਸਮੇਂ ਤੋਂ ਹੀ ਇਹ ਰਵਾਇਤ ਸ਼ੁਰੂ ਹੋ ਗਈ ਸੀ ਕਿ ਬਹੁਤ ਲੋਕ ਆਪਣੀ ਕਮਾਈ ਦਾ ਦਸਵਾਂ ਹਿੱਸਾ ਗੁਰੂ ਜੀ ਨੂੰ ਭੇਟ ਕਰਿਆ ਕਰਦੇ ਸਨ। ਉਸ ਧਨ ਨੂੰ ਗੁਰੂ ਜੀ ਆਪਣੇ ਨਿਜੀ ਹਿਤਾਂ ਲਈ ਨਹੀਂ ਵਰਤਦੇ ਸਨ ਬਲਕਿ ਉਸ ਨਾਲ ਗੁਰੂ ਘਰ ਵਿਚ ਆਈ ਸੰਗਤ ਨੂੰ ਭੋਜਨ ਛਕਾਇਆ ਜਾਂਦਾ ਸੀ। ਅੱਜ ਵੀ ਜਿਥੇ ਜਿਥੇ ਗੁਰਦੁਆਰਾ ਹੈ ਉਥੇ ਹੀ ਲੰਗਰ ਹੈ, ਜਿਸ ਵਿਚ ਬਿਨ੍ਹਾਂ ਭੇਦਭਾਵ ਦੇ ਸਭ ਨੂੰ ਬਰਾਬਰ ਇਕੋ ਤਰਾਂ ਦਾ ਅਤੇ ਇਕੋ ਸਥਾਨ ਤੇ ਬੈਠ ਕੇ ਲੰਗਰ ਛਕਾਇਆ ਜਾਂਦਾ ਹੈ। ਲੰਗਰ ਹੁਣ ਸਿੱਖ ਜੀਵਣ ਸ਼ੈਲੀ ਦਾ ਇੱਕ ਅਟੁੱਟ ਅੰਗ ਹੈ। ਜਿਥੇ ਵੀ ਸਿੱਖ ਹੈ ਚਾਹੇ ਉਹ ਹੁਣ ਵਿਦੇਸ਼ਾਂ ਵਿਚ ਵੀ ਫੈਲ ਗਏ ਹਨ ਪਰ ਇਹ ਲੰਗਰ ਦੀ ਪਰੰਪਰਾ ਉਨ੍ਹਾਂ ਦੇ ਨਾਲ ਹੈ। ਸਿੱਖਾਂ ਦੀ ਲੰਗਰ ਦੀ ਵਿਧੀ ਅਤੇ ਭਾਵਨਾ ਨੂੰ ਸੰਸਾਰ ਭਰ ਵਿਚ ਸਲਾਹਿਆ ਜਾਂਦਾ ਹੈ। ਹੁਣ ਇਹ ਕੇਵਲ ਇਕ ਧਾਰਮਿਕ ਪਰੰਪਰਾ ਹੀ ਨਹੀਂ ਰਹੀ ਬਲਕਿ ਸਿੱਖ ਸਮਾਜਿਕ ਸਿਧਾਂਤ ਦਾ ਇਕ ਕਿਸਮ ਦਾ ਵਿਸ਼ਵ ਸਿਧਾਂਤ ਉੱਭਰ ਕੇ ਸੰਸਾਰ ਦੇ ਸਾਹਮਣੇ ਆਇਆ ਹੈ। ਭਾਈਚਾਰੇ ਅਤੇ ਬਰਾਬਰੀ ਦੀ ਭਾਵਨਾ ਦਾ ਇਹ ਵਿਵਹਾਰਿਕ ਰੂਪ ਸਮਾਜ ਦੀਆਂ ਕਈ ਬੁਰਾਈਆਂ ਨੂੰ ਆਪਣੇ ਆਪ ਨਕਾਰਦਾ ਪ੍ਰਤੀਤ ਹੁੰਦਾ ਹੈ। ਪੁਰਾਤਨ ਭਾਰਤੀ ਸੱਭਿਅਤਾ ਵਿਚ ਜਿਥੇ ਸਮਾਜ ਇੰਨੀ ਬੁਰੀ ਤਰਾਂ ਜਾਤੀ ਪ੍ਰਥਾ ਵਿਚ ਵੰਡਿਆ ਹੋਇਆ ਸੀ ਕਿ ਵੱਖ ਵੱਖ ਜਾਤੀਆ ਦਾ ਇਕ ਥਾਂ ਬੈਠ ਕੇ ਇੱਕਠੇ ਭੋਜਣ ਬਣਾ ਕੇ ਇਕੋ ਜਗ੍ਹਾ ਇਕੱਠੇ ਬੈਠ ਕੇ ਖਾਣਾ ਤਾਂ ਇਕ ਪਾਸੇ ਰਿਹਾ ਉਹ ਇਕ ਦੂਜੇ ਦੇ ਭੋਜਨ ਬਨਾਉਣ ਵਾਲੇ ਸਥਾਨ ਦੇ ਨਜ਼ਦੀਕ ਵੀ ਨਹੀਂ ਜਾ ਸਕਦੇ ਸਨ। ਖਾਸ ਕਰਕੇ ਨੀਵੀਂ ਜਾਤੀ ਦੇ ਲੋਕਾਂ ਲਈ ਤਾਂ ਇਸ ਤਰਾਂ ਦਾ ਬੰਧਨ ਬਹੁਤ ਭਿਆਨਕ ਰੂਪ ਅਖਤਿਆਰ ਕਰ ਚੁੱਕਾ ਸੀ। ਮਨੁੱਖੀ ਭਾਈਚਾਰੇ ਵਿਚ ਭੇਦਭਾਵ ਦੇ ਖਾਤਮੇਂ ਦੇ ਨਾਲ - ਨਾਲ ਬਰਾਬਰੀ, ਸਹਿਨਸ਼ੀਲਤਾ, ਆਪਸੀ ਪ੍ਰੇਮ ਅਤੇ ਮਨੁੱਖ ਦੇ ਤੱਤ ਰੂਪ ਦੀ ਪਹਿਚਾਣ ਕਰਨ ਦੀ ਇਸ ਪਰੰਪਰਾ ਨੇ ਸਮੁੱਚੇ ਭਾਰਤੀ ਸਮਾਜ ਨੂੰ ਸਥਾਈ ਸ਼ਾਂਤੀ ਅਤੇ ਸਹਿਜ ਦੀ ਦਿਸ਼ਾ ਵੱਲ ਮੋੜਿਆ।

ਲੰਗਰ ਦੀ ਪ੍ਰਥਾ ਜੋ ਗੁਰੂ ਸਾਹਿਬ ਨੇ ਇਕ ਸਿੱਖ ਦੀ ਜੀਵਨ ਜਾਂਚ ਵਜੋਂ ਚਲਾਈ ਸੀ ਉਹ ਬਾਅਦ ਵਿਚ ਇਕ ਭਰਪੂਰ ਸੰਸਥਾ ਦਾ ਰੂਪ ਧਾਰਨ ਕਰ ਗਈ। ਗੁਰੂ ਅਮਰਦਾਸ ਸਾਹਿਬ ਦੇ ਸਮੇਂ ਤੋਂ ਹੀ ਇਕ ਰਵਾਇਤ ਸ਼ੁਰੂ ਹੋ ਗਈ ਕਿ ਜੋ ਗੁਰੂ ਨੂੰ ਮਿਲਣ ਆਵੇ ਉਹ ਪਹਿਲਾਂ ਲੰਗਰ ਛਕ ਕੇ ਆਵੇ। ਇਹ ਵਿਚਾਰ ਗੁਰੂ ਸਾਹਿਬ ਨੇ ਇਸ ਕਰਕੇ ਨਹੀਂ ਦਿੱਤਾ ਸੀ ਕਿ ਉਨ੍ਹਾਂ ਨੂੰ ਮਿਲਣ ਵਾਲਿਆਂ ਨੂੰ ਉਸ ਵੇਲੇ ਲੰਗਰ ਦੀ ਜ਼ਰੂਰਤ ਹੁੰਦੀ ਸੀ ਬਲਕਿ ਇਹ ਇਸ ਲਈ ਜ਼ਰੂਰੀ ਬਣਾ ਦਿੱਤਾ ਗਿਆ ਕਿ ਉਨ੍ਹਾਂ ਨੂੰ ਮਿਲਣ ਆਉਣ ਵਾਲਾ ਆਪਣੇ ਅਮੀਰ ਹੋਣ ਦਾ ਜਾਂ ਉਚੀ ਜਾਤੀ ਦਾ ਹੋਣ ਦਾ ਹੰਕਾਰ ਤਿਆਗ ਕੇ ਉਨ੍ਹਾਂ ਪਾਸ ਆਵੇ ਅਤੇ ਬਰਾਬਰੀ ਦੀ ਭਾਵਨਾ ਮਨ ਵਿਚ ਵਸਾ ਕੇ ਆਵੇ। ਇਕ ਪੰਗਤ ਵਿਚ ਬੈਠ ਕੇ ਭੋਜਨ ਛਕਣਾ ਜਿਥੇ ਇਹ ਨਾ ਪਤਾ ਹੋਵੇ ਕਿ ਨਾਲ ਬੈਠੇ ਵਿਅਕਤੀ ਦੀ ਜਾਤ ਜਾਂ ਸਮਾਜਿਕ ਰੁਤਬਾ ਕੀ ਹੈ ਤਾਂ ਮਨ ਦਾ ਭੇਦਭਾਵ ਆਪਣੇ ਆਪ ਮਿਟ ਜਾਂਦਾ ਹੈ।

### 1.2.7 ਮਨੁੱਖੀ ਸਮੱਸਿਆਵਾਂ ਪ੍ਰਤੀ ਸਰਵਜਨਿਕ ਸਰੋਕਾਰ :

ਮਨੁੱਖੀ ਦੁੱਖਾਂ ਪ੍ਰਤੀ ਇਕ ਸਿੱਖ ਨੇ ਉਪਰਾਮ ਨਹੀਂ ਹੋਣਾ ਹੁੰਦਾ। ਇਸੇ ਕਰਕੇ ਉਹ ਸਮਾਜ ਦੇ ਇਕ ਅਹਿਮ ਹਿੱਸੇ ਵਜੋਂ ਵਿਚਰਦਾ ਵੀ ਹੈ ਅਤੇ ਦੂਜਿਆਂ ਦੇ ਦੁੱਖ ਦੂਰ ਕਰਨ ਲਈ ਆਪਣੀ ਬਣਦੀ ਭੂਮਿਕਾ ਵੀ ਨਿਭਾਉਂਦਾ ਹੈ। ਇਕ ਸਿੱਖ ਦੀ ਸਮਾਜਕ ਜ਼ਿੰਮੇਵਾਰੀ ਕੇਵਲ ਦਸਵੰਧ ਦੇ ਕੇ ਹੀ ਪੂਰੀ ਨਹੀਂ ਹੋ ਜਾਂਦੀ ਬਲਕਿ ਉਸ ਨੇ ਤਨ ਅਤੇ ਮਨ ਨਾਲ ਵੀ ਆਪਣਾ ਸਮਾਜ ਪ੍ਰਤੀ ਫਰਜ਼ ਪੂਰਾ

ਕਰਨਾ ਹੁੰਦਾ ਹੈ। ਸਮਾਜ ਵਿਚ ਫੈਲੀਆਂ ਬੁਰਾਈਆਂ ਵਿਰੁੱਧ ਆਵਾਜ਼ ਉਠਾਉਣੀ, ਕਿਸੇ ਤੇ ਜ਼ੁਲਮ ਨਹੀਂ ਹੋਣ ਦੇਣਾ, ਕਿਸੇ ਤੇ ਹੋ ਰਹੇ ਜ਼ੁਲਮ ਦਾ ਟਾਕਰਾ ਕਰਨਾ ਅਤੇ ਬੁਰਾਈ ਨੂੰ ਖਤਮ ਕਰਨ ਲਈ ਹਮੇਸ਼ਾਂ ਤਿਆਰ ਬਰ ਤਿਆਰ ਰਹਿਣਾ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਦੀ ਸਾਜਨਾ ਕਰਨਾ ਅਤੇ ਉਸ ਨੂੰ ਸਿਧਾਂਤਕ ਅਤੇ ਸੰਗਠਿਤ ਰੂਪ ਦੇਣਾ ਇਹ ਇਸੇ ਸਿਧਾਂਤ ਦਾ ਵਿਵਹਾਰਿਕ ਰੂਪ ਸੀ।

ਗੁਰੂ ਨਾਨਕ ਨੇ ਇਸ ਨੈਤਿਕ ਨਿਯਮ ਦੀ ਨੀਂਹ ਆਪਣੇ ਜੀਵਨ ਵਿਚ ਰੱਖੀ ਸੀ। ਜਦੋਂ ਬਾਬਰ ਨੇ ਹਿੰਦੋਸਤਾਨ ਤੇ ਹਮਲਾ ਕਰਕੇ ਬਹੁਤ ਜ਼ੁਲਮ ਕੀਤਾ ਤਾਂ ਉਸ ਵੇਲੇ ਦੀ ਕਹਿਰ ਦੀ ਦਸ਼ਾ ਦੇਖ ਕੇ ਗੁਰੂ ਜੀ ਚੁੱਪ ਨਹੀਂ ਬੈਠੇ। ਉਨ੍ਹਾਂ ਨੇ ਸਿਰਫ ਹਾਅ ਦਾ ਨਾਹਰਾ ਹੀ ਨਹੀਂ ਮਾਰਿਆ ਸਗੋਂ ਅਕਾਲ ਪੁਰਖ ਤੱਕ ਨੂੰ ਇਹ ਸਭ ਵਾਪਰ ਰਹੇ ਵਰਤਾਰੇ ਲਈ ਉਲਾਂਭਾ ਵੀ ਦਿੱਤਾ। ਉਨ੍ਹਾਂ ਦੀ ਇਕ ਮਸ਼ਹੂਰ ਬਾਣੀ ਜਿਸ ਦਾ ਨਾਮ ਹੀ ਬਾਬਰ ਬਾਣੀ ਹੈ ਉਹ ਇਸੇ ਵਿਚਾਰ ਨੂੰ ਪਰਗਟ ਕਰਦੀ ਹੈ ਕਿ ਅਕਾਲ ਪੁਰਖ ਕਿਉਂਕਿ ਇਸ ਸੰਸਾਰ ਦਾ ਮਾਲਿਕ ਹੈ ਤਾਂ ਉਸ ਨੇ ਇਹ ਜ਼ੁਲਮ ਵਾਪਰਨ ਕਿਉਂ ਦਿੱਤਾ। ਗੁਰੂ ਸਾਹਿਬ ਨੇ ਇਸ ਬਾਣੀ ਰਾਹੀਂ ਦੱਸਿਆ ਕਿ ਜੇ ਸ਼ਕਤੀਸ਼ਾਲੀ ਕਿਸੇ ਸ਼ਕਤੀਸ਼ਾਲੀ ਨੂੰ ਮਾਰੇ ਤਾਂ ਕੋਈ ਰੋਸ ਨਹੀਂ ਪਰ ਜੇ ਸ਼ਕਤੀਸ਼ਾਲੀ ਕਮਜ਼ੋਰ ਨੂੰ ਮਾਰੇ ਤਾਂ ਕਮਜ਼ੋਰ ਦਾ ਮਾਲਿਕ ਜੁਆਬਦੇਹ ਹੁੰਦਾ ਹੈ। ਇਸ ਰਾਹੀਂ ਗੁਰੂ ਜੀ ਕੁਲੀਨ ਵਰਗ ਜਾਂ ਰਾਜਾਸ਼ਾਹੀ ਲਈ ਵੀ ਸਮਾਜਿਕ ਨਿਯਮ ਨਿਰਧਾਰਤ ਕਰ ਰਹੇ ਹਨ। ਜ਼ੁਲਮ ਦੇ ਵਾਪਰਨ ਨਾਲ ਗੁਰੂ ਜੀ ਨੇ ਜਿੰਨਾਂ ਰੋਸ ਜ਼ਾਹਿਰ ਕੀਤਾ ਹੈ ਉਨਾਂ ਹੀ ਜ਼ੋਰ ਉਨ੍ਹਾਂ ਇਸ ਤੱਥ ਤੇ ਵੀ ਲਾਇਆ ਕਿ ਜ਼ੁਲਮ ਨੂੰ ਵਾਪਰਨ ਤੋਂ ਕਿਵੇਂ ਰੋਕਿਆ ਜਾਵੇ। ਇਥੋਂ ਤੱਕ ਕਿ ਬਾਅਦ ਵਿਚ ਸਿੱਖ ਇਤਿਹਾਸ ਵਿਚ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ ਜਿਨ੍ਹਾਂ ਅਨੁਸਾਰ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜ਼ੁਲਮ ਨੂੰ ਵਾਪਰਨ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ ਅਤੇ ਵਾਪਰ ਰਹੇ ਜ਼ੁਲਮ ਦਾ ਵਿਰੋਧ ਕਿਸ ਤਰਾਂ ਕੀਤਾ ਜਾ ਸਕਦਾ ਹੈ। ਕਿਸੇ ਵੀ ਸਮਾਜ ਵਿਚ ਜੇ ਇਸ ਤਰਾਂ ਦੀ ਭਾਵਨਾ ਪੈਦਾ ਹੋ ਸਕੇ ਤਾਂ ਉਸ ਸਮਾਜ ਵਿਚ ਸ਼ਾਂਤੀ, ਸੁੱਖ ਅਤੇ ਸ੍ਰਿੱਧੀ ਦੀ ਸਥਾਪਨਾ ਆਪਣੇ ਆਪ ਹੀ ਹੋ ਸਕਦੀ ਹੈ। ਸਿੱਖ ਸਿਧਾਂਤ ਦਾ ਸਮਾਜਿਕ ਸੰਦਰਭ ਉਘੜ ਕੇ ਸਾਹਮਣੇ ਆਪਣੇ ਆਪ ਆ ਜਾਂਦਾ ਹੈ ਜਦੋਂ ਗੁਰੂ ਸਾਹਿਬ ਇਕੋ ਵਿਚਾਰ ਤੇ ਗੱਲ ਮੁਕਾ ਦਿੰਦੇ ਹਨ ਕਿ ਬੁਰਾਈ ਦਾ ਖਾਤਮਾ ਹਰ ਹਾਲਤ ਹੋਣਾ ਚਾਹੀਦਾ ਹੈ। ਬੁਰਾਈ ਖਤਮ ਹੋਣ ਨਾਲ ਸੱਚਾਈ ਆਪਣੇ ਆਪ ਹੀ ਸਥਾਪਤ ਹੋ ਜਾਵੇਗੀ।

ਦੁਨੀਆਂ ਦੇ ਧਰਮ ਇਸ ਸੱਚ ਦੇ ਗਵਾਹ ਹਨ ਕਿ ਜਦੋਂ ਵੀ ਜ਼ੁਲਮ ਸੰਸਾਰ ਵਿਚ ਆਪਣਾ ਸਿਰ ਉੱਚਾ ਚੁੱਕਣ ਦੀ ਕੋਸ਼ਿਸ਼ ਕਰਦਾ ਹੈ ਪਰਮਾਤਮਾ ਆਪਣੇ ਕਿਸੇ ਪੈਗੰਬਰ ਨੂੰ ਉਸ ਉੱਤੇ ਕਾਬੂ ਪਾਉਣ ਲਈ ਸੰਸਾਰ ਵਿਚ ਭੇਜਦਾ ਹੈ। ਇਸ ਤਰਾਂ ਦਾ ਇਤਿਹਾਸ ਕਈ ਵਾਰ ਦੁਹਰਾਇਆ ਗਿਆ ਹੈ। ਮਨੁੱਖੀ ਸਮਾਜ ਵਿਚ ਨਿਆਂ ਸਥਾਪਤ ਕਰਨ ਲਈ ਵਾਰ - ਵਾਰ ਐਸੇ ਮਹੌਲ ਦੀ ਸਿਰਜਨਾ ਹੁੰਦੀ ਰਹੀ ਹੈ ਜਿਸ ਨਾਲ ਸਮਾਜਿਕ ਨਿਆਂ ਸਥਾਪਤ ਹੁੰਦਾ ਰਹੇ ਅਤੇ ਮਨੁੱਖੀ ਭਾਈਚਾਰੇ ਵਿਚ ਹਰ ਤਰਾਂ ਦਾ ਅਮਨ - ਅਮਾਨ ਕਾਇਮ ਰਹੇ। ਇਹੀ ਕਾਰਨ ਹੈ ਕਿ ਇਸ ਤਰਾਂ ਦਾ ਮਹੌਲ ਸਾਜਣ ਦੀ ਜਿੰਮੇਵਾਰੀ ਦੀ ਸੇਧ ਹਮੇਸ਼ਾ ਧਰਮ ਤੋਂ ਲਈ ਜਾਂਦੀ ਰਹੀ ਹੈ। ਇਸੇ ਤਰਾਂ ਗੁਰੂ ਸਾਹਿਬ ਨੇ ਇਕ ਸਿੱਖ ਦੀ ਨੈਤਿਕ ਜਿੰਮੇਵਾਰੀ ਨੂੰ ਥਾਪਿਆ ਹੈ ਕਿ ਸਿੱਖ ਕੇਵਲ ਉਹੀ ਨਹੀਂ ਹੈ। ਜੋ ਗੁਰੂ ਦਾ ਕਿਹਾ ਮੰਨ ਕੇ ਨਾਮ ਸਿਮਰਕੇ ਆਪਣੇ ਜੀਵਨ ਵਿਚ ਸੱਚ ਦੀ ਪ੍ਰਾਪਤੀ ਕਰਦਾ ਹੈ ਬਲਕਿ ਉਹ ਹੈ ਜੋ ਉਸ ਸੱਚ ਦੀ ਸਥਾਪਨਾ ਹਿਤ ਆਪਣੀ ਜਾਨ ਵੀ ਵਾਰਨ ਲਈ ਤਿਆਰ ਰਹਿੰਦਾ ਹੈ। ਉਸ ਨੇ ਕੇਵਲ ਆਪਣਾ ਨਿਜੀ ਸਬੰਧ ਪ੍ਰਭੂ ਨਾਲ ਹੀ ਨਹੀਂ ਜੋੜਨਾ ਹੁੰਦਾ ਬਲਕਿ ਪ੍ਰਭੂ ਦੇ ਨਿਆਂ ਨੂੰ ਵੀ ਸਮਾਜ ਵਿਚ ਲਾਗੂ ਕਰਨ - ਕਰਾਉਣ ਦੀ ਕੋਸ਼ਿਸ਼ ਕਰਨੀ ਹੁੰਦੀ ਹੈ। ਸਿੱਖ ਜੀਵਨ ਢੰਗ ਵਿਚ ਵਿਵਹਾਰਕ ਤੌਰ ਤੇ ਇਸ ਨਿਯਮ ਦੀ ਪਾਲਣਾ ਵੀ ਹੁੰਦੀ ਹੈ। ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਇਹ ਵੀ ਪ੍ਰੇਰਨਾ ਦਿੱਤੀ ਕਿ ਉਹ ਨਿਜ ਦੇ ਅੰਦਰੂਨੀ ਗਿਆਨ ਅਤੇ ਦੈਵੀ ਅਭਿਆਸ ਦੇ ਨਾਲ ਨਾਲ ਆਪਣੇ ਆਪ ਨੂੰ ਸਮਾਜ ਦੀਆਂ ਜਿੰਮੇਵਾਰੀਆਂ ਨਾਲ ਵੀ ਜੋੜ ਕੇ ਰੱਖਣ ਤਾਂ ਕਿ ਕਿਸੇ ਨਾਲ ਵੀ ਅਨਿਆਂ ਨਾ ਹੋਵੇ। ਨਿਜੀ ਤੌਰ ਤੇ ਨਾਮ ਸਿਮਰਨ ਦੀ ਵਿਧੀ ਦੇ ਨਾਲ ਨਾਲ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਸੰਗਤ ਅਤੇ ਪੰਗਤ ਦਾ ਮਾਰਗ ਵੀ ਦੱਸਿਆ। ਜਿਸ ਨੂੰ ਅਪਨਾਉਂਦੇ ਹੋਏ ਨਿਰਸੰਦੇਹ ਉਹ ਆਪਣੇ ਅੰਤ੍ਰੀਵ ਅਧਿਆਤਮਿਕ ਆਸ਼ੇ ਨਾਲ ਤਾਂ ਜੁੜੇ ਹੀ ਰਹੇ ਪਰ ਨਾਲ ਦੀ ਨਾਲ ਸਮਾਜ ਤੋਂ ਵੀ ਮੂੰਹ ਨਹੀਂ ਮੋੜਿਆ। ਇਸ ਕਰਕੇ ਸਿਮਰਨ ਦੇ ਨਾਲ ਨਾਲ ਸਮਾਜਕ ਰਿਸ਼ਤੇ ਨਿਭਾਉਂਦੇ ਹੋਏ ਗੁਰੂ ਦੇ ਸਿੱਖ ਇੱਕਠੇ ਮਿਲ ਕੇ ਜਾਤ ਪਾਤ ਦੇ ਫੋਕੇ ਬੰਧਨਾਂ ਨੂੰ ਨਕਾਰਦੇ ਹੋਏ ਇਕੋ ਪੰਗਤ ਵਿਚ ਇਕੋ ਜਗ੍ਹਾ ਬਣਿਆ ਅਤੇ ਇਕੋ ਜਗ੍ਹਾ ਪਰੋਸਿਆ ਗਿਆ ਭੋਜਨ ਛਕਦੇ ਰਹੇ।

ਇੰਨਾ ਹੀ ਨਹੀਂ ਸਿੱਖ ਦਾ ਸਿਮਰਨ ਕਰਨ ਦਾ ਤਰੀਕਾ ਵੀ ਕੇਵਲ ਵਿਅਕਤੀਗਤ ਨਹੀਂ ਰਿਹਾ ਉਹਨੇ ਵਿਅਕਤੀਗਤ

ਦੈਵੀ ਸਾਂਝ ਦੇ ਨਾਲ ਨਾਲ ਸੰਗਤ ਵਿਚ ਸਿਮਰਨ ਦੀ ਸਾਂਝ ਨੂੰ ਅਪਣਾ ਕੇ ਆਪਣੇ ਆਪ ਨੂੰ ਸਾਂਝੇ ਸਮਾਜਕ ਭਾਈਚਾਰੇ ਦਾ ਅਟੁੱਟ ਹਿਸਾ ਬਣਾਈ ਰੱਖਿਆ। ਸੰਗਤ ਦੇ ਵਿਸਤ੍ਰਿਤ ਰੂਪ ਵਜੋਂ ਬਾਅਦ ਦੇ ਸਿੱਖ ਜੀਵਨ ਢੰਗ ਵਿਚ ਪੰਥ ਦਾ ਵੀ ਇਕ ਖਾਸ ਸਥਾਨ ਹੈ। ਸਾਂਝੇ ਸਮਾਜਕ ਭਾਈਚਾਰੇ ਦੀਆਂ ਧਾਰਮਿਕ, ਵਿਵਹਾਰਕ, ਜਥੇਬੰਦਕ, ਸਭਿਆਚਾਰਕ, ਆਦਿ ਸਮੱਸਿਆਵਾਂ ਦਾ ਵਿਚਾਰ ਕਰਨ ਲਈ ਅਤੇ ਸਮਾਧਾਨ ਕਰਨ ਲਈ ਇਕ ਐਸਾ ਬੰਦੋਬਸਤ ਕੀਤਾ ਗਿਆ ਤਾਂ ਕਿ ਸਿੱਖ ਸਮਾਜ ਨੂੰ ਆਈਆਂ ਦਰਪੇਸ਼ ਮੁਸ਼ਕਿਲਾਂ ਦਾ ਹੱਲ ਕੱਢਿਆ ਜਾ ਸਕੇ। ਲੋੜ ਪੈਣ ਤੇ ਗਰੀਬ ਅਤੇ ਮਜ਼ਬੂਰ ਦੀ ਰੱਖਿਆ ਕਰਨ ਲਈ ਜੇ ਜ਼ਰੂਰੀ ਲੱਗੇ ਤਾਂ ਸ਼ਕਤੀ ਦੀ ਵਰਤੋਂ ਵੀ ਵਾਜਬ ਮੰਨ ਲਈ ਜਾਂਦੀ ਹੈ। ਸਿੱਖ ਦਾ ਖਾਸ ਕਿਸਮ ਦਾ ਲਿਬਾਸ ਉਸ ਦੇ ਉਸ ਹਾਲਾਤ ਲਈ ਤਿਆਰ ਬਰ ਤਿਆਰ ਰਹਿਣ ਦਾ ਲਖਾਇਕ ਹੈ ਜਿਸ ਨੂੰ ਧਾਰਨ ਕਰ ਕੇ ਉਹ ਗਰੀਬ ਅਤੇ ਮਜਬੂਰ ਦੀ ਰੱਖਿਆ ਕਰਨ ਦੇ ਕਾਬਿਲ ਹੋ ਸਕੇ। ਉਸ ਦਾ ਹਥਿਆਬੰਦ ਹੋ ਕੇ ਰਹਿਣਾ ਉਸ ਦਾ ਖਾਲਸਾ ਹੋਣ ਦੀ ਨਿਸ਼ਾਨੀ ਹੈ ਜੋ ਆਪਣੇ ਆਪ ਨੂੰ ਅਕਾਲ ਪੁਰਖ ਦੀ ਫੌਜ ਦਾ ਸਿਪਾਹੀ ਮੰਨਦੇ ਹੋਏ ਹਰ ਵਕਤ ਸਮਾਜਿਕ ਬੁਰਾਈ ਦਾ ਸਾਹਮਣਾ ਕਰਨ ਲਈ ਤਿਆਰ ਰਹਿੰਦਾ ਹੈ।

ਪਾਠ ਨੰਬਰ : 1.3

# ਸਿੱਖ ਸੰਸਥਾਵਾਂ – ਲੰਗਰ, ਸੰਗਤ ਅਤੇ ਗੁਰੂਦੁਆਰਾ ਸੰਸਥਾ

1.3.1 ਉਦੇਸ਼
1.3.2 ਭੂਮਿਕਾ
1.3.3 ਲੰਗਰ ਸੰਸਥਾ
1.3.3.1 ਲੰਗਰ ਪ੍ਰਥਾ ਦਾ ਵਿਕਾਸ ਕੀਤਾ
1.3.3.2 ਮੰਜੀ ਪ੍ਰਥਾ
1.3.4 ਸੰਗਤ ਅਤੇ ਖਾਲਸਾ
1.3.4.1 ਖਾਲਸਾ

**1.3.1 ਉਦੇਸ਼** : ਇਸ ਪਾਠ ਦਾ ਉਦੇਸ਼ ਸਿੱਖ ਧਰਮ ਦੀਆਂ ਸਭ ਤੋ ਬੁਨਿਆਦੀ ਸੰਸਥਾਵਾਂ ਨਾਲ ਵਿਦਿਆਰਥੀਆਂ ਨੂੰ ਜਾਣੂ ਕਰਵਾਉਂਣਾ ਹੈ।

**1.3.2 ਭੂਮਿਕਾ** : ਕਿਸੇ ਵੀ ਧਾਰਮਿਕ ਸਿਧਾਂਤ ਦੀ ਮਜ਼ਬੂਤੀ ਲਈ ਉਸ ਧਰਮ ਦੀ ਸੰਸਥਾਵਾਂ ਦਾ ਸਿਧਾਂਤਾ ਅਨੁਸਾਰ ਸੁਚਾਰੂ ਰੂਪ ਵਿਚ ਚਲਣਾ ਬੇਹੱਦ ਮਹੱਤਵਪੂਰਨ ਹੁੰਦਾ ਹੈ। ਇਸ ਸੰਬੰਧ ਵਿਚ ਸਿੱਖ ਧਰਮ ਦੀਆਂ ਸੰਸਥਾਵਾਂ ਦਾ ਦੁਨੀਆਂ ਵਿਚ ਵਿਲੱਖਣ ਸਥਾਨ ਹੈ।

**1.3.3 ਲੰਗਰ ਸੰਸਥਾ** : ਲੰਗਰ ਦੀ ਇਕ ਸੰਸਥਾ ਦੇ ਤੌਰ ਤੇ ਲੋੜ ਮਹਿਸੂਸ ਕੀਤੀ ਗਈ। ਜਾਤੀ ਪ੍ਰਥਾ ਦੀ ਕਰੜਾਈ ਕਰਕੇ ਲੋਕ ਇਕੱਠੇ ਬੈਠ ਕੇ ਨਹੀਂ ਸੀ ਖਾਂਦੇ। ਉੱਚੀ ਜਾਤੀ ਦੇ ਲੋਕਾਂ ਦਾ ਖਿਆਲ ਸੀ ਕਿ ਨੀਵੀਆਂ ਜਾਤੀਆਂ ਦੇ ਲੋਕਾਂ ਦੇ ਛੂਹਣ ਨਾਲ ਉਹ ਭਿੱਟੇ ਜਾਂਦੇ ਹਨ (ਅਸ਼ੁੱਧ ਹੋ ਜਾਂਦੇ ਹਨ) ਅਤੇ ਅਮੀਰ ਆਦਮੀ ਗਰੀਬ ਲੋਕਾਂ ਨਾਲ ਬੈਠ ਕੇ ਖਾਣਾ ਖਾਣ ਨੂੰ ਆਪਣੇ ਸਮਾਜਿਕ ਰੁਤਬੇ ਦੀ ਹੇਠੀ ਸਮਝਦੇ ਸਨ। ਇਸ ਲਈ ਲੰਗਰ ਪ੍ਰਥਾ ਉਪਰੋਕਤ ਬੁਰਾਈ ਦੇ ਸੁਧਾਰ ਲਈ ਇਕ ਬਹੁਤ ਹੀ ਜ਼ਰੂਰੀ ਸੰਸਥਾ ਸੀ। ਅਜਿਹੀ ਬੁਰਾਈਆਂ ਉਨ੍ਹਾਂ ਦਿਨਾਂ ਵਿਚ ਭਾਰਤੀ ਸਮਾਜ ਨੂੰ ਘੁਣ ਵਾਂਗ ਖਾਈ ਜਾ ਰਹੀਆਂ ਸਨ। ਇਸ ਬੁਰਾਈ ਨੂੰ ਦੂਰ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਇਕੱਠੇ ਬੈਠ ਕੇ ਪ੍ਰਸ਼ਾਦਾ ਛਕਣ ਲਈ ਲੰਗਰ ਸੰਸਥਾ ਦਾ ਆਰੰਭ ਕੀਤਾ।

ਸਿੱਖ ਗੁਰੂਆਂ ਨੇ ਸਮੂਹ ਲੋਕਾਈ ਨੂੰ ਮਾਨਵਤਾ ਦਾ ਅੰਗ ਸਮਝਿਆ। ਜਿਵੇਂ ਪਰਿਵਾਰ ਦੇ ਸਾਰੇ ਮੈਂਬਰ ਇਕੋ ਰਸੋਈ ਵਿਚ ਰੋਟੀ ਖਾਂਦੇ ਹਨ ਉਸੇ ਤਰ੍ਹਾਂ ਗੁਰੂ ਦੇ ਲੰਗਰ ਵਿਚ ਸਭ ਨੂੰ ਇਕੋ ਜਿਹਾ ਭੋਜਨ ਮਿਲਦਾ ਸੀ। ਮਨੁੱਖਾਂ ਦੀ ਸਮਾਨਤਾ ਗੁਰੂਆਂ ਲਈ ਇਕ ਕਲਪਿਤ ਵਿਸ਼ਵਾਸ ਨਹੀਂ ਸੀ ਸਗੋਂ ਇਹ ਉਨ੍ਹਾਂ ਲਈ ਪੱਕੀ ਅਸਲੀਅਤ ਸੀ ਜਿਸ ਨੂੰ ਆਪਣੇ ਚੇਲਿਆਂ ਵਿਚ ਪੈਦਾ ਕਰਨ ਲਈ ਉਨ੍ਹਾਂ ਪੂਰਾ ਜ਼ੋਰ ਲਾਇਆ ਤੇ ਇਸ ਦੀ ਪੂਰਤੀ ਲਈ ਨਿਸ਼ਚਿਤ ਯਤਨ ਕੀਤੇ। ਗੁਰੂ ਅੰਗਦ ਦੇਵ ਜੀ ਨੇ ਸੰਗਤ ਤੇ ਪੰਗਤ ਦੀ ਸੰਸਥਾ ਨੂੰ ਹੋਰ ਮਜ਼ਬੂਤ ਬਣਾਇਆ ਤੇ ਉਸ ਦੀ ਪਾਲਣਾ ਲਈ ਲੋਕਾਂ ਨੂੰ ਪ੍ਰੇਰਿਤ

ਕੀਤਾ। ਸਭ ਲੋਕ ਇਕੋ ਪੰਗਤ (ਕਤਾਰ) ਵਿਚ ਬੈਠ ਕੇ ਇਕੋ ਜਿਹਾ ਭੋਜਨ ਖਾਂਦੇ। ਗੁਰੂ

ਅੰਗਦ ਨੇ ਇਸ ਜ਼ਰੂਰੀ ਸੰਸਥਾ ਨੂੰ ਸਮਾਜਿਕ ਸਮਾਨਤਾ ਦੇ ਹਥਿਆਰ ਵਜੋਂ ਵਰਤਿਆ। ਉਨ੍ਹਾਂ ਨੇ ਸਮਾਜਿਕ ਭਿੰਨਤਾਵਾਂ ਦਾ ਤਿਆਗ ਕੀਤਾ ਅਤੇ ਇਕ ਕਤਾਰ ਵਿਚ ਬਿਠਾ ਕੇ, ਭੋਜਨ ਛਕਾ ਕੇ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ, ਉਨ੍ਹਾਂ ਨੂੰ ਇਕੋ ਪੱਧਰ ਤੇ ਲਿਆਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਘੋਸ਼ਣਾ

ਕੀਤੀ ਕਿ ਮੌਜੂਦਾ ਜਮਾਤ-ਵੰਡ ਤੇ ਛੂਤ-ਛਾਤ ਦਾ ਕੋਈ ਆਧਾਰ ਨਹੀਂ ਹੈ ਤੇ ਇਹ ਪਰਮਾਤਮਾ ਦੀ ਇੱਛਾ ਦੇ ਹੀ ਖਿਲਾਫ ਹੈ।

ਲੰਗਰ ਨੂੰ ਗੁਰੂ ਸਿੱਖਾਂ ਵੱਲੋਂ ਦਿੱਤੇ ਯੋਗਦਾਨ ਨਾਲ ਹੀ ਚਲਾਇਆ ਜਾਂਦਾ ਸੀ। ਗੋਕਲ ਚੰਦ ਨਾਰੰਗ ਅਨੁਸਾਰ ਇਸ ਗੱਲ ਨੇ ਸਿੱਖਾਂ ਨੂੰ ਸਾਂਝੇ ਕੰਮਾਂ ਲਈ ਧਨ ਦੇਣ ਦਾ ਪਹਿਲਾ ਸਬਕ ਸਿਖਾਇਆ। ਇਸ ਸੰਸਥਾ ਨੇ ਸਿੱਖ ਧਰਮ ਦੇ ਪ੍ਰਚਾਰ ਵਿਚ ਬਹੁਤ ਵੱਡਾ ਹਿੱਸਾ ਪਾਇਆ। ਇਸ ਨੇ ਗਰੀਬਾਂ ਤੇ ਲੋੜਵੰਦਾਂ ਦੀ ਮੱਦਦ ਕੀਤੀ। ਬਹੁਤ ਹੱਦ ਤੱਕ ਜਾਤ-ਪਾਤ ਨੂੰ ਖ਼ਤਮ ਕਰਕੇ ਇਸ ਸੰਸਥਾ ਨੇ ਸਿੱਖਾਂ ਨੂੰ ਇਕ ਲੜੀ ਵਿਚ ਪਰੋਇਆ। ਗੁਰੂ ਅੰਗਦ ਦੇਵ ਜੀ ਦੇ ਸਮੇਂ ਖਾਸ ਤੌਰ ਤੇ ਲੰਗਰ ਨੂੰ ਗੁਰੂ ਜੀ ਦੀ ਪਤਨੀ ਖੀਵੀ ਜੀ ਦੇਖਦੇ ਸਨ ਤੇ ਉਸ ਦਾ ਪ੍ਰਬੰਧ ਆਪ ਕਰਦੇ ਸਨ।

ਗੁਰੂ ਨਾਨਕ ਦੇਵ ਜੀ ਨੇ ਐਲਾਨ ਕੀਤਾ ਕਿ ਮੁਕਤੀ ਗ੍ਰਹਿਸਥੀਆਂ ਦੀ ਪਹੁੰਚ ਵਿਚ ਵੀ ਹੈ, ਇਸ ਲਈ ਸੰਨਿਆਸ ਲੈਣ ਦੀ ਲੋੜ ਨਹੀਂ। ਉਨ੍ਹਾਂ ਨੇ ਕਿਰਤ ਕਰਕੇ ਰੋਜ਼ੀ ਕਮਾਉਣ ਤੇ ਦੂਜਿਆਂ ਦੀ ਮਦਦ ਕਰਨ ਤੇ ਵਿਸ਼ੇਸ਼ ਜ਼ੋਰ ਦਿੱਤਾ। ਪਰੰਤੂ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਸ੍ਰੀ ਚੰਦ ਜੀ ਨੇ ਗ੍ਰਹਿਸਤ ਤੋਂ ਮੂੰਹ ਕੋੜ ਲਿਆ। ਉਹ ਜੰਗਲਾਂ ਤੇ ਪਹਾੜੀਆਂ ਵਿਚ ਇਕਾਂਤ ਵਿਚ ਨਿਰਵਿਘਨ ਭਗਤੀ ਕਰਕੇ ਸ਼ਾਂਤੀ ਲੱਭਣ ਦੀ ਕੋਸ਼ਿਸ਼ ਕਰ ਰਹੇ ਸਨ। ਇਨ੍ਹਾਂ ਦੇ ਚੇਲੇ ਇਨ੍ਹਾਂ ਨੂੰ ਉੱਨੀ ਹੀ ਮਾਨਤਾ ਦਿੰਦੇ ਸਨ ਜਿੰਨੀ ਕਿ ਸਿੱਖ ਗੁਰੂ ਨੂੰ। ਉਦਾਸੀ ਸਾਧੂ ਸਾਰੀ ਉਮਰ ਕੰਵਾਰੇ ਰਹਿੰਦੇ ਸਨ ਤੇ ਤਪ ਕਰਦੇ ਸਨ। ਗੁਰੂ ਅੰਗਦ ਦੇਵ ਜੀ ਨੂੰ ਸ੍ਰੀ ਚੰਦ ਵਲੋਂ ਚਲਾਈ ਲਹਿਰ ਪਾਸੋਂ ਬਹੁਤ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਸ੍ਰੀ ਚੰਦ ਨੂੰ ਪਹਿਲੇ ਗੁਰੂ ਦਾ ਵੱਡਾ ਪੁੱਤਰ ਹੋਣ ਕਰਕੇ ਲੋਕਾਂ ਵਲੋਂ ਬਹੁਤ ਆਦਰ ਸਤਿਕਾਰ ਪ੍ਰਾਪਤ ਸੀ। ਹੁਣ ਮੌਕਾ ਆ ਗਿਆ ਸੀ ਕਿ ਸਿੱਖੀ ਦਾ ਮੂਲ ਰੂਪ ਸਦਾ ਲਈ ਨਿਸ਼ਚਿਤ ਕਰ ਦਿੱਤਾ ਜਾਂਦਾ ਕਿਉਂਕਿ ਇਸ ਸਾਰੇ ਅੰਦੋਲਨ ਦਾ ਆਧਾਰ ਹੁਣ ਇਸ ਗੱਲ ਤੇ ਨਿਰਭਰ ਸੀ। ਸੰਨਿਆਸ ਨੂੰ ਸਦੀਆਂ ਤੋਂ ਕਾਫ਼ੀ ਉੱਚਾ ਸਮਝਿਆ ਜਾਂਦਾ ਰਿਹਾ ਹੈ। ਇਸ ਲਈ ਗੁਰੂ ਸਾਹਿਬ ਨੂੰ ਜਲਦੀ ਤੋਂ ਮਜ਼ਬੂਤ ਫੈਸਲਾ ਕਰਨ ਦੀ ਲੋੜ ਸੀ ਤਾਂ ਕਿ ਸਿੱਖ ਦੁਬਾਰਾ ਸੰਨਿਆਸੀਆਂ ਵਲ ਨਾ ਮੁੜ ਜਾਣ ਇਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਹੀ ਕਰੜੀ ਚੇਤਾਵਨੀ ਦਿੱਤੀ ਸੀ। ਇਨ੍ਹਾਂ ਹਾਲਤਾਂ ਵਿਚ ਗੁਰੂ ਅੰਗਦ ਦੇਵ ਜੀ ਲਈ ਜ਼ਰੂਰੀ ਸੀ ਕਿ ਉਹ ਕਿਸੇ ਨਤੀਜੇ ਤੇ ਪਹੁੰਚਣ ਤੇ ਇਹ ਘੋਸ਼ਣਾ ਕਰਨ ਕਿ ਸੰਨਿਆਸ ਲਈ ਸਿੱਖ ਧਰਮ ਵਿਚ ਕੋਈ ਥਾਂ ਨਹੀਂ ਹੈ। ਗੁਰੂ ਨਾਨਕ ਜੀ ਦਾ ਧਰਮ ਗ੍ਰਹਿਸਥੀਆਂ ਦਾ ਧਰਮ ਹੈ। ਗੁਰੂ ਅੰਗਦ ਜੀ ਨੇ ਸਿੱਖਾਂ ਨੂੰ ਜ਼ੋਰਦਾਰ ਸ਼ਬਦਾਂ ਵਿਚ ਇਹ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ ਧਰਮ ਤੇ ਉਦਾਸੀਆਂ ਦਾ ਧਰਮ ਦੋ ਅਲੱਗ ਰਸਤੇ ਹਨ ਅਤੇ ਦੋਹਾਂ ਨੂੰ ਇਕ ਵੇਲੇ ਨਹੀਂ ਅਪਣਾਇਆ ਜਾ ਸਕਦਾ। ਇਸ ਤਰ੍ਹਾਂ ਉਹ ਸੰਨਿਆਸ ਦਾ ਵਿਰੋਧ ਕਰਕੇ ਸਿੱਖ ਧਰਮ ਦੀ ਮੌਲਿਕਤਾ ਤੇ ਪਵਿੱਤਰਤਾ ਨੂੰ ਬਚਾ ਕੇ ਰੱਖਣ ਵਿਚ ਕਾਮਯਾਬ ਹੋਏ।

ਗੁਰੂ ਅੰਗਦ ਦੇਵ ਜੀ ਨੇ ਆਪਸੀ ਵਿਹਾਰ ਲਈ ਕੁਝ ਨਿਯਮ ਬਣਾਏ। ਉਨ੍ਹਾਂ ਨੇ ਸਾਰੇ ਸਿੱਖਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਕਰਤਾਰਪੁਰ ਵਾਲੀ ਜੀਵਨ-ਜਾਂਚ ਵਾਂਗ ਸਵੇਰੇ ਤੇ ਸ਼ਾਮ ਦਾ

ਨਾਮ ਜਪਣ ਲਈ ਕਿਹਾ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਸਾਫ਼ ਤੇ ਨੇਕ ਜ਼ਿੰਦਗੀ ਜਿਉਣ ਦੀ ਲੋੜ ਬਾਰੇ ਦੱਸਿਆ ਤੇ ਸਦਾ ਇਹ ਯਾਦ ਰੱਖਣ ਲਈ ਵੀ ਕਿਹਾ ਕਿ ਅਸੀਂ ਸਭ ਇਕੋ ਪਿਤਾ ਦੇ ਪੁੱਤਰ ਹਾਂ ਅਤੇ ਸਾਨੂੰ ਆਪਣੇ ਭਰਾਵਾਂ ਪ੍ਰਤੀ ਬਣਦੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਪੂਰਾ ਕਰਨਾ ਚਾਹੀਦਾ ਹੈ। ਆਤਮਿਕ ਵਿਕਾਸ ਦੇ ਨਾਲ-ਨਾਲ ਗੁਰੂ ਅੰਗਦ ਦੇਵ ਜੀ ਨੇ ਸਰੀਰਕ ਤੰਦਰੁਸਤੀ ਦੀ ਲੋੜ ਤੇ ਵੀ ਬਲ ਦਿੱਤਾ। ਕਿਹਾ ਜਾਂਦਾ ਹੈ ਕਿ ਖਡੂਰ ਵਿਖੇ ਉਨ੍ਹਾਂ ਕੁਸ਼ਤੀਆਂ ਲਈ ਮੱਲ ਅਖਾੜਾ ਤਿਆਰ ਕਰਵਾਇਆ ਤੇ ਸਿੱਖਾਂ ਵਿਚ ਖੇਡ ਭਾਵਨਾ ਦੇ ਵਿਕਾਸ ਲਈ ਬਹੁਤ ਹੀ ਯਤਨ ਕੀਤੇ। ਸੰਭਵ ਹੈ ਕਿ ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਤੰਦਰੁਸਤ ਸ਼ਰੀਰ ਵਿਚ ਹੀ ਤੰਦਰੁਸਤ ਮਨ ਨਿਵਾਸ ਕਰ ਸਕਦਾ ਹੈ। ਸਰੀਰਕ ਅਤੇ ਮਾਨਸਿਕ ਤੌਰ ਤੇ ਤੰਦਰੁਸਤ ਵਿਅਕਤੀ ਹੀ ਸਮਾਜ-ਸੇਵਾ ਦੇ ਕੰਮਾਂ ਵਿਚ ਯੋਗਦਾਨ ਪਾ ਸਕਦਾ ਹੈ। ਸਿੱਖੀ ਅਨੁਸ਼ਾਸਨ ਵਿਚ ਇਸ ਗੱਲ ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ।

ਆਪਣੇ ਅਕਾਲ ਚਲਾਣੇ ਤੋਂ ਪਹਿਲਾਂ ਸਿੱਖਾਂ ਵਿਚੋਂ ਇਕ ਨੂੰ ਉਨ੍ਹਾਂ ਆਪਣੀ ਗੱਦੀ ਦਾ ਉਤਰਾਧਿਕਾਰੀ ਨਿਯੁਕਤ ਕੀਤਾ। ਦੂਜੇ ਗੁਰੂ ਵੱਲੋਂ ਚੁੱਕਿਆ ਗਿਆ ਇਹ ਬਹੁਤ ਹੀ ਮਹੱਤਵਪੂਰਣ ਕਦਮ ਸੀ। ਇਤਿਹਾਸ ਦੇ ਇਸ ਮੋੜ ਤੇ ਜੇਕਰ ਗੁਰਗੱਦੀ ਦੇ ਵਾਰਸ ਦੀ ਪ੍ਰਥਾ ਨੂੰ ਛੱਡ ਦਿੱਤਾ ਜਾਂਦਾ ਤਾਂ ਹੋ ਸਕਦਾ ਸੀ ਸਿੱਖ ਧਰਮ (ਜੋ ਕਿ ਬਾਅਦ ਵਿਚ ਹੌਲੀ-ਹੌਲੀ ਅਲੱਗ ਹੋ ਕੇ ਵੱਖਰੀਆਂ ਰਸਮਾਂ, ਧਾਰਮਿਕ ਰੀਤਾਂ,ਵੱਖਰੇ ਨਿਯਮਾਂ ਵਾਲੀ ਕੌਮ ਦੇ ਰੂਪ ਵਿਚ ਵਿਕਸਿਤ ਹੋਇਆ) ਹਿੰਦੂ ਧਰਮ ਵਿਚ ਹੀ ਗੁਆਚ ਜਾਂਦਾ।

ਗੁਰੂ ਅਮਰ ਦਾਸ ਜੀ ਦੇ ਵੇਲੇ ਸਿੱਖ ਧਰਮ ਨਿਸ਼ਚੇ ਹੀ ਸੁਤੰਤਰ ਰੂਪ ਪ੍ਰਾਪਤ ਕਰ ਸਕਿਆ ਅਤੇ ਉਨ੍ਹਾਂ ਦੀ ਅਗਵਾਈ ਵਿਚ ਇਸ ਸਮਾਜ ਦਾ ਹਰ ਪਾਸੇ ਤੋਂ ਵਿਕਾਸ ਹੋਇਆ। ਅਧਿਆਤਮਕ ਵਿਕਾਸ ਦੇ ਨਾਲ-ਨਾਲ ਉਨ੍ਹਾਂ ਨੇ ਲੋਕਾਂ ਦੁਆਰਾ ਅਪਣਾਈਆਂ ਜਾਂਦੀਆਂ ਸਮਾਜਿਕ ਰੀਤਾਂ ਵਿਚ ਵੀ ਵਰਣਨਯੋਗ ਤਬਦੀਲੀ ਲਿਆਉਣ ਲਈ ਬਹੁਤ ਕੁਝ ਕੀਤਾ।

**1.3.3.1 ਲੰਗਰ ਪ੍ਰਥਾ ਦਾ ਵਿਕਾਸ ਕੀਤਾ** : ਗੁਰੂ ਕਾ ਲੰਗਰ ਇਕ ਮਹਾਨ ਸੰਸਥਾ ਬਣਦਾ ਜਾ ਰਿਹਾ ਸੀ। ਭਾਵੇਂ ਕਿ ਗੁਰੂ ਆਪਣੀ ਕਮਾਈ ਨਾਲ ਬਹੁਤ ਸਾਦਾ ਭੋਜਨ ਕਰਦੇ ਸਨ ਪਰ ਲੰਗਰ ਵਿਚ ਮੱਖਣ, ਖੰਡ ਤੇ ਚੰਗਾ ਆਟਾ ਦਿੱਤਾ ਜਾਂਦਾ ਸੀ। ਸ਼ਰਧਾਲੂਆਂ ਵਲੋਂ ਆਇਆ ਧਨ ਤੇ ਚੀਜ਼ਾਂ (ਜਿਨ੍ਹਾਂ ਦੀ ਮਾਤਰਾ ਲਗਾਤਾਰ ਵਧਦੀ ਜਾ ਰਹੀ ਸੀ) ਨੂੰ ਆਮ ਤੌਰ ਤੇ ਲੰਗਰ ਬਣਾਉਣ ਲਈ ਹੀ ਵਰਤਿਆ ਜਾਂਦਾ ਸੀ। ਗੁਰੂ ਲੰਗਰ ਲਈ ਜੋ ਕੁਝ ਹਰ ਰੋਜ਼ ਪ੍ਰਾਪਤ ਕਰਦੇ ਉਸ ਨੂੰ ਉਸ ਦਿਨ ਖਰਚ ਕਰ ਦਿੰਦੇ ਜਾਂ ਵਰਤ ਦਿੰਦੇ ਕਿਉਂਕਿ ਦੂਜੇ ਦਿਨ ਹੋਰ ਬਹੁਤ ਕੁਝ ਆ ਜਾਣਾ ਹੁੰਦਾ ਸੀ। ਕੁਝ ਵੀ ਦੂਜੇ ਦਿਨ ਲਈ ਬਚਾਇਆ ਨਹੀਂ ਸੀ ਜਾਂਦਾ। ਇਹ ਵਿਚਾਰ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ ਕਿ ਲੰਗਰ ਵਿਚ ਜਾਤ ਦਾ ਕੋਈ ਭਿੰਨ ਭੇਦ ਨਹੀਂ ਸੀ ਰੱਖਿਆ ਜਾਂਦਾ। ਮੈਕਾਲਿਫ ਦੇ ਅਨੁਸਾਰ ਜਾਤ ਪ੍ਰਥਾ ਨੂੰ ਹੁਣ ਹੋਰ ਵੀ ਧੱਕਾ ਵੱਜਾ ਕਿਉਂਕਿ ਹੁਣ ਗੁਰੂ ਘਰ ਆਉਣ ਵਾਲਿਆਂ ਲਈ ਇਹ ਲਾਜ਼ਮੀ ਸੀ ਕਿ ਪਹਿਲਾਂ ਪੰਗਤ ਵਿਚ ਬੈਠ ਕੇ ਖਾਣ ਤੇ ਉਸ ਤੋਂ ਬਾਅਦ ਗੁਰੂ ਨੂੰ ਮਿਲ ਸਕਦੇ ਸਨ। ਇੱਥੋਂ ਤਕ ਕਿ ਸ਼ਹਿਨਸ਼ਾਹ ਅਕਬਰ ਤੇ ਹਰੀਪੁਰ ਦੇ ਰਾਜੇ ਨੂੰ ਵੀ ਅਜਿਹਾ ਹੀ ਕਰਨਾ ਪਿਆ। ਗੁਰੂ ਅਮਰ ਦਾਸ ਜੀ ਕਿਹਾ ਕਰਦੇ ਸਨ ਕਿ ਜੇ ਕੋਈ ਵਿਦਵਾਨ ਪੰਡਤ ਵੀ ਆਉਂਦਾ ਹੈ ਤਾਂ ਉਸ ਨੂੰ ਇਹ ਪੁਛਣ ਦਾ ਅਧਿਕਾਰ ਨਹੀਂ ਸੀ ਕਿ ਲੰਗਰ ਕਿਸ ਨੇ ਬਣਾਇਆ ਹੈ ਬਲਕਿ ਉਸ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਲੰਗਰ ਵਿਚ ਕਿਸੇ ਕਿਸਮ ਦਾ ਜੂਠ ਜਾਂ ਮਿਲਾਵਟ ਨਹੀਂ ਹੁੰਦੀ ਤੇ ਹੱਦ ਬੰਦੀਆਂ ਵਾਲੇ ਖਾਣ-ਘੇਰੇ ਸਭ ਝੂਠੇ ਹਨ ਸਿਰਫ ਹੱਥ ਹੀ ਸੁੱਚਾ ਹੈ। ਇਸ ਤਰ੍ਹਾਂ ਪੰਗਤ ਰਾਹੀਂ ਲੋਕਾਂ ਨੇ ਆਪਣੇ ਸਮਾਜਿਕ ਵਿਰੋਧਾਂ ਨੂੰ ਮਿਟਾਇਆ,

ਦੂਜਿਆਂ ਨੂੰ ਆਪਣੇ ਭਰਾ ਸਮਝਿਆ।

**1.3.3.2 ਮੰਜੀ ਪ੍ਰਥਾ** : ਸਿੱਖ ਧਰਮ ਦੇ ਫੈਲਣ ਕਾਰਨ ਗੁਰੂ ਅਮਰ ਦਾਸ ਜੀ ਨੇ ਇਕ ਨਵਾਂ ਪ੍ਰਬੰਧ ਲਾਗੂ ਕੀਤਾ ਜਿਸ ਨੂੰ ਮੰਜੀ-ਪ੍ਰਥਾ ਕਿਹਾ ਜਾਂਦਾ ਹੈ। ਸਿੱਖਾਂ ਦੀ ਗਿਣਤੀ ਬਹੁਤ ਵੱਧ ਗਈ ਸੀ ਤੇ ਉਹ ਸਾਰੇ ਸੂਬੇ ਅਤੇ ਦੇਸ਼ ਦੇ ਕਈ ਭਾਗਾਂ ਤਕ ਫੈਲੇ ਹੋਏ ਸਨ। ਵੱਖ-ਵੱਖ ਥਾਵਾਂ ਤੇ ਹੋਣ ਕਰਕੇ ਗੁਰੂ ਨਿੱਜੀ ਤੌਰ ਤੇ ਉਨ੍ਹਾਂ ਨੂੰ ਹਦਾਇਤਾਂ ਨਹੀਂ ਦੇ ਸਕਦੇ ਸਨ। ਇਸ ਲਈ ਆਪਣੇ ਸ਼ਗਿਰਦਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਕ ਨਵਾਂ ਢੰਗ ਤਜਵੀਜ਼ ਕੀਤਾ। ਉਨ੍ਹਾਂ ਖਿੰਡੀ ਹੋਈ ਸੰਗਤ ਤੇ ਧਾਰਮਿਕ ਇਕੱਠਾਂ ਨੂੰ ਇਕ ਨਿਸ਼ਚਿਤ ਪ੍ਰਬੰਧ ਨਾਲ ਜੋੜ ਦਿੱਤਾ। ਗੁਰੂ ਨੇ ਆਪਣੀ ਆਤਮਿਕ ਜਾਗੀਰ ਨੂੰ 22 ਸੂਬਿਆਂ ਵਿਚ ਵੰਡ ਦਿੱਤਾ ਜਿਸ ਨੂੰ 'ਮੰਜੀ' ਕਿਹਾ ਗਿਆ। ਹਰ ਮੰਜੀ ਨੂੰ ਇਕ ਸ਼ਰਧਾਲੂ ਸਿੱਖ ਦੇ ਅਧੀਨ ਰੱਖਿਆ ਗਿਆ ਜਿਸ ਦਾ ਕੰਮ ਸੰਗਤ ਨੂੰ ਗੁਰੂ ਦਾ ਉਪਦੇਸ਼ ਦੇਣਾ ਅਤੇ ਸਥਾਨਕ ਇਕਾਈ ਨੂੰ ਕੇਂਦਰ ਨਾਲ ਜੋੜ ਰੱਖਣਾ ਸੀ। ਇਹ ਮੰਜੀਆਂ ਅੱਗੇ ਛੋਟੇ ਭਾਗਾਂ ਵਿਚ ਵੰਡੀਆਂ ਗਈਆਂ ਜਿਨ੍ਹਾਂ ਨੂੰ 'ਪੀੜ੍ਹੀਆਂ' ਕਿਹਾ ਜਾਂਦਾ ਸੀ।

ਗੋਕਲ ਚੰਦ ਨਾਰੰਗ ਅਨੁਸਾਰ ਇਸ ਪ੍ਰਬੰਧ ਨੇ ਗੁਰੂ ਘਰ ਦੀਆਂ ਨੀਹਾਂ ਤੇ ਦੇਸ਼ ਦੇ ਬਾਕੀ ਭਾਗਾਂ ਵਿਚ ਧਰਮ ਦੇ ਪ੍ਰਚਾਰ ਦੇ ਕੰਮ ਵਿਚ ਬਹੁਤ ਭਾਰੀ ਹਿੱਸਾ ਪਾਇਆ। ਸ਼ਬਦ 'ਮੰਜੀ' ਦਾ ਅਰਥ ਹੈ ਚਾਰਪਾਈ। ਗੁਰੂ ਦੇ ਪ੍ਰਤੀਨਿਧ (ਮੰਜੀਦਾਰ) ਮੰਜੇ ਜਾਂ ਮੰਜੀ ਤੇ ਬੈਠ ਕੇ ਗੁਰੂ ਦੀਆਂ ਹਦਾਇਤਾਂ ਸੰਗਤ ਨੂੰ ਦਿੰਦੇ ਸਨ ਤੇ ਸੰਗਤ ਦਰੀਆਂ ਜਾਂ ਧਰਤੀ ਤੇ ਬੈਠਦੀ ਸੀ। ਇਹ ਇਕ ਤਰ੍ਹਾਂ ਨਾਲ ਗੁਰਗੱਦੀ ਦੀਆਂ ਸ਼ਾਖਾਵਾਂ ਸਨ ਜੋ ਵੱਖ-ਵੱਖ ਥਾਵਾਂ ਤੇ ਸਥਾਪਿਤ ਕੀਤੀਆਂ ਗਈਆਂ ਤੇ ਇਸ ਪ੍ਰਬੰਧ ਨੂੰ ਮੰਜੀ ਪ੍ਰਥਾ ਕਿਹਾ ਜਾਂਦਾ ਸੀ। ਕੁਝ ਲੋਕਾਂ ਨੇ ਟਪਲਾ ਖਾਧਾ ਤੇ ਇਸ ਦਾ ਮਤਲਬ ਇਹ ਕੱਢਿਆ ਕਿ ਅਜਿਹਾ ਰਾਜਨੀਤਿਕ ਉਦੇਸ਼ਾਂ ਲਈ ਕੀਤਾ ਜਾ ਰਿਹਾ ਸੀ ਪਰੰਤੂ ਇਸ ਪ੍ਰਬੰਧ ਦਾ ਉਦੇਸ਼ ਇਹ ਸੀ ਕਿ ਸੰਗਤ ਨੂੰ ਗੁਰ ਦਾ ਉਪਦੇਸ਼ ਉਨ੍ਹਾਂ ਨੇ ਆਪਣੇ ਇਲਾਕੇ ਵਿਚ ਹੀ ਪਹੁੰਚਾਇਆ ਜਾਵੇ। ਮੰਜੀਆਂ ਤੇ ਥਾਪੇ ਸਿੱਖਾਂ ਵਿਚ ਕੁਝ ਅਜਿਹੇ ਨਾਂ ਵੀ ਮਿਲਦੇ ਹਨ ਜੋ ਸਿੱਖ ਧਰਮ ਅਪਣਾਉਣ ਤੋਂ ਪਹਿਲਾਂ ਮੁਸਲਮਾਨ ਸਨ।

ਕਨਿੰਘਮ ਅਨੁਸਾਰ ਗੁਰੂ ਅਮਰ ਦਾਸ ਜੀ ਨੇ ਪੱਕਾ ਫੁਰਮਾਨ ਜਾਰੀ ਕੀਤਾ ਕਿ ਅਸਲੀ ਗ੍ਰਹਿਸਥੀ ਸਿੱਖ ਇਕਾਂਤਵਾਸੀ ਉਦਾਸੀਆਂ ਸਾਧੂਆਂ ਤੋਂ ਬਿਲਕੁਲ ਅਲੱਗ ਹਨ। ਇਸ ਤਰ੍ਹਾਂ ਉਨ੍ਹਾਂ ਨੇ ਨਵ-ਜਨਮੇ ਸਿੱਖ ਧਰਮ ਨੂੰ ਹਿੰਦੂ ਧਰਮ ਵਿਚ ਮੁੜ ਜਜ਼ਬ ਹੋ ਜਾਣ ਤੋਂ ਬਚਾ ਲਿਆ। ਸਿੱਖ ਧਰਮ ਮੂਲ ਰੂਪ ਵਿਚ ਗ੍ਰਹਿਸਥੀਆਂ ਦਾ ਧਰਮ ਬਣ ਗਿਆ। ਬਾਬਾ ਸ੍ਰੀ ਚੰਦ (ਗੁਰੂ ਨਾਨਕ ਦਾ ਵੱਡਾ ਪੁੱਤਰ) ਆਪਣੇ ਅਣਗਿਣਤ ਚੇਲਿਆਂ ਨਾਲ ਹਾਲੀ ਵੀ ਜ਼ਿੰਦਾ ਸੀ। ਭਾਵੇਂ ਹੁਣ ਉਹ ਆਪਣੇ ਪਿਤਾ ਦੀ ਗੱਦੀ ਦੇ ਵਾਰਸਾਂ ਦਾ ਵਿਰੋਧ ਨਹੀਂ ਕਰਦਾ ਸੀ ਪਰੰਤੂ ਫਿਰ ਵੀ ਲੋਕਾਂ ਦਾ ਸਦੀਆਂ ਤੋਂ ਇਕਾਂਤ ਵਾਸ ਤੇ ਸੰਨਿਆਸ ਵੱਲ ਝੁਕਾਅ ਹੋਣ ਕਾਰਣ, ਲੋਕਾਂ ਨੂੰ ਆਪਣੇ ਵੱਲ ਖਿੱਚਦਾ ਸੀ। ਅਜਿਹਾ ਬਾਬਾ ਸ੍ਰੀ ਚੰਦ ਦੀ ਮਹਾਨ ਸ਼ਖਸੀਅਤ ਕਾਰਣ ਵੀ ਸੀ। ਇਹ ਗੁਰੂ ਅਮਰ ਦਾਸ ਜੀ ਵਾਸਤੇ ਜ਼ਰੂਰੀ ਸੀ ਕਿ ਉਹ ਇਸ ਮਾਮਲੇ ਵਿਚ ਆਪਣੇ ਸਿੱਖਾਂ ਨੂੰ ਕੋਈ ਨਿਸ਼ਚਿਤ ਸੇਧ ਦੇਣ। ਗੁਰੂ ਅਮਰ ਦਾਸ ਜੀ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਸੰਨਿਆਸ ਸਾਡਾ ਰਸਤਾ ਨਹੀਂ ਹੈ ਤੇ ਫੁਰਮਾਨ ਕੀਤਾ ਕਿ ਗ੍ਰਹਿਸਥ ਵਿਚ ਰਹਿ ਕੇ ਹੀ ਧਰਮ ਦੀ ਪਾਲਣਾ ਕਰਨਾ ਸਾਡਾ ਧਰਮ ਹੈ। ਸਮੇਂ ਸਿਰ ਚੁਕੇ ਇਸ ਕਦਮ ਨੇ ਸਿੱਖ ਸਮਾਜ ਨੂੰ ਟੁੱਟਣ ਤੋਂ ਬਚਾ ਲਿਆ ਅਤੇ ਸਿੱਖਾਂ ਨੂੰ ਉਸ ਰਾਹੇ ਚੱਲਣ ਤੋਂ ਬਚਾ ਲਿਆ ਜਿਸ ਤੇ ਕਬੀਰ ਤੇ ਮੱਧ ਕਾਲ ਦੇ ਹੋਰ ਸੰਤਾਂ ਦੇ ਚੇਲੇ ਗਏ ਸਨ।

**ਗੋਇੰਦਵਾਲ ਵਿਖੇ ਬਾਉਲੀ ਬਣਾਉਣਾ** :- ਬਾਉਲੀ (ਪੌੜੀਆਂ ਵਾਲਾ ਖੂਹ) ਦਾ ਬਣਾਇਆ ਜਾਣਾ ਸਿੱਖ ਧਰਮ ਦੇ ਇਤਿਹਾਸ ਵਿਚ ਮਹੱਤਤਾ ਰੱਖਦਾ ਹੈ। ਇਹ 1559 ਈਸਵੀ

ਵਿਚ ਬਣਾਈ ਗਈ। ਇਸ ਦੀਆਂ ਉੱਪਰ ਤੋਂ ਪਾਣੀ ਤੀਕ 84 ਪੌੜੀਆਂ ਹਨ। ਇਹ ਸਥਾਨ ਛੇਤੀ ਹੀ ਸਿੱਖਾਂ ਲਈ ਇਕ ਮਹੱਤਵਪੂਰਨ ਤੀਰਥ ਸਥਾਨ ਬਣ ਗਿਆ ਤੇ ਮੁਕਤੀ ਪ੍ਰਾਪਤ ਕਰਨ ਲਈ ਸਿੱਖ ਬਹੁਤ ਭਾਰੀ ਗਿਣਤੀ ਵਿਚ ਗੋਇੰਦਵਾਲ ਪਹੁੰਚਣ ਲਗੇ। ਇਸ ਸਥਾਨ ਦੇ ਬਣਨ ਨਾਲ ਸਿੱਖਾਂ ਨੂੰ ਦੂਜੇ ਹਿੰਦੂ ਧਰਮ ਸਥਾਨਾਂ, ਗੰਗਾ ਆਦਿ ਤੇ ਜਾਣ ਦੀ ਲੋੜ ਨਾ ਰਹੀ।

**ਅਕਬਰ ਦਾ ਗੋਇੰਦਵਾਲ ਆਉਣਾ** : ਲਾਹੌਰ ਜਾਂਦੇ ਸਮੇਂ ਅਕਬਰ ਗੁਰੂ ਅਮਰ ਦਾਸ ਜੀ ਦੇ ਦਰਸ਼ਨਾਂ ਲਈ ਗੋਇੰਦਵਾਲ ਆਇਆ। ਸ਼ਹਿਨਸ਼ਾਹ ਨੂੰ ਗੁਰੂ ਦੇ ਦਰਸ਼ਨਾਂ ਤੋਂ ਪਹਿਲਾਂ ਸਾਂਝੇ ਲੰਗਰ ਵਿਚੋਂ ਪੰਗਤ ਵਿਚ ਬੈਠ ਕੇ ਭੋਜਨ ਕਰਨਾ ਪਿਆ। ਬਾਦਸ਼ਾਹ ਨੇ ਦੇਖਿਆ ਕਿ ਲੋਕਾਂ ਨੂੰ ਗੁਰੂ ਦੇ ਲੰਗਰ ਵਿਚ ਵਧੀਆ ਭੋਜਨ ਦਿੱਤਾ ਜਾਂਦਾ ਹੈ ਤਾਂ ਉਸ ਨੇ ਮਹਿਸੂਸ ਕੀਤਾ ਕਿ ਗੁਰੂ ਦੇ ਸਾਧਨਾਂ ਤੇ ਇਹ ਭਾਰੀ ਬੋਝ ਹੈ। ਜੋ ਕੋਈ ਆਉਂਦਾ ਹੈ ਪੇਟ ਭਰ ਕੇ ਖਾਂਦਾ ਹੈ ਤੇ ਕੋਈ ਖਾਲੀ ਨਹੀਂ ਜਾਂਦਾ। ਅਕਬਰ ਨੇ ਗੁਰੂ ਦੇ ਲੰਗਰ ਲਈ ਇਕ ਜਗੀਰ ਦੇਣ ਦੀ ਪੇਸ਼ਕਸ਼ ਕੀਤੀ, ਪਰ ਇਹ ਪੇਸ਼ਕਸ਼ ਬਹੁਤ ਹੀ ਨਿਮਰਤਾ ਪਰੰਤੂ ਪਕਿਆਈ ਨਾਲ ਠੁਕਰਾ ਦਿੱਤੀ ਗਈ ਤੇ ਬਾਦਸ਼ਾਹ ਨੂੰ ਕਿਹਾ ਗਿਆ ਕਿ ਲੋਕਾਂ ਦਾ ਲੰਗਰ ਹੈ ਤੇ ਇਸ ਦਾ ਖਰਚ ਲੋਕਾਂ ਦੀ ਭੇਟਾ ਨਾਲ ਹੀ ਚਲਾਇਆ ਜਾਏਗਾ ਤੇ ਇਸ ਨੂੰ ਸ਼ਾਹੀ ਲੰਗਰ ਜਾਂ ਬਾਦਸ਼ਾਹ ਦਾ ਲੰਗਰ ਨਹੀਂ ਬਣਾਇਆ ਜਾ ਸਕਦਾ।

ਕਿਹਾ ਜਾਂਦਾ ਹੈ ਕਿ ਲਾਹੌਰ ਵਿਚ ਆਪਣੇ ਨਾਮ ਲਸ਼ਕਰ ਨਾਲ ਅਕਬਰ, ਕਾਫੀ ਲੰਬਾ ਸਮਾਂ ਠਹਿਰਿਆ ਜਿਸ ਕਾਰਣ ਕੀਮਤਾਂ ਉਸ ਸਮੇਂ ਬਹੁਤ ਵੱਧ ਗਈਆਂ ਤੇ ਵਿਚਾਰੇ ਕਿਸਾਨਾਂ ਤੇ ਬੋਝ ਆ ਪਿਆ ਤੇ ਗੁਰੂ ਦੀ ਬੇਨਤੀ ਤੇ ਅਕਬਰ ਨੇ ਇਕ ਸਾਲ ਲਈ ਮਾਲੀਏ ਦਾ ਕੁਝ ਭਾਗ ਮਾਫ਼ ਕਰ ਦਿੱਤਾ।

**ਗੁਰੂਆਂ ਦੀ ਬਾਣੀ ਦਾ ਸੰਗ੍ਰਹਿ ਅਤੇ ਸਿੱਖ ਧਰਮ ਦਾ ਉਤਸ਼ਾਹ ਨਾਲ ਪ੍ਰਚਾਰ** : ਗੁਰੂ ਅਮਰ ਦਾਸ ਜੀ ਦੇ ਸਮੇਂ ਗੁਰੂਆਂ ਦੀ ਬਾਣੀ ਦੇ ਸੰਗ੍ਰਹਿ ਦਾ ਕੰਮ ਬੜੇ ਜ਼ੋਰਾਂ ਨਾਲ ਜਾਰੀ ਰਿਹਾ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਪੋਤੇ ਸੰਤ ਰਾਮ ਨੇ ਜੋ ਬਾਬਾ ਮੋਹਨ ਦਾ ਪੁੱਤਰ ਸੀ ਆਪਣੇ ਦਾਦੇ ਅਮਰਦਾਸ ਜੀ ਅਤੇ ਗੁਰੂ ਅੰਗਦ ਦੇਵ ਜੀ ਦੀ ਬਾਣੀ ਦਾ ਸੰਕਲਨ ਕੀਤਾ। ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦਾ ਸੰਕਲਨ ਕਰਨ ਲਈ ਬਾਬਾ ਮੋਹਨ ਤੋਂ ਹੀ ਪਹਿਲੇ ਤਿੰਨ ਗੁਰੂਆਂ ਦੀ ਬਾਣੀ ਪ੍ਰਾਪਤ ਕੀਤੀ ਸੀ।

ਗੁਰੂ ਅਮਰ ਦਾਸ ਜੀ ਨੇ ਸਿੱਖ-ਧਰਮ ਦਾ ਪ੍ਰਚਾਰ ਵੀ ਬੜੇ ਉਤਸ਼ਾਹ ਨਾਲ ਕੀਤਾ। ਉਨ੍ਹਾਂ ਦੀ ਮਿੱਠੀ ਬਾਣੀ ਅਤੇ ਸੁਸ਼ੀਲ ਸੁਭਾ ਦੇ ਕਾਰਣ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਉਨ੍ਹਾਂ ਦੇ ਸਿੱਖ ਬਣ ਗਏ। ਮੈਕਾਲਿਫ ਅਨੁਸਾਰ ਅੱਲ੍ਹਾਯਾਰ ਜਾਂ ਅੱਲਾ ਸ਼ਾਹ ਉਨ੍ਹਾਂ ਦੇ ਸਭ ਤੋਂ ਪ੍ਰਸਿੱਧ ਮੁਸਲਮਾਨ ਸ਼ਰਧਾਲੂ ਸੀ। ਸੀ. ਐਚ. ਪੇਨ ਨੇ ਗੁਰੂ ਅਮਰਦਾਸ ਨੂੰ ਸਿੱਖ ਮੱਤ ਦਾ ਉਤਸ਼ਾਹੀ ਪ੍ਰਚਾਰਕ ਕਹਿ ਕੇ ਉਨ੍ਹਾਂ ਦੀ ਵਡਿਆਈ ਕੀਤੀ ਹੈ।

**ਪੁਰਾਣੀਆਂ ਸਮਾਜਿਕ ਰਸਮਾਂ ਦੀ ਨਿਖੇਧੀ** : ਗੁਰੂ ਅਮਰ ਦਾਸ ਇਕ ਮਹਾਨ-ਸੁਧਾਰਕ ਸਨ ਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਜੇਕਰ ਸਿੱਖਾਂ ਦਾ ਇਕ ਤੰਦਰੁਸਤ ਤੇ ਠੀਕ ਨਜ਼ਰੀਏ ਵਾਲਾ ਅਲੱਗ ਪੰਥ ਬਣਾਉਣਾ ਹੈ ਤਾਂ ਉਨ੍ਹਾਂ ਕੋਲ ਜ਼ਰੂਰ ਹੀ ਇਕ ਤੰਦਰੁਸਤ ਸਮਾਜਿਕ ਢਾਂਚਾ ਹੋਣਾ ਚਾਹੀਦਾ ਹੈ। ਉਸ ਸਮੇਂ ਮੌਜੂਦ ਸਮਾਜਿਕ ਵਿਸ਼ਵਾਸ ਤੇ ਰਸਮਾਂ ਆਪਣਾ ਮੌਲਿਕ ਮੁੱਲ ਖ਼ਤਮ ਕਰ ਚੁੱਕੇ ਸਨ ਤੇ ਉਨ੍ਹਾਂ ਦੀ ਉਪਯੋਗਤਾ ਖ਼ਤਮ ਹੋ ਚੁੱਕੀ ਸੀ। ਇਕ ਨਵੀਆਂ ਸਮਾਜਿਕ ਰੀਤਾਂ ਬਣਾਉਣ ਦੀ ਲੋੜ ਸੀ।

**ਛੂਤ-ਛਾਤ ਤੇ ਜਾਤ ਪਾਤ ਦਾ ਖੰਡਨ** : ਛੂਤ ਛਾਤ ਦੀ ਬੁਰਾਈ ਨੇ ਸਾਰੇ ਸਮਾਜ ਨੂੰ ਗ੍ਰਸਿਆ ਹੋਇਆ ਸੀ। ਉੱਚੀਆਂ ਜਾਤਾਂ ਦੇ ਲੋਕ ਛੋਟੀਆਂ ਜਾਤੀਆਂ ਦੇ ਲੋਕਾਂ ਨਾਲ ਛੂਹ

ਜਾਣਾ ਵੀ ਪਾਪ ਸਮਝਦੇ ਸਨ। ਇਸ ਪ੍ਰਥਾ ਨੇ ਲੋਕਾਂ ਨੂੰ ਹੱਕ ਰੱਖਣ ਵਾਲੀ ਤੇ ਹੱਕ ਰਹਿਤ ਦੋ ਜਮਾਤਾਂ ਵਿਚ ਵੰਡ ਦਿੱਤਾ। ਇਸ ਬਿਮਾਰੀ ਦੇ ਇਲਾਜ ਲਈ ਗੁਰੂ ਅਮਰਦਾਸ ਜੀ ਨੇ ਇਹ ਨੁਸਖਾ ਤਜਵੀਜ਼ ਕੀਤਾ ਕਿ ਜੋ ਵੀ ਕੋਈ ਗੁਰੂ ਦੇ ਦਰਸ਼ਨ ਕਰਨਾ ਚਾਹੁੰਦਾ ਹੈ ਉਹ ਪਹਿਲਾਂ ਲੰਗਰ ਵਿਚੋਂ ਪੰਗਤ ਵਿਚ ਬੈਠ ਕੇ ਭੋਜਨ ਖਾਵੇ ਜਿੱਥੇ ਕਿ ਸਾਰੀਆਂ ਜਾਤਾਂ ਦੇ ਲੋਕ ਬੈਠ ਕੇ ਖਾਂਦੇ ਸਨ। ਇਸ ਤਰ੍ਹਾਂ ਨਾਲ ਸਿੱਖਾਂ ਵਿਚ ਜਾਤ-ਪਾਤ ਅਤੇ ਛੂਤ-ਛਾਤ ਦੀ ਭਾਵਨਾ ਜਾਂਦੀ ਰਹੀ। ਆਪਣੀ ਬਾਣੀ ਵਿਚ ਹੀ ਗੁਰੂ ਸਾਹਿਬ ਨੇ ਬਾਰ-ਬਾਰ ਛੂਤ-ਛਾਤ ਦਾ ਖੰਡਨ ਕੀਤਾ ਤੇ ਮਨੁੱਖਤਾ ਦੀ ਏਕਤਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਕਿਹਾ ਕਿ ਜਾਤਾਂ ਮਨੁੱਖ ਦੀਆਂ ਬਣਾਈਆਂ ਹੋਈਆਂ ਹਨ, ਇਸ ਲਈ ਇਨ੍ਹਾਂ ਨੂੰ ਬਿਲਕੁਲ ਛੱਡ ਦੇਣਾ ਚਾਹੀਦਾ ਹੈ।

**ਜਨਮ ਅਤੇ ਮੌਤ ਸਮੇਂ ਲਈ ਨਵੀਆਂ ਰਸਮਾਂ** : ਗੁਰੂ ਅਮਰ ਦਾਸ ਨੇ ਆਪਣੇ ਸਿੱਖਾਂ ਨੂੰ ਜਨਮ ਅਤੇ ਮਰਨ ਦੀਆਂ ਰਸਮਾਂ ਹਿੰਦੂਆਂ ਨਾਲੋਂ ਅਲੱਗ ਢੰਗ ਨਾਲ ਕਰਨ ਦਾ ਹੁਕਮ ਦਿੱਤਾ। ਸਭ ਅਜਿਹੇ ਸਮਾਜਿਕ ਕਾਰਜਾਂ ਦੇ ਮੌਕਿਆਂ ਤੇ ਉਹ ਗੁਰੂ ਦੀ ਬਾਣੀ ਦਾ ਪਾਠ ਕਰਿਆ ਕਰਨ। ਉਨ੍ਹਾਂ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਮੌਤ ਦੇ ਅਵਸਰ ਤੇ ਨਾ ਉਨ੍ਹਾਂ ਨੂੰ ਪੰਡਿਤ ਨੂੰ ਬੁਲਾਉਣ ਦੀ ਲੋੜ ਹੈ ਤੇ ਨਾ ਹੀ ਗਰੁੜ ਪੁਰਾਣ ਦਾ ਪਾਠ ਕਰਵਾਉਣਾ ਚਾਹੀਦਾ ਹੈ। ਗੁਰੂ ਜੀ ਪੋਤਰਾ ਪੈਦਾ ਹੋਣ ਤੇ ਉਨ੍ਹਾਂ ਨੇ 'ਅਨੰਦ ਸਾਹਿਬ' ਦੀ ਰਚਨਾ ਕੀਤੀ ਜਿਸ ਦਾ ਅਰਥ ਖੁਸ਼ੀ ਦਾ ਗੀਤ ਤੇ ਸਭ ਖੁਸ਼ੀਆਂ ਦੇ ਮੌਕਿਆਂ 'ਤੇ ਆਨੰਦ ਸਾਹਿਬ' ਦਾ ਪਾਠ ਕੀਤਾ ਜਾਣ ਲੱਗਾ।

**ਪਰਦਾ ਤੇ ਸਤੀ ਪ੍ਰਥਾ ਤੇ ਪਾਬੰਦੀ** : ਗੁਰੂ ਅਮਰ ਦਾਸ ਜੀ ਨੇ ਆਪਣੇ ਸਿੱਖਾਂ ਨੂੰ ਸਤੀ ਦੀ ਰਸਮ ਤੋਂ ਰੋਕ ਦਿੱਤਾ। ਸਤੀ ਦਾ ਅਰਥ ਹੈ ਕਿ ਵਿਧਵਾ ਔਰਤ ਦਾ ਆਪਣੇ ਪਤੀ ਦੀ ਚਿਤਾ ਵਿਚ ਜਿਉਂਦਿਆਂ ਸੜ ਕੇ ਮਰ ਜਾਣਾ। ਭਾਵੇਂ ਇਹ ਜ਼ਾਲਿਮ ਪ੍ਰਥਾ ਪੂਰੀ ਤਰ੍ਹਾਂ ਤਾਂ ਬੰਦ ਨਾ ਹੋ ਸਕੀ, ਪਰ ਬਾਰ-ਬਾਰ ਪ੍ਰਚਾਰ ਕਰਨ ਤੇ ਗੁਰੂ ਜੀ ਇਸ ਪ੍ਰਥਾ ਨੂੰ ਘੱਟੋ-ਘੱਟ ਆਪਣੇ ਸਿੱਖਾਂ ਵਿਚ ਤਾਂ ਬੰਦ ਕਰਵਾ ਹੀ ਸਕੇ। ਸੀ. ਐਚ. ਪੇਨ ਅਨੁਸਾਰ, ''ਗੁਰੂ ਅਮਰਦਾਸ ਜੀ ਨੂੰ ਸਭ ਤੋਂ ਵੱਧ ਯਾਦ, ਉਨ੍ਹਾਂ ਦੇ ਸਤੀ ਪ੍ਰਥਾ ਦੇ ਵਿਰੁੱਧ ਜ਼ਬਰਦਸਤ ਸੰਘਰਸ਼ ਕਾਰਨ ਹੀ ਕੀਤਾ ਜਾਂਦਾ ਹੈ।'' ਗੁਰੂ ਸਾਹਿਬ ਨੇ ਪਰਦਾ ਕਰਨ (ਕਪੜੇ ਨਾਲ ਔਰਤ ਵਲੋਂ ਮੂੰਹ ਨੂੰ ਢਕਿਆ ਜਾਣਾ) ਦੀ ਬਿਲਕੁਲ ਮਨਾਹੀ ਕਰ ਦਿੱਤੀ।

**ਸ਼ਰਾਬ ਤੇ ਨਸ਼ਿਆਂ ਦੀ ਮਨਾਹੀ** : ਹੇਠ ਲਿਖਿਆ ਸ਼ਬਦ ਇਹ ਹੁਕਮ ਦਿੰਦਾ ਜਾਪਦਾ ਹੈ ਕਿ ਸ਼ਰਾਬ ਨਾ ਪੀਓ :

ਮਾਣਸੁ ਭਰਿਆ ਆਣਿਆ, ਮਾਣਸੁ ਭਰਿਆ ਆਇ।।
ਜਿਤੁ ਪੀਤੇ ਮਤਿ ਦੂਰਿ ਹੋਇ ਬਰਲੁ ਪੀਵੈ ਵਿਚਿ ਆਇ।।
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ।।
ਜਿਤੁ ਪੀਤੈ ਖਸਮੁ ਵਿਸਰੇ ਦਰਗਹ ਮਿਲੈ ਸਜਾਇ।।
ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ।।

(ਪੰਨਾ 554)

ਇਸ ਤਰ੍ਹਾਂ ਗੁਰੂ ਅਮਰ ਦਾਸ ਨੇ ਉਪਰੋਕਤ ਸਮਾਜਿਕ ਸੁਧਾਰ ਕੀਤੇ। ਇੰਦੂ ਭੂਸ਼ਣ ਬੈਨਰਜੀ ਅਨੁਸਾਰ, ਵਿਆਹ ਅਤੇ ਜੰਮਣ ਵਰਗੀਆਂ ਮਹੱਤਵਪੂਰਣ ਰਸਮਾਂ ਵਿਚ ਤਬਦੀਲੀ ਕਰਨ ਨਾਲ ਪੁਜਾਰੀਆਂ ਦੇ ਪ੍ਰਭਾਵ ਦੀਆਂ ਲਗਭਗ ਜੜ੍ਹਾਂ ਹੀ ਹਿੱਲ ਗਈਆਂ। ਭਾਵੇਂ ਅਜਿਹੇ

ਮਾਮਲਿਆਂ ਵਿਚ ਲੰਬੇ ਸਮੇਂ ਤੋਂ ਚਲੀਆਂ ਆ ਰਹੀਆਂ ਇਨ੍ਹਾਂ ਰਸਮਾਂ ਨੂੰ ਤੋੜਨਾ ਕੋਈ ਸੌਖਾ ਕੰਮ ਨਹੀਂ ਸੀ, ਪਰ ਫਿਰ ਵੀ ਇਸ ਦਾ ਅਸਰ ਪ੍ਰਤੱਖ ਰੂਪ ਵਿਚ ਹੋਇਆ। ਭਾਵੇਂ ਇਸ ਦੀ ਚਾਲ ਥੋੜ੍ਹੀ ਮੱਠੀ (ਮੱਧਮ) ਸੀ ਪਰ ਇਕ ਅਜਿਹਾ ਸਿਲਸਿਲਾ ਆਰੰਭ ਹੋ ਗਿਆ ਜਿਸ ਨਾਲ ਸਿੱਖ ਹਿੰਦੂ ਧਰਮ ਤੋਂ ਵੱਖ ਹੁੰਦੇ ਚਲੇ ਗਏ ਤੇ ਇਕ ਵੱਖਰਾ ਪੰਥ ਸਮਝੇ ਜਾਣ ਲੱਗੇ।

### 1.3.4 ਸੰਗਤ ਅਤੇ ਖਾਲਸਾ

**ਸੰਗਤ** : "ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹਹਿ ਰਾਈ।" ਭਾਈ ਗੁਰਦਾਸ ਜੀ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਸੰਗਤ ਦੇ ਮਹੱਤਵ ਨੂੰ ਉਜਾਗਰ ਕਰਨ ਦੀ ਪ੍ਰੋੜਤਾ ਕਰਦੇ ਹਨ। ਇਸ ਦਾ ਭਾਵ ਇਹ ਹੈ ਕਿ ਸੰਗਤ ਤੇ ਮਹੱਤਵ ਨੂੰ ਸਿੱਖ ਧਰਮ ਵਿਚ ਇਕ ਵਿਸ਼ੇਸ਼ ਸਥਾਨ ਪ੍ਰਾਪਤ ਹੈ ਜਿਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਅਤੇ ਬਾਕੀ ਗੁਰੂ ਸਾਹਿਬਾਨ ਨੇ ਵੀ ਇਸ ਨੀਂਹ ਨੂੰ ਪੱਕਾ ਅਤੇ ਮਜ਼ਬੂਤ ਕਰਨ ਵਿਚ ਆਪਣਾ ਯੋਗਦਾਨ ਪਾਇਆ। ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਸੰਗਤ ਦੇ ਮਹੱਤਵ ਨੂੰ ਦਰਸਾਉਣ ਦੀ ਗੁਰੂ ਸਾਹਿਬ ਨੂੰ ਕਿਉਂ ਲੋੜ ਪਈ।

1. **ਵਿਚਿ ਸੰਗਤਿ ਹਰਿ ਪ੍ਰਭ ਵਸੈ ਜੀਉ** : ਸਮਾਜ ਵਿਚ ਹਰ ਇਕ ਵਿਅਕਤੀ ਕਿਸੇ ਨਾ ਕਿਸੇ ਸੰਗਤ ਦਾ ਹਾਣੀ ਜ਼ਰੂਰ ਹੁੰਦਾ ਹੈ ਅਤੇ ਇਹ ਜ਼ਰੂਰੀ ਨਹੀਂ ਕਿ ਹਰ ਇਕ ਵਿਅਕਤੀ ਦੀ ਸੰਗਤ ਚੰਗੀ ਹੀ ਹੋਵੇ। ਕਈ ਵਾਰੀ ਵਿਅਕਤੀ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਮਾੜੇ ਕੰਮ ਵੀ ਕਰਨ ਲੱਗ ਪੈਂਦਾ ਹੈ। ਕਹਿਣ ਦਾ ਭਾਵ ਇਹੀ ਹੈ ਕਿ ਜਿਹੋ ਜਿਹੀ ਵਿਅਕਤੀ ਦੀ ਸੰਗਤ ਹੋਵੇ ਗੀ ਉਸੇ ਤਰ੍ਹਾਂ ਦਾ ਹੀ ਵਿਅਕਤੀ ਦਾ ਵਿਅਕਤਿਤਵ ਉਜਾਗਰ ਹੋਵੇਗਾ। ਜਿਵੇਂ ਇਕ ਡਾਕੂ ਦੀ ਸੰਗਤ ਕਰਨ ਵਾਲਾ ਵਿਅਕਤੀ ਹਮੇ ਸ਼ਾਂ ਹੀ ਡਾਕੂਆਂ ਵਾਂਗ ਸੋਚੇਗਾ। ਇਕ ਚੋਰ ਦੀ ਸੰਗਤ ਕਰਨ ਵਾਲਾ ਹਮੇਸ਼ਾਂ ਚੋਰਾਂ ਵਾਂਗ ਹੀ ਸੋਚੇਗਾ ਅਤੇ ਇਕ ਭਲਾ ਪੁਰਸ਼ ਭਲੇ ਵਿਅਕਤੀਆਂ ਦੀ ਸੰਗਤ ਵਿਚ ਚੰਗਾ ਹੀ ਸੋਚੇਗਾ। ਇਸ ਲਈ ਗੁਰੂ ਸਾਹਿਬਾਨ ਨੇ ਚੰਗੇ ਅਤੇ ਸਾਧੂ ਸੁਭਾਅ ਸੰਤਾਂ, ਮਹਾਂਪੁਰਸ਼ਾਂ ਦੀ ਸੰਗਤ ਵਿਚ ਰਹਿਣ ਦਾ ਉਪਦੇਸ਼ ਦਿੱਤਾ ਹੈ ਕਿਉਂਕਿ ਜਿਥੇ ਵੀ ਭਲੇ ਅਤੇ ਸੰਤ ਪੁਰਸ਼ਾਂ ਦੀ ਸੰਗਤ ਹੁੰਦੀ ਹੈ ਉਥੇ ਹਮੇਸ਼ਾਂ ਪ੍ਰਭੂ ਆਪ ਹਾਜ਼ਰ ਹੁੰਦਾ ਹੈ।

2. **ਤਿਉ ਸਤ ਸੰਗਤਿ ਮਿਲਿ ਪਤਿਤ ਪਾਰਵਾਣੁ** : ਗੁਰੂ ਸਾਹਿਬ ਦੇ ਸਮੇਂ ਹਿੰਦੂ ਸਮਾਜ ਚਾਰ ਵਰਣਾਂ (ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਵਿਚ ਵੰਡਿਆ ਹੋਇਆ ਸੀ। ਹਰ ਇਕ ਵਰਣ ਦਾ ਆਪਣਾ ਆਪਣਾ ਕੰਮ ਨਿਰਧਾਰਤ ਸੀ। ਕਿਸੇ ਇਕ ਵਰਣ ਦਾ ਜੰਮਪਾਲ ਦੂਜੇ ਵਰਣ ਵਿਚ ਪ੍ਰਵੇਸ਼ ਨਹੀਂ ਸੀ ਕਰ ਸਕਦਾ ਅਤੇ ਹੇਠਲੇ ਵਰਣਾਂ ਵਿਚ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ। ਸਾਰਾ ਸਮਾਜ ਆਪੋ ਆਪਣੇ ਬੰਧਨਾਂ ਵਿਚ ਬੱਝਾ ਹੋਇਆ ਸੀ ਅਤੇ ਇਸ ਬੰਧਨ ਨੂੰ ਪਾਰ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਜੇ ਇੰਝ ਕਹਿ ਲਿਆ ਜਾਵੇ ਕਿ ਸਾਰੇ ਵਰਣਾਂ ਨੂੰ ਤਾਲਿਆਂ ਵਿਚ ਬੰਦ ਕੀਤਾ ਹੋਇਆ ਸੀ ਅਤੇ ਕੋਈ ਵੀ ਵਿਅਕਤੀ ਇਸ ਤਾਲੇ ਨੂੰ ਖੋਲ੍ਹਣ ਦੀ ਹਿੰਮਤ ਨਹੀਂ ਸੀ ਕਰ ਸਕਦਾ ਤਾਂ ਇਹ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਇਸੇ ਤਰ੍ਹਾਂ ਮੁਸਲਿਮ ਸਮਾਜ ਵਿਚ ਵੀ ਦੋ ਪ੍ਰਮੁੱਖ ਫਿਰਕੇ ਹੋਂਦ ਵਿਚ ਆ ਗਏ ਸਨ ਜਿਨ੍ਹਾਂ ਨੂੰ ਸ਼ੀਆ ਅਤੇ ਸੁੰਨੀ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਜਦੋਂ ਗੁਰੂ ਸਾਹਿਬ ਨੇ ਇਹ ਸਾਰਾ ਕੁਝ ਵੇਖਿਆ ਤਾਂ ਉਨ੍ਹਾਂ ਨੇ ਅਜਿਹੇ ਸਮਾਜ ਦੀ ਸਿਰਜਨਾ ਉਤੇ ਜ਼ੋਰ ਦਿੱਤਾ ਜਿਹੜਾ ਉਚ-ਨੀਚ ਦੀ ਫੋਕੀ ਹਉਮੈ ਤੋਂ ਸੁਤੰਤਰ ਹੋਵੇ। ਜਿਥੇ ਸਾਰੇ ਫਿਰਕਿਆਂ ਦੇ ਲੋਕ ਇਕੱਠੇ ਮਿਲ ਕੇ ਬੈਠ ਸਕਣ ਅਤੇ ਪਰਮਾਤਮਾ ਦੀ ਬੰਦਗੀ ਕਰ ਸਕਣ ਜਿਥੇ ਜਨਮ ਅਤੇ ਫਿਰਕੇ ਕਰਕੇ ਕਿਸੇ ਨੂੰ ਪਤਿਤ ਨਾ ਕਿਹਾ ਜਾਵੇ। ਅਜਿਹੇ ਸਮਾਜ ਦੀ ਸਿਰਜਣਾ ਦਾ ਆਰੰਭ ਸਿੱਖ ਸੰਗਤਾਂ ਤੋਂ ਸ਼ੁਰੂ ਕੀਤਾ ਗਿਆ ਜਿਥੇ ਸਭ ਧਰਮਾਂ ਅਤੇ ਫਿਰਕਿਆਂ ਦੇ ਲੋਕ ਬਿਨਾਂ ਭੇਦ ਭਾਵ ਅਤੇ ਉਚ-ਨੀਚ ਤੋਂ ਇਕੱਠੇ ਮਿਲ ਕੇ ਬੈਠਣ ਲੱਗੇ ਅਤੇ ਨਵੇਂ ਯੁੱਗ ਦਾ ਆਰੰਭ ਹੋਇਆ।

3. **ਸਾਧ ਸੰਗਤਿ ਮਿਲਿ ਬੁਧਿ ਬਿਬੇਕ** : ਮਨੁੱਖੀ ਮਨ ਵਿਚ ਜਿਹੋ ਜਿਹੀਆਂ ਬਿਰਤੀਆਂ ਜਨਮ ਲੈਂਦੀਆਂ ਹਨ ਉਹੋ ਜਿਹਾ ਹੀ ਉਸਦਾ ਝੁਕਾਅ ਹੁੰਦਾ ਹੈ। ਇਸ ਤਰ੍ਹਾਂ ਜਦੋਂ ਵਿਅਕਤੀ ਦੇ ਮਨ ਵਿਚ ਪਦਾਰਥਕ ਪ੍ਰਵਿਰਤੀਆਂ ਭਾਰੂ ਹੋ ਜਾਂਦੀਆਂ ਹਨ ਤਾਂ ਵਿਅਕਤੀ ਹਮੇਸ਼ਾਂ ਉਨ੍ਹਾਂ ਚੀਜ਼ਾਂ ਬਾਰੇ ਹੀ ਸੋਚਦਾ ਹੈ ਅਤੇ ਇਸ ਤਰ੍ਹਾਂ ਵਿਅਕਤੀ ਅਧਿਆਤਮਕਤਾ ਦੇ ਰਾਹ ਨੂੰ ਛੱਡਦਾ ਜਾਂਦਾ ਹੈ। ਜਦੋਂ ਵਿਅਕਤੀ ਕੇਵਲ ਪਦਾਰਥਕ ਚੀਜ਼ਾਂ ਬਾਰੇ ਸੋਚੇਗਾ ਅਤੇ ਉਨ੍ਹਾਂ ਪਿੱਛੇ ਹੀ ਲੱਗਾ ਰਹੇਗਾ ਤਾਂ ਇਨ੍ਹਾਂ ਦੀ ਪੂਰਤੀ ਨਾ

ਹੋਣ ਦੀ ਸੂਰਤ ਵਿਚ ਵਿਅਕਤੀ ਦੁਖੀ ਹੁੰਦਾ ਰਹੇਗਾ। ਮਹਾਤਮਾ ਬੁੱਧ ਨੇ ਇਛਾਵਾਂ ਨੂੰ ਹੀ ਵਿਅਕਤੀ ਦੇ ਦੁੱਖਾਂ ਦਾ ਕਾਰਣ ਮੰਨਿਆ ਹੈ। ਅਗਿਆਨਤਾ-ਵੱਸ ਵਿਅਕਤੀ ਉਨ੍ਹਾਂ ਨੂੰ ਹੀ ਜੀਵਨ ਦਾ ਉਦੇਸ਼ ਮੰਨ ਲੈਂਦਾ ਹੈ ਜੋ ਕਿ ਜੀਵਨ ਵਿਚ ਇਕ ਸਾਧਨ ਮਾਤਰ ਵਜੋਂ ਲਿਆਂਦੀਆਂ ਜਾਣੀਆਂ ਚਾਹੀਦੀਆਂ ਹਨ। ਇਸ ਅਗਿਆਨਤਾ ਦਾ ਹਨੇਰਾ ਵਿਅਕਤੀ ਨੂੰ ਉਦੇਸ਼ ਅਤੇ ਸਾਧਨ ਵਿਚ ਫਰਕ ਪਤਾ ਲੱਗਣ ਤੇ ਹੀ ਦੂਰ ਹੋ ਸਕਦਾ ਹੈ। ਸੰਗਤ ਵਿਚ ਆ ਕੇ ਵਿਅਕਤੀ ਨੂੰ ਆਪਣੀ ਅਗਿਆਨਤਾ ਦਾ ਅਹਿਸਾਸ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਉਸ ਅੰਦਰ ਗਿਆਨ ਅਤੇ ਬੁੱਧ ਦਾ ਪ੍ਰਕਾਸ਼ ਹੋ ਜਾਂਦਾ ਹੈ, ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਸਾਧ ਸੰਗਤ ਦਾ ਨੈਤਿਕ ਪੱਖ ਉਜਾਗਰ ਹੋ ਜਾਂਦਾ ਹੈ ਕਿ "ਕਾਮ ਕ੍ਰੋਧ ਲੋਭ ਮਦ ਖੋਏ। ਸਾਧ ਕੈ ਸੰਗਿ ਕਿਲਬਿਖ ਸਭ ਧੋਏ।"

4. **ਸਤ ਸੰਗਤਿ ਸਤਿਗੁਰ ਚਟਸਾਲ ਹੈ** : ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਦੂਰ ਦੁਰਾਡੇ ਸੰਗਤਾਂ ਦੀ ਸਥਾਪਨਾ ਕੀਤੀ ਅਤੇ ਕਰਤਾਰਪੁਰ ਵਿਖੇ ਨਿਯਮਬੱਧ ਰੂਪ ਵਿਚ ਸੰਗਤ ਦੀ ਪ੍ਰਥਾ ਚੱਲੀ। ਗੁਰੂ ਸਾਹਿਬ ਸੰਗਤ ਦੀ ਸਥਾਪਨਾ ਉਤੇ ਇਸ ਕਰਕੇ ਜ਼ੋਰ ਦਿੱਤਾ ਤਾਂ ਕਿ ਸੰਗਤ ਵਿਚ ਆਉਣ ਵਾਲਾ ਇਕ ਜਨ-ਸਾਧਾਰਣ ਇਸ ਤੋਂ ਲਾਭ ਉਠਾ ਸਕੇ । ਸੰਗਤ ਦੀ ਇਸ ਸਥਾਪਤ ਪ੍ਰਥਾ ਨੇ ਸਿੱਖ ਧਰਮ ਵਿਚ ਇਕ ਵਰਕਸ਼ਾਪ ਵਾਂਗ ਕੰਮ ਕੀਤਾ ਅਤੇ ਇਥੇ ਆਉਣ ਵਾਲੇ ਹਰ ਇਕ ਆਮ ਅਤੇ ਖਾਸ ਨੂੰ ਸਰਬੱਤ ਦੇ ਭਲੇ ਦਾ ਉਪਦੇਸ਼ ਦਿੱਤਾ ਜਾਂਦਾ। ਵਿਅਕਤੀ ਜ਼ਿੰਦਗੀ ਦੇ ਕਿਸੇ ਮੋੜ ਤੇ ਆ ਕੇ ਵੀ ਇਸ ਸੰਗਤ ਨੂੰ ਇਕ ਆਮ ਵਿਅਕਤੀ ਵਾਂਗ ਗ੍ਰਹਿਣ ਕਰ ਸਕਦਾ ਸੀ ਅਤੇ ਇਸ ਤੋਂ ਲਾਭ ਉਠਾ ਸਕਦਾ ਸੀ। ਕਿਉਂਕਿ ਇਕ ਵਿਅਕਤੀ ਇਕੱਲੇ ਤੌਰ ਤੇ ਆਪਣੀ ਪੂਰੀ ਜ਼ਿੰਦਗੀ ਵਿਚ ਨਾ ਤਾਂ ਸਾਰੇ ਚੰਗੇ ਕੰਮ ਕਰ ਸਕਦਾ ਹੈ ਅਤੇ ਨਾ ਹੀ ਮਾੜੇ ਇਸ ਗੱਲ ਦਾ ਕਿਸੇ ਨੂੰ ਪਤਾ ਨਹੀਂ ਲੱਗ ਸਕਦਾ ਕਿ ਕਦੋਂ ਕਿਹੜਾ ਵਿਅਕਤੀ ਮਾੜੇ ਅਤੇ ਗਲਤ ਕੰਮ ਕਰਦਾ ਕਰਦਾ ਇਕ ਦਮ ਚੰਗੇ ਕੰਮ ਕਰਨ ਵੱਲ ਪ੍ਰੇਰਿਤ ਹੋ ਸਕਦਾ ਹੈ ਅਤੇ ਉਹ ਆਪਣੇ ਮਾੜੇ ਕੰਮਾਂ ਦਾ ਪਸ਼ਚਾਤਾਪ ਕਰਨ ਦੀ ਕੋਸ਼ਿਸ਼ ਵੱਲ ਲਗ ਜਾਂਦਾ ਹੈ। ਗੁਰੂ ਸਾਹਿਬਾਨ ਨੇ ਸੰਗਤ ਦੀ ਸਥਾਪਨਾ ਵੀ ਸ਼ਾਇਦ ਇਸੇ ਉਦੇਸ਼ ਨਾਲ ਕੀਤੀ ਹੋਵੇਗੀ ਕਿ ਵਿਅਕਤੀ ਸੰਗਤ ਵਿਚ ਆ ਕੇ ਚੰਗੇ ਅਤੇ ਲੋਕ ਭਲਾਈ ਦੇ ਕੰਮ ਕਰਨ ਵੱਲ ਪ੍ਰੇਰਿਤ ਹੋ ਸਕੇ ਅਤੇ ਇਸੇ ਪਾਸੇ ਵੱਲ ਹਮੇਸ਼ਾਂ ਰੁਚਿਤ ਰਹੇ ਕਿਉਂਕਿ ਇਕ ਵਿਅਕਤੀ ਜਿਹੜਾ ਕੰਮ ਇਕੱਲੇ ਤੌਰ ਤੇ ਨਹੀਂ ਕਰ ਸਕਦਾ ਉਹ ਕੰਮ ਸੰਗਤ ਰੂਪ ਵਿਚ ਹਮੇਸ਼ਾਂ ਹੀ ਸੰਭਵ ਹੁੰਦਾ ਹੈ।

5. **ਊਤਮ ਸੰਗਤਿ ਊਤਮ ਹੋਵੈ** : ਸੰਸਾਰ ਵਿਚ ਵਿਅਕਤੀ ਬਹੁਤ ਸਾਰੇ ਕੰਮ ਸਵਾਰਥ ਅਤੇ ਨਿਜੀ ਹਿਤਾਂ ਦੇ ਨਜ਼ਰੀਏ ਨੂੰ ਸਾਹਮਣੇ ਰੱਖ ਕੇ ਕਰਦਾ ਹੈ ਅਤੇ ਅਜਿਹੇ ਕੰਮ ਲਈ ਕਈ ਵਾਰੀ ਉਹ ਅਜਿਹੇ ਗਲਤ ਢੰਗ ਤਰੀਕੇ ਇਸਤੇਮਾਲ ਕਰਦਾ ਹੈ ਕਿ ਲੋਕ ਉਸ ਨੂੰ ਮਨਮੁਖ ਜਾਂ ਔਗੁਣ ਭਰਪੂਰ ਵਿਅਕਤੀ ਸਮਝਣ ਲਗ ਪੈਂਦੇ ਹਨ। ਇਥੇ ਵਿਅਕਤੀ ਇਕੱਲਾ ਹੀ ਜ਼ਿੰਮੇਵਾਰ ਨਹੀਂ ਹੁੰਦਾ ਕਿਉਂਕਿ ਬਚਪਨ ਵਿਚ ਉਸ ਨੂੰ ਇਹੀ ਕੁਝ ਸਿਖਾਇਆ ਜਾਂਦਾ ਹੈ ਜਾਂ ਬਚਪਨ ਤੋਂ ਉਸ ਨੇ ਸਮਾਜ ਵਿਚ ਅਜਿਹੇ ਲੋਕਾਂ ਦੀ ਸੰਗਤ ਕੀਤੀ ਹੁੰਦੀ ਹੈ ਜੋ ਛੋਟੇ ਛੋਟੇ ਸਵਾਰਥਾਂ ਹਿਤ ਦੂਜੇ ਵਿਅਕਤੀ ਦਾ ਵੱਡੇ ਤੋਂ ਵੱਡਾ ਨੁਕਸਾਨ ਕਰਨ ਵਿਚ ਕਦੇ ਵੀ ਨਹੀਂ ਹਿਕਚਾਉਂਦੇ। ਇਸ ਗੱਲ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ ਜਿਵੇਂ ਇਕ ਵਿਅਕਤੀ ਆਪਣੇ ਇਕ ਇਕ ਪੈਸੇ ਦੇ ਮੁਨਾਫੇ ਖਾਤਰ ਦੂਜੇ ਵਿਅਕਤੀ ਦੇ ਇਕ ਰੁਪਏ ਦਾ ਨੁਕਸਾਨ ਕਰ ਦਿੰਦਾ ਹੈ। ਇਹ ਸਾਰਾ ਕੁਝ ਵਿਅਕਤੀ ਆਪਣੇ ਸਮਾਜ, ਆਲੇ-ਦੁਆਲੇ ਅਤੇ ਦੋਸਤਾਂ-ਮਿੱਤਰਾਂ ਤੋਂ ਜਲਦੀ ਸਿੱਖਦਾ ਹੈ। ਇਥੇ ਵਿਅਕਤੀ ਕੇਵਲ ਇਕੋ ਗੱਲ ਹੀ ਸਿੱਖਦਾ ਹੈ ਕਿ ਕਿਵੇਂ ਪਦਾਰਥਵਾਦੀ ਦੁਨੀਆਂ ਵਿਚ ਆਪਣਾ ਆਪ ਬਚਾ ਕੇ ਦੂਜਿਆਂ ਤੋਂ ਅੱਗੇ ਲੰਘਣਾ ਹੈ। ਅਜਿਹੇ ਸਮੇਂ ਵਿਅਕਤੀ ਕੇਵਲ ਆਪਣੇ ਆਪ ਨਾਲ ਸੰਬੰਧਤ ਹੁੰਦਾ ਹੈ। ਪਰ ਜਦੋਂ ਵਿਅਕਤੀ ਅਜਿਹੇ ਮਾਹੌਲ ਤੋਂ ਦੂਰ ਅਜਿਹੇ ਵਿਅਕਤੀਆਂ ਦੀ ਸੰਗਤ ਵਿਚ ਹੁੰਦਾ ਹੈ ਜਿਥੇ ਉਸ ਨੂੰ ਆਪਣਾ ਨਿਜ ਅਤੇ ਸਵਾਰਥ ਦੂਜਿਆਂ ਤੋਂ ਕੁਰਬਾਨ ਕਰਨ ਦੀ ਪ੍ਰੇਰਣਾ ਮਿਲਦੀ ਹੋਵੇ ਤਾਂ ਨਿਰਸੰਦੇਹ ਵਿਅਕਤੀ ਉਪਰ ਇਨ੍ਹਾਂ ਗੱਲਾਂ ਦਾ ਪ੍ਰਭਾਵ ਜ਼ਰੂਰ ਪਵੇਗਾ। ਇਸ ਲਈ ਸਿੱਖ ਗੁਰੂ ਸਹਿਬਾਨ ਦੇ ਲੋਕਾਂ ਨੂੰ ਹਮੇਸ਼ਾਂ ਸੱਚੇ-ਸੁੱਚੇ ਵਿਅਕਤੀਆਂ ਨਾਲ ਰਹਿਣ ਦਾ ਉਪਦੇਸ਼ ਦਿਤਾ ਹੈ ਜਿਨ੍ਹਾਂ ਦੀ ਸੰਗਤ ਵਿਚ ਵਿਅਕਤੀ ਦੇ ਅਵਗੁਣ ਸ੍ਰੇਸ਼ਟ ਗੁਣਾਂ ਵਿਚ ਬਦਲ ਜਾਂਦੇ ਹਨ। ਇਹ ਇਕ ਇਸ ਤਰ੍ਹਾਂ ਦਾ ਚਮਤਕਾਰ ਹੈ ਜਿਵੇਂ ਲੋਹਾ ਪਾਰਸ ਨਾਲ ਰਹਿਣ ਅਤੇ ਇਥੋਂ ਤੱਕ ਛੂਹਣ ਨਾਲ ਹੀ ਸੋਨਾ ਬਣ ਜਾਂਦਾ ਹੈ। ਸੰਤ-ਮਹਾਂਪੁਰਸ਼ਾਂ ਦੀ ਸੰਗਤ ਹਮੇਸ਼ਾਂ ਇਹੀ ਸਿਖਾਉਂਦੀ ਹੈ ਕਿ ਸੋਨਾ ਬਣਨਾ ਕਿਵੇਂ ਹੈ।

6. **ਬਿਸਰਿ ਗਈ ਸਭ ਤਾਤਿ ਪਰਾਈ** : ਕੋਈ ਵੀ ਇਕ ਵਿਅਕਤੀ ਦੂਜੇ ਤੋਂ ਅੱਲਗ ਨਹੀਂ ਹੈ ਅਤੇ ਸਾਰੇ

ਵਿਅਕਤੀਆਂ ਦੇ ਸਹਿਯੋਗ ਨਾਲ ਹੀ ਮਾਨਵਤਾ ਦਾ ਅੰਸ਼ ਪ੍ਰਫੁੱਲਤ ਹੁੰਦਾ ਹੈ ਕਿਉਂਕਿ ਧਾਰਮਿਕ ਨਜ਼ਰੀਏ ਤੋਂ ਪਰਮਾਤਮਾ ਸਾਰੇ ਲੋਕਾਂ ਵਿਚ ਇਕ ਸਮਾਨ ਵਾਸ ਕਰਦਾ ਹੈ। ਇਸ ਲਈ ਦੁਨੀਆਂ ਦੇ ਸਾਰੇ ਵਿਅਕਤੀ ਇਕ ਪਰਿਵਾਰ ਦੇ ਹੀ ਮੈਂਬਰ ਹਨ ਅਤੇ ਇਸ ਪਰਿਵਾਰ ਦਾ ਮੁੱਖੀ ਸਰਵ-ਸ਼ਕਤੀਮਾਨ ਪਰਮਾਤਮਾ ਹੈ। ਸਿੱਖ ਧਰਮ ਵਿਚ ਇਸ ਗੱਲ ਦਾ ਪ੍ਰਚਾਰ ਬੜੇ ਜ਼ੋਰ ਸ਼ੋਰ ਨਾਲ ਹੋ ਰਿਹਾ ਹੈ ਕਿ ਇਹ ਪ੍ਰਚਾਰ ਕੇਵਲ ਗੁਰੂਆਂ ਦੁਆਰਾ ਦੱਸੇ ਹੋਏ ਰਸਤੇ ਅਧੀਨ ਹੀ ਹੈ ਜਿਨ੍ਹਾਂ ਨੇ ਪੂਰੇ ਸਮਾਜ ਵਿਚ ਸਾਂਝੀਵਾਲਤਾ ਅਤੇ ਸਮਾਨਤਾ ਦੀ ਭਾਵਨਾ ਉਜਾਗਰ ਕੀਤੀ। ਇਸ ਕਿਸਮ ਦੀ ਭਾਵਨਾ ਨੂੰ ਉਤਪੰਨ ਕਰਨਾ ਸਿੱਖਾਂ ਦੀ ਆਚਰਣਕ ਉਸਾਰੀ ਵੱਲ ਚੁਕਿਆ ਜਾਣ ਵਾਲਾ ਇਕ ਵੱਡਾ ਕਦਮ ਸੀ। ਇਸ ਕੰਮ ਵਿਚ ਸੰਗਤ ਨੇ ਬਹੁਤ ਵੱਡਾ ਯੋਗਦਾਨ ਪਾਇਆ ਜਿਥੇ ਆਮ ਵਿਅਕਤੀ ਵਿਚ ਬਿਨਾਂ ਭੇਦ ਭਾਵ ਤੋਂ ਲੰਗਰ ਪਕਾਉਣਾ, ਛਕਾਉਣਾ, ਜੋੜੇ ਝਾੜਨ, ਤੱਪੜ-ਝਾੜਨ, ਪੱਖਾ ਝੱਲਣ, ਕੀਰਤਨ ਕਰਨ, ਪ੍ਰਸਾਦਿ ਬਣਾਉਣ-ਵਰਤਾਉਣ ਅਤੇ ਸਰਬਸਾਂਝੀ ਅਰਦਾਸ ਕਰਨ ਦੀ ਭਾਵਨਾ ਉਤਪੰਨ ਕੀਤੀ ਗਈ। ਇਸ ਕਿਸਮ ਦੀ ਸੰਗਤ ਨੂੰ ਸਥਾਪਤ ਕਰਕੇ ਸਿੱਖ ਗੁਰੂ ਸਾਹਿਬਾਨ ਨੇ ਪੂਰੀ ਦੁਨੀਆਂ ਦੇ ਸਮਾਜ ਵਿਚ ਇਕ ਨਵੀਂ ਪ੍ਰਥਾ ਅਤੇ ਇਕ ਨਵੇਂ ਯੁਗ ਦਾ ਆਰੰਭ ਕੀਤਾ।

ਉਪਰੋਕਤ ਤੱਥਾਂ ਦੀ ਰੌਸ਼ਨੀ ਵਿਚ ਇਹ ਗੱਲ ਕਹੀ ਜਾ ਸਕਦੀ ਹੈ ਕਿ ਸਿੱਖ ਗੁਰੂ ਸਾਹਿਬਾਨ ਦੁਆਰਾ ਸੰਗਤ ਦੀ ਪ੍ਰਥਾ ਤੇ ਜ਼ੋਰ ਦੇਣ ਅਤੇ ਸੰਗਤ ਦੇ ਪੱਖ ਨੂੰ ਉਜਾਗਰ ਕਰਨ ਅਤੇ ਉਘਾੜਨ ਦਾ ਅਸਲ ਮਨੋਰਥ ਕੀ ਸੀ। ਸਿੱਖ ਗੁਰੂ ਸਾਹਿਬਾਨ ਨੇ ਵਿਅਕਤੀਗਤ ਭਲਾਈ ਅਤੇ ਮੁਕਤੀ ਦੀ ਥਾਂ ਲੋਕ ਭਲਾਈ ਅਤੇ ਸਮੂਹ ਲੋਕਾਂ ਦੀ ਮੁਕਤੀ ਦੀ ਗੱਲ ਕੀਤੀ। ਇਸ ਕੰਮ ਲਈ ਜੰਗਲਾਂ ਵਿਚ ਜਾਣ, ਤਪ ਕਰਨ, ਭੁੱਖੇ ਰਹਿਣ ਆਦਿ ਨੂੰ ਛੱਡ ਕੇ ਸੰਗਤ ਰਾਹੀਂ ਗ੍ਰਹਿਸਤ ਵਿਚ ਰਹਿੰਦੇ ਹੋਏ ਅਧਿਆਤਮਿਕ ਉਨਤੀ ਦੇ ਪੱਖ ਉਤੇ ਜ਼ੋਰ ਦਿੱਤਾ ਗਿਆ। ਜਿਸ ਰਾਹੀਂ ਵਿਅਕਤੀ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਂਦਾ ਹੋਇਆ ਆਪਣੀ ਅਰਧਾਂਗਣੀ ਦੇ ਮੋਢੇ ਨਾਲ ਮੋਢਾ ਜੋੜ ਕੇ ਪਰਮਪਦ ਨੂੰ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਸਿੱਖ ਗੁਰੂ ਸਾਹਿਬਾਨ ਨੇ ਸਮਾਜ ਦੀ ਬਹੁਪੱਖੀ ਉਸਾਰੀ ਵਿਚ ਬਿਨਾਂ ਕਿਸੇ ਲਿੰਗ ਭੇਦ ਹਰ ਇਕ ਵਿਅਕਤੀ ਵਿਸ਼ੇਸ਼ ਦੇ ਯੋਗਦਾਨ ਨੂੰ ਕਬੂਲਣ ਦਾ ਉਪਦੇਸ਼ ਦਿੱਤਾ। ਸਿੱਖ ਗੁਰੂ ਸਾਹਿਬਾਨ ਵੱਲੋਂ ਸੰਗਤ ਦੀ ਚਲਾਈ ਇਸ ਕਿਸਮ ਦੀ ਪ੍ਰਥਾ ਨੂੰ ਪੱਕੇ ਤੌਰ ਤੇ ਸਥਾਪਤ ਕਰਨ ਲਈ ਸਮੇਂ ਸਮੇਂ ਤੇ ਵਿਸ਼ੇਸ਼ ਕਦਮ ਚੁੱਕੇ ਗਏ।

1. **ਗੁਰ ਸੰਗਤਿ ਕੀਨੀ ਖਾਲਸਾ** : ਵੇਂਈ ਪ੍ਰਵੇਸ਼ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ 'ਧਰਤ ਲੋਕਾਈ' ਦੇ ਭਲੇ ਹਿਤ ਆਪਣੀਆਂ ਉਦਾਸੀਆਂ ਦਾ ਆਰੰਭ ਕੀਤਾ ਅਤੇ ਇਨ੍ਹਾਂ ਉਦਾਸੀਆਂ ਦੌਰਾਨ ਗੁਰੂ ਸਾਹਿਬ ਦੁਨੀਆਂ ਦੇ ਜਿਸ ਕੋਨੇ ਵਿਚ ਵੀ ਗਏ ਉਥੇ ਉਨ੍ਹਾਂ ਨੇ ਨਾ ਕੇਵਲ ਭਟਕੇ ਹੋਏ ਲੋਕਾਂ ਨੂੰ ਸਿੱਧੇ ਰਾਹ ਪਾਇਆ ਬਲਕਿ ਅਜਿਹੇ ਪ੍ਰਚਾਰ ਦੇ ਨਿਰੰਤਰ ਚਲਦੇ ਰਹਿਣ ਲਈ ਉਥੇ ਉਨ੍ਹਾਂ ਨੇ ਛੋਟੀਆਂ ਛੋਟੀਆਂ ਸੰਗਤਾਂ ਦੀ ਸਥਾਪਨਾ ਕਰਕੇ ਪ੍ਰਚਾਰਕਾਂ ਦੀ ਨਿਯੁਕਤੀ ਕੀਤੀ। ਸੰਗਤ ਦੀ ਇਸ ਪ੍ਰਥਾ ਨੂੰ ਹੋਰ ਮਜ਼ਬੂਤ ਕਰਨ ਲਈ ਤੀਜੇ ਗੁਰੂ, ਗੁਰੂ ਅਮਰਦਾਸ ਜੀ ਨੇ ਬਾਈ ਮੰਜੀਆਂ ਦੀ ਪ੍ਰਥਾ ਸ਼ੁਰੂ ਕੀਤੀ ਅਤੇ ਹਰ ਇਕ ਮੰਜੀਦਾਰ ਸਿੱਖ ਗੁਰੂਆਂ ਦੇ ਆਸ਼ੇ ਅਨੁਸਾਰ ਹੀ ਧਰਮ ਪ੍ਰਚਾਰ ਦੇ ਕੰਮ ਵਿਚ ਲਗ ਪਿਆ। ਇਨ੍ਹਾਂ ਮੰਜੀਦਾਰਾਂ ਨੇ ਸਿੱਖ ਸੰਗਤਾਂ ਦੀ ਪ੍ਰਥਾ ਨੂੰ ਮਜ਼ਬੂਤ ਕਰਨ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਅਤੇ ਸਿੱਖ ਸੰਗਤ ਨੂੰ ਲਗਾਤਾਰ ਕੇਂਦਰੀ ਧੁਰੇ ਨਾਲ ਜੋੜਨ ਦਾ ਕੰਮ ਵੀ ਕੀਤਾ। ਇਨ੍ਹਾਂ ਮੰਜੀਦਾਰਾਂ ਤੋਂ ਇਲਾਵਾ ਸਿੱਖ ਗੁਰੂ ਸਾਹਿਬਾਨ ਵੀ ਲਗਾਤਾਰ ਨਵੇਂ ਨਵੇਂ ਕੇਂਦਰ ਸਥਾਪਤ ਕਰ ਰਹੇ ਸਨ ਜਿਵੇ ਂ ਗੁਰੂ ਨਾਨਕ ਦੇਵ ਜੀ ਦੇ ਵੇਲੇ ਕਰਤਾਰਪੁਰ ਸੰਗਤ ਦਾ ਕੇਂਦਰੀ ਧੁਰਾ ਮੰਨਿਆ ਜਾਂਦਾ ਸੀ। ਗੁਰੂ ਅੰਗਦ ਦੇਵ ਜੀ ਵੇਲੇ ਖਡੂਰ ਸਾਹਿਬ ਅਤੇ ਗੁਰੂ ਅਮਰਦਾਸ ਜੀ ਨੇ ਸ੍ਰੀ ਗੋਇੰਦਵਾਲ ਸਾਹਿਬ ਨੂੰ ਸਿੱਖੀ ਦਾ ਕੇਂਦਰ ਬਣਾ ਕੇ ਪ੍ਰਚਾਰ ਦਾ ਕੰਮ ਅਰੰਭਿਆ। ਗੁਰੂ ਅਮਰਦਾਸ ਜੀ ਤੋਂ ਬਾਅਦ ਗੁਰੂ ਰਾਮ ਦਾਸ ਜੀ ਨੇ 'ਚੱਕ ਰਾਮਦਾਸਪੁਰਾ' ਦਾ ਵਿਕਾਸ ਅਰੰਭਿਆ ਜਿਥੇ ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰੱਖ ਕੇ ਸਿੱਖ ਧਰਮ ਅਤੇ ਸੰਗਤ ਦੇ ਵਿਕਾਸ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। ਇਥੇ ਹੀ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕਰਕੇ ਸਿੱਖ ਸੰਗਤ ਨੂੰ ਮੀਰੀ ਪੀਰੀ ਦੇ ਨਵੇਂ ਸੰਕਲਪ ਨਾਲ ਜੋੜਿਆ। ਇਥੋਂ ਹੀ ਸਿੱਖ ਸੰਗਤ ਵਿਚ ਸੰਤ-ਸਿਪਾਹੀ ਦੀ ਪ੍ਰਥਾ ਦਾ ਵੀ ਆਰੰਭ ਹੋ ਗਿਆ। ਗੁਰੂ ਹਰਿਗੋਬਿੰਦ ਸਾਹਿਬ ਦੇ ਅਖੀਰਲੇ ਸਮੇਂ ਤੱਕ ਸ੍ਰੀ ਕੀਰਤਪੁਰ ਸਾਹਿਬ ਵੀ ਆਬਾਦ ਹੋ ਗਿਆ ਸੀ ਜੋ ਕਿ ਗੁਰੂ ਹਰਿ ਰਾਏ ਅਤੇ ਗੁਰੂ ਹਰਕ੍ਰਿਸ਼ਨ ਦੇ ਸਮੇਂ ਦਾ ਕੇਂਦਰ ਬਣਿਆ ਰਿਹਾ। ਗੁਰੂ ਹਰਕ੍ਰਿਸ਼ਨ ਸਾਹਿਬ ਤੋਂ ਬਾਅਦ ਗੁਰੂ ਤੇਗ ਬਹਾਦਰ

ਸਾਹਿਬ ਨੇ ਅਸਾਮ ਤੱਕ ਯਾਤਰਾ ਕੀਤੀ ਅਤੇ ਇਸ ਰਾਹ ਉਤੇ ਸੰਗਤਾਂ ਦੀ ਸਥਾਪਨਾ ਵੀ ਹੁੰਦੀ ਗਈ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਹੋਣ ਤੇ ਸੰਗਤ ਦਾ ਇਕ ਧੁਰਾ ਉਥੇ ਵੀ ਸਥਾਪਤ ਹੋ ਗਿਆ। ਗੁਰੂ ਤੇਗ ਬਹਾਦਰ ਸਾਹਿਬ ਨੇ ਪੰਜਾਬ ਆ ਕੇ ਮਾਖੋਵਾਲ ਨੂੰ ਆਬਾਦ ਕਰਕੇ ਸਿੱਖ ਸੰਗਤ ਦੀ ਸਥਾਪਨਾ ਕੀਤੀ ਅਤੇ ਇਥੋਂ ਹੀ ਉਹ ਦਿੱਲੀ ਵਿਖੇ ਆਪਣਾ ਸੀਸ ਦੇਣ ਚਲੇ ਗਏ। ਉਹ ਜਿਸ ਰਾਹ ਤੋਂ ਵੀ ਗਏ ਉਸ ਰਾਹ ਉਤੇ ਸਿੱਖ ਸੰਗਤ ਦਾ ਲਗਾਤਾਰ ਵਿਕਾਸ ਹੁੰਦਾ ਰਿਹਾ। ਗੁਰੂ ਤੇਗ ਬਹਾਦਰ ਸਾਹਿਬ ਤੋਂ ਬਾਅਦ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੇ ਪਾਉਂਟਾ ਸਾਹਿਬ ਵਿਖੇ ਸਿੱਖ ਸੰਗਤ ਦੀ ਸਥਾਪਨਾ ਕਰਕੇ ਉਨ੍ਹਾਂ ਅੰਦਰ ਸੰਤ-ਸਿਪਾਹੀ ਪਰਵਿਰਤੀਆਂ ਉਜਾਗਰ ਕਰਨ ਉਤੇ ਜ਼ੋਰ ਦਿੱਤਾ ਗਿਆ। ਇਥੋਂ ਅਨੰਦਪੁਰ ਵਾਪਸੀ ਤੇ ਗੁਰੂ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਸੰਗਤ ਦੀ ਸ਼ੁਰੂ ਕੀਤੀ ਪ੍ਰਥਾ ਨੂੰ ਖਾਲਸੇ ਦੇ ਰੂਪ ਵਿਚ ਪ੍ਰਗਟ ਕਰ ਦਿੱਤਾ। ਇਸ ਕਿਸਮ ਦੀ ਸਥਾਪਤ ਕੀਤੀ ਨਿਵੇਕਲੀ ਸਿੱਖ ਸੰਗਤ ਨੇ ਗੁਰੂ ਆਸ਼ੇ ਅਨੁਸਾਰ ਸਰਬਤ ਦੇ ਭਲੇ ਹਿੱਤ ਕਾਰਜ ਆਰੰਭ ਕੀਤੇ। ਇਸ ਤਰ੍ਹਾਂ ਸਿੱਖ ਸੰਗਤ ਨੇ ਖਾਲਸੇ ਤੱਕ ਦਾ ਸਫਰ ਤੈਅ ਕੀਤਾ।

2. **ਗੁਰੂ ਵੀਹ ਵਿਸਵੇ, ਸੰਗਤ ਇਕੀ ਵਿਸਵੇ** : ਜਿਵੇਂ ਕਿ ਇਸ ਪੰਕਤੀ ਤੋਂ ਸਪੱਸ਼ਟ ਹੈ ਕਿ ਸਿੱਖ ਧਰਮ ਵਿਚ ਸੰਗਤ ਦਾ ਦਰਜਾ ਗੁਰੂ ਦੇ ਤੁੱਲ ਰੱਖਿਆ ਹੈ। ਇਸ ਵਿਚ ਇਸ ਗੱਲ ਵੱਲ ਵੀ ਸੰਕੇਤ ਮਿਲਦਾ ਹੈ ਕਿ ਸੰਗਤ ਦੀ ਸੇਵਾ ਨੂੰ ਗੁਰੂ ਦੀ ਸੇਵਾ ਦੇ ਸਮਾਨ ਸਮਝਿਆ ਗਿਆ ਹੈ। ਇਸੇ ਲਈ ਸਿੱਖ ਧਰਮ ਵਿਚ ਪੰਜ ਪ੍ਰਧਾਨੀ ਸਿਧਾਂਤ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਭਾਈ ਗੁਰਦਾਸ ਜੀ ਨੇ ਵੀ ਸਪੱਸ਼ਟ ਸ਼ਬਦਾਂ ਵਿਚ ਗੁਰੂ ਆਸ਼ੇ ਦਾ ਐਲਾਨ ਕਰ ਦਿੱਤਾ ਕਿ "ਇਕੁ ਸਿੱਖ ਦੁਇ ਸਾਧ ਸੰਗੁ ਪੰਜੀ ਪਰਮੇਸਰੁ" ਭਾਵ ਪੰਜ ਸਾਧੂ ਸਮਾਨ ਸਿੱਖਾਂ ਦੀ ਸੰਗਤ ਨੂੰ ਪਰਮੇਸ਼ਰ ਦੀ ਸੰਗਤ ਦੇ ਤੁਲ ਰੱਖਿਆ ਗਿਆ। ਇਹ ਪੰਜ ਪ੍ਰਧਾਨੀ ਸਮਾਜ ਸਿੱਖ ਧਰਮ ਦਾ ਅਟੁੱਟ ਅੰਗ ਬਣ ਗਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਪਹਿਲਾਂ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਅਤੇ ਫਿਰ ਉਨ੍ਹਾਂ ਕੋਲੋਂ ਆਪ ਅੰਮ੍ਰਿਤ ਛਕ ਕੇ ਇਸ ਗੱਲ ਦੀ ਪ੍ਰੋੜਤਾ ਕੀਤੀ। ਇਸ ਤੋਂ ਬਾਅਦ ਨੰਦੇੜ ਸਾਹਿਬ ਜਾ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੰਘ ਸਜਾ ਕੇ ਪੰਜਾਬ ਵੱਲ ਤੋਰਦੇ ਹੋਏ ਪੰਜ ਸਿੰਘ ਵੀ ਨਾਲ ਭੇਜੇ ਅਤੇ ਹੁਕਮ ਕੀਤਾ ਕਿ ਕੋਈ ਵੀ ਫੈਸਲਾ ਕਰਦੇ ਹੋਏ ਪੰਜ ਸਿੰਘਾਂ ਦੀ ਮੋਹਰ ਲਵਾਉਣੀ ਲਾਜ਼ਮੀ ਹੈ। ਇਥੇ ਹੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਦੇ ਕੇ ਅਧਿਆਤਮਕ ਸ਼ਕਤੀ ਦਾ ਸਦੀਵੀ ਸੋਮਾ ਪ੍ਰਗਟ ਕੀਤਾ ਅਤੇ ਇਹ ਵੀ ਹੁਕਮ ਕੀਤਾ ਕਿ ਅੱਜ ਤੋਂ ਬਾਅਦ ਜਿਥੇ ਵੀ ਪੰਜ ਸਿੰਘ ਇੱਕਠੇ ਹੋਣਗੇ ਉਥੇ ਹੀ ਮੈਂ ਹਾਜ਼ਰ ਹੋਵਾਂਗਾ ਭਾਵ "ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹਉਂ ਕਰੋ ਨਿਵਾਸ।"

ਸੰਗਤ ਦੀ ਪ੍ਰਥਾ ਧਰਮ ਅਤੇ ਸਮਾਜ ਵਿਚ ਜੜ ਦੀ ਤਰ੍ਹਾਂ ਫੈਲ ਗਈ ਜਿਥੇ ਗੁਰ-ਸ਼ਬਦ ਅਤੇ ਗੁਰ-ਆਸ਼ੇ ਅਨੁਸਾਰ ਮਨੁੱਖੀ ਜੀਵਨ ਨੂੰ ਬਦਲਣ ਅਤੇ ਢਾਲਣ ਦੀ ਪ੍ਰੇਰਣਾ ਮਿਲਣ ਲੱਗੀ, ਮਨ ਆਤਮਕ ਉੱਨਤੀ ਵੱਲ ਲੱਗਣ ਲੱਗਾ, ਉਚ-ਨੀਚ ਦੀ ਭਾਵਨਾ ਖਤਮ ਹੋਣ ਲੱਗੀ, ਹਉਮੈ ਵਰਗੇ ਦੀਰਘ ਰੋਗ ਸਮੇਤ ਪੰਜਾਂ ਵਿਕਾਰਾਂ, ਤੋਂ ਬਚਣ ਦਾ ਉਪਰਾਲਾ ਹੋਣ ਲੱਗਾ, ਮਨ ਪਰਮਾਤਮਾ ਵੱਲ ਜੁੜਨ ਲੱਗਾ, ਦੂਜੇ ਲੋਕਾਂ ਪ੍ਰਤੀ ਪਿਆਰ ਅਤੇ ਸ਼ਰਧਾ ਵੱਧਣ ਲੱਗੀ, ਅਗਿਆਨ ਅੰਧੇਰਾ ਮਿਟਣ ਲੱਗਾ, ਦੁਰਮਤਿ ਭੱਜਣ ਲੱਗੀ, ਫੋਕੇ ਕਰਮ-ਕਾਂਡਾਂ ਅਤੇ ਵਹਿਮਾਂ ਭਰਮਾਂ ਤੋਂ ਨਿਜਾਤ ਮਿਲਣ ਲੱਗੀ, ਮਨ ਜੰਗਲ ਵੱਲ ਭੱਜਣ ਦੀ ਥਾਂ ਗ੍ਰਹਿਸਤ ਵੱਲ ਮੁੜਨ ਲੱਗਾ। ਸਮਾਜਕ ਭਾਈਚਾਰੇ ਅਤੇ ਭਰਾਤਰੀਅਤਾ ਦੀ ਭਾਵਨਾ ਵੱਧਣ ਲੱਗੀ, ਨਿਸ਼ਕਾਮ ਸੇਵਾ ਵੱਲ ਮਨ ਜੁੜਨ ਲੱਗਾ, ਮਿੱਠਾ ਬੋਲਣਾ ਅਤੇ ਨਿਮਰਤਾ ਦੀ ਭਾਵਨਾ ਉਜਾਗਰ ਹੋਣ ਲੱਗੀ, ਵਿਤਕਰਿਆਂ ਦਾ ਦੌਰ ਖਤਮ ਹੋਣ ਲੱਗਾ, ਗੁਨਾਹਾਂ ਦਾ ਪਸਚਾਤਾਪ ਹੋਣ ਲੱਗਾ ਅਤੇ ਵਿਅਕਤੀ ਨਿਜ ਤੋਂ ਮੁੜ ਕੇ ਸਰਬੱਤ ਦੇ ਭਲੇ ਹਿਤ ਕੰਮ ਕਰਨ ਲੱਗਾ। ਇਸ ਤਰ੍ਹਾਂ ਸੰਗਤ ਦੀ ਪ੍ਰਥਾ ਨੇ ਪੂਰੇ ਸਮਾਜ ਨੂੰ ਜੋੜਨ ਅਤੇ ਇਕ ਪਲੇਟਫਾਰਮ ਉਤੇ ਲਿਆਉਣ ਲਈ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਜਿਥੇ ਪਹਿਲਾਂ ਭਾਰਤੀ ਸਮਾਜ ਦੇ ਦੋ ਪ੍ਰਮੁੱਖ ਫਿਰਕੇ, ਹਿੰਦੂ ਅਤੇ ਮੁਸਲਮਾਨ ਆਪੋ ਵਿਚ ਹਮੇਸ਼ਾਂ ਉਲਝੇ ਰਹਿੰਦੇ ਅਤੇ ਇਕ ਦੂਜੇ ਦੇ ਖੂਨ ਦੇ ਪਿਆਸੇ ਬਣੇ ਰਹਿੰਦੇ ਸਨ ਉਥੇ ਸਿੱਖ ਸੰਗਤ ਦੀ ਸਥਾਪਨਾ ਨੇ ਇਨ੍ਹਾਂ ਦੋਹਾਂ ਫਿਰਕਿਆਂ ਨੂੰ ਇਕ ਦੂਜੇ ਦੇ ਨੇੜੇ ਲਿਆ ਕੇ ਖੜ੍ਹਾ ਕਰ ਦਿੱਤਾ ਅਤੇ ਆਪਸੀ ਦਵੈਸ਼ ਦੀ ਭਾਵਨਾ ਨੂੰ ਖਤਮ ਕਰਨ ਵਿਚ ਆਪਣਾ ਯੋਗਦਾਨ ਪਾਇਆ। ਕਿਉਂਕਿ ਸੰਗਤ ਦੀ ਪ੍ਰਥਾ ਕਰਕੇ ਹੀ ਇਕ ਧਰਮ ਦੇ ਲੋਕ ਦੂਜੇ ਧਰਮਾਂ ਵਿਚ ਪ੍ਰਗਟ ਹੋਏ 'ਸੱਚ ਦੇ ਪ੍ਰਕਾਸ਼' ਨੂੰ ਸੁਣਨ ਅਤੇ ਸਮਝਣ ਵੱਲ ਪ੍ਰੇਰਿਤ ਹੋਣ ਲੱਗੇ।

### 1.3.4.1 ਖਾਲਸਾ

1. **ਪਦ ਅਰਥ** : ਹਰ ਇਕ ਸ਼ਬਦ ਸਮੇਂ ਅਤੇ ਸਥਾਨ ਦੇ ਹਿਸਾਬ ਨਾਲ ਆਪਣਾ ਵਿਸ਼ੇਸ਼ ਅਰਥ ਰੱਖਦਾ ਹੈ। ਇਸ ਕਰਕੇ ਕੁਝ ਇਕ ਸ਼ਬਦ ਸਮੇਂ ਅਤੇ ਸਥਾਨ ਦੇ ਅਨੁਕੂਲ ਨਾ ਹੋਣ ਕਰਕੇ ਹੌਲੀ ਹੌਲੀ ਅਲੋਪ ਹੋ ਜਾਂਦੇ ਹਨ ਅਤੇ ਕੁਝ ਨਵੇਂ ਸ਼ਬਦ ਉਨ੍ਹਾਂ ਦਾ ਸਥਾਨ ਗ੍ਰਹਿਣ ਕਰ ਲੈਂਦੇ ਹਨ ਜਾਂ ਕੁਝ ਸ਼ਬਦਾਂ ਦੇ ਅਰਥ ਇੰਝ ਫੈਲ ਜਾਂਦੇ ਹਨ ਕਿ ਇਕ ਇਕ ਸ਼ਬਦ ਨੂੰ ਕਈ ਕਈ ਅਰਥ ਪ੍ਰਦਾਨ ਕੀਤੇ ਜਾਂਦੇ ਹਨ ਅਤੇ ਕੁਝ ਸ਼ਬਦਾਂ ਦੇ ਅਰਥ ਹੌਲੀ ਹੌਲੀ ਸੰਕੁਚਿਤ ਹੋ ਕੇ ਕੇਵਲ ਇਕ ਚੀਜ਼ ਜਾਂ ਵਸਤ ਆਦਿ ਨਾਲ ਸੰਬੰਧਤ ਹੋ ਕੇ ਰਹਿ ਜਾਂਦੇ ਹਨ। ਜਿਵੇਂ ਤੇਲ ਸ਼ਬਦ ਕੇਵਲ ਮਿੱਟੀ ਦੇ ਤੇਲ ਤੋਂ ਫੈਲਦਾ ਹੋਇਆ ਅੱਜ ਕੱਲ ਕਈ ਚੀਜ਼ਾਂ ਦੇ ਤੇਲਾਂ ਨਾਲ ਸੰਬੰਧਤ ਹੋ ਗਿਆ ਇਥੋਂ ਤੱਕ ਕਿ ਇਹ ਥਕਿਆ ਹਾਰਿਆ ਹੋਇਆ ਵਿਅਕਤੀ ਤਾਂ ਇਥੋਂ ਤੱਕ ਕਹਿ ਦਿੰਦਾ ਹੈ ਕਿ ਇਸ ਕੰਮ ਵਿਚ ਤਾਂ ਮੇਰਾ ਤੇਲ ਹੀ ਨਿਕਲ ਗਿਆ।

ਇਸੇ ਤਰ੍ਹਾਂ ਖਾਲਸਾ ਸ਼ਬਦ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਦਾ ਵਿਚਾਰ ਹੈ ਕਿ ਇਹ ਸ਼ਬਦ "ਸ਼ੁੱਧ, ਬਿਨਾਂ ਮਿਲਾਵਟ, ਨਿਰੋਲ, ਉਹ ਜ਼ਮੀਨ ਜਾਂ ਮੁਲਕ ਜੋ ਬਾਦਸ਼ਾਹ ਦਾ ਹੈ ਜਿਸ ਉਪਰ ਕਿਸੇ ਜਗੀਰਦਾਰ ਅਥਵਾ ਜਿਮੀਂਦਾਰ ਦਾ ਸੂਤ ਨਹੀਂ ਅਕਾਲੀ ਧਰਮ, ਸਿੰਘ ਪੰਥ, ਖਾਲਸਾ ਧਰਮਧਾਰੀ, ਗੁਰੂ ਨਾਨਕ ਪੰਥੀ ਆਦਿ ਰੂਪਾਂ ਵਿਚ ਪ੍ਰਗਟ ਹੋਇਆ ਹੈ।" ਡਾ. ਸ਼ਾਂਤੀਨਾਥ ਗੁਪਤਾ ਖਾਲਸਾ ਸ਼ਬਦ ਨੂੰ ਫਾਰਸੀ ਦਾ ਸ਼ਬਦ ਮੰਨਦੇ ਹੋਏ ਕਹਿੰਦੇ ਹਨ ਕਿ "ਖਾਲਸਾ ਕੁਲ ਮਿਲਾ ਕੇ ਪੰਜ ਅੱਖਰਾਂ ਤੋਂ ਬਣਦਾ ਹੈ ਖ+ਅ+ਲ+ਸ+ਅ, ਜਿਨ੍ਹਾਂ ਦੇ ਫਾਰਸੀ ਵਿਚ ਵਿਸ਼ੇਸ਼ ਅਰਥ ਹਨ ਜਿਵੇਂ ਕਿ ਖ ਦਾ ਅਰਥ ਖੁਦ ਅਰਥਾਤ ਵਿਅਕਤੀ ਦਾ ਆਪਣਾ ਆਪ। ਅ ਦਾ ਅਰਥ ਅੱਲ੍ਹਾ (ਖੁਦਾ) ਹੈ। ਲ (ਲਾਮ) ਦਾ ਅਰਥ ਲੋਕ ਹੈ ਜੋ ਮਨੁੱਖ ਦੀ ਤੱਤਪਰਤਾ ਦਾ ਪ੍ਰਤੀਕ ਹੈ ਕਿ ਮੈਂ ਤਿਆਰ ਹਾਂ ਜੋ ਕੁਝ ਤੁਸੀਂ ਚਾਹੁੰਦੇ ਹੋ, ਕਰੂੰਗਾ। ਸ ਦਾ ਭਾਵ ਸਵਾਮੀ ਤੋਂ ਹੈ ਅਤੇ ਅੰਤ ਵਿਚ ਅ ਦਾ ਅਰਥ ਆਜ਼ਾਦੀ ਹੈ। ਇਸ ਤਰ੍ਹਾਂ ਖਾਲਸਾ ਦਾ ਪੂਰਾ ਅਰਥ ਇਕ ਅਜਿਹਾ ਸੱਚਾ ਸਾਧਕ ਹੈ ਜੋ ਸਵਾਮੀ ਦੇ ਕਹਿਣ ਅਨੁਸਾਰ ਆਪਣੇ ਆਪ ਨੂੰ ਇਕ ਮਿਕ ਕਰਕੇ ਪੂਰੀ ਸੁਤੰਤਰਤਾ ਪ੍ਰਾਪਤ ਕਰਦਾ ਹੈ।" ਭਾਈ ਸੰਤੋਖ ਸਿੰਘ ਜੀ ਚੂੜਾਮਣੀ 'ਖਾਲਸਾ' ਸ਼ਬਦ ਦਾ ਖੁਲਾਸਾ ਕਰਦੇ ਹੋਏ ਫੁਰਮਾਉਂਦੇ ਹਨ :

**ਖੰਜੋਗੀ ਲੰਭੋਗ ਮਹਿ ਸਾਰ ਸੰਗ੍ਰਹਣੇ ਮਾਝ**

**(ਗੁ. ਪ੍ਰ. ਸੂਰਜ ਗ੍ਰ. ਪੰਨਾ 5624)**

ਅਰਥਾਤ "ਖੰ-ਜੋਗੀ, ਲੰ-ਭੋਗ ਮਹਿ, ਸਾ-ਸੰਗ੍ਰਹਣੇ ਮਾਝ, ਤਾਂ ਅਰਥ ਬਣਗੇ (ਖਾਲਸਾ) ਜੋਗ ਤੇ ਭੋਗ (ਦੋਹਾਂ ਨੂੰ) ਮਿਲਾਕੇ (ਵਿਚਰੇਗਾ)।"

2. **ਸਿੱਖ ਧਰਮ ਤੋਂ ਪਹਿਲਾਂ ਖਾਲਸੇ ਦਾ ਮਹੱਤਵ** : ਮਹਾਤਮਾ ਬੁੱਧ ਨੇ ਖਾਲਸੇ ਦੇ ਅਰਥ ਸਿੰਘ ਪਦ ਤੋਂ ਲਏ ਹਨ ਅਤੇ ਉਹ ਸੱਚੇ ਖਾਲਸੇ ਵਿਚ ਸ਼ੇਰ ਵਰਗੇ ਗੁਣਾਂ ਨੂੰ ਵੇਖਦੇ ਹੋਏ ਅੰਗੁਤਨਿਕਾਯ ਵਿਚ ਆਪਣੇ ਭਿਖੂਆਂ ਨੂੰ ਸੰਬੋਧਨ ਕਰਦੇ ਹੋਏ ਸਮਝਾਉਂਦੇ ਹਨ ਕਿ "ਭਿਖੂਓ ! ਸ਼ੇਰ ਜੰਗਲ ਦਾ ਬਾਦਸ਼ਾਹ ਸਾਯੰਕਾਲ ਆਪਣੇ ਘੁਰਨੇ ਵਿਚੋਂ ਬਾਹਰ ਨਿਕਲਦਾ ਹੈ। ਫਿਰ ਉਹ ਤਿੰਨ ਬਾਰ ਸਿੰਘ ਗਰਜਨਾ ਕਰਦਾ ਹੈ, ਫਿਰ ਸ਼ਿਕਾਰ ਕਰਨ ਲਈ ਚਾਲੇ ਪਾਉਂਦਾ ਹੈ। ਉਹ ਇਉਂ ਕਿਉਂ ਕਰਦਾ ਹੈ? ਇਸ ਕਾਰਨ ਕੀ ਮੈਂ ਕਿਤੇ ਕਿਸੇ ਛੋਟੇ ਅਬਲਾ ਜੀਵ ਜੰਤੂ ਤੇ ਹਿੰਸਾ ਨਾ ਕਰ ਬੈਠਾਂ, ਜਿਹੜਾ ਕਿ ਭੁੱਲਾ ਚੁਕਾ ਬਾਹਰ ਰਹਿ ਗਿਆ ਹੋਵੇ। ਹੇ ਭਿਖੂਓ ! ਇਹ ਸਿੰਘ ਸ਼ਬਦ ਸਤਯ ਪ੍ਰਾਯਣ, ਤਥਾਗਤਿ ਪੁਰਸ਼ਾਂ ਦਾ ਲਖਾਯਕ ਹੈ ਅਤੇ ਪੂਰਨ ਪੁਰਸ਼ ਬੁੱਧ ਗਤੀ ਨੂੰ ਪ੍ਰਾਪਤ ਹੋਏ-ਹੋਏ ਮਨੁੱਖ ਹੀ ਸਿੰਘ ਕਹਾਉਣ ਦੇ ਯੋਗ ਹਨ। ਕਿਉਂ ਜੋ ਅਜਿਹਾ ਪੂਰਨ ਪੁਰਸ਼ ਨਿਰਭੈ ਹੋ ਕੇ ਸਤਯ ਨੂੰ ਗ੍ਰਹਿਣ ਕਰਦੇ ਹਨ ਅਤੇ ਸਤਯ ਦਾ ਪ੍ਰਚਾਰ ਕਰਦੇ ਹਨ ਅਤੇ ਇਹ ਉਨ੍ਹਾਂ ਦਾ ਸਿੰਘਨਾਦ ਹੈ।" ਮਹਾਤਮਾ ਬੁੱਧ ਤੋਂ ਹੀ ਬਹੁਤ ਸਾਰੀਆਂ ਜਾਤੀਆਂ ਅਤੇ ਕਬੀਲੇ ਆਪਣੇ ਆਪਣੇ ਸਿਧਾਂਤਾਂ ਅਨੁਸਾਰ ਜਿਉਂਦੇ ਸਨ ਜੋ ਕਿ ਆਪਣੇ ਸਿਧਾਂਤਾਂ ਦੀ ਰਾਖੀ ਲਈ ਆਪਣੀਆਂ ਜਾਨਾਂ ਤੱਕ ਵਾਰ ਦਿੰਦੇ ਸਨ ਅਤੇ ਆਪਣੀ ਅਣਖ ਅਤੇ ਚਰਿੱਤਰ ਨੂੰ ਹਮੇਸ਼ਾਂ ਹੀ ਉਚਾ ਚੁੱਕਣ ਲਈ ਯਤਨਸ਼ੀਲ ਰਹਿੰਦੇ ਹਨ। ਹਿੰਦੂ ਧਰਮ ਵਿਚ ਵੀ 'ਸਿੰਘ' ਦੀ ਉਪਾਧੀ ਧਾਰਨ ਦਾ ਰਿਵਾਜ ਆਮ ਹੈ ਅਤੇ ਬਹੁਤ ਸਾਰੀਆਂ ਜਾਤਾਂ ਅੱਜ ਵੀ ਆਪਣੇ ਨਾਂ ਦੇ ਪਿਛੇ 'ਸਿੰਘ' ਸ਼ਬਦ ਦਾ ਪ੍ਰਯੋਗ ਆਪਣੀ ਅਣਖ ਦਾ ਪ੍ਰਤੀਕ ਸਮਝਦੀਆਂ ਹਨ। ਇਨ੍ਹਾਂ ਦੀਆਂ ਮਿਥਿਹਾਸਕ ਕਥਾਵਾਂ ਵੱਲ ਵੀ ਜੇਕਰ

ਗੌਰ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਦੇਵੀ ਦੁਰਗਾ ਵੀ ਸ਼ੇਰ ਦੀ ਸਵਾਰੀ ਕਰਦੀ ਸੀ ਜੋ ਕਿ ਹਮੇਸ਼ਾਂ ਤੋਂ ਹੀ ਸੱਚ ਦਾ ਪ੍ਰਤੀਕ ਸਮਝੀ ਜਾਂਦੀ ਰਹੀ ਹੈ। ਜਿਸਨੇ ਇੰਦਰ ਵਰਗੇ ਬਲਸ਼ਾਲੀ ਯੋਧੇ ਦੇ ਹਾਰ ਖਾ ਕੇ ਮੁੜ ਆਉਣ ਪਿਛੋਂ ਆਪਣੇ ਸ਼ੇਰ ਤੇ ਸਵਾਰ ਹੋ ਕੇ ਵੱਡੇ ਵੱਡੇ ਦੈਂਤਾਂ ਨੂੰ ਯੁੱਧਾਂ ਵਿਚ ਹਰਾ ਕੇ ਇੰਦਰ ਦਾ ਰਾਜ ਵਾਪਸ ਦਿਵਾਇਆ। ਇਥੇ ਇਕ ਹੋਰ ਵੀ ਗੱਲ ਸਾਹਮਣੇ ਆਉਂਦੀ ਹੈ ਕਿ ਸ਼ੇਰ ਦੇ ਗੁਣ ਇਕੱਲੇ ਪੁਰਸ਼ ਅੰਦਰ ਹੀ ਨਹੀਂ ਬਲਕਿ ਔਰਤਾਂ ਵਿਚ ਵੀ ਜਾਗਰਤ ਹੁੰਦੇ ਹਨ ਜੋ ਕਿ ਸਮਾਂ ਆਉਣ ਤੇ ਇਨ੍ਹਾਂ ਦਾ ਸਹੀ ਪ੍ਰਯੋਗ ਕਰਦੀ ਹੈ। 'ਸਿੰਘ' ਸ਼ਬਦ ਬਾਰੇ ਟਿਪਣੀ ਕਰਦੇ ਹੋਏ ਸਰਦਾਰ ਕਪੂਰ ਸਿੰਘ ਲਿਖਦੇ ਹਨ ਕਿ "ਸਿੰਘ ਉਹ ਪੁਰਸ਼ ਹੈ ਜੋ ਧਰਮ ਪਦਵੀ ਨੂੰ ਪ੍ਰਾਪਤ ਹੋ ਚੁਕਾ ਹੈ? ਜਿਸ ਨੇ ਆਪਣੀ ਹਉਮੈ ਦਾ ਸੰਪੂਰਨ ਵਿਨਾਸ਼ ਕੀਤਾ ਹੈ ਅਤੇ ਇਸ ਕਾਰਣ ਉਸ ਦਾ ਕੋਈ ਵਿਸ਼ੇਸ਼ ਨਾਮ-ਰੂਪ ਨਹੀਂ ਰਿਹਾ। ਇਸ ਲਈ ਜਿਤਨਾ ਕਾਲ ਉਹ ਦੇਸ਼ ਕਾਲ ਦੀ ਸੀਮਾ ਵਿਚ ਪ੍ਰਵਿਰਤ ਨਿਸ਼ਕਾਮ ਕਾਰਜ਼ ਕਰ ਰਿਹਾ ਹੈ, ਉਸ ਨੂੰ ਆਮ ਸੰਗਿਆ 'ਸਿੰਘ' ਨਾਲ ਯਾਦ ਕਰਨਾ ਹੀ ਉਚਿਤ ਹੈ।" ਇਸ ਤਰ੍ਹਾਂ ਖਾਲਸੇ ਦੇ ਗੁਣ ਸਮੇਂ ਸਮੇਂ ਤੇ ਪ੍ਰਗਟ ਹੁੰਦੇ ਰਹੇ ਹਨ ਅਤੇ ਖਾਲਸੇ ਦਾ ਅਰਥ ਵੀ ਸਮੇਂ ਸਮੇਂ ਬਦਲਦਾ ਰਿਹਾ ਹੈ, ਕਦੇ ਕਦੇ ਇਹ ਅਰਥ ਜੰਗਜੂਆਂ ਦੇ ਰੂਪ ਵਿਚ ਲਏ ਜਾਂਦੇ ਹਨ ਅਤੇ ਕਦੇ ਇਨ੍ਹਾਂ ਦਾ ਅਰਥ 'ਸੱਚ ਦੀ ਆਵਾਜ਼' ਬੁਲੰਦ ਕਰਨ ਵਾਲਿਆਂ ਲਈ ਲਿਆ ਜਾਂਦਾ ਹੈ ਭਾਵੇਂ ਕਿ ਇਹ ਸੱਚ ਦੀ ਆਵਾਜ਼ ਬੁਲੰਦ ਕਰਨ ਵਾਲੇ ਵਿਅਕਤੀ ਤਾਕਤ ਦੀ ਵਰਤੋਂ ਕਰਨ ਤੋਂ ਅਸਮਰਥ ਹੁੰਦੇ ਹਨ ਪਰ ਝੂਠ ਅਤੇ ਬੇਈਮਾਨੀ ਦੇ ਵਿਰੁੱਧ ਬੋਲਣ ਦੀ ਹਿੰਮਤ ਰੱਖਦੇ ਹਨ। ਅਜਿਹਾ ਕਰਦੇ ਸਮੇਂ ਕਈ ਵਾਰ ਉਨ੍ਹਾਂ ਨੂੰ ਤਸੀਹੇ ਵੀ ਝੱਲਣੇ ਪੈਂਦੇ ਹਨ ਅਤੇ ਜ਼ੁਲਮ ਵੀ ਸਹਿਣੇ ਪੈਂਦੇ ਹਨ ਪਰ ਉਹ ਕਦੇ ਵੀ ਸੱਚ ਦੇ ਰਾਹ ਤੋਂ ਥਿੜਕਦੇ ਨਹੀਂ। ਅਜਿਹੇ ਵਿਅਕਤੀ ਵੀ ਸਮਾਜ ਵਿਚ ਇਕ ਆਦਰਸ਼ ਦੇ ਤੌਰ ਤੇ ਸਾਹਮਣੇ ਆਉਂਦੇ ਹਨ ਅਤੇ ਹਮੇਸ਼ਾਂ ਲਈ ਸਮਾਜ ਵਿਚ ਚਾਨਣ-ਮੁਨਾਰੇ ਦਾ ਕੰਮ ਕਰਦੇ ਹਨ। ਡਾ. ਤਾਰਨ ਸਿੰਘ ਅਜਿਹੇ ਸੰਤ-ਪੁਰਸ਼ਾਂ ਦੇ ਸੰਬੰਧ ਵਿਚ ਟਿੱਪਣੀ ਕਰਦੇ ਹਨ ਕਿ "ਖਾਲਸਾ ਉਨ੍ਹਾਂ ਲੋਕਾਂ ਦੀ ਬਾਣੀ ਦਾ ਪੁਜਾਰੀ ਹੈ ਜਿਨ੍ਹਾਂ ਦਾ ਜਨਮ ਗੁਰੂ ਨਾਨਕ ਸਾਹਿਬ ਤੋਂ ਵੀ ਕਈ ਸਦੀਆਂ ਪਹਿਲਾਂ ਹੋ ਚੁੱਕਾ ਹੈ। ਜੈਦੇਵ ਜੀ ਦਾ ਜਨਮ 1070 ਈ. ਵਿਚ ਹੋਇਆ ਸੀ ਅਤੇ ਉਨ੍ਹਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਸ਼ਾਮਿਲ ਹੈ। ਫਰੀਦ ਜੀ ਦਾ ਜਨਮ 1172 ਈ. ਵਿਚ ਹੋਇਆ ਸੀ ਅਤੇ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ। ਨਾਮਦੇਵ, ਤ੍ਰਿਲੋਚਨ ਰਾਮਾਨੰਦ, ਕਬੀਰ ਸਭ ਗੁਰੂ ਨਾਨਕ ਸਾਹਿਬ ਦੇ ਪੂਰਬ ਵਰਤੀ ਸਨ ਅਤੇ ਸਾਰੇ ਦੇ ਸਾਰੇ ਸੱਚ ਦੇ ਪੁਜਾਰੀ ਵੀ ਸਨ।

3. **ਸਿੱਖ ਧਰਮ ਵਿਚ ਖਾਲਸੇ ਦਾ ਮਹੱਤਵ** : ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ. ਵਿਚ ਹੋਇਆ ਅਤੇ ਖਾਲਸਾ ਪੰਥ ਗੁਰੂ ਗੋਬਿੰਦ ਸਿੰਘ ਜੀ 1699 ਈ. ਵਿਚ ਪ੍ਰਗਟ ਕੀਤਾ। ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਦੇ ਵੇਈਂ ਪ੍ਰਵੇਸ਼ ਤੋਂ ਮੰਨੀ ਜਾਂਦੀ ਹੈ ਅਤੇ ਇਸ ਤਰ੍ਹਾਂ ਸਿੱਖ ਤੋਂ ਸਿੰਘ ਪਦ ਤੱਕ ਪਹੁੰਚਣ ਲਈ ਲੱਗਭੱਗ ਦੋ ਸੌ ਸਾਲ ਦਾ ਸਮਾਂ ਲੱਗਿਆ। ਖਾਲਸਾ ਪੰਥ ਦੇ ਇਹ ਦੋ ਸੌ ਪੂਰਬਲੇ ਵਰ੍ਹੇ ਖਾਲਸੇ ਦੀ ਤਿਆਰੀ ਦਾ ਸਮਾਂ ਸਮਝਿਆ ਜਾਂਦਾ ਹੈ ਅਤੇ ਜੋ ਬੀਜ ਗੁਰੂ ਨਾਨਕ ਸਾਹਿਬ ਨੇ ਬੀਜਿਆ ਉਹ ਖਾਲਸੇ ਦੀ ਸਥਾਪਨਾ ਤੱਕ ਪਹੁੰਚਦਾ ਹੋਇਆ ਇਕ ਵੱਡਾ ਦਰਖੱਤ ਬਣ ਗਿਆ ਜਿਸ ਦੀਆਂ ਟਾਹਣੀਆਂ ਅਤੇ ਪੱਤੇ ਤਾਂ ਕਈ ਵਾਰ ਝਾੜਨ ਦੀ ਕੋਸ਼ਿਸ਼ ਕੀਤੀ ਗਈ ਪਰ ਇਸ ਦੀ ਜੜ੍ਹ ਨੂੰ ਹਿਲਾ ਸਕਣ ਦੀ ਸਮਰਥਾ ਕਿਸੇ ਵੀ ਦੌਰ ਵਿਚ ਨਹੀਂ ਵੇਖੀ ਜਾ ਸਕਦੀ। ਗੁਰੂ ਨਾਨਕ ਦੇਵ ਜੀ ਦੁਆਰਾ ਲਾਏ ਇਸ ਬੂਟੇ ਨੂੰ ਬਾਕੀ ਗੁਰੂ ਸਾਹਿਬਾਨ ਨੇ ਆਪੋ-ਆਪਣੇ ਤਰੀਕੇ ਨਾਲ ਸਿੰਜਿਆ ਅਤੇ ਅਖੀਰ ਇਹ ਬੂਟਾ ਭਗਤੀ ਅਤੇ ਸ਼ਕਤੀ ਦਾ ਸੁਮੇਲ ਹੋ ਨਿਬੜਿਆ। ਇਕ ਬੀਜ ਵਿਚੋਂ ਉਹੋ ਦਰਖਤ ਹੀ ਪ੍ਰਗਟ ਹੋ ਸਕਦਾ ਹੈ ਜਿਸ ਦੇ ਗੁਣ ਉਸ ਬੀਜ ਵਿਚ ਹੁੰਦੇ ਹਨ। ਇਸ ਲਈ ਸਿੱਖ ਕੌਮ ਵਿਚ ਭਗਤੀ ਅਤੇ ਸ਼ਕਤੀ ਦਾ ਸੁਮੇਲ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਵੇਖਣ ਵਿਚ ਮਿਲਦਾ ਹੈ ਜਿਨ੍ਹਾਂ ਨੇ ਸਮੇਂ ਦੇ ਹਮਲਾਵਰਾਂ ਦੇ ਖਿਲਾਫ ਜ਼ੋਰਦਾਰ ਆਵਾਜ਼ ਉਠਾਈ ਅਤੇ ਇਹ ਮਹਿਸੂਸ ਕੀਤਾ ਕਿ ਆਉਣ ਵਾਲੇ ਸਮੇਂ ਵਿਚ ਲੋਕਾਂ ਨੂੰ ਹੀ ਸੰਤ-ਸਿਪਾਹੀ ਬਣਾਇਆ ਜਾਵੇ ਤਾਂ ਕਿ ਸਮੇਂ ਦੇ ਹਰ ਦੌਰ ਵਿਚ ਜ਼ੁਲਮ ਦਾ ਟਾਕਰਾ ਕਰਨ ਦੀ ਸ਼ਕਤੀ ਇਨ੍ਹਾਂ ਵਿਚ ਵਿਦਮਾਨ ਰਹੇ। ਇਸ ਰਾਹ ਉਤੇ ਚਲਣ ਲਈ ਹਮੇਸ਼ਾਂ ਕੁਰਬਾਨੀ ਲਈ ਤਿਆਰ ਰਹਿਣ ਦਾ ਜਜ਼ਬਾ ਵੀ ਆਮ ਲੋਕਾਂ ਦੇ ਮਨ ਵਿਚ ਹੋਣਾ ਜ਼ਰੂਰੀ ਹੈ। ਇਸੇ ਕਰਕੇ ਸਿੱਖ ਧਰਮ ਨੂੰ 'ਗਾਡੀ ਰਾਹੀਂ' ਦਾ ਦਰਜਾ ਦਿੱਤਾ ਗਿਆ ਹੈ ਕਿ ਜੋ ਵੀ ਗੁਰਮਤਿ ਦੇ ਰਸਤੇ ਉਤੇ ਚਲਣ ਨੂੰ ਤਿਆਰ ਹੈ ਉਸ ਦਾ ਬੇਖੌਫ ਹੋਣਾ ਬਹੁਤ ਜ਼ਰੂਰੀ ਹੈ ਭਾਵ ਉਹ ਵਿਅਕਤੀ ਹਰ ਕਿਸਮ ਦੀ ਕੁਰਬਾਨੀ ਲਈ ਤਿਆਰ ਰਹੇ :

**ਜਉ ਤਉ ਪ੍ਰੇਮ ਖੇਲਣ ਕਾ ਚਾਉ।।**
**ਸਿਰੁ ਧਰਿ ਤਲੀ ਗਲੀ ਮੇਰੀ ਆਉ।।**
**ਇਤੁ ਮਾਰਗਿ ਪੈਰੁ ਧਰੀਜੈ।।**
**ਸਿਰੁ ਦੀਜੈ ਕਾਣਿ ਨ ਕੀਜੈ।।**

(ਗੁ. ਗ੍ਰੰ. ਪੰਨਾ 1412)

ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਅਜਿਹੇ ਰਸਤੇ ਉਤੇ ਚਲਣ ਲਈ ਹਮੇਸ਼ਾ ਪ੍ਰੇਰਣਾ ਕੀਤੀ ਅਤੇ ਆਪ ਵੀ ਜਿਥੇ ਜ਼ਬਰ ਹੁੰਦਾ ਵੇਖਦੇ ਉਸ ਦੇ ਵਿਰੁੱਧ ਆਵਾਜ਼ ਉਠਾਉਣਾ ਪਰਮ ਕਰਤੱਵ ਸਮਝਦੇ। ਆਪ ਨੇ ਹਮੇਸ਼ਾਂ ਗਿਣਾਤਮਕ ਤੌਰ ਤੇ ਜਿਉਂਦੇ ਰਹਿਣ ਨਾਲੋਂ ਗੁਣਾਤਮਕ ਤੌਰ ਤੇ ਜਿਉਂਦੇ ਰਹਿਣ ਦਾ ਉਪਦੇਸ਼ ਦਿੱਤਾ ਕਿਉਂਕਿ ਗਿਣਤੀ ਵਿਚ ਆਉਣ ਵਾਲੇ ਹਮੇਸ਼ਾਂ ਭੇਡਾਂ, ਬੱਕਰੀਆਂ ਅਤੇ ਗਾਵਾਂ ਦੀ ਤਰ੍ਹਾਂ ਹੁੰਦੇ ਹਨ ਜਿਨ੍ਹਾਂ ਨੂੰ ਕੋਈ ਵੀ ਜਿਧਰ ਮਰਜ਼ੀ ਹੱਕ ਕੇ ਲਿਜਾ ਸਕਦਾ ਹੈ। ਉਨ੍ਹਾਂ ਦੀ ਆਪਣੀ ਕੋਈ ਅਣਖ ਨਹੀਂ ਹੁੰਦੀ ਅਤੇ ਨਾ ਹੀ ਉਨ੍ਹਾਂ ਦਾ ਕੋਈ ਸਵੈਮਾਨ ਹੁੰਦਾ ਹੈ। ਉਹ ਮੁਰਦਿਆਂ ਦੀ ਤਰ੍ਹਾਂ ਜਾਬਰ ਹਾਕਮਾਂ ਦੇ ਅਧੀਨ ਰਹਿੰਦੇ ਹਨ ਅਤੇ ਉਨ੍ਹਾਂ ਦੇ ਹਰ ਪ੍ਰਕਾਰ ਦੇ ਹੁਕਮ ਮੰਨਦੇ ਹਨ। ਗਿਣਾਤਮਕ ਤੌਰ ਤੇ ਜਿਉਣ ਵਾਲਾ ਜੀਵਨ ਹਮੇਸ਼ਾਂ ਹੀ ਬੇਪਤੀ ਅਤੇ ਨਿਰਾਦਰੀ ਭਰਿਆ ਗੁਲਾਮਾਂ ਵਰਗਾ ਹੁੰਦਾ ਹੈ ਜਿਸਦਾ ਆਪਣਾ ਕੋਈ ਉਦੇਸ਼ ਨਹੀਂ ਹੁੰਦਾ ਬਲਕਿ ਅਜਿਹਾ ਜੀਵਨ ਕਿਸੇ ਹੋਰ ਦੀ ਰੱਸੀ ਨਾਲ ਬੱਝਾ ਹੁੰਦਾ ਹੈ ਜਿਸ ਨੂੰ ਜਿਧਰ ਮਰਜ਼ੀ ਕੋਈ ਖਿੱਚ ਕੇ ਲਿਜਾ ਸਕਦਾ ਹੈ ਗੁਰੂ ਨਾਨਕ ਦੇਵ ਜੀ ਨੇ ਇਹ ਲਲਕਾਰ ਪੈਦਾ ਕੀਤੀ ਕਿ ਗਿਣਾਤਮਕ ਤੌਰ ਤੇ ਜਿਊਣ ਨਾਲੋਂ ਗੁਣਾਤਮਕ ਤੌਰ ਤੇ ਜਿਉਣਾ ਜ਼ਿਆਦਾ ਅਣਖ ਭਰਪੂਰ ਅਤੇ ਸਵੈਮਾਨ ਵਾਲਾ ਹੁੰਦਾ ਹੈ ਅਤੇ ਜੋ ਵਿਅਕਤੀ ਗੁਣਾਤਮਕ ਤੌਰ ਤੇ ਜਿਉਣਾ ਪਸੰਦ ਕਰਦਾ ਹੈ ਉਹ ਸਾਡੇ ਪਾਸ ਆ ਸਕਦਾ ਹੈ ਪਰ ਇਸ ਰਸਤੇ ਉਤੇ ਚਲਣ ਲਈ ਉਸ ਨੂੰ ਆਪਣੇ ਸਵਾਸਾਂ ਦੀ ਗਿਣਤੀ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੇ ਬੇ ਗੈਰਤੀ ਭਰੇ ਜੀਵਨ ਨੂੰ ਝੰਜੋੜਨ ਲਈ ਇਹ ਲਲਕਾਰ ਦਿੱਤੀ ਕਿ :

**ਜੇ ਜੀਵੈ ਪਤਿ ਲਥੀ ਜਾਇ।।**
**ਸਭੁ ਹਰਾਮੁ ਜੇਤਾ ਕਿਛੁ ਖਾਇ।।**

(ਗੁ. ਗ੍ਰੰ. ਪੰਨਾ 142)

ਗੁਰੂ ਨਾਨਕ ਦੇਵ ਜੀ ਦੀ ਇਸ ਲਲਕਾਰ ਦੀ ਸਮੇਂ ਸਮੇਂ ਬਾਕੀ ਗੁਰੂ ਸਾਹਿਬਾਨ ਨੇ ਵੀ ਪ੍ਰੋੜਤਾ ਕੀਤੀ ਅਤੇ ਉਨ੍ਹਾਂ ਲੋਕਾਂ ਨੂੰ ਅੱਗੇ ਆਉਣ ਲਈ ਵੰਗਾਰਿਆ ਜਿਨ੍ਹਾਂ ਅੰਦਰ ਥੋੜ੍ਹੀ ਬਹੁਤ ਅਣਖ ਬਚੀ ਸੀ। ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ :

**ਪਹਿਲਾ ਮਰਣੁ ਕਬੂਲਿ ਜੀਵਨ ਕੀ ਛਡਿ ਆਸ।।**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।।**

(ਗੁ. ਗ੍ਰੰ. ਪੰਨਾ 1102)

ਗੁਰੂ ਨਾਨਕ ਦੇਵ ਜੀ ਦੁਆਰਾ ਕੀਤਾ ਗਿਆ ਅਜਿਹਾ ਯਤਨ ਸਿਰਲੱਥ ਯੋਧਿਆਂ ਦੀ ਫੌਜ ਤਿਆਰ ਕਰਨ ਦਾ ਪਹਿਲਾ ਕਦਮ ਸੀ। ਬਾਕੀ ਗੁਰੂ ਸਾਹਿਬਾਨ ਦੇ ਸਮੇਂ ਇਹ ਕਦਮ ਹੌਲੀ ਹੌਲੀ ਸਥਿਰ ਹੋਏ ਅਤੇ ਫਿਰ ਇਨ੍ਹਾਂ ਕਦਮਾਂ ਨੇ ਆਪਣੀ ਮੰਜ਼ਿਲ ਵੱਲ ਤੁਰਨਾ ਸ਼ੁਰੂ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਇਨ੍ਹਾਂ ਕਦਮਾਂ ਨੇ ਆਪਣੀ ਮੰਜ਼ਿਲ ਵੱਲ ਪੁਲਾਂਘਾਂ ਪੁਟਣੀਆਂ ਸ਼ੁਰੂ ਕਰ ਦਿੱਤੀਆਂ ਕਿਉਂਕਿ ਹੁਣ ਛੇਵੇਂ ਪਾਤਸ਼ਾਹ ਨੇ ਇਹ ਭਾਂਪ ਲਿਆ ਸੀ ਕਿ ਹੁਣ ਇਨ੍ਹਾਂ ਕਦਮਾਂ ਦੀ ਮੰਜ਼ਿਲ ਵਿਚ ਜੇਕਰ ਕੋਈ ਰੋੜਾ ਆਇਆ ਤਾਂ ਇਹ ਕਦਮ ਉਸ ਰਸਤੇ ਉਤੇ ਡਗਮਗਾਉਣਗੇ ਨਹੀਂ। ਉਨ੍ਹਾਂ ਨੇ ਇਨ੍ਹਾਂ ਕਦਮਾਂ ਦੀ ਸਥਿਰਤਾ, ਦ੍ਰਿੜ੍ਹਤਾ ਅਤੇ ਸ਼ਕਤੀ ਲਈ ਅਕਾਲ ਤਖਤ ਸਾਹਿਬ ਦੇ ਰੂਪ ਵਿਚ ਇਕ ਨਵਾਂ ਪਲੇਟਫਾਰਮ ਦਿੱਤਾ ਜਿਥੋਂ ਇਨ੍ਹਾਂ ਦਾ ਉਠਣ ਵਾਲਾ ਹਰ ਕਦਮ ਨਿਸ਼ਚਿਤ ਰੂਪ ਵਿਚ ਹੀ ਸੱਚ ਅਤੇ ਅਣਖ ਦਾ ਪ੍ਰਤੀਕ ਸਾਬਤ ਹੋਣ ਲੱਗਾ। ਗੁਰੂ ਨਾਨਕ ਸਾਹਿਬ ਦੁਆਰਾ ਗੁਣਾਤਮਕਤਾ ਦੇ ਰਾਹ ਤੇ

ਤੋਰੀ ਸਿੱਖ ਕੌਮ ਨੇ ਅਵੱਸ਼ ਰੂਪ ਵਿਚ ਸਾਬਤ ਕਰ ਦਿੱਤਾ ਕਿ ਗੁਣਾਤਮਕਤਾ ਹਮੇਸ਼ਾਂ ਗਿਣਾਤਮਕਤਾ ਤੋਂ ਉਚੇਰੀ ਰਹੇਗੀ ਅਤੇ ਇਸ ਦੇ ਰਾਹ ਵਿਚ ਆਉਣ ਵਾਲੀ ਵੱਡੀ ਤੋਂ ਵੱਡੀ ਗਿਣਾਤਮਕ ਫੌਜ ਵੀ ਤੁੱਛ ਸਾਬਤ ਹੋਵੇਗੀ। ਗੁਰੂ ਹਰਗੋਬਿੰਦ ਸਾਹਿਬ ਦੁਆਰਾ ਗੁਣਾਤਮਕਤਾ ਨੂੰ ਜਥੇਬੰਦ ਕਰਨ ਜ਼ਬਰ ਅਤੇ ਜ਼ੁਲਮ ਵਿਰੁਧ ਇਕ ਕਰਾਰੀ ਸੱਟ ਸੀ। ਗੁਰੂ ਹਰਗੋਬਿੰਦ ਸਾਹਿਬ ਤੋਂ ਬਾਅਦ ਕੁਝ ਚਿਰ ਸਿਆਸੀ ਅਮਨ-ਚੈਨ ਰਿਹਾ ਪਰ ਔਰੰਗਜ਼ੇਬ ਨੇ 'ਸੱਚ ਦੀ ਆਵਾਜ਼' ਨੂੰ ਦਬਾਉਣ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਸਾਹਿਬ ਨੇ ਔਰੰਗਜ਼ੇਬ ਦੀ ਇਸ ਗੱਲ ਦਾ ਵਿਰੋਧ ਕੀਤਾ ਕਿ ਸੱਚ ਕੇਵਲ ਇਸਲਾਮ ਰਾਹੀਂ ਪ੍ਰਗਟ ਹੋ ਸਕਦਾ ਹੈ ਇਸ ਕਰਕੇ ਇਸਲਾਮ ਨੂੰ ਨਾ ਮੰਨਣ ਵਾਲੇ ਕਾਫਰ ਹਨ। ਔਰੰਗਜ਼ੇਬ ਨੂੰ ਗੈਰ ਮੁਸਲਿਮ ਧਰਮ-ਸਥਾਨ 'ਦਰਾਉਲ ਹਰਬ' (ਕਾਫਰਾਂ ਦੀ ਧਰਤੀ) ਲਗਣ ਲਗ ਪਏ ਸਨ ਅਤੇ ਉਹ ਇਨ੍ਹਾਂ ਧਰਮ-ਸਥਾਨਾਂ ਨੂੰ 'ਦਰਾਉਲ ਇਸਲਾਮ' (ਮੋਮਨਾਂ ਦੀ ਧਰਤੀ) ਵਿਚ ਬਦਲਣ ਦੇ ਯਤਨਾਂ ਵਿਚ ਲੱਗ ਪਿਆ। ਇਸ ਲਈ ਉਸ ਨੇ ਹਿੰਦੂਆਂ ਦੇ ਮੰਦਰ ਅਤੇ ਸਿੱਖਾਂ ਦੇ ਗੁਰਦੁਆਰੇ ਢਾਹੁਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਹੀ ਨਹੀਂ ਗੈਰ-ਮੁਸਲਮਾਨਾਂ ਨੂੰ ਜ਼ਬਰਦਸਤੀ ਧਰਮ ਪਰਿਵਰਤਨ ਦੇ ਰਾਹ ਤੋਰਨ ਦਾ ਕੰਮ ਸ਼ੁਰੂ ਹੋ ਗਿਆ। ਗੁਰੂ ਸਾਹਿਬ ਨੇ ਇਸ ਜ਼ਬਰ ਅਤੇ ਜ਼ੁਲਮ ਦੀ ਔਖੀ ਘੜੀ ਵਿਚ ਸਮੂਹ ਮਾਨਵਤਾ ਦੀ ਬਾਂਹ ਫੜੀ ਅਤੇ ਹਕੂਮਤ ਨੂੰ ਵੰਗਾਰਦੇ ਹੋਏ ਕਿਹਾ ਕਿ :

**ਭੈ ਕਾਹੂ ਕਉ ਦੇਤ ਨਹਿ।।**
**ਨਹਿ ਭੈ ਮਾਨਤ ਆਨ।।**

(ਗੁ. ਗ੍ਰੰ. ਪੰਨਾ 1427)

ਗੁਰੂ ਤੇਗ ਬਹਾਦਰ ਸਾਹਿਬ ਨੇ ਸੱਚ ਦੀ ਆਵਾਜ਼ ਨੂੰ ਬੁਲੰਦ ਕਰਦੇ ਹੋਏ ਦਿੱਲੀ ਵਿਖੇ ਸੀਸ ਗੰਜ ਨਾਮਕ ਸਥਾਨ ਤੇ ਆਪਣਾ ਸੀਸ ਦੇ ਦਿੱਤਾ। ਇਹ ਉਹ ਸਮਾਂ ਸੀ ਜਦੋਂ ਸਿੱਖ ਗੁਣਾਤਮਕਤਾ ਕਮਜ਼ੋਰ ਹੋ ਗਈ। ਹੁਣ ਜਦੋਂ ਦਸਵੇਂ ਪਾਤਸ਼ਾਹ ਨੂੰ ਇਹ ਪਤਾ ਲੱਗਾ ਕਿ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਦੇ ਸਮੇਂ ਅਨੇਕਾਂ ਸਿੱਖਾਂ ਦੇ ਮੌਜੂਦ ਹੋਣ ਦੇ ਬਾਵਜੂਦ ਵੀ ਕਿਸੇ ਸਿੱਖ ਨੇ ਜ਼ੁਲਮ ਦੇ ਖਿਲਾਫ ਅੱਗੇ ਆਉਣ ਦਾ ਹੌਸਲਾ ਨਹੀਂ ਕੀਤਾ ਤਾਂ ਗੁਰੂ ਸਾਹਿਬ ਨੇ ਇਹ ਸੰਕਲਪ ਧਾਰਿਆ ਕਿ ਅਜਿਹੇ ਸਿੱਖ ਤਿਆਰ ਕੀਤੇ ਜਾਣ ਜਿਹੜੇ ਚਾਹੁੰਦੇ ਹੋਏ ਵੀ ਆਪਣਾ ਆਪ ਨਾ ਛੁਪਾ ਸਕਣ ਜਾਂ ਆਪਣਾ ਆਪ ਵੇਖ ਕੇ ਹੀ ਜ਼ਬਰ ਅਤੇ ਜ਼ੁਲਮ ਦੇ ਖਿਲਾਫ ਡਟਨ ਲਈ ਹਮੇਸ਼ਾਂ ਤਿਆਰ ਰਹਿਣ। ਗੁਰੂ ਸਾਹਿਬ ਦੁਆਰਾ ਅਨੰਦਪੁਰ ਸਾਹਿਬ ਤੋਂ ਪਾਉਂਟਾ ਸਾਹਿਬ ਅਤੇ ਪਾਉਂਟਾ ਸਾਹਿਬ ਤੋਂ ਵਾਪਸ ਅਨੰਦਪੁਰ ਸਾਹਿਬ ਤੱਕ ਦਾ ਸਫਰ ਸਾਨੂੰ ਇਸ ਗੱਲ ਦੀ ਯਾਦ ਦਿਵਾਉਂਦਾ ਹੈ ਕਿ ਕਿਵੇਂ ਗੁਰੂ ਸਾਹਿਬ ਨੇ ਸਿੱਖਾਂ ਦੀ ਮਾਨਸਿਕਤਾ ਨੂੰ ਬਦਲਣ ਹਿਤ ਸਾਹਿਤ ਰਚਿਆ ਅਤੇ ਕਿਵੇਂ ਉਨ੍ਹਾਂ ਦੁਆਰਾ ਤਿਆਰ ਕੀਤੇ ਸੂਰਮਿਆਂ ਨੇ ਹਰ ਮੈਦਾਨ ਵਿਚ ਫਤਹਿ ਹਾਸਲ ਕੀਤੀ। ਭੰਗਾਣੀ, ਹੁਸੈਨੀ, ਨਦੌਣ ਆਦਿ ਇਸ ਦੇ ਪ੍ਰਤੱਖ ਪ੍ਰਮਾਣ ਹਨ। ਅਨੰਦਪੁਰ ਸਾਹਿਬ ਆ ਕੇ ਗੁਰੂ ਸਾਹਿਬ ਨੇ 1699 ਈ. ਵਿਚ ਖਾਲਸਾ ਪੰਥ ਦੀ ਸਥਾਪਨਾ ਕਰ ਦਿੱਤੀ। ਹਜ਼ਾਰਾਂ ਦੇ ਇਕੱਠ ਵਿਚੋਂ ਸੀਸ ਮੰਗੇ ਗਏ ਅਤੇ ਵਾਰੋ ਵਾਰੀ ਪੰਜ ਸਿੱਖ ਗੁਰੂ ਨੂੰ ਸੀਸ ਅਰਪਿਤ ਕਰਨ ਹਿਤ ਅੱਗੇ ਆਏ। ਇਹ ਪੰਜ ਸਿੱਖ ਭਾਰਤ ਦੇ ਵੱਖ ਵੱਖ ਕੋਨਿਆਂ ਤੋਂ ਆਏ ਸਨ ਅਤੇ ਸਾਰੇ ਹੀ ਵੱਖ ਵੱਖ ਜਾਤਾਂ ਨਾਲ ਸੰਬੰਧ ਰਖਦੇ ਸਨ। ਵੱਖ ਵੱਖ ਥਾਵਾਂ ਅਤੇ ਜਾਤਾਂ ਨਾਲ ਸੰਬੰਧਤ ਪੰਜ ਸਿੱਖਾਂ ਦੇ ਸੀਸ ਭੇਟ ਕਰਨ ਲਈ ਅੱਗੇ ਆਉਣ ਨਾਲ ਇਕ ਗੱਲ ਜੋ ਸਾਹਮਣੇ ਆਉਂਦੀ ਹੈ ਕਿ ਸਿੱਖੀ ਦਾ ਸੰਦੇਸ਼ ਦੂਰ-ਦੁਰਾਡੇ ਫੈਲ ਚੁਕਾ ਸੀ ਅਤੇ ਆਮ ਲੋਕ ਸਿੱਖੀ ਸਿਧਾਂਤਾਂ ਤੋਂ ਵੀ ਜਾਣੂ ਹੋ ਚੁਕੇ ਸਨ ਅਤੇ ਜੋ ਕੰਮ ਗੁਰੂ ਨਾਨਕ ਸਾਹਿਬ ਨੇ ਦੂਰ-ਦੁਰੇਡੇ ਉਦਾਸੀਆਂ ਨਾਲ ਆਰੰਭ ਕੀਤਾ ਸੀ ਇਹ ਕੰਮ ਉਸੇ ਨਿਰੰਤਰਤਾ ਦਾ ਇਕ ਸਿੱਟਾ ਸੀ। ਆਮ ਲੋਕ ਜ਼ਬਰ ਅਤੇ ਜ਼ੁਲਮ ਦੇ ਖਿਲਾਫ ਲੜਨ ਲਈ ਤਿਆਰ ਹੋ ਗਏ ਸਨ ਅਤੇ ਉਹ ਇਕ ਆਗੂ ਦੀ ਕਮਾਨ ਹੇਠ ਇਕੱਠੇ ਹੋਣ ਲਈ ਦੂਰੋਂ ਦੂਰੋਂ ਚੱਲ ਕੇ ਅਨੰਦਪੁਰ ਸਾਹਿਬ ਪੁੱਜ ਚੁੱਕੇ ਸਨ। ਦਸ਼ਮੇਸ਼ ਪਿਤਾ ਦੁਆਰਾ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾਉਣਾ ਇਸ ਗੱਲ ਦਾ ਸਬੂਤ ਸੀ ਕਿ ਸਿੱਖ ਧਰਮ ਵਿਚ ਜਾਤ ਪਾਤ ਅਤੇ ਊਚ ਨੀਚ ਅਮਲੀ ਪੱਧਰ ਤੱਕ ਖਤਮ ਕੀਤੇ ਗਏ ਹਨ। ਇਸਦੇ ਨਾਲ ਹੀ ਪੰਜ ਸਿੱਖਾਂ ਤੋਂ ਗੁਰੂ ਜੀ ਦੁਆਰਾ ਅੰਮ੍ਰਿਤ ਛਕਣਾ ਸੰਗਤ ਦੀ ਮਹਾਨਤਾ ਦਾ ਸੂਚਕ ਸੀ। ਅੰਮ੍ਰਿਤ ਛਕਣ ਉਪਰੰਤ ਹਰ ਇਕ ਸਿੱਖ ਨੂੰ ਆਪਣੇ ਨਾਂ ਦੇ ਪਿਛੇ 'ਸਿੰਘ' ਲਗਾਉਣਾ ਅਤੇ ਪੰਜ ਕਰਾਰ ਧਾਰਨ ਕਰਨ ਦਾ

ਹੁਕਮ ਕੀਤਾ ਗਿਆ। ਡਾ. ਤਾਰਨ ਸਿੰਘ ਇਸ ਨੂੰ ਹੋਰ ਸਪੱਸ਼ਟ ਕਰਦੇ ਹੋਏ ਕਹਿੰਦੇ ਹਨ ਕਿ "ਕੇਸ, ਕੰਘਾ, ਕੜਾ, ਕਿਰਪਾਨ ਅਤੇ ਕੱਛਾ (ਕਕਾਰ) ਸਿੱਖ ਦੇ ਆਦਰਸ਼ਾਂ ਦਾ ਐਲਾਨ ਹਨ। ਇਹ ਅੰਮ੍ਰਿਤ ਦੀ ਰਹਿਤ ਦਾ ਜਬਤ ਹੀ ਖਾਲਸੇ ਦੀ ਜਥੇਬੰਦੀ ਦਾ ਚਿੰਨ੍ਹ ਹੈ। ਇਸ ਰਾਹੀਂ ਹੀ ਸਿੱਖ ਜਾਤੀ ਤੇ ਜਮਾਤੀ ਤੌਰ ਤੇ ਉਚਾ ਹੁੰਦਾ ਹੈ।" ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਅੰਮ੍ਰਿਤ ਛਕਣ ਉਪਰੰਤ ਸਿੱਖ ਕੌਮ ਦੇ ਬੁਨਿਆਦੀ ਸੁਭਾਅ ਵਿਚ ਆਏ ਪਰਿਵਰਤਨ ਉਤੇ ਟਿੱਪਣੀ ਕਰਦੇ ਹੋਏ ਕਹਿੰਦੇ ਹਨ ਕਿ "ਸਾਰੇ ਕੌਮੀ ਸੁਭਾਅ ਵਿਚ ਇਕ ਮਹਾਨ ਪਰਿਵਰਤਨ ਉਤਪੰਨ ਹੋ ਗਿਆ। ਉਹ ਲੋਕ ਵੀ ਜਿਨ੍ਹਾਂ ਨੂੰ ਮਨੁੱਖਤਾ ਦੀ ਤਲਛਟ ਸਮਝਿਆ ਜਾਂਦਾ ਸੀ ਬਦਲ ਕੇ ਬੜੇ ਵਚਿੱਤਰ ਅਤੇ ਮਹਾਨ ਬਣਾ ਦਿੱਤੇ ਗਏ ਜਿਵੇਂ ਕਿ ਜਾਦੂ ਕਰ ਦਿੱਤਾ ਗਿਆ ਹੋਵੇ । ਝਾੜੂ ਦੇਣ ਵਾਲੇ, ਨਾਈ ਅਤੇ ਹਲਵਾਈ, ਜਿਨ੍ਹਾਂ ਨੇ ਤਲਵਾਰ ਨੂੰ ਕਦੇ ਹੱਥ ਲਾ ਕੇ ਵੀ ਨਹੀਂ ਸੀ ਦੇਖਿਆ ਅਤੇ ਜਿਨ੍ਹਾਂ ਦੀਆਂ ਪੁਸ਼ਤਾਂ ਦੀਆਂ ਪੁਸ਼ਤਾਂ ਅਖੌਤੀ ਸ਼੍ਰੇਣੀਆਂ ਦੇ ਨਿਮਾਣੇ ਦਾਸਾਂ ਵਜੋਂ ਉਮਰਾਂ ਦੀਆਂ ਉਮਰਾਂ ਲੰਘ ਗਈਆਂ ਸਨ, ਗੁਰੂ ਗੋਬਿੰਦ ਸਿੰਘ ਜੀ ਦੀ ਉਤਸ਼ਾਹ ਭਰਪੂਰ ਅਗਵਾਈ ਵਿਚ ਸ਼ਕਤੀਸ਼ਾਲੀ ਯੋਧੇ ਬਣ ਗਏ। ਉਹ ਕਦੇ ਭੈ-ਭੀਤ ਨਹੀਂ ਹੋਏ ਅਤੇ ਗੁਰੂ ਦੇ ਹੁਕਮ ਤੇ ਮੌਤ ਦੇ ਮੂੰਹ ਵਿਚ ਭੱਜ ਵੜਨ ਲਈ ਸਦਾ ਤਿਆਰ ਰਹਿੰਦੇ ਸਨ।"

ਗੁਣਾਤਮਕਤਾ ਦਾ ਜੋ ਮਿਆਰ ਗੁਰੂ ਨਾਨਕ ਦੇਵ ਜੀ ਨੇ ਸਿਰਜਿਆ ਸੀ ਖਾਲਸਾ ਪੰਥ ਦੀ ਸਥਾਪਨਾ ਇਸ ਦਾ ਸਿਖਰ ਸੀ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿਰਜੀ ਖਾਲਸਾ ਕੌਮ ਨੇ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਮੁੱਲਾਂ ਨੂੰ ਪੁਨਰ-ਸਥਾਪਤ ਕਰਨ ਵਿਚ ਆਪਣਾ ਮਹਾਨ ਯੋਗਦਾਨ ਪਾਇਆ। ਗੁਰੂ ਸਾਹਿਬ ਦੀ ਕਮਾਨ ਹੇਠ ਇਸ ਖਾਲਸਾ ਕੌਮ ਨੇ ਦੁਸ਼ਮਣਾਂ ਦੀਆਂ ਹਜ਼ਾਰਾਂ ਫੌਜਾਂ ਦਾ ਮੁਕਾਬਲਾ ਕੀਤਾ ਅਤੇ ਕਦੇ ਵੀ ਕਿਸੇ ਨੇ ਦੁਸ਼ਮਣ ਦੀ ਈਨ ਨਹੀਂ ਮੰਨੀ। ਜ਼ਬਰ ਅਤੇ ਜ਼ੁਲਮ ਦੇ ਖਿਲਾਫ ਹਮੇਸ਼ਾਂ ਆਪਣੀ ਲੜਾਈ ਜਾਰੀ ਰੱਖੀ ਅਤੇ ਕਦੇ ਵੀ ਕਿਸੇ ਨਿਹੱਥੇ ਉਤੇ ਨਾ ਤਾਂ ਹੱਥ ਚੁਕਿਆ ਅਤੇ ਨਾ ਹੀ ਕਿਸੇ ਜਿੱਤ ਤੋਂ ਬਾਅਦ ਕਿਸੇ ਇਲਾਕੇ ਉਤੇ ਆਪਣਾ ਕਬਜ਼ਾ ਰੱਖਣ ਦੀ ਇੱਛਾ ਰੱਖੀ। ਖਾਲਸਿਆਂ ਦੀ ਇਸ ਕੌਮ ਨੇ ਇਤਿਹਾਸ ਵਿਚ ਹੁੰਦੀਆਂ ਜ਼ਰ, ਜ਼ੋਰੂ ਅਤੇ ਜ਼ਮੀਨ ਪਿਛੇ ਲੜਾਈਆਂ ਲੜਨ ਦੀ ਥਾਂ ਨਿਮਾਣਿਆਂ, ਨਿਤਾਣਿਆਂ ਅਤੇ ਦਬੇ-ਕੁਚਲੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਲੜਾਈ ਕਰਨ ਦੀ ਨਵੀਂ ਪਿਰਤ ਪਾਈ। ਖਾਲਸਾ ਕੌਮ ਵਿਚ ਉਜਾਗਰ ਹੋਏ ਅਜਿਹੇ ਨਿਵੇਕਲੇ ਸਿਧਾਂਤਾਂ ਸਦਕਾ ਗੁਰੂ ਸਾਹਿਬ ਨੇ ਇਸ ਨੂੰ ਅਕਾਲ ਪੁਰਖ ਦੀ ਫੌਜ ਦਾ ਨਾਂ ਦਿੱਤਾ ਅਤੇ ਨਾਲ ਹੀ ਆਪਣੀਆਂ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਵੀ ਖਾਲਸੇ ਦੇ ਸਿਰ ਬੰਨ੍ਹ ਦਿੱਤਾ ਕਿ :

**ਜੁੱਧ ਜਿਤੇ ਇਨਹੀ ਕੇ ਪ੍ਰਸਾਦਿ, ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।।**
**ਅਘ ਅਉਘ ਟਰੈ ਇਨਹੀ ਕੇ ਪ੍ਰਸਾਦਿ, ਇਨਹੀ ਕੀ ਕ੍ਰਿਪਾ ਫੁਨਿ ਧਾਮ ਭਰੇ।।**
**ਇਨਹੀ ਕੀ ਪ੍ਰਸਾਦਿ ਸੁ ਬਿਦਿਆ ਲਈ, ਇਨਹੀ ਕੀ ਕ੍ਰਿਪਾ ਸਭ ਸਤ੍ਰ ਮਾਰੇ।।**
**ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀਂ ਮੋ ਸੇ ਗਰੀਬ ਕਰੋਰ ਪਰੇ।**

ਖਾਲਸਾ ਪੰਥ ਦੀ ਸਥਾਪਨਾ ਅਤੇ ਖਾਲਸਾ ਪੰਥ ਦੀ ਧਰਮ ਬਹਾਲੀ ਦੀ ਜਦੋ-ਜਹਿਦ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸੰਸਾਰ ਵਿਚ ਆਉਣ ਦਾ ਮਿਸ਼ਨ ਪੂਰਾ ਕੀਤਾ। ਇਨਾ ਹੀ ਨਹੀਂ ਸਗੋਂ ਖਾਲਸੇ ਨੂੰ ਵਚਿੱਤਰ ਰੂਪ ਵਿਚ ਪੇਸ਼ ਕਰਕੇ ਗੁਰੂ ਸਾਹਿਬ ਨੇ ਜ਼ਬਰ ਅਤੇ ਜ਼ੁਲਮ ਦੇ ਖਿਲਾਫ ਲੜਨ ਵਾਲਿਆਂ ਦਾ ਸਦੀਵੀ ਬੂਟਾ ਲਾਇਆ। ਖਾਲਸਾ ਪੰਥ ਨੇ ਧਰਮ ਨੂੰ ਸੁਰੱਖਿਅਤ ਰੱਖਣ ਲਈ ਵਾੜ ਦਾ ਕੰਮ ਕੀਤਾ ਅਤੇ ਸਭ ਧਰਮਾਂ ਦੇ ਬੁਨਿਆਦੀ ਹਿਤਾਂ ਦੀ ਰਾਖੀ ਲਈ ਯੋਗ ਕਦਮ ਚੁੱਕੇ ਭਾਵੇਂ ਕਿ ਸਿਧਾਂਤਕ ਤੌਰ ਤੇ ਖਾਲਸਾ ਉਨ੍ਹਾਂ ਨਾਲ ਸਹਿਮਤ ਨਹੀਂ ਸੀ ਪਰ 'ਧਰਮ ਦੀ ਆਜ਼ਾਦੀ' ਖਾਲਸੇ ਦਾ ਮੁੱਖ ਮੰਤਵ ਸੀ। ਖਾਲਸੇ ਅੰਦਰ 'ਸਰਬੱਤ ਦੇ ਭਲੇ' ਦਾ ਇਹ ਸਿਧਾਂਤ ਸਦੀਵੀ ਜਿਉਂਦਾ ਰੱਖਣ ਲਈ ਖਾਲਸੇ ਨੂੰ ਆਪਣਾ ਮੰਤਵ ਦ੍ਰਿੜ ਕਰਾਉਣ ਅਤੇ ਖਾਲਸੇ ਦੀ ਸਦੀਵੀ ਪਛਾਣ ਲਈ ਗੁਰੂ ਸਾਹਿਬ ਨੇ ਖਾਲਸੇ ਦੇ ਸਿਧਾਂਤਕ ਅਤੇ ਅਮਲੀ ਪੱਖ ਉਤੇ ਸਦੀਵੀ ਮੋਹਰ ਲਾ ਦਿੱਤੀ ਕਿ :

**ਜਾਗਤਿ ਜੋਤਿ ਜਪੈ ਨਿਸਿ ਬਾਸੁਰ**
**ਏਕੁ ਬਿਨਾ ਮਨਿ ਨੈਕ ਨ ਆਨੈ।।**

**ਪੂਰਨ ਪ੍ਰੇਮ ਪ੍ਰਤੀਤਿ ਸਜੈ, ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ।।**
**ਤੀਰਥ ਦਾਨ ਦਯਾ ਤਪ ਸੰਜਮ, ਏਕੁ ਬਿਨਾ ਨਹਿ ਏਕ ਪਛਾਨੈ।।**
**ਪੂਰਨ ਜੋਤਿ ਜਗੈ ਘਟ ਮੈਂ**
**ਤਬ ਖਾਲਸ ਤਾਹਿੰ ਨਖਾਲਸ ਜਾਨੈ।।**

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਖਾਲਸਾ ਪੰਥ ਦੀ ਸਥਾਪਨਾ ਨੇ ਸਿੱਖ ਧਰਮ ਦੀਆਂ ਜੜ੍ਹਾਂ ਦੁਨਿਆਵੀ ਸਮਾਜ ਵਿਚ ਪੱਕੀਆਂ ਅਤੇ ਮਜ਼ਬੂਤ ਕਰ ਦਿੱਤੀਆਂ, ਅਣਖੀ ਅਤੇ ਗੈਰਤਮੰਦ ਸਮਾਜ ਦੀ ਸਥਾਪਨਾ ਦਾ ਦੌਰ ਅਰੰਭ ਹੋਇਆ, ਜ਼ਬਰ ਅਤੇ ਜ਼ੁਲਮ ਨੂੰ ਠੱਲ ਪਈ; ਮਾਨਵੀ ਜ਼ਿੰਦਗੀ ਨਿਜ ਤੋਂ ਉਪਰ ਉਠ ਕੇ 'ਸਰਬਤ ਦੇ ਭਲੇ' ਹਿਤ ਅੱਗੇ ਆਈ। ਧਾਰਮਿਕ, ਸਮਾਜਿਕ, ਰਾਜਨੀਤਿਕ ਬਰਾਬਰੀ ਦੀ ਸ਼ੁਰੂਆਤ ਨਾਲ ਆਦਰਸ਼ ਸੋਚ, ਏਕਤਾ, ਨਿਆਂ, ਅਮਨ ਅਤੇ ਪ੍ਰੇਮ ਦਾ ਪੁਨਰ ਉਥਾਨ ਹੋਣ ਲੱਗਾ। ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਜੇਕਰ ਇਹ ਕਿਹਾ ਜਾਵੇ ਕਿ ਖਾਲਸਾ ਪੰਥ ਦੀ ਸਥਾਪਨਾ ਕਰਕੇ ਗੁਰੂ ਸਾਹਿਬ ਨੇ ਧਰਮ-ਨਿਰਪੱਖ, ਵਰਗਹੀਣ, ਸੋਸ਼ਣਹੀਨ, ਜਾਤੀ-ਰਹਿਤ ਭਾਰਤੀ ਸਮਾਜ ਦੀ ਗੁਰੂ ਨਾਨਕ ਸਾਹਿਬ ਦੁਆਰਾ ਰੱਖੀ ਨੀਂਹ ਨੂੰ ਮਜ਼ਬੂਤ ਕੀਤਾ ਜਿਥੇ ਹਰ ਇਕ ਮਨੁੱਖ ਸਮਾਨ ਮੁੱਲਾਂ ਦਾ ਅਧਿਕਾਰੀ ਸੀ। ਇਸੇ ਕਰਕੇ ਗੁਰੂ ਸਾਹਿਬ ਨੇ ਆਪਣੇ ਅੰਤਿਮ ਸਮੇਂ ਦੌਰਾਨ ਆਪਣੇ ਆਪ ਨੂੰ ਖਾਲਸੇ ਵਿਚ ਅਭੇਦ ਕਰ ਦਿੱਤਾ ਅਤੇ ਇਹ ਐਲਾਨ ਕਰ ਦਿੱਤਾ ਕਿ ਜਿਥੇ ਪੰਜ ਸਿੰਘ ਇਕੱਠੇ ਹੋਣਗੇ ਉਥੇ ਮੈਂ ਆਪ ਹਾਜ਼ਰ ਹੋਵਾਂਗਾ। ਇਹ ਖਾਲਸਾ ਕਿਸੇ ਤਰ੍ਹਾਂ ਦੇ ਭੇਦ ਭਾਵ ਤੋਂ ਉਪਰ ਉਠ ਕੇ ਹਮੇਸ਼ਾਂ ਆਪਣੇ ਨੈਤਿਕ ਸਮਾਜਿਕ, ਭਾਈਚਾਰਕ, ਆਦਰਸ਼ਾਂ ਦੀ ਪ੍ਰਾਪਤੀ ਲਈ ਜੂਝਦਾ ਰਹੇਗਾ ।

ਪਾਠ ਨੰ. 1.4 ਲੇਖਿਕਾ : ਡਾ. ਰਮਿੰਦਰਜੀਤ ਕੌਰ

# ਹਰਿਮੰਦਰ ਸਾਹਿਬ

ਹਰਿਮੰਦਰ (ਪ੍ਰਮਾਤਮਾ ਦਾ ਘਰ) ਜਿਸ ਨੂੰ ਕਿ ਸ੍ਰੀ ਦਰਬਾਰ ਸਾਹਿਬ ਵੀ ਕਿਹਾ ਜਾਂਦਾ ਹੈ, ਸਿੱਖਾਂ ਦਾ ਸਭ ਤੋਂ ਵੱਧ ਸ਼ਰਧਾਜਨਕ ਧਾਰਮਿਕ ਅਸਥਾਨ ਹੈ। ਇਹ ਖਾਲਾਸਾ ਪੰਥ, ਸਿੱਖ ਸੰਸਕ੍ਰਿਤੀ ਅਤੇ ਸਿੱਖ ਕਲਾ ਦਾ ਮਹਾਨ ਕੇਂਦਰ ਹੈ। ਇਸ ਪਵਿੱਤਰ ਅਸਥਾਨ ਦਾ ਸੰਬੰਧ ਕਵੀ ਇਤਿਹਾਸ ਅਤੇ ਮਿਥਿਹਾਸਕ ਘਟਨਾਵਾਂ ਨਾਲ ਜੋੜਿਆ ਗਿਆ ਹੈ। ਇਸ ਨਾਲ ਸਿੱਖ ਧਰਮ ਦੀ ਗਹਿਰੀ ਭਾਵਨਾਤਮਕ ਸਾਂਝ ਇਤਨੀ ਤੀਬਰ ਹੈ ਕਿ ਨਿਤਾਪ੍ਰਤੀ ਅਰਦਾਸ ਵਿੱਚ ਇਸ ਸਥਾਨ ਦੇ ਦਰਸ਼ਨ ਇਸ਼ਨਾਨ ਲਈ ਅਰਦਾਸ ਕੀਤੀ ਜਾਂਦੀ ਹੈ। ਇਹ ਸਥਾਨ ਪੰਜਾਬ ਦੇ ਅੰਮ੍ਰਿਤਸਰ ਸ਼ਹਿਰ ਵਿਚਕਾਰ ਸਥਿਤ ਹੈ, ਦਰਅਸਲ ਅੰਮ੍ਰਿਤਸਰ ਸ਼ਹਿਰ ਇਸ ਸਥਾਨ ਦੇ ਆਸੇ ਪਾਸੇ ਵਸਿਆ ਹੋਇਆ ਪੰਜਾਬ ਦਾ ਸਭ ਤੋਂ ਵੱਧ ਮਹੱਤਵਪੂਰਣ ਅਤੇ ਇਤਿਹਾਸਕ ਸਥਾਨ ਹੈ। ਹਰਿਮੰਦਰ ਸਿੱਖਾਂ ਲਈ ਸ਼ਾਂਤੀ ਦਾ ਸਵਰਗ ਅਤੇ ਆਮ ਯਾਤਰੀਆਂ ਲਈ ਦੁਨੀਆਂ ਦੀ ਵਿਲੱਖਣ ਹਸਤੀ ਹੈ। ਇਸ ਦਾ ਨਮੂਨਾ ਪੰਜਵੇਂ ਨਾਨਕ ਗੁਰੂ ਅਰਜਨ ਦੇਵ (1563–1606) ਵਲੋਂ ਤਿਆਰ ਕੀਤਾ ਗਿਆ। ਅੰਮ੍ਰਿਤਸਰ ਸ਼ਹਿਰ ਦੀ ਨੀਂਹ ਤਾਂ 1577 ਵਿੱਚ ਗੁਰੂ ਰਾਮ ਦਾਸ ਜੀ (1534–81) ਨੇ ਉਦੋਂ ਹੀ ਰੱਖ ਦਿੱਤੀ ਜਦੋਂ ਉਹਨਾਂ ਨੇ ਇਸ ਅਸਥਾਨ ਤੇ ਪਵਿੱਤਰ ਸਰੋਵਰ (ਅੰਮ੍ਰਿਤ-ਅੰਮਿਓ ਰਸ; ਸਰ-ਸਰੋਵਰ) ਦੀ ਖੁਦਾਈ ਦਾ ਕਾਰਜ ਆਰੰਭ ਕਰਵਾਇਆ ਸੀ। ਕੁਝ ਸ੍ਰੋਤਾਂ ਅਨੁਸਾਰ ਇਹ ਜ਼ਮੀਨ ਗੁਰੂ ਅਮਰ ਦਾਸ ਜੀ ਦੇ ਸਮੇਂ ਨੇੜੇ ਦੇ ਪਿੰਡ ਤੁੰਗ ਦੇ ਵਸਨੀਕਾਂ ਪਾਸੋਂ ਖਰੀਦੀ ਗਈ ਸੀ ਅਤੇ ਕੁਝ ਹੋਰਨਾਂ ਅਨੁਸਾਰ ਇਹ ਜ਼ਮੀਨ ਮੁਗਲ ਬਾਦਸ਼ਾਹ ਅਕਬਰ ਵੱਲੋਂ ਗੁਰੂ ਰਾਮ ਦਾਸ ਜੀ ਨਾਲ ਵਿਆਹੀ ਗੁਰੂ ਅਮਰ ਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ, ਨੂੰ ਸੁਗਾਤ ਵਜੋਂ ਦਿੱਤੀ ਗਈ ਸੀ। ਇਸ ਪਵਿੱਤਰ ਸਰੋਵਰ ਦੇ ਆਸਪਾਸ ਜੋ ਅਬਾਦੀ ਹੋਈ ਉਸਨੂੰ 'ਰਾਮਦਾਸਪੁਰ' ਜਾਂ 'ਚੱਕ ਰਾਮਦਾਸ' ਜਾਂ ਕੇਵਲ 'ਚੱਕ ਗੁਰੂ' ਕਿਹਾ ਜਾਂਦਾ ਸੀ।

ਇਸ ਅਸਥਾਨ ਦੀ ਨੀਂਹ ਸ਼ਾਹ ਮੀਆਂ ਮੀਰ ਵੱਲੋਂ ਗੁਰੂ ਅਰਜਨ ਦੇਵ ਜੀ ਦੇ ਕਹਿਣ ਤੇ 1 ਮਾਘ 1645 ਬਿਕਰਮੀ ਨੂੰ ਰੱਖੀ ਗਈ ਸੀ ਇਸ ਗੱਲ ਦੀ ਪ੍ਰੋੜਤਾ ਵੱਖ-ਵੱਖ ਇਤਿਹਾਸਕਾਰਾਂ ਵਲੋਂ ਕੀਤੀ ਗਈ ਹੈ; ਅਤੇ ਇਸਦੀ ਉਸਾਰੀ ਵਿੱਚ ਬਾਬਾ ਬੁੱਢਾ, ਭਾਈ ਗੁਰਦਾਸ, ਭਾਈ ਸਾਹਲੋ, ਭਾਈ ਬਹਿਲੋ, ਭਾਈ ਭਗਤੂ, ਭਾਈ ਪੈੜਾ ਅਤੇ ਭਾਈ ਕਲਿਆਣ ਜਿਤੇ ਗੁਰੂ ਘਰ ਦੇ ਅਨਿੰਨ ਸੇਵਕਾਂ ਨੇ ਯੋਗਦਾਨ ਪਾਇਆ ਹੈ।

ਗੁਰੂ ਅਰਜਨ ਦੇਵ ਜੀ ਇਸ ਸਰੋਵਰ ਦੇ ਕੰਢੇ ਤੇ ਬੈਠ ਕੇ ਗੁਰਬਾਣੀ ਦਾ ਪਾਠ ਅਤੇ ਕੀਰਤਨ ਕਰਦੇ ਅਤੇ ਸੱਚ ਅਤੇ ਸੱਚ ਆਚਾਰ ਦਾ ਉਪਦੇਸ਼ ਆਈਆਂ ਸੰਗਤਾਂ ਨਾਲ ਸਾਂਝਾਂ ਕਰਦੇ ਸਨ। ਉਹ ਦੂਰ ਦੁਰਾਡੇ ਬੈਠੀਆਂ ਸਿੱਖ ਸੰਗਤਾਂ ਦਾ ਸੰਚਾਲਨ ਵੀ ਇਸੇ ਜਗਾ ਤੋਂ ਕਰਦੇ ਸਨ, ਸੋ ਹੌਲੀ-ਹੌਲੀ ਇਹ ਸਥਾਨ ਗੁਰਮਤਿ ਸਿਧਾਂਤਾਂ ਦਾ ਅਜਿਹਾ ਧੁਰਾ ਬਣਦਾ ਗਿਆ ਜਿਥੋਂ ਮਨੁੱਖਤਾ, ਭਾਈਚਾਰੇ, ਪਿਆਰ, ਸ਼ਾਤੀ ਅਤੇ ਤਿਆਗ ਦੀ ਪ੍ਰੇਰਨਾ ਸਿੱਖਾਂ ਦੇ ਜੀਵਨ ਨੂੰ ਤਬਦੀਲ ਕਰਨ ਯੋਗ ਬਣਦੀ ਗਈ।

ਗੁਰੂ ਨਾਨਕ ਦੇਵ ਜੀ ਦੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਹੋਕੇ ਦੀ ਜਿਊਦੀ ਜਾਗਦੀ ਤਸਵੀਰ ਹਰਿਮੰਦਰ ਦੀ ਬਣਤਰ ਅਤੇ ਕਾਰ ਵਿਹਾਰ ਤੋਂ ਝਲਕਣ ਲੱਗੀ। ਕਿਸੇ ਜਾਤ-ਪਾਤ ਆਦਿ ਦੇ ਵਖਰੇਵੇਂ ਤੋਂ ਮੁਕਤ ਇਹ ਸਥਾਨ ਸਿੱਖ ਸਮਾਜ ਦਾ 'ਮੱਕਾ' ਬਣਨ ਲੱਗੀ। ਪਹਿਲੇ ਸਿੱਖ ਗੁਰੂ ਸਾਹਿਬਾਨਾਂ ਵਲੋਂ ਸੇਵਾ ਅਤੇ ਆਤਮ ਸਮਰਪਣ ਦੀ ਦਿੱਤੀ ਹੋਈ ਸਿੱਖਿਆ ਗੁਰੂ ਅਰਜਨ ਦੇਵ ਦੇ ਇਸ ਸਥਾਨ ਤੋਂ ਕੌਮੀ ਪੱਧਰ ਦੇ ਜਾਹਰ ਹੋਣ ਲੱਗੀ।

ਇਸ ਸ਼ਹਿਰ ਨੂੰ ਹੋਰ ਪ੍ਰਫੁਲਤ ਕਰਨ ਵਿੱਚ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਭਰਪੂਰ ਯੋਗਦਾਨ ਪਾਇਆ। ਉਹਨਾਂ ਨੇ ਇਸ ਸਰੋਵਰ ਨੂੰ ਮੁਕੰਮਲ ਕਰਵਾਇਆ ਅਤੇ ਇਸ ਦੀਆਂ ਪੌੜੀਆਂ ਨੂੰ ਪੱਕਿਆਂ

ਕਰਵਾਇਆ। ਅਤੇ ਇਸ ਦੇ ਵਿਚਕਾਰ ਪਵਿੱਤਰ ਅਸਥਾਨ ਹਰਿਮੰਦਰ ਸਾਹਿਬ ਬਣਵਾਇਆ ਜੋ ਗੋਲਡਨ ਟੈਂਪਲ ਦੇ ਨਾਂ ਨਾਲ ਸਾਰੀ ਦੁਨੀਆਂ ਵਿੱਚ ਪ੍ਰਸਿੱਧ ਹੈ। ਹਰਿਮੰਦਰ ਸਾਹਿਬ ਵਿੱਚ 16 ਅਗਸਤ 1604 ਨੂੰ (ਗੁਰੂ) ਸਾਹਿਬ ਦੀ ਸਥਾਪਨਾ ਕਰਨ ਨਾਲ ਇਹ ਅਸਥਾਨ ਅਤੇ ਸਰੋਵਰ ਅੰਮ੍ਰਿਤਸਰ ਸ਼ਹਿਰ ਦਾ ਮੁੱਖ ਆਕਰਸ਼ਣ ਬਣ ਗਏ ਅਤੇ ਦੂਰੋਂ ਨੇੜਿਉਂ ਸਿੱਖਾਂ ਲਈ ਤੀਰਥ ਅਸਥਾਨ ਬਣ ਗਿਆ। ਇਸ ਸਥਾਨ ਦੀ ਵਧਦੀ ਹੋਈ ਤਾਕਤ ਦਾ ਅੰਦਾਜ਼ਾ ਵਕਤ ਦੀ ਹਕੂਮਤ ਨੂੰ ਵੀ ਹੋ ਗਿਆ ਸੀ। ਬਾਦਸ਼ਾਹ ਜਹਾਂਗੀਰ ਨੇ ਆਪ ਆਪਣੀ ਪੁਸਤਕ ਤੁਜਕ-ਏ-ਜਹਾਂਗੀਰੀ ਵਿੱਚ ਸਿੱਖ ਗੁਰੂ ਸਾਹਿਬਾਨ ਦੀ ਵਧਦੀ ਹੋਈ ਤਾਕਤ ਅਤੇ ਲੋਕਪ੍ਰਿਅਤਾ ਤੋਂ ਖਤਰਾ ਜ਼ਾਹਿਰ ਕੀਤਾ ਅਤੇ ਅੰਤ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਉਸਨੇ ਆਪਣਾ ਇਹ ਮੰਤਵ ਪੂਰਾ ਕੀਤਾ। ਜਿਸ ਦੇ ਪ੍ਰਤੀਕਰਮ ਵਜੋਂ ਛੇਵੇਂ ਗੁਰੂ ਹਰਗੋਬਿਦ ਸਾਹਿਬ ਵਲੋਂ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਗਈਆਂ।

ਇਸ ਤਰ੍ਹਾਂ ਇਸ ਪਵਿਤਰ ਸਥਾਨ ਸਿੱਖ ਸਮਾਜ ਲਈ ਅਧਿਆਤਮਕਤਾ ਦੇ ਨਾਲ-ਨਾਲ ਸਮਾਜਿਕ ਅਤੇ ਰਾਜਸੀ ਸਿਧਾਂਤਾ ਦਾ ਵੀ ਸਰੋਤ ਬਣ ਗਿਆ। ਇਕ ਪਾਸੇ ਸਿਮਰਨ ਦੇ ਨਾਲ-ਨਾਲ ਨਾਮ, ਦਾਨ, ਇਸ਼ਨਾਨ ਦੇ ਮੌਖਿਕ ਸਿਧਾਂਤਾ ਦੀ ਪ੍ਰੋੜਤਾ ਹੋ ਰਹੀ ਸੀ ਅਤੇ ਦੂਜੇ ਪਾਸੇ ਸੰਤ ਦੇ ਨਾਲ-ਨਾਲ ਸਿਪਾਹੀ ਹੋਣ ਦੀ ਤਾਕੀਦ ਵੀ ਕੀਤੀ ਜਾ ਰਹੀ ਸੀ। ਗੁਰੂ ਕਾ ਲੰਗਰ ਇਸ ਦਾ ਜ਼ਰੂਰੀ ਹਿੱਸਾ ਬਣ ਚੁੱਕਾ ਸੀ। ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਤੋਂ ਬਾਅਦ ਇਸ ਸੰਸਥਾ ਨੇ ਮਾਡਲ ਦੇ ਰੂਪ ਵਿਚ ਸਿੱਖ ਸਮਾਜ ਨੂੰ ਸੰਸਥਾਗਤ ਰੂਪ ਦੇਣ ਦੀ ਭੂਮਿਕਾ ਵਜੋਂ ਕੰਮ ਕੀਤਾ। ਗੁਰਦੁਆਰਾ ਸੰਸਥਾ ਦੇ ਮੁੱਢ ਵਜੋਂ ਇਹ ਸਥਾਨ ਇਤਨਾ ਪ੍ਰਚਲਿਤ ਹੋ ਗਿਆ ਕਿ ਇਸੇ ਸਥਾਨ ਦੀ ਤਰਜ ਉਪਰ ਦੂਰੋਂ ਨੇੜਿਉਂ ਦੀ ਸੰਗਤਾਂ ਨੇ ਕਈ ਸਥਾਨਾਂ ਨੇ ਅਜਿਹੇ ਹੀ ਗੁਰਦੁਆਰਾ ਸਾਹਿਬ ਬਣਾਏ। ਗੁਰਦੁਆਰਿਆਂ ਵਿੱਚ ਚਲ ਰਹੀ ਲੰਗਰ ਪ੍ਰਥਾ, ਸੇਵਾ ਅਤੇ ਦਸਵੇਧ ਆਦਿ ਕਈ ਸਿਧਾਂਤਾਂ ਦੇ ਵਿਕਾਸ ਵਿਚ ਇਸ ਸਥਾਨ ਦੀ ਖਾਸ ਭੂਮਿਕਾ ਰਹੀ ਹੈ।

ਦਰਸ਼ਨੀ ਡਿਉਢੀ ਦੇ ਸਾਹਮਣੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਅਕਾਲ ਤਖਤ ਸਥਾਪਤ ਕੀਤਾ ਇਸ ਪਵਿੱਤਰ ਅਸਥਾਨ ਦੀ ਬੁਨਿਆਦ, ਉਸਾਰੀ ਅਤੇ ਉਨੱਤੀ ਦੀ ਕਾਰਜ ਪੂਰਤੀ ਨੂੰ ਚਾਰ ਗੁਰੂ ਸਾਹਿਬਾਨਾਂ ਦੇ ਕਰ ਕਮਲਾਂ ਦੀ ਛੋਹ ਪ੍ਰਾਪਤ ਹੈ। ਅੰਮ੍ਰਿਤਸਰ ਜ਼ਿਲ੍ਹੇ ਵਿਚ ਦੇਖਣ ਯੋਗ ਅਸਥਾਨ, ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ, ਰਾਮਦਾਸ ਦੇ ਸਥਾਨ ਕਾਫੀ ਪ੍ਰਸਿੱਧ ਹਨ। ਇਹ ਸਾਰੇ ਹੀ ਗੁਰੂ ਕਾਲ ਨਾਲ ਸੰਬੰਧਿਤ ਹਨ ਅਤੇ ਉਹਨਾਂ ਦੀ ਯਾਦ ਨਾਲ ਸੰਬੰਧਿਤ ਹੋਣ ਕਾਰਨ ਜਨ-ਸਮੂਹ ਦੇ ਸਤਿਕਾਰ ਦੇ ਪਾਤਰ ਹਨ।

ਅੰਮ੍ਰਿਤ ਸਰੋਵਰ ਦਾ ਜਲ ਇਕ ਹਸਲੀ ਦੇ ਰਾਹੋਂ ਆਉਂਦਾ ਹੈ ਜੋ ਸੰਤ ਪ੍ਰੀਤਮ ਦਾਸ ਅਤੇ ਸੰਤੋਖ ਦਾਸ ਪ੍ਰੇਮੀ ਉਦਾਸੀਆਂ ਨੇ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਨਾਲ ਸੰਮਤ 1923 ਵਿਚ ਬਾਰੀ ਦੁਆਬਾ ਵਾਲੀ ਨਹਿਰ ਵਿਚੋਂ ਲਿਆ ਕੇ ਹਸਲੀ ਵਿੱਚ ਪਾਇਆ ਸੀ।

ਪਵਿਤ੍ਰ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਤੋਂ ਪਹਿਲਾਂ ਸਰੋਵਰ ਦੀ ਪਰਿਕਰਮਾ ਕਰਨਾ ਅਤੇ ਰਾਮਦਾਸ ਸਰੋਵਰ ਵਿਚ ਇਸ਼ਨਾਨ ਕਰਨਾ ਜ਼ਰੂਰੀ ਹੈ। ਪਵਿਤ੍ਰ ਹਿਰਦੇ ਅਤੇ ਸੁੱਚੇ ਸ਼ਰੀਰ ਨਾਲ ਹੀ ਪ੍ਰਭੂ ਮੰਦਰ ਦੇ ਦਰਸ਼ਨ ਹੋ ਸਕਦੇ ਹਨ। ਇਸ਼ਨਾਨ ਕਿਸੇ ਵੀ ਜਗ੍ਹਾ ਤੇ ਕੀਤਾ ਜਾ ਸਕਦਾ ਹੈ। ਆਮ ਤੌਰ ਤੇ ਸ਼ਰਧਾਵਾਨ ਦੁਖ ਭੰਜਨੀ ਕੰਢੇ ਇਸ਼ਨਾਨ ਕਰਦੇ ਹਨ।

ਰਾਮ ਦਾਸ ਸਰੋਵਰ ਨਾਤੇ ਸਭਿ ਉਤਰੇ ਪਾਪ ਕਮਾਤੇ

ਅਤੇ

ਸੰਤਹੁ ਰਾਮਦਾਸ ਸਰੋਵਰ ਨੀਕਾ
ਜੋ ਨਾਇ ਸੋ ਕੁਝ ਤਰਾਵੈ ਉਧਾਰ ਹੋਆਂ ਹੈ ਜੀਕਾ।।

ਜਿਹੇ ਆਦੇਸ਼ ਗੁਰਬਾਣੀ ਵਿੱਚ ਮੌਜੂਦ ਹਨ। ਇਸ ਦੀ ਪਵਿੱਤਰ ਛੋਹ ਨਾਲ ਤਨ ਅਰੋਗੀ ਹੁੰਦਾ ਹੈ ਅਤੇ ਦੁੱਖਾਂ ਕਲੇਸ਼ਾਂ ਚਿੰਤਾਵਾਂ ਤੋਂ ਮੁਕਤੀ ਮਿਲਦੀ ਹੈ –

ਰੋਗ ਗਇਆ ਪ੍ਰਭਿ ਆਪ ਗਵਾਇਆ।

ਨੀਦ ਪਈ ਸੁਖ ਸਹਜ ਘਰੁ ਆਇਆ।।

ਇਸ਼ਨਾਨ, ਦਰਸ਼ਨ, ਪਾਠ ਕੀਰਤਨ ਕਰਦਾ ਸਿੱਖ ਡਿਉਢੀ ਸਾਹਮਣੇ ਖਲੋਤਾ ਸੱਚਖੰਡ ਵਿਚ ਪ੍ਰਵੇਸ਼ ਜਿਹੀ ਅਵਸਥਾ ਮਹਿਸੂਸ ਕਰਦਾ ਹੈ

ਡਿਠੈ ਸਭੈ ਥਾਵ ਨਹੀਂ ਤੁਧੁ ਜੇਹਿਆ

ਬਧਹੁ ਪੁਰਖ ਬਿਧਾਤ, ਤਾਂ ਤੂ ਸੋਹਿਆ।।

ਆਮ ਤੌਰ ਤੇ ਪੁਰਾਤਨ ਧਾਰਮਿਕ ਸਥਾਨਾਂ ਦੀ ਉਸਾਰੀ ਉਚੇ ਚਬੂਰੇ ਤੇ ਕੀਤੀ ਜਾਂਦੀ ਸੀ ਪਰੰਤੂ ਸਿੱਖ ਗੁਰੂ ਸਾਹਿਬਾਨਾਂ ਨੇ ਹਰਿਮੰਦਰ ਦੀ ਉਸਾਰੀ ਨੀਵੀਂ ਥਾਂ ਤੇ ਕਰਵਾਈ ਤਾਂ ਕਿ ਇੱਥੇ ਆਉਣ ਵਾਲਾ ਜਗਿਆਸੂ ਆਪਣੇ ਮਨ ਤੋਂ ਹਉਮੈ, ਤਿਆਗ ਕੇ ਨਿਮਰ ਭਾਵ ਪੈਂਦਾ ਕਰਦਾ ਹੋਇਆ ਆਵੇ। ਹਊਮੈਂ ਨੂੰ ਗੁਰਬਾਣੀ ਵਿਚ ਨਾਮ ਦਾ ਵਿਰੋਧੀ ਤੇ ਪ੍ਰਮਾਤਮਾ ਭਗਤੀ ਦੇ ਮਾਰਗ ਦੀ ਵੱਡੀ ਮੁਕਾਵਟ ਦੱਸਿਆ ਗਿਆ ਹੈ – ਹਉਮੈ ਨਾਵੇਂ ਨਾਲਿ ਵਿਰੋਧ ਹੈ ਦਇ ਨਾ ਵਸਹਿ ਇਕ ਫਾਇ ਸੋ ਇਸ ਤਰ੍ਹਾਂ ਹਰਿਮੰਦਰ ਗੁਰਮਤਿ ਸਿਧਾਂਤਾਂ ਅਨੁਸਾਰ ਖਰਾ ਉਤਰਦਾ ਹੈ। ਹਰਿਮੰਦਰ ਹਰ ਜਾਤੀ, ਹਰ ਧਰਮ ਅਤੇ ਹਰ ਵਰਗ ਦੇ ਮਨੁੱਖਾਂ ਲਈ ਸਰਬ ਸਾਂਝੀ ਵਾਲਤਾ ਦੇ ਸੰਦੇਸ਼ ਦਾ ਪ੍ਰਤੀਕ ਹੈ ਇਸੇ ਕਾਰਨ ਸੰਕੇਤ ਵਜੋਂ ਇਸ ਦੇ ਚਾਰ ਦਰਵਾਜ਼ੇ ਹਨ ਸਭ ਲਈ ਪੱਕੇ ਹਨ। ਪ੍ਰਮਾਤਮਾ ਦੀ ਸਰਵਵਿਆਪਕਤਾ ਦਰਸਾਉਂਦੇ ਹੋਏ ਇਹ ਦਰਵਾਜੇ ਸਿੱਖ ਸਿਧਾਂਤਾਂ ਦੇ ਪਹਿਰਾ ਦੇ ਰਹੇ ਹਨ। ਗੁਰੂ ਅਰਜਨ ਦੇਵ ਜੀ ਫੁਰਮਾਇਆ ਹੈ ਕਿ –

ਮੈਂ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ ।।

ਖੰਡ ਦੀਪ ਸਭ ਭੀਤਰਿ ਰਵਿਆ ਪੂਰਿ ਰਹਿਓ ਸਭ ਲੋਊ ।।

ਦਰਸ਼ਨੀ ਡਿਉਢੀ ਦੇ ਬਾਹਰ ਸੱਜੇ ਹੱਥ ਛੋਟਾ ਜਿਹਾ ਗੁਰਦੁਆਰਾ ਲਾਚੀ ਬੇਰ ਹੈ। ਇਸ ਬੇਰੀ ਹੇਠ ਗੁਰੂ ਅਰਜਨ ਦੇਵ ਜੀ ਬਿਰਾਜਮਾਨ ਹੁੰਦੇ ਸਨ ਅਤੇ ਸਿੱਖ ਇਤਿਹਾਸਕਾਰਾਂ ਅਨੁਸਾਰ ਇਸੇ ਬੇਰੀ ਨਾਲ ਸੁੱਖਾ ਸਿੰਘ ਮਹਿਤਾਬ ਸਿੰਘ ਘੋੜੇ ਬੰਨ੍ਹ ਕੇ ਮੱਸੇ ਰੰਘੜ ਦਾ ਸਿਰ ਵੱਢ ਕੇ ਲਿਆਏ ਸਨ।

ਬਾਬਾ ਬੁੱਢਾ ਜੀ ਪਹਿਲੇ ਸੁਭਾਗੇ ਗੁਰਸਿਖ ਸਨ ਜਿਹਨਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਆਪ ਹਰਿਮੰਦਰ ਦਾ ਮੁਖ ਗ੍ਰੰਥੀ ਨਿਯੁਕਤ ਕੀਤਾ ਸੀ ਅਗੋਂ ਉਹਨਾਂ ਦੀ ਪੀੜੀ ਵੀ ਇਸ ਸਤਿਕਾਰਤ ਪਦਵੀ ਤੇ ਸੇਵਾ ਨਿਭਾਉਂਦੀ ਰਹੀ ਸੰਕਟ ਕਾਲ ਵਿਚ ਭਾਈ ਮਨੀ ਸਿੰਘ ਜੀ ਨੇ ਇਹ ਸੇਵਾ ਨਿਭਾਈ।

ਹਰਿਮੰਦਰ ਸਾਹਿਬ ਦੇ ਚੌਗਿਰਦੇ ਬਣੇ ਇਤਿਹਾਸਕ ਸਥਾਨ ਵਿਚੋਂ ਸੰਤੋਖਸਰ, ਕੌਲਸਰ, ਬਿਬੇਕਸਰ, ਰਾਮਸਰ, ਅਕਾਲ ਬੁੰਗਾ, ਅਟੱਲ ਸਾਹਿਬ, ਹਰਿ ਕੀ ਪਉੜੀ, ਗੁਰੂ ਕੇ ਮਹਿਲ, ਟਾਹਲੀ ਸਾਹਿਬ, ਥੜਾ ਸਾਹਿਬ (2) ਦਰਸ਼ਨੀ ਡਿਉਢੀ, ਪਿਪਲੀ ਸਾਹਿਬ, ਬੇਰ ਬਾਬਾ ਬੁੱਢਾ ਜੀ, ਮੰਜੀ ਸਾਹਿਬ, ਲਾਚੀ ਬੇਰ, ਲੋਹਗੜ੍ਹ, ਕਿਲਾ ਆਦਿ ਪ੍ਰਮੁੱਖ ਹਨ।

ਇਸ ਪਵਿੱਤਰ ਅਸਥਾਨ ਨੇ ਸਿੱਖ ਪੰਥ ਦੇ ਕਈ ਉਤਰਾਅ ਚੜਾਅ ਦੇਖੇ ਹਨ ਅਤੇ ਇਹ ਕੇਵਲ ਸਿੱਖ ਧਰਮ ਦਾ ਹੀ ਨਹੀਂ ਬਲਕਿ ਸਮੁੱਚੀ ਮਾਨਵਤਾ ਸਾਂਝਾ ਕੇਂਦਰ ਹਨ ਜਿਥੇ ਹਰ ਦੇਸ਼ ਦਾ ਵਾਸੀ, ਹਰ ਧਰਮ ਦਾ ਅਨੁਯਾਈ, ਹਰ ਰੂਪ, ਰੰਗ, ਨਸਲ ਦਾ ਜੀਵ ਬਿਨਾਂ ਕਿਸੇ ਰੋਕ ਟੋਕ ਦੇ ਆ ਸਕਦਾ ਹੈ ਅਤੇ ਪਰਿਪੂਰਨ ਪਿਆਰ ਸਰੂਪ ਪਰਮਾਤਮਾ ਦੇ ਘਰ ਦਾ ਦਰਸ਼ਨ ਕਰ ਸਕਦਾ ਹੈ। ਮਨੁੱਖੀ ਇਤਿਹਾਸ ਅਤੇ ਧਰਮ ਪਰੰਪਰਾ ਵਿਚ ਇਹ ਆਪਣੀ ਸੱਤਾ, ਮਾਨਵ ਸ਼ਕਤੀ ਅਤੇ ਧਾਰਮਿਕ ਵਿਸ਼ਵਾਸ ਦਾ ਸ੍ਰੋਤ ਹੈ ਇਸ ਤੋਂ ਆਵੇਸ਼ ਲੈ ਕੇ ਸਿਖ ਨੇਕੀ, ਸੱਚਾਈ, ਸੁੰਦਰਤਾ, ਦ੍ਰਿੜਤਾ, ਕੁਰਬਾਨੀ, ਲੋਕ ਸੇਵਾ, ਪਰਉਪਕਾਰ ਜਿਹੇ ਗੁਣ ਧਾਰਨ ਕਰਦਾ ਹੈ। ਇਹ ਇੱਕ ਚਾਨਣ ਮੁਨਾਰਾ ਹੈ ਜਿਸਦੇ ਪ੍ਰਕਾਸ਼ ਨਾਲ ਸਿੱਖ ਸੰਸਾਰ ਭਰ ਦੀ ਲੋਕਾਈ ਦੀ ਬਿਨਾਂ ਪੱਖਪਾਤ ਅਤੇ ਜਾਤਪਾਤ ਦੇ ਸੇਵਾ ਕਰਨ ਯੋਗ ਬਣਦੇ ਹਨ ਅਤੇ ਜ਼ੁਲਮ, ਜਬਰ, ਅਨਿਆਇ ਅਤੇ ਅੱਤਿਆਚਾਰ ਦੇ ਖਿਲਾਫ ਟਾਕਰਾ ਕਰਨ ਦੀ ਸੇਧ ਲੈਂਦੇ ਹਨ।

ਤਕਰੀਬਨ 1716 ਤੋਂ ਬਾਅਦ ਮੁਗਲਾਂ ਦੇ ਆਉਣ ਤੋਂ ਲੈ ਕੇ ਸਿੱਖ ਧਾਰਮਿਕ ਅਸਥਾਨਾਂ ਉਪਰ ਘੋਰ ਸੰਕਟ ਦਾ ਸਮਾਂ ਸ਼ੁਰੂ ਹੋਇਆ ਪਰੰਤੂ ਇਹੀ ਸਮਾਂ ਸਿੱਖਾਂ ਦੀ ਕਰੜੀ ਪ੍ਰੀਖਿਆ ਵੀ ਸਮਾਂ ਸੀ ਕਿਉਂਕਿ ਇਹ ਸਿੱਖ ਇਤਿਹਾਸ ਦਾ ਸੁਨਹਿਰੀ ਸਮਾਂ ਸੀ। ਅੰਮ੍ਰਿਤਸਰ ਸ਼ਹਿਰ ਅਤੇ ਹਰਿਮੰਦਰ ਸਾਹਿਬ ਜਿਹੇ ਸਥਾਨ ਵੀ ਇਸੇ ਸੰਕਟ ਵਿਚੋਂ ਗੁਜ਼ਰੇ। ਜਿਨ੍ਹਾਂ ਵਿਚੋਂ 1737, 1747 (ਅਹਿਮਦਸ਼ਾਹ ਅਬਦਾਲੀ ਦਾ ਸਮਾਂ ਜਦੋਂ ਮੀਰ ਮੰਨੂ ਦੇ ਸਮੇਂ ਰਾਜ ਰੌਣੀ ਦਾ ਕਿਲਾ ਬਣਿਆ) 1748 ਦੇ ਆਸ ਪਾਸ (ਸਿੱਖ ਮਿਸਲਾਂ ਦਾ ਸਮਾਂ) ਅਤੇ ਤੈਮੂਰ ਦਾ ਸਮੇਂ ਦੇ ਵੱਡੇ ਘੱਲੂਘਾਰੇ ਦਾ ਹਮਲਾ ਆਦਿ ਪ੍ਰਮੁੱਖ ਹਨ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਉਪਰ ਅਨੇਕਾਂ ਹਮਲੇ ਹੋਏ ਅਤੇ ਬੇਅਦਬੀ ਕੀਤੀ ਗਈ। ਅਠਾਰਵੀ ਸਦੀ ਦੇ ਮੁੱਢਲੇ ਅੱਧ ਵਿਚ ਇਸ ਸਥਾਨ ਨੂੰ ਕਈ ਵਾਰ ਢਾਹਿਆ ਗਿਆ ਕਦੇ ਪੰਜਾਬ ਦੇ ਮੁਗਲ ਹਾਕਮਾਂ ਦੀ ਸਖਤੀ ਅਤੇ ਕਦੇ ਨਾਦਰ ਸ਼ਾਹ ਦੇ ਹਮਲੇ। ਤਸੱਦਤ ਦੇ ਇਸ ਦੌਰ ਵਿਚ ਸਿੱਖਾਂ ਨੇ ਆਪਣੀ ਹੋਂਦ ਨੂੰ ਬੁਰਕਰਾਰ ਤਪਣ ਲਈ ਬਹੁਤ ਕੁਰਬਾਨੀਆਂ ਕੀਤੀਆਂ। ਅੰਮ੍ਰਿਤਸਰ ਦੀ ਪਰਕਰਮਾ ਵਿਚ ਬਣੇ ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ, ਬਾਬਾ ਦੀਪ ਸਿੰਘ, ਨਿਹੰਗ ਗੁਰਬਖਸ਼ ਸਿੰਘ ਦੇ ਅਸਥਾਨ ਧਰਮ ਅਤੇ ਆਜ਼ਾਦੀ ਲਈ ਕੀਤੇ ਸੰਘਰਸ਼ ਦੀ ਅਦੁੱਤੀ ਯਾਦਗਾਰ ਹਨ। ਹੌਲੀ-ਹੌਲੀ ਇਸ ਦੀ ਸੁਰੱਖਿਆ ਲਈ ਇਸ ਦੇ ਆਸੇ-ਪਾਸੇ ਬੁੰਗੇ ਅਤੇ ਕਟੜੇ ਬਣਾਏ ਗਏ, ਜਿਹਨਾਂ ਵਿੱਚ ਬੁੰਗਾਂ ਰਾਮਗੜੀਆ ਸਭ ਤੋਂ ਉੱਚਾ ਹੈ। ਬੁੰਗਾਂ ਨੇ ਨਿਹਾ ਸਿੰਘ ਇਹ ਮਹੱਤਵਪੂਰਨ ਸਥਾਨ ਸੀ ਜੋ ਅੰਗ੍ਰੇਜ਼ੀ ਸਰਕਾਰ ਵਲੋਂ ਢਾਹ ਦਿੱਤਾ ਗਿਆ। ਪਰੰਤੂ ਸਿਖ ਮਿਸਲਾਂ ਦੇ ਹੋਂਦ ਵਿੱਚ ਆ ਜਾਣ ਤੋਂ ਬਾਅਦ ਇਹਨਾਂ ਨੇ ਆਪਣੇ ਪ੍ਰਤੀਨਿਧ ਅੰਮ੍ਰਿਤਸਰ ਦੀ ਸੁਰੱਖਿਆ ਲਈ ਨਿਯੁਕਤ ਕੀਤੇ, ਪਾਠ ਕੀਰਤਨ ਅਤੇ ਲੰਗਰ ਫਿਰ ਤੋਂ ਆਰੰਭ ਕੀਤੇ ਗਏ। 1805 ਤੱਕ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਖਾਲਸਾ ਰਾਜ ਅੰਮ੍ਰਿਤਸਰ ਵਿਖੇ ਵੀ ਸਥਾਪਿਤ ਹੋ ਗਿਆ ਹੁਣ ਅੰਮ੍ਰਿਤਸਰ ਦੀ ਰੌਣਕ ਵਿਸ਼ੇਸ਼ ਤੌਰ ਤੇ ਵਧਣ ਲੱਗੀ। ਇਸ ਨੂੰ ਖਾਲਸਾ ਰਾਜ ਦੀ ਦੂਸਰੀ ਰਾਜਧਾਨੀ ਵਜੋਂ ਜਾਣਿਆ ਜਾਣ ਲੱਗਾ। ਅੰਮ੍ਰਿਤਸਰ ਅਤੇ ਹਰਿਮੰਦਰ ਦੀ ਬਣਾਵਟ ਅਤੇ ਸਜਾਵਟ ਵਲ ਵਿਸ਼ੇਸ਼ ਧਿਆਨ ਦਿਤਾ ਗਿਆ, ਸੋਨੇ ਦੇ ਪੱਤਰੇ ਚੜਾਏ ਗਏ, ਜਿਸ ਕਾਰਨ ਇਸ ਦਾ ਨਾਮ ਗੋਲਡਨ ਟੈਂਪਲ ਹੋ ਗਿਆ। ਰਾਮ ਬਾਗ ਅਤੇ ਗੋਬਿੰਦਗੜ ਵੀ ਤਿਆਰ ਕਰਵਾਇਆ ਗਿਆ। ਇਸੇ ਸਮੇਂ ਬਹੁਤ ਸਾਰੇ ਕਸ਼ਮੀਰੀ ਇਥੇ ਆ ਕੇ ਵਸੇ। ਸ਼ਹਿਰ ਦੇ ਬਾਰਾਂ ਦਰਵਾਜੇ ਅਤੇ ਚਾਰ ਦੀਵਾਰੀ ਕਰਕੇ ਸੁਰੱਖਿਆ ਦਾ ਪੱਕਾ ਪ੍ਰਬੰਧ ਕੀਤਾ ਗਿਆ। ਹਰਿਮੰਦਰ ਸਾਹਿਬ ਦੀ ਸ਼ਰਧਾਪੂਰਵਕ ਸੇਵਾ ਕਰਵਾਈ ਗਈ, ਸੋਨੇ ਦੇ ਪੱਤਰ ਚੜਾਏ ਗਏ ਅਤੇ ਸੰਗਮਰਮਰ ਲਗਵਾ ਕੇ ਛੱਤ ਅਤੇ ਕੰਧਾਂ ਉਪਰ ਮੀਨਾਕਸ਼ੀ ਦਾ ਬਹੁਮੁੱਲਾ ਕੰਮ ਕਰਵਾਇਆ ਗਿਆ। ਕੀਮਤੀ ਚਾਨਣੀ ਆਦਿ ਭੇਂਟ ਕੀਤੀ ਗਈ। ਲਾਹੌਰ ਦਰਬਾਰ ਵਲੋਂ ਸ੍ਰੀ ਦਰਬਾਰ ਸਾਹਿਬ ਨੂੰ ਬਕਾਇਦਾ ਮਾਲੀ ਸਹਾਇਤਾ ਮਿਲਦੀ ਸੀ।

ਅੰਗ੍ਰੇਜ਼ੀ ਰਾਜ ਵੇਲੇ ਬਹੁਤ ਸਾਰੇ ਗੁਰਦੁਵਾਰੇ ਸਾਧਾਂ ਅਤੇ ਮਹੰਤਾਂ ਦੀ ਮਲਕੀਅਤ ਬਣ ਗਏ ਜਿਨ੍ਹਾਂ ਵਿਚ ਇਹ ਅਸਥਾਨ ਵੀ ਸੀ ਅਖੀਰ ਵਿੱਚ ਸਿਖ ਅਕਾਲੀ ਦਲ ਦੁਆਰਾ ਸਿੱਖਾਂ ਦੇ ਕਰੜੇ ਸੰਘਰਸ਼ ਤੋਂ ਬਾਅਦ ਗੁਰਦੁਆਰਿਆਂ ਦਾ ਪ੍ਰਬੰਧ ਕਾਨੂੰਨ ਦੁਆਰਾ ਸਥਾਪਿਤ ਕੀਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆਇਆ।

ਸਿੱਖ ਭਾਈਚਾਰੇ ਲਈ ਲੋਕਤੰਤਰਿਕ ਸੰਸਥਾਵਾਂ ਜਿਵੇਂ ਸਰਬਤ ਖਾਲਸਾ, ਗੁਰਮਤਾ, ਹੁਕਮਨਾਮਾ ਆਦਿ ਦੀਆਂ ਪ੍ਰੰਪਰਾਵਾਂ ਇਸੇ ਸਥਾਨ ਦੀ ਦੇਣ ਹਨ। ਸਿੱਖ ਇਤਿਹਾਸਕ ਗਵਾਹੀਆਂ ਅਨੁਸਾਰ ਇਸ ਅਸਥਾਨ ਤੋਂ ਲਏ ਗਏ ਫੈਸਲੇ ਸਰਬੱਤ ਸਿੱਖ ਭਾਈਚਾਰੇ ਲਈ ਸਰਬ ਸੰਮਤੀ ਲਈ ਆਦੇਸ਼ ਰੂਪ ਵਿਚ ਮੰਨੇ ਜਾਂਦੇ ਰਹੇ ਹਨ। ਅੰਮ੍ਰਿਤਸਰ ਸ਼ਹਿਰ ਮਨੁੱਖ ਨੂੰ ਅਧਿਆਤਮਕ, ਆਰਥਿਕ, ਉਦਯੋਗਿਕ, ਵਿਦਿਅਕ ਅਤੇ ਸਮਾਜਕ ਖੇਤਰ ਵਿੱਚ ਸੇਧ ਦਾ ਪ੍ਰਤੀਕ ਰਿਹਾ ਹੈ, ਸਿੱਖ ਸਰਗਰਮੀਆਂ ਦਾ ਹਮੇਸ਼ਾ ਤੋਂ ਕੇਂਦਰ ਰਿਹਾ ਹੈ। ਇਹ ਅਸਥਾਨ ਸਿਖੀ ਅਜ਼ਮਤ ਅਤੇ ਸ਼ਾਨ ਦਾ ਪ੍ਰਤੀਕ ਹੈ।

# ਸ਼ਹਾਦਤ ਸ੍ਰੀ ਗੁਰੂ ਅਰਜਨ ਦੇਵ ਜੀ

1.5.1 ਭੂਮਿਕਾ

1.5.2 ਇਨ੍ਹਾਂ ਦੋਹਾਂ ਸ਼ਹਾਦਤਾਂ ਦਾ ਮੁਕਾਬਲਾ

1.5.3 ਧਾਰਮਿਕ ਅਤੇ ਸਿਆਸੀ ਪੱਖ

1.5.4 ਪਿਛੋਕੜ

1.5.6 ਗੁਰੂ ਅਰਜਨ ਦੇਵ ਦੀ ਸ਼ਹੀਦੀ ਦਾ ਕਾਰਨ

1.5.7 ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

1.5.8 ਸ਼ਹੀਦੀ ਦੇ ਪਰਿਣਾਮ

1.5.9 ਅਧਿਐਨ ਲਈ ਪੁਸਤਕਾਂ

## 1.5.1 ਭੂਮਿਕਾ

ਸ਼ਹੀਦ ਦਾ ਅਰਥ ਹੈ ਸ਼ਹਾਦਤ ਦੇਣ ਵਾਲਾ, ਤਸਦੀਕ ਕਰਨ ਵਾਲਾ, ਸਾਖੀ ਭਰਨ ਵਾਲਾ, ਸ਼ਾਕਸ਼ੀ। ਸ਼ਹਾਦਤ ਅਰਬੀ ਜ਼ਬਾਨ ਦਾ ਲਫ਼ਜ਼ ਹੈ ਜਿਸ ਦਾ ਅਰਥ ਹੈ ਸੱਚੀ ਗਵਾਹੀ, ਅੱਖੀਂ ਡਿੱਠੀ ਜਾਂ ਹੱਡ ਵਰਤੀ ਮਿਸਾਲ, ਸਬੂਤ ਦੇ ਤੌਰ ਗ਼ਤੇ ਰੂਸ਼ਾਹਦਗ਼ ਅਰਥਾਤ ਸ਼ਹਾਦਤ ਦੇਣ ਵਾਲਾ ਤੋਂ ਬਣਿਆ ਲਹਿੰਦੀ ਪੰਜਾਬੀ ਦਾ ਸ਼ਬਦ ਰੂਸ਼ਾਹਦੀਗ਼ ਵੀ ਸ਼ਹਾਦਤ ਜਾਂ ਗਵਾਹੀ ਦਾ ਸਮਾਨ ਅਰਥਕ ਹੈ। ਇਸ ਤਰ੍ਹਾਂ ਆਮ ਵਰਤੋਂ ਵਿੱਚ ਸ਼ਹਾਦਤ ਦੇਣ ਦਾ ਅਰਥ ਕਚਹਿਰੀ ਵਿੱਚ ਗਵਾਹੀ ਦੇਣ ਤੋਂ ਵੀ ਹੈ। ਰੂਸ਼ਹਾਦਤਗ਼ ਸ਼ਬਦ ਆਪਣਾ ਇੱਕ ਵਿਸ਼ੇਸ਼ ਅਰਥ ਰੱਖਦਾ ਹੈ ਜਿਸ ਦੇ ਬਦਲ ਭਾਵੇਂ ਅਕਸਰ ਬਲੀਦਾਨ ਜਾਂ ਕੁਰਬਾਨੀ ਵਰਤਿਆ ਜਾਂਦਾ ਹੈ, ਪਰ ਇਹ ਪਿਛਲੇਰੇ ਸ਼ਬਦ ਪੂਰੀ ਤਰ੍ਹਾਂ ਸ਼ਹਾਦਤ ਦੇ ਤੁਲ ਨਹੀਂ ਹਨ। ਕੁਰਬਾਨੀ ਤਾਂ ਕਿਸੇ ਹੋਰ ਵਸਤੂ ਜਾਂ ਜਾਨਵਰ ਦੀ ਵੀ ਦਿੱਤੀ ਜਾ ਸਕਦੀ ਹੈ। ਇਸੇ ਤਰ੍ਹਾਂ ਬਲੀ ਦਾ ਅਰਥ ਵੀ ਮੂਲ ਰੂਪ ਵਿੱਚ ਭੇਟਾ ਹੈ, ਆਪਣੇ ਇਸ਼ਟ-ਦੇਵ ਨੂੰ ਭੇਟਾ ਅਤੇ ਬਲੀਦਾਨ ਦਾ ਅਰਥ ਹੈ ਬਲੀ ਦੇਣ ਜਾਂ ਚੜ੍ਹਾਉਣ ਦੀ ਕਿਰਿਆ। ਸ਼ਹਾਦਤ ਦਾ ਅਰਥ ਹੈ, ਆਪਣੀ ਕੁਰਬਾਨੀ, ਆਤਮ-ਬਲੀਦਾਨ ਕਿਸੇ ਸੱਚ ਜਾਂ ਅਸੂਲ ਦੀ ਸਾਖੀ (ਸ਼ਾਹਦੀ) ਆਪਣੀ ਜਾਨ ਤੇ ਖੇਡ ਕੇ ਭਰਨੀ। ਸ਼ਹੀਦ ਕੁਰਬਾਨ ਕੀਤਾ ਨਹੀਂ ਜਾਂਦਾ, ਕੁਰਬਾਨ ਹੁੰਦਾ ਹੈ। ਉਹ ਵੀ ਆਪਣੇ ਨਿੱਜੀ ਹਿੱਤ ਸੁਆਰਥ ਲਈ ਨਹੀਂ, ਕਿਸੇ ਉਚੇਚੇ ਮਕਸਦ ਲਈ, ਕਿਸੇ ਉੱਚ ਅਸੂਲ ਲਈ।

ਗੁਰੂ ਸਾਹਿਬਾਨ ਦੀ ਸ਼ਹਾਦਤ ਇੱਕ ਉੱਚੇ ਤੇ ਸੁੱਚੇ ਅਸੂਲ ਲਈ ਸੀ। ਇਹ ਕਹਿ ਸਕਦੇ ਹਾਂ ਕਿ ਸਿੱਖੀ ਦੇ ਮੁੱਖ ਅਸੂਲਾਂ ਲਈ ਸੀ। ਉਹ ਹਨ (i) ਧਾਰਮਿਕ ਅਜ਼ਾਦੀ ਦਾ ਪੱਖ ਲੈਣਾ ਅਤੇ (ii) ਜਬਰ-ਜ਼ੁਲਮ ਤੇ ਅਨਿਆਂ ਦੀ ਮੁਖਾਲਫ਼ਤ। ਇਹ ਦੋਵੇਂ ਮੁੱਢ ਤੋਂ ਹੀ ਸਿੱਖ ਧਰਮ ਦੇ ਅਥਵਾ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦੇ ਥੰਮ੍ਹਾਂ ਵਿੱਚੋਂ ਰਹੇ ਹਨ। ਗੁਰੂ ਨਾਨਕ ਦੇਵ ਧਾਰਮਿਕ ਅਜ਼ਾਦੀ ਦੇ ਬਹੁਤ ਹਮਾਇਤੀ ਸਨ ਕਿ ਕਈਆਂ ਦੇ ਵਿਚਾਰ ਵਿੱਚ ਉਨ੍ਹਾਂ ਨੇ ਆਪਣੇ ਜਾਂ ਕਿਸੇ ਵੀ ਮਤ ਵਿਸ਼ੇਸ਼ ਦਾ ਪ੍ਰਚਾਰ ਹੀ ਨਹੀਂ ਕੀਤਾ ਉਹ ਤਾਂ ਹਰ ਕਿਸੇ ਨੂੰ ਆਪਣੇ-ਆਪਣੇ ਮਤ ਨੂੰ ਸਹੀ ਅਰਥਾਂ ਵਿੱਚ ਜਾਣਨ ਅਤੇ ਉਸ ਦਾ ਅਨੁਸਰਨ ਕਰਨ ਦੀ ਸਿੱਖਿਆ ਦੇਂਦੇ ਸਨ।

ਏਥੋਂ ਤੱਕ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਮਿਰਤਕ ਦੇਹ ਤੇ ਹਿੰਦੂ ਅਤੇ ਮੁਸਲਮਾਨ ਪੈਰੋਕਾਰਾਂ ਵਿੱਚ ਉਨ੍ਹਾਂ ਦੇ ਅੰਤਿਮ ਸੰਸਕਾਰ ਬਾਰੇ ਮਤ-ਭੇਦ ਹੋ ਗਿਆ। ਹਿੰਦੂ ਦਾਹ ਸੰਸਕਾਰ ਕਰਨਾ ਚਾਹੁੰਦੇ ਸਨ

ਅਤੇ ਮੁਸਲਮਾਨ "ਆਪਣੇ ਪੀਰ" ਨੂੰ ਆਪਣੀ ਮਰਯਾਦਾ ਅਨੁਸਾਰ ਦਫਨਾਉਣ ਲਈ ਬਜ਼ਿਦ ਸਨ। ਗੁਰੂ ਅਰਜਨ ਦੇਵ ਜੀ ਦੀ ਧਾਰਮਿਕ ਵਿਸ਼ਾਲਤਾ ਦਾ ਸਬੂਤ ਉਨ੍ਹਾਂ ਦੁਆਰਾ ਸੰਕਲਿਤ ਕੀਤੇ ਹੋਏ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤੇ ਬਾਣੀਕਾਰ ਹਨ, ਜਿਸ ਵਿੱਚ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਹਿੰਦੂ ਅਤੇ ਮੁਸਲਮਾਨ ਭਗਤਾਂ ਦੀ ਰਚਨਾ ਨੂੰ ਵੀ ਬਰਾਬਰ ਦਰਜਾ ਦਿੱਤਾ ਗਿਆ ਹੈ। ਹੁਣ ਇਸ "ਸ਼ਬਦ ਗੁਰੂ" ਦੀ "ਧੁਰ ਕੀ ਬਾਣੀ ਆਈ" ਵਿੱਚ ਗੁਰੂ ਨਾਨਕ ਦੇਵ ਦਾ "ਇੱਕ ਓਂਕਾਰ" ਕਬੀਰ ਦਾ "ਸਾਵਲ ਸੁੰਦਰ ਰਾਮਈਆ" ਅਤੇ ਫਰੀਦ ਦਾ "ਉਠ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ" ਸਭ ਬਰਾਬਰੀ ਤੇ ਸੁਭਾਇਮਾਨ ਹਨ।

ਇਸੇ ਤਰ੍ਹਾਂ ਜੋਰ-ਜ਼ੁਲਮ ਅਤੇ ਅਨਿਆਂ ਦੇ ਖਿਲਾਫ ਆਵਾਜ਼ ਗੁਰੂ ਨਾਨਕ ਦੇਵ ਤੋਂ ਲੈ ਕੇ ਹੀ ਉਠਾਈ ਜਾ ਰਹੀ ਸੀ। ਸਾਰੇ ਗੁਰੂ ਸਾਹਿਬਾਨ ਪੀੜਤ ਅਤੇ ਦੁਖੀ ਜਨਤਾ ਦੀ ਹਾਮੀ ਭਰਦੇ ਅਤੇ ਉਸ ਨੂੰ ਸ਼ਾਂਤੀ ਦਾ ਉਪਦੇਸ਼ ਦੇਂਦੇ ਆ ਰਹੇ ਸਨ। ਲੇਕਿਨ ਜਾਬਰ ਅਧਿਕਾਰੀ ਅੰਨ੍ਹੇ-ਬੋਲੇ, ਉਪਦੇਸ਼ ਦੀ ਆਵਾਜ਼ ਕਦੋਂ ਸੁਣਦੇ ਹਨ? ਅਗਲਾ ਕਦਮ ਤਦ ਸ਼ਾਂਤਮਈ ਪ੍ਰਤੀਰੋਧ ਹੋ ਸਕਦਾ ਸੀ ਜੋ ਸ਼ਾਇਦ ਜਾਲਮ ਦੀ ਜਮੀਰ ਨੂੰ ਝੰਜੋੜ ਸਕੇ ਜਾਂ ਮਜ਼ਲੂਮ ਪਰਜਾ ਨੂੰ ਆਪਣੀ ਮਜਲੂਮੀਅਤ ਦਾ ਅਹਿਸਾਸ ਕਰਾ ਕੇ ਜੇ ਉਭਾਰ ਨਾ ਸਕੇ ਤਾਂ ਘੱਟੋ-ਘੱਟ ਚੇਤੰਨ ਕਰ ਸਕੇ। ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ ਇਸੇ ਪਾਸੇ ਇੱਕ ਯਤਨ ਸਨ।

### 1.5.2 ਇਨ੍ਹਾਂ ਦੋਹਾਂ ਸ਼ਹਾਦਤਾਂ ਦਾ ਮੁਕਾਬਲਾ

ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਵਿੱਚ ਲਗਭਗ 70 ਸਾਲ ਦੀ ਵਿੱਥ ਹੈ। ਇਨ੍ਹਾਂ ਵਿੱਚ ਕਈ ਗੱਲਾਂ ਸਾਂਝੀਆਂ ਅਤੇ ਕੁਝ ਫਰਕ ਨਾਲ ਵੀ ਸਨ। ਦੋਵੇਂ ਸ਼ਹੀਦੀਆਂ ਮੁਲਕ ਦੇ ਸਰਬ-ਉੱਚ ਅਧਿਕਾਰੀ ਅਰਥਾਤ ਵਕਤ ਦੇ ਮੁਗਲ ਬਾਦਸ਼ਾਹਾਂ ਦੇ ਹੁਕਮ ਨਾਲ ਹੋਈਆਂ। ਗੁਰੂ ਅਰਜਨ ਦੇਵ ਜੀ ਦੀ ਹੱਤਿਆ ਜਹਾਂਗੀਰ ਨੇ ਕਰਵਾਈ ਅਤੇ ਉਨਾਂ ਦੇ ਪੋਤੇ, ਗੁਰੂ ਤੇਗ ਬਹਾਦਰ ਦੀ ਹੱਤਿਆ, ਜਹਾਂਗੀਰ ਦੇ ਪੋਤੇ ਔਰੰਗਜ਼ੇਬ ਨੇ। ਕਾਰਨ ਦੋਵੇਂ ਵਾਰ ਮਿਲੇ-ਜੁਲੇ ਧਾਰਮਿਕ ਅਤੇ ਸਿਆਸੀ ਸਨ। ਜਿਥੇ ਜਹਾਂਗੀਰ ਦੀ ਕਾਰਵਾਈ ਕੁਝ ਹਿੰਦੂ ਧਰਮ ਵਿਰੋਧੀ ਤੱਤਾਂ ਦੀਆ ਚੁੱਕਾਂ ਅਤੇ ਆਪਣੇ ਪੁੱਤਰ ਖੁਸਰੋ ਦੀ ਬਗਾਵਤ ਕਾਰਨ ਵਕਤੀ ਗੁੱਸੇ ਤੋਂ ਪ੍ਰਭਾਵਿਤ ਸੀ ਉਥੇ ਔਰੰਗਜ਼ੇਬ ਦੀ ਜ਼ਾਲਮਾਣਾ ਹਰਕਤ ਉਸ ਦੀ ਸੋਚੀ-ਸਮਝੀ ਕੱਟੜ ਰਾਜਨੀਤੀ ਦਾ ਨਤੀਜਾ ਸੀ। ਗੁਰੂ ਅਰਜਨ ਦੇਵ ਨੂੰ ਬਾਦਸ਼ਾਹ ਨੇ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰਵਾ ਕੇ ਆਪਣੇ ਸਾਹਮਣੇ ਪੇਸ਼ ਕਰਕੇ ਤਸੀਹੇ ਦੇਣ ਲਈ ਮੁਰਤਜ਼ਾ ਖਾਨ ਦੇ ਹਵਾਲੇ ਕੀਤਾ, ਪਰ ਗੁਰੂ ਤੇਗ ਬਹਾਦਰ ਖੁਦ ਸ਼ਹੀਦੀ ਦੇਣ ਦੇ ਇਰਾਦੇ ਨਾਲ ਆਨੰਦਪੁਰ ਸਾਹਿਬ ਤੋਂ ਚੱਲੇ ਅਤੇ ਹੌਲੀ-ਹੌਲੀ ਰਾਹ ਵਿੱਚ ਸੰਗਤਾਂ ਨੂੰ ਜਾਗਰੂਕ ਕਰਦੇ ਹੋਏ ਆਗਰੇ ਵੱਲ ਗਏ ਅਤੇ ਇਸੇ ਦੌਰਾਨ ਦੂਰ ਰੂਹਸਨ ਅਬਦਾਲਗ਼ ਬੈਠੇ ਔਰੰਗਜ਼ੇਬ ਨੇ ਉਨ੍ਹਾਂ ਨੂੰ ਕਤਲ ਕਰਨ ਦਾ ਹੁਕਮ ਜਾਰੀ ਕੀਤਾ। ਜਿਥੇ ਗੁਰੂ ਅਰਜਨ ਦੇਵ ਜੀ ਨੂੰ ਹੌਲੀ-ਹੌਲੀ ਤਸੀਹੇ ਦੇ ਕੇ ਮਾਰਿਆ ਗਿਆ, ਗੁਰੂ ਤੇਗ ਬਹਾਦਰ ਦਾ ਸਿਰ ਤਲਵਾਰ ਦੇ ਇੱਕੋ ਵਾਰ ਨਾਲ ਕਲਮ ਕੀਤਾ ਗਿਆ। ਦੋਹਾਂ ਗੁਰੂ ਸਾਹਿਬਾਨ ਨੂੰ ਮੌਤ ਤੋਂ ਪਹਿਲਾਂ ਡਰਾ ਧਮਕਾ ਕੇ ਇਸਲਾਮ ਵਿੱਚ ਆਉਣ ਦੀ ਦਾਅਵਤ ਦਿੱਤੀ ਗਈ ਅਤੇ ਦੋਹਾਂ ਨੇ ਉਸ ਨੂੰ ਠੁਕਰਾ, ਮੌਤ ਨੂੰ ਖੁਸ਼ੀ ਨਾਲ ਗਲ ਲਾਇਆ। ਦੋਹਾਂ ਸ਼ਹਾਦਤਾਂ ਦੇ ਜੁਗ ਪਲਟਾਊ ਨਤੀਜੇ ਨਿਕਲੇ।

### 1.5.3 ਧਾਰਮਿਕ ਅਤੇ ਸਿਆਸੀ ਪੱਖ

ਕੋਈ ਦੋ ਦਹਾਕੇ ਹੋਏ ਜਦ ਇਤਿਹਾਸ ਦੇ ਇੱਕ ਪ੍ਰਸਿੱਧ ਸਿੱਖ ਪ੍ਰੋਫੈਸਰ ਨੇ ਇਹ ਕਹਿ ਦਿੱਤਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿਆਸੀ ਕਾਰਨਾਂ ਕਰਕੇ ਹੋਈ ਤਾਂ ਉਸ ਦੀ ਬੜੀ ਮੁਖ਼ਾਲਫਤ ਹੋਈ ਜੋ ਅਜੀਬ ਲੱਗਦੀ ਹੈ ਕਿਉਂਕਿ ਹਰ ਵੱਡਾ-ਛੋਟਾ ਵਿਦਵਾਨ ਮੰਨਦਾ ਹੈ ਕਿ ਸਿੱਖੀ ਵਿੱਚ ਧਰਮ ਅਤੇ ਸਿਆਸਤ ਦਾ, ਪੀਰੀ ਅਤੇ ਮੀਰੀ ਦਾ, ਭਗਤੀ ਅਤੇ ਸ਼ਕਤੀ ਦਾ, ਦੇਗ

ਅਤੇ ਤੇਗ ਦਾ, ਸੰਤ ਅਤੇ ਸਿਪਾਹੀ ਦਾ ਸੁਮੇਲ ਹੈ। ਸਿੱਖੀ ਇੱਕ ਬਾਹਰਮੁਖੀ, ਗਤੀਸ਼ੀਲ ਅਤੇ ਕ੍ਰਿਆਸ਼ੀਲ ਧਰਮ ਹੈ ਜਿਸ ਵਿੱਚ ਕੇਵਲ ਵਿਅਕਤੀਗਤ ਮੁਕਤੀ ਨਹੀਂ ਬਲਕਿ ਸਮੁੱਚੇ ਸਮਾਜ ਦੀ ਮੁਕਤੀ ਦਾ ਸੁਆਲ ਹੈ। ਇਸ ਵਿੱਚ ਨਿੱਜੀ ਨਹੀਂ ਸਰਬੱਤ ਦਾ ਭਲਾ ਮੰਗਣਾ ਅਤੇ ਸਰਬੱਤ ਦੇ ਭਲੇ ਲਈ ਉੱਦਮ ਕਰਨ ਦਾ ਉਪਦੇਸ਼ ਹੈ। ਜੇ ਗੱਲ ਨਿਰੋਲ ਧਰਮ ਦੀ ਵੀ ਹੋਵੇ ਤਾਂ ਵੀ ਧਰਮ ਦੀ ਰੱਖਿਆ ਕਰਨਾ ਵੀ ਧਰਮ ਹੈ। ਸਿੱਖ ਗੁਰੂਆਂ ਨੇ ਉਸ ਸਮਾਜਕ ਪ੍ਰਬੰਧ ਦਾ ਜ਼ੋਰਦਾਰ ਖੰਡਨ ਕੀਤਾ ਜਿਸ ਵਿੱਚ ਧਰਮ ਕਰਮ ਕਿਸੇ ਇੱਕ ਵਰਗ ਵਿਸ਼ੇਸ਼ ਦੀ ਅਜਾਰੇਦਾਰੀ ਹੋਵੇ ਅਤੇ ਧਰਮ ਦੀ ਰਾਖੀ ਦਾ ਜ਼ਿੰਮੇਵਾਰ ਕੋਈ ਹੋਰ ਵਰਗ ਹੋਵੇ ਅਤੇ ਇਨ੍ਹਾਂ ਦੋਹਾਂ ਦੇ ਭਰਨ-ਪੋਖਣ ਅਤੇ ਸੁਖ ਆਰਾਮ ਲਈ ਕਮਾਈ ਕੋਈ ਹੋਰ ਕਰੇ। ਸਿੱਖ ਧਰਮ ਦਾ ਨਿਸ਼ਾਨਾ ਮਨੁੱਖ ਮਾਤਰ ਲਈ ਪੂਰਨ ਅਜ਼ਾਦੀ ਹੈ, ਧਰਮ ਦੀ ਵੀ ਅਤੇ ਕਰਮ ਦੀ ਵੀ, ਕਰਮ ਕਰਨਾ ਵੀ ਸਿੱਖ ਦਾ ਧਰਮ ਹੈ। (ਕਰਮ ਦਾ ਅਰਥ ਏਥੇ ਕਰਮ-ਕਾਂਡ ਨਹੀਂ, ਸਮਾਜਿਕ ਤੌਰ ਤੇ ਲਾਭਕਾਰੀ ਕਰਮ ਹੈ।)

ਦੂਜੇ ਪਾਸੇ ਸਿਆਸਤ ਦਾ ਅਰਥ ਕੀ ਹੈ ? ਸ਼ਬਦ-ਕੋਸ਼ਾਂ ਅਨੁਸਾਰ ਰਾਸ਼ਟਰ ਅਤੇ ਰਾਜ ਸੰਬੰਧੀ ਗਿਆਨ ਅਤੇ ਕਲਾ ਦਾ ਨਾਉਂ ਸਿਆਸਤ ਹੈ। ਰਾਜ ਸੱਤਾ ਹਥਿਆਉਣ ਅਤੇ ਕਾਇਮ ਰੱਖਣ ਲਈ ਉੱਤਮ-ਚਾਲਾਂ, ਢੰਗ ਆਦਿ ਲਈ ਵਿਸ਼ੇਸ਼ਣ ਸਿਆਸੀ ਵਰਤਿਆ ਜਾਂਦਾ ਹੈ। ਜਦੋਂ ਸਿਆਸੀ ਸੱਤਾ ਸਰਵਜਨਕ ਰੂਪ ਦੇ ਧਾਰਮਿਕ ਲਕਸ਼ ਦੇ ਉਲਟ ਚੱਲੇ ਤਾਂ ਨਤੀਜਾ ਇੱਕ ਟਕਰਾਉ ਦੀ ਸ਼ਕਲ ਵਿੱਚ ਨਿਕਲਣਾ ਕੁਦਰਤੀ ਹੈ। ਅਜਿਹਾ ਟਕਰਾਉ ਧਾਰਮਿਕ ਵੀ ਹੁੰਦਾ ਹੈ ਅਤੇ ਸਿਆਸੀ ਵੀ, ਕਿਉਂਕਿ ਰਾਜ ਜਾਂ ਸਰਕਾਰ ਨਾਲ ਸੰਬੰਧ ਰੱਖਣ ਵਾਲਾ ਹਰ ਕੰਮ ਸਿਆਸੀ ਅਖਵਾਉਂਦਾ ਹੈ। ਇਸ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਅਤੇ ਸਮੁੱਚੀ ਸਿੱਖ ਕੌਮ ਦੀ ਵਕਤ ਦੀਆਂ ਸਰਕਾਰਾਂ ਨਾਲ ਮਨੁੱਖੀ ਆਜ਼ਾਦੀ ਅਤੇ ਸਰਵਜਨਕ ਰੂਪ ਦੇ ਹਿੱਤ ਵਿੱਚ ਹੋਈ ਟੱਕਰ ਧਾਰਮਿਕ ਵੀ ਸੀ ਅਤੇ ਸਿਆਸੀ ਵੀ।

ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੀ ਗੱਲ ਕਰਦਿਆਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਇਨ੍ਹਾਂ ਦੇ ਕਾਰਣ ਧਾਰਮਿਕ ਵੀ ਸਨ ਅਤੇ ਸਿਆਸੀ ਵੀ। ਇਹ ਕੋਈ ਨਿੱਜੀ ਦੁਸ਼ਮਣੀ ਕਾਰਨ ਰੋਜ਼ ਦਿਹਾੜੀ ਕੀਤੇ ਜਾਂਦੇ ਆਮ ਕਤਲ ਨਹੀਂ ਸਨ। ਇਨ੍ਹਾਂ ਦੇ ਸਹੀ ਮੁਲਾਂਕਣ ਲਈ ਇਨ੍ਹਾਂ ਦੇ ਵਿਸ਼ਾਲ ਪਿਛੋਕੜ ਉੱਤੇ ਝਾਤ ਮਾਰ ਲੈਣੀ ਲਾਭਕਾਰੀ ਹੋਵੇਗੀ।

### *1.5.4* **ਪਿਛੋਕੜ**

ਹਜ਼ਾਰਾਂ ਸਾਲ ਹੋਏ ਆਰੀਆ ਜਾਤੀ ਦੇ ਲੋਕ ਹਿੰਦੁਸਤਾਨ ਵਿੱਚ ਆਏ ਅਤੇ ਏਥੇ ਵਸਦੀਆਂ ਜਾਤੀਆਂ ਨੂੰ ਜਿਤ ਕੇ ਆਪ ਵੀ ਪੱਕੇ ਤੌਰ ਤੇ ਏਥੇ ਵੱਸ ਗਏ। ਨਵੀਆਂ ਅਤੇ ਪੁਰਾਣੀਆਂ ਸਭਿਆਤਾਵਾਂ ਦੇ ਮੇਲ ਨਾਲ ਏਥੇ ਹਿੰਦੂ ਸਭਿਅਤਾ ਦਾ ਵਿਕਾਸ ਹੋਇਆ ਜੋ ਏਨੀ ਮਜ਼ਬੂਤ ਸੀ ਕਿ ਇਸ ਤੋਂ ਬਾਅਦ ਆਉਣ ਵਾਲੇ ਅਤੇ ਆਪਣੇ ਹੀ ਅੰਦਰੋਂ ਉਠੇ ਵਿਦਰੋਹੀ ਜਾਂ ਸੰਪਰਦਾਈ ਧਾਰਮਿਕ ਅਤੇ ਸਭਿਆਚਾਰਕ ਤੱਤਾਂ ਨੂੰ ਆਪਣੇ ਵਿੱਚ ਹੀ ਸਮੋ ਲੈਂਦੀ ਰਹੀ, ਜਿਸ ਕਾਰਨ ਹਿੰਦੂ ਸਭਿਅਤਾ ਦੀ ਇਕਹਰੀ ਹੋਂਦ ਕਾਇਮ ਰਹੀ। ਪਰੰਤੂ ਜਦੋਂ ਅੱਠਵੀਂ ਸਦੀ ਈਸਵੀ ਅਤੇ ਉਸ ਤੋਂ ਬਾਅਦ ਇਸਲਾਮ ਦੇ ਹੱਲੇ ਭਾਰਤ ਤੇ ਸ਼ੁਰੂ ਹੋਏ ਤਾਂ ਹਿੰਦੂ ਸਭਿਅਤਾ ਉਸ ਨੂੰ ਆਪਣੇ ਨਾਲ ਇੱਕ ਨਾ ਕਰ ਸਕੀ, ਭਾਵੇਂ ਇਸਲਾਮ ਵੀ ਇਸ ਉੱਤੇ ਬਹੁਤਾ ਹਾਵੀ ਨਾ ਹੋ ਸਕਿਆ। ਦੋ ਮਜ਼ਬੂਤ ਸਭਿਆਤਾਵਾਂ (ਜਾਂ ਇਉਂ ਕਹੋ ਕਿ ਦੋ ਧਰਮਾਂ ਕਿਉਂਕਿ ਦੋਵੇਂ ਆਪਣੇ-ਆਪਣੇ ਮਜ਼ਬੂਤ ਧਾਰਮਿਕ ਅਕੀਦਿਆਂ ਤੇ ਕਾਇਮ ਰਹੇ) ਦੇ ਟਕਰਾਉ ਵਿੱਚ ਹਿੰਦੂ ਪਰਜਾ ਪਿਸ ਗਈ ਕਿਉਂਕਿ ਰਾਜ-ਸੱਤਾ ਮੁਸਲਮਾਨਾਂ ਦੇ ਹੱਥ ਵਿਚ ਸੀ ਅਤੇ ਉਨ੍ਹਾਂ ਦਾ ਹੁਕਮਰਾਨ ਤਬਕਾ ਧਾਰਮਿਕ ਕੱਟੜਤਾ ਦਾ ਸ਼ਿਕਾਰ ਸੀ। ਹੁਕਮਰਾਨ ਤੋਂ ਮੁਰਾਦ ਏਥੇ ਹਾਕਮਾਂ ਦੇ ਨਾਲ ਉਨ੍ਹਾਂ ਦੇ ਧਾਰਮਿਕ ਆਗੂ ਮੁੱਲਾਂ, ਮੌਲਾਣੇ, ਸ਼ੇਖ, ਮੁਫਤੀ, ਕਾਜ਼ੀ, ਸੱਯਦ, ਪੀਰ ਵੀ ਹਨ। ਹੁਕਮਰਾਨ, ਸਿਆਸੀ ਤੌਰ ਤੇ ਬੇਕਿਰਕ ਰਾਜ-ਸੱਤਾ ਦੇ ਮਾਲਕ ਅਤੇ ਜਾਬਰ ਅਤੇ ਧਾਰਮਿਕ ਤੌਰ ਤੇ ਵੀ ਇਸਲਾਮ ਨੂੰ ਫੈਲਾਉਣਾ ਆਪਣਾ ਧਰਮ ਸਮਝਣ

ਵਾਲੇ ਕੱਟੜ ਬੁਤਸ਼ਿਕਨ ਸਨ। ਆਪਣੀ ਹਿੰਦੂ ਪਰਜਾ ਨੂੰ ਕਾਫ਼ੀ ਦਬਾ ਰਹੇ ਸਨ ਅਤੇ ਹਿੰਦੂ ਪਰਜਾ ਆਪਣੇ ਘੱਟ ਗਿਣਤੀ ਧਰਮ-ਰੱਖਿਅਕ ਰਾਜਪੂਤ ਵਰਗ ਦੀ ਹਾਰ ਪਿੱਛੋਂ ਮਜ਼ਬੂਰ ਤੇ ਬੇਬਸ, ਨਿਢਾਲ ਹੋ ਕੇ ਸਹਿਮੀ ਹੋਈ ਸੀ। ਖ਼ੁਦ ਸਦੀਆਂ ਤੋਂ ਲੜਾਕੂ ਅਖਵਾਉਣ ਵਾਲੇ ਕਸ਼ੱਤ੍ਰੀ ਆਪਣੀਆਂ ਲੜਨ ਮਰਨ ਦੀਆਂ ਰਵਾਇਤਾਂ ਭੁਲਾ ਕੇ ਮੁਸਲਮਾਨ ਹਾਕਮਾਂ ਦੇ ਵਫਾਦਾਰ ਚਾਕਰ ਜਾਂ ਹੱਟੀਆਂ ਤੇ ਬਹਿਣ ਵਾਲੇ, ਕਸ਼ੱਤ੍ਰੀ ਤੋਂ ਖੱਤ੍ਰੀ ਬਣ ਚੁੱਕੇ ਸਨ ਅਤੇ ਹਾਕਮਾਂ ਦੀ ਬੋਲੀ ਅਤੇ ਪਹਿਰਾਵਾ ਬੇ-ਝਿਜਕ ਅਪਣਾ ਰਹੇ ਸਨ। ਗੁਰੂ ਨਾਨਕ ਦੇਵ ਨੇ ਉਹਨਾਂ ਬਾਰੇ ਦੁਖੀ ਹੋ ਕੇ ਕਿਹਾ :

ਖਤ੍ਰੀਆਂ ਤਾਂ ਧਰਮ ਛੋਡਿਆ ਮਲੇਛ ਭਾਖਿਆ ਗਹੀ।।
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।। (ਆਸਾ ਦੀ ਵਾਰ)

ਅਤੇ ਬ੍ਰਾਹਮਣਾਂ ਬਾਰੇ ਵੀ :

ਧੋਤੀ ਟਿਕਾ ਤੇ ਜਪਮਾਲੀ ਧਾਨੁ ਮਲੇਛਾ ਖਾਈ।।
ਅੰਤਰਿ ਪੂਜਾ ਪੜਹਿ ਕਤੇਬਾ ਸੰਜਮ ਤੁਰਕਾ ਭਾਈ।। (ਆਸਾ ਦੀ ਵਾਰ)

ਅਤੇ ਹੇਠਲੇ ਦੋਵੇਂ ਵਰਗ ਤਾਂ ਪਹਿਲਾਂ ਵੀ ਬ੍ਰਾਹਮਣ ਕਸ਼ੱਤ੍ਰੀ ਗੁਟ ਦੇ ਗੋਲੇ ਹੀ ਰਹੇ ਸਨ ਅਤੇ ਹੁਣ ਵੀ ਗੋਲੇ ਹੀ ਸਨ। ਉਹਨਾਂ ਵਿੱਚੋਂ ਬਹੁਤਿਆਂ ਨੇ ਤਾਂ ਮੁਸਲਮਾਨ ਬਣ ਕੇ ਆਜ਼ਾਦੀ ਲਈ ਤਾਂ ਜੋ ਕਮ-ਅਜ਼-ਕਮ ਸਮਾਜੀ ਬਰਾਬਰੀ ਹਾਸਲ ਕਰ ਲੈਣ।

ਇਨ੍ਹਾਂ ਹਾਲਤਾ ਵਿੱਚ ਭਗਤੀ ਲਹਿਰ ਦੇ ਕੁਝ ਸੰਤਾਂ ਅਤੇ ਕੁਝ ਮੁਸਲਮਾਨ ਸੂਫ਼ੀਆਂ ਨੇ ਇਨ੍ਹਾਂ ਦੇ ਮਹਾਨ ਸਭਿਆਤਾਵਾਂ ਵਿਚਾਲੇ ਪਾੜੇ ਨੂੰ ਕੁਝ ਘੱਟ ਕਰਨ ਦਾ ਯਤਨ ਕੀਤਾ ਜੋ ਕਾਫ਼ੀ ਨਹੀਂ ਸੀ। ਇਸੇ ਕਾਰਨ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਅਧਿਆਤਮਿਕ ਜਾਨਸ਼ੀਨਾਂ ਨੇ ਇੱਕ ਨਵੇਂ ਸਰਬ ਸਾਂਝੇ ਸਮਾਜ ਦਾ ਗਠਨ ਆਰੰਭਿਆ, ਜਿਸ ਨੂੰ ਸਿੱਖੀ, ਸੰਗਤ, ਪੰਥ ਆਦਿ ਨਾਮ ਮਿਲੇ। ਇਸ ਵਿੱਚ ਦੋਹਾਂ ਧਰਮਾਂ ਦੇ ਸਰਬ ਪ੍ਰਵਾਣ ਅਸੂਲਾਂ (ਜਿਵੇਂ ਇਸਲਾਮ ਦੀ ਵਾਹਦਤ, ਬਰਾਬਰੀ ਅਤੇ ਜਮਾਤ ਅਤੇ ਹਿੰਦੂ ਮਤ ਦੇ ਜਨਮ-ਮਰਨ, ਅਦ੍ਵੈਤ ਅਤੇ ਸ਼ਰਧਾ ਭਗਤੀ ਆਦਿ) ਤੋਂ ਇਲਾਵਾ ਕੁਝ ਨਵੇਂ ਤੱਤ ਵੀ ਸਨ (ਜਿਵੇਂ ਹੁਕਮ ਨਦਰ ਨਾਮ, ਸ਼ਬਦ, ਜੀਵਨ-ਮੁਕਤੀ ਆਦਿ) ਜਿਨ੍ਹਾਂ ਨੂੰ ਦੋਹਾਂ ਪਾਸਿਆਂ ਦੇ ਕੁਝ ਲੋਕਾਂ ਨੇ ਸਲਾਹਿਆਂ ਅਤੇ ਅਪਣਾਇਆ ਵੀ, ਪਰ ਦੋਹਾਂ ਪਾਸਿਆਂ ਦੇ ਕੱਟੜ ਪੰਥੀਆਂ ਨੇ ਭਰਪੂਰ ਮੁਖਾਲਫ਼ਤ ਵੀ ਕੀਤੀ। ਗੁਰੂ ਅਰਜਨ ਦੇਵ ਦੇ ਸਮੇਂ ਤੀਕ ਸਿੱਖ ਪੰਥ ਦੀ ਇੱਕ ਦ੍ਰਿੜ੍ਹ ਵੱਖਰੀ ਹੋਂਦ ਦਿੱਸਣ ਲੱਗ ਪਈ ਸੀ। ਇੱਕ ਸਮਾਜ ਦੇ ਰੂਪ ਵਿੱਚ ਏਨਾ ਸੰਗਠਨ ਆ ਚੁੱਕਾ ਸੀ ਕਿ ਵਕਤ ਦੇ ਹਾਕਮਾਂ ਨੂੰ ਇਸ ਦੇ ਇੱਕ ਸਿਆਸੀ ਇਕਾਈ ਹੋਣ ਦਾ ਝਾਉਲਾ ਪੈਣ ਲੱਗਾ। ਗੁਰੂ ਦਾ ਸ਼ਾਹਾਨਾ ਜਲੌ ਸੀ। ਉਹ ਆਪਣੇ ਵਸਾਏ ਨਗਰਾਂ ਅਤੇ ਦੂਰ ਨੇੜੇ ਵਸਦੇ ਸਿੱਖਾਂ ਦਾ ਸੱਚਾ ਪਾਤਸ਼ਾਹ ਸੀ। ਉਸ ਦੇ ਸੁਤੰਤਰ, ਵਿਸ਼ਾਲ ਮਾਇਕ ਸਾਧਨ ਸਨ ਅਤੇ ਉਸ ਦੇ ਸ਼ਰਧਾਲੂ ਸਿੱਖ (ਜੋ ਭਾਵੇਂ ਬਹੁਤ ਕਰਕੇ ਹਿੰਦੂਆਂ ਵਿੱਚੋਂ ਪਰ ਕੁਝ ਮੁਸਲਮਾਨਾਂ ਵਿੱਚੋਂ ਵੀ ਸਨ) ਗੁਰੂ ਦੇ ਹੁਕਮ ਤੇ ਆਪਣੀ ਜਿੰਦ ਜਾਨ ਵਾਰਨ ਨੂੰ ਆਪਣਾ ਸੁਭਾਗ ਸਮਝਦੇ ਸਨ। ਉਹ ਸ਼ਾਹੀ ਫੌਜ ਦੇ ਤਨਖਾਹਦਾਰ ਨੌਕਰ ਜਾਂ ਜ਼ਬਰਦਸਤੀ ਬਣਾਏ ਗੁਲਾਮ ਨਹੀਂ, ਬਲਕਿ ਬਿਨ ਮੁੱਲ ਦੇ "ਬੈਖਰੀਦ ਦਾਸਰੇ" ਸਨ ਜੋ "ਸੀਸੁ ਵਢੇ ਕਰਿ ਬੈਸਣ ਦੀਜੈ ਵਿਣੁ ਸਿਰ ਸੇਵ ਕਰੀਜੈ" ਵਿੱਚ ਵਿਸ਼ਵਾਸ਼ ਰੱਖਦੇ ਸਨ। ਇਸ ਹਾਲਤ ਵਿੱਚ ਹਿੰਦੂ-ਮੁਸਲਿਮ ਗੁਰੂ ਦੋਖੀਆਂ ਦਾ ਸਾਝਾ ਅਤੇ ਵਕਤ ਦੇ ਹਾਕਮਾਂ ਦੀ ਘਬਰਾਹਟ ਕੋਈ ਅਜੀਬ ਗੱਲ ਨਹੀਂ, ਭਾਵੇਂ ਗੁਰੂ ਦੀ ਕਹਿਣੀ ਕਰਨੀ ਤਾਂ ਇਹ ਸੀ ਕਿ "ਸਭੁ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ।"

### *1.5.5* ਗੁਰੂ ਅਰਜਨ ਦੇਵ ਦੀ ਸ਼ਹੀਦੀ ਦਾ ਕਾਰਨ

ਜਦ ਤੀਕ ਜਹਾਂਗੀਰ ਦੀ ਤੁਜ਼ਕ (ਆਤਮ-ਕਥਾ) ਰੋਸ਼ਨੀ ਵਿੱਚ ਨਹੀਂ ਸੀ ਆਈ ਸਿੱਖ ਇਤਿਹਾਸਕਾਰ ਗੁਰੂ ਅਰਜਨ ਦੇਵ ਦੀ ਸ਼ਹੀਦੀ ਅਤੇ ਤਸੀਹਿਆਂ ਦਾ ਮੁਖ ਦੋਸ਼ੀ ਚੰਦੂ ਸ਼ਾਹ ਨੂੰ ਗਰਦਾਨਦੇ ਰਹੇ

ਕਿਉਂਕਿ ਉਹ ਆਪਣੀ ਬੇਟੀ ਦਾ ਰਿਸ਼ਤਾ ਗੁਰੂ ਹਰਗੋਬਿੰਦ ਨਾਲ ਕਰਨਾ ਚਾਹੁੰਦਾ ਸੀ ਪਰ ਇਨਕਾਰ ਹੋਣ ਕਰਕੇ ਗੁਰੂ ਸਾਹਿਬ ਨਾਲ ਨਾਰਾਜ਼ ਸੀ। ਕਿਹਾ ਜਾਂਦਾ ਰਿਹਾ ਹੈ ਕਿ ਉਸ ਨੇ ਜਹਾਂਗੀਰ ਦੇ ਕੰਨ ਭਰ ਕੇ ਗੁਰੂ ਜੀ ਦੀ ਹੱਤਿਆ ਦੇ ਹੁਕਮ ਪ੍ਰਾਪਤ ਕੀਤੇ। ਇਹ ਵੀ ਕਿਹਾ ਗਿਆ ਕਿ ਗੁਰੂ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦਾ ਵੀ ਬਾਦਸ਼ਾਹ ਨੂੰ ਭੜਕਾਉਣ ਵਿੱਚ ਹੱਥ ਸੀ। ਇਹ ਚੁਗਲੀ ਕਰਨ ਵਾਲੀ ਗੱਲ ਸਹੀ ਵੀ ਹੋ ਸਕਦੀ ਹੈ। ਪਰੰਤੂ ਇਹ ਚੰਦੂ ਸ਼ਾਹ ਕੋਈ ਮਾਮੂਲੀ ਅਹਿਲਕਾਰ ਤੋਂ ਵੱਧ ਨਹੀਂ ਹੋ ਸਕਦਾ ਅਤੇ ਉਸ ਦੀ ਜਾਂ ਪ੍ਰਿਥੀ ਚੰਦ ਦੀ ਪਹੁੰਚ ਬਾਦਸ਼ਾਹ ਤੀਕ ਹੋਣ ਦੀ ਬਹੁਤ ਘੱਟ ਸੰਭਾਵਨਾ ਹੈ। ਨਾ ਹੀ ਖੁਸਰੋ ਦੀ ਬਗਾਵਤ ਵਿੱਚ ਗੁਰੂ ਸਾਹਿਬ ਦੇ ਹੱਥ ਹੋਣ ਦੀ ਸੰਭਾਵਨਾ ਹੈ। ਹਾਂ ਅਕਬਰ ਤੋਂ ਬਾਅਦ ਜਹਾਂਗੀਰ ਦੀ ਥਾਂ ਉਸ ਦੇ ਪੁੱਤਰ ਖੁਸਰੋ ਨੂੰ ਤਖ਼ਤ ਤੇ ਬਿਠਾਉਣ ਦੀਆਂ ਅਫਵਾਹਾਂ ਕੁਝ ਚਿਰ ਤੋਂ ਗਰਮ ਸਨ ਅਤੇ ਜਾਣਕਾਰ ਹਿੰਦੂਆਂ ਦੀ ਹਮਦਰਦੀ ਖੁਸਰੋ ਨਾਲ ਜ਼ਰੂਰ ਸੀ ਕਿਉਂਕਿ ਉਹ ਆਪਣੇ ਦਾਦੇ ਵਾਂਗ ਹੀ ਮਜ਼੍ਹਬ ਦੇ ਮਾਮਲੇ ਵਿੱਚ ਕੱਟੜ ਨਹੀਂ ਸੀ। ਜਹਾਂਗੀਰ ਵੀ ਵਿਅਕਤੀਗਤ ਤੌਰ ਤੇ ਕੋਈ ਕੱਟੜ ਨਮਾਜ਼ੀ ਨਹੀਂ ਸੀ। ਲੇਕਿਨ ਸਿਆਸੀ ਖਿੱਚੋਤਾਨ ਵਿੱਚ ਮੁਸਲਮਾਨ ਸਰਦਾਰ ਅਤੇ ਮੌਲਾਣੇ ਸਭ ਉਸ ਦੀ ਪਿੱਠ ਭਰਦੇ ਸਨ। ਇਹ ਉਸ ਲਈ ਜ਼ਰੂਰੀ ਸੀ ਕਿ ਉਹ ਮਜ਼੍ਹਬੀ ਕੱਟੜਪੰਥੀ ਨੀਤੀ ਦਾ ਹੁੰਗਾਰਾ ਭਰੇ।

ਦੂਜੇ ਪਾਸੇ ਮੁਸਲਮਾਨਾਂ ਦੇ ਧਾਰਮਿਕ ਖੇਤਰ ਵਿੱਚ ਵੀ ਇੱਕ ਸਿਆਸੀ ਦਵੰਦ ਚਲ ਰਿਹਾ ਸੀ। ਉਪਰ ਕਿਹਾ ਗਿਆ ਸੀ ਕਿ ਸੂਫੀ ਸੰਤਾਂ ਨੇ ਵੀ ਹਿੰਦੂ ਭਗਤਾਂ ਵਾਂਗ ਹਿੰਦੂ-ਮੁਸਲਿਮ ਪਾੜੇ ਨੂੰ ਘਟਾਉਣ ਦਾ ਯਤਨ ਕੀਤਾ, ਜੋ ਕਾਫ਼ੀ ਹੱਦ ਤੱਕ ਸੱਚ ਹੈ। ਪਰੰਤੂ ਇਸ ਦਾ ਅਰਥ ਇਹ ਨਹੀਂ ਸੀ ਕਿ ਉਨ੍ਹਾਂ ਦੇ ਇਸਲਾਮੀ ਵਿਸ਼ਵਾਸ ਵਿੱਚ ਕੋਈ ਢਿੱਲ ਆ ਗਈ ਸੀ। ਉਹ ਪੱਕੇ ਮੁਸਲਮਾਨ ਸਨ ਭਾਵੇਂ ਭਗਤੀ ਲਹਿਰ ਦੇ ਪ੍ਰਭਾਵ ਹੇਠ ਉਹਨਾਂ ਪ੍ਰਭੂ ਪਿਆਰ ਦੇ ਰਾਹ ਨੂੰ ਵੀ ਸਵੀਕਾਰ ਕਰ ਲਿਆ ਸੀ। ਅਸਲ ਵਿੱਚ ਇਸਲਾਮ ਦਾ ਜਿੰਨਾ ਪ੍ਰਚਾਰ ਸੂਫੀਆਂ ਦੇ ਸੰਤਪੁਣੇ ਦੇ ਪ੍ਰਭਾਵ ਨਾਲ ਹੋਇਆ, ਉਨਾਂ ਮੁਸਲਮਾਨ ਸ਼ਾਸਕਾਂ ਦੀ ਜ਼ਬਰੀ-ਤਬਦੀਲੀ ਨਾਲ ਨਹੀਂ ਹੋਇਆ ਅਤੇ ਸਾਰੇ ਸੂਫੀ ਵੀ ਇਕੋ ਜਿਹੇ ਨਹੀਂ ਸਨ। ਉਹਨਾਂ ਦੀਆਂ ਕਈ ਵੱਖ-ਵੱਖ ਸੰਪਰਦਾਵਾਂ ਸਨ ਜਿਨ੍ਹਾਂ ਨੂੰ 'ਸਿਲਸਿਲੇ' ਕਿਹਾ ਜਾਂਦਾ ਸੀ। ਚਾਰ ਮੁੱਖ ਸਿਲਸਿਲੇ ਇਹ ਸਨ : (i) ਚਿਸ਼ਤੀ, (ii) ਕਾਦਰੀ, (iii) ਸੁਹਰਾਵਰਦੀ ਅਤੇ (iv) ਨਕਸ਼ਬੰਦੀ। ਇਨ੍ਹਾਂ ਵਿਚੋਂ ਮੁਕਾਬਲਤਨ ਸਭ ਤੋਂ ਵੱਧ ਸਹਿਨਸ਼ੀਲ ਚਿਸ਼ਤੀ ਸਨ ਅਤੇ ਸਭ ਤੋਂ ਵੱਧ ਕੱਟੜਪੰਥੀ ਨਕਸ਼ਬੰਦੀ ਸਨ। ਅਕਬਰ ਚਿਸ਼ਤੀਆਂ ਦਾ ਮੁਰੀਦ ਸੀ, ਅਤੇ ਜਹਾਂਗੀਰ ਉੱਤੇ ਵਧੇਰਾ ਅਸਰ ਨਕਸ਼ਬੰਦੀਆਂ ਦਾ ਸੀ। ਅਕਬਰ ਦੀ ਸੁਲਹਕੁਲ ਨੀਤੀ ਨੂੰ ਖਾਸ ਕਰ ਉਸ ਦੇ ਦੀਨ-ਇਲਾਹੀ ਨੂੰ ਕੁਝ ਨਿਕਟਵਰਤੀ ਦਰਬਾਰੀਆ ਨੂੰ ਛੱਡ ਸਾਰੇ ਮੁਸਲਮਾਨ ਸਰਦਾਰ ਅਤੇ ਖੁਲ੍ਹੇਆਮ ਇੱਕ ਕਾਫਰਾਨਾ ਹਰਕਤ ਸਮਝਦੇ ਸਨ। 1578-86 ਦੌਰਾਨ ਅਕਬਰ ਦੇ ਖਿਲਾਫ ਕਾਬਲ ਅਤੇ ਬਿਹਾਰ ਬੰਗਾਲ ਵਿੱਚ ਜੋ ਬਗਾਵਤਾਂ ਹੋਈਆਂ, ਉਨ੍ਹਾਂ ਦਾ ਇੱਕ ਮੁੱਖ ਕਾਰਨ ਮੁਸਲਮਾਨਾਂ ਵਿੱਚ ਅਕਬਰ ਦੀ ਮਜ਼੍ਹਬੀ ਪਾਲਿਸੀ ਵਿਰੁੱਧ ਧਾਰਮਿਕ ਜਜ਼ਬਾ ਸੀ। ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਵਿਨਸੈਂਟ ਸਮਿਥ ਅਨੁਸਾਰ, ਨਰਾਜ਼ਗੀ ਦੇ ਉਹਨਾਂ ਸਾਰੇ ਪਦਾਰਥਕ ਕਾਰਨਾਂ ਤੋਂ ਇਲਾਵਾ ਬਿਹਾਰ-ਬੰਗਾਲ ਦੇ ਮੁਸਲਮਾਨ ਅਕਬਰ ਦੇ ਮਜ਼੍ਹਬ ਬਾਰੇ ਜਨੂਨ ਅਤੇ ਇਸਲਾਮ ਤੋਂ ਮੂੰਹ ਫੇਰ ਲੈਣ ਕਰਕੇ ਬੁਰੀ ਤਰ੍ਹਾਂ ਪ੍ਰੇਸ਼ਾਨ ਸਨ ਅਤੇ ਉਸ ਦੀ ਸੁਲਹਕੁਲ ਪਾਲਿਸੀ ਨੂੰ ਇਸਲਾਮ ਧਰਮ ਉਪਰ ਸਹੀ ਮਾਅਨਿਆਂ ਵਿੱਚ ਹਮਲਾ ਸਮਝ ਕੇ ਉਸ ਤੋਂ ਨਫ਼ਰਤ ਕਰਦੇ ਸਨ..... ਅਤੇ ਉਨ੍ਹਾਂ ਦਾ ਸ਼ੱਕ ਬੱਝਾ ਸੀ ਕਿ ਉਹ (ਅਕਬਰ) ਪੂਰੀ ਤਰ੍ਹਾਂ ਪਤਿਤ ਅਥਵਾ ਕਾਫ਼ਰ ਹੋ ਜਾਵੇਗਾ। ਇਸ ਕਾਰਨ ਉਹ ਅਕਬਰ ਦੀ ਥਾਂ ਕਾਬਲ ਦੇ ਸੂਬੇਦਾਰ ਨੂੰ ਪੱਕੇ ਮੋਮਨਾਂ ਦਾ ਸਹੀ ਨੇਤਾ ਸਮਝਣ ਲੱਗੇ ਅਤੇ ਉਸ ਨੂੰ ਅਕਬਰ ਦੀ ਥਾਂ ਗੱਦੀ ਤੇ ਬਿਠਾਉਣ ਦਾ ਯਤਨ ਕਰਨ ਲੱਗੇ। ਅਕਬਰ ਦੀਆਂ ਆਪਣੇ ਆਪ ਨੂੰ ਮੁਸਲਮਾਨ ਜ਼ਾਹਰ ਕਰਨ ਦੀਆਂ ਕਪਟੀ ਚਾਲਾਂ ਕਿਸੇ ਵੀ ਸਾਧਾਰਨ ਸਮਝ ਵਾਲੇ ਮਨੁੱਖ ਨੂੰ ਧੋਖਾ ਨਹੀਂ ਦੇ ਸਕਦੀਆਂ ਸਨ।

ਅਕਬਰ ਇਨ੍ਹਾਂ ਬਗਾਵਤਾਂ ਨੂੰ ਦਬਾਉਣ ਵਿੱਚ ਤਾਂ ਸਫ਼ਲ ਹੋ ਗਿਆ ਪਰ ਉਸ ਦਾ ਵੱਡਾ ਪੁੱਤਰ

ਸਲੀਮ (ਬਾਅਦ ਵਿੱਚ ਜਹਾਂਗੀਰ) ਤਖਤ ਹਥਿਆਉਣ ਲਈ ਏਨਾ ਉਤਾਵਲਾ ਹੋ ਗਿਆ ਕਿ ਸੰਨ 1591 ਵਿੱਚ ਹੀ ਅਫਵਾਹ ਫੈਲੀ ਕਿ ਜਹਾਂਗੀਰ ਨੇ ਆਪਣੇ ਬਾਪ ਨੂੰ ਜ਼ਹਿਰ ਦੇਣ ਦਾ ਅਸਫ਼ ਲ ਯਤਨ ਕੀਤਾ ਸੀ। ਸੰਨ 1600 ਈਸਵੀ ਵਿੱਚ ਜਹਾਂਗੀਰ ਨੇ ਖੁੱਲਮ ਖੁੱਲ੍ਹਾ ਬਗਾਵਤ ਕਰ ਦਿੱਤੀ। 1602 ਵਿੱਚ ਉਸ ਨੇ ਅਕਬਰ ਦੇ ਚਹੇਤੇ ਦੋਸਤ ਅਤੇ ਸਲਾਹਕਾਰ ਅਬੂਅਲ ਫਜ਼ਲ ਦੀ ਹੱਤਿਆ ਕਰਵਾ ਦਿੱਤੀ। ਅਕਬਰ ਬੜਾ ਦੁਖੀ ਹੋਇਆ। 1604 ਵਿੱਚ ਉਸ ਦਾ ਦੂਸਰਾ ਪੁੱਤਰ ਦਾਨੀਆਲ ਵਧੇਰੇ ਨਸ਼ੇ ਕਰਨ ਕਰਕੇ ਮਰ ਗਿਆ। ਹੁਣ ਇੱਕ ਪੁੱਤਰ ਸਲੀਮ ਰਹਿ ਗਿਆ ਜੋ ਬਾਗੀ, ਸ਼ਰਾਬੀ ਅਤੇ ਅਫੀਮ ਦਾ ਅਮਲੀ ਸੀ। ਦਰਬਾਰ ਵਿੱਚ ਰਾਜਪੂਤ ਪਾਰਟੀ ਦੇ ਲੀਡਰ ਰਾਜਾ ਮਾਨ ਸਿੰਘ ਅਤੇ ਖਾਨੇ ਆਜ਼ਮ ਅਜ਼ੀਜ਼ ਕੋਕਾ ਨੇ ਖੁਸਰੋ ਨੂੰ ਅਕਬਰ ਦਾ ਜਾਨਸੀਨ ਬਣਾਉਣ ਲਈ ਯਤਨ ਕੀਤੇ ਲੇਕਿਨ ਸਫ਼ਲ ਨਾ ਹੋ ਸਕੇ, ਕਿਉਂਕਿ ਸਲੀਮ ਦੇ ਇੱਕ ਨਿਕਟਵਰਤੀ ਸਲਾਹਕਾਰ ਸ਼ੇਖ ਫ਼ਰੀਦ ਨੂੰ ਜੋ (ਬਾਅਦ ਵਿੱਚ ਮੁਰਤਜ਼ਾ ਖਾਨ) ਬਰ੍ਹ ਦੇ ਸੱਯਦ ਤੀਰਾ ਤੋਂ ਫ਼ਤਵਾ ਦਿਵਾ ਦਿੱਤਾ ਕਿ ਤਖਤ ਦਾ ਸਹੀ ਹੱਕਦਾਰ ਸਲੀਮ ਹੀ ਹੈ। ਸ਼ੇਖ ਫ਼ਰੀਦ ਜੋ ਸਲੀਮ ਦੇ ਹੋਰ ਵੀ ਨੇੜੇ ਹੋ ਗਿਆ ਸੀ ਨਕਸ਼ਬੰਦੀ ਸੂਫ਼ੀ ਪੀਰ ਸ਼ੇਖ ਅਹਿਮਦ ਸਰਹੰਦੀ ਦਾ ਮੁਰੀਦ ਸੀ। ਇਹ ਸ਼ੇਖ ਅਹਿਮਦ ਅਤਿ ਦਰਜੇ ਦਾ ਕੱਟੜਪੰਥੀ ਸੀ ਜੋ ਹਿੰਦੂਆਂ ਨੂੰ ਸਖ਼ਤ ਨਫ਼ਰਤ ਕਰਦਾ ਸੀ ਅਤੇ ਗੁਰੂ ਅਰਜਨ ਦੇਵ ਦਾ ਦੋਖੀ ਸੀ। ਇਸ ਨੇ ਮੁਰਤਜ਼ਾ ਖ਼ਾਨ ਰਾਹੀਂ ਗੁਰੂ ਸਾਹਿਬ ਦੇ ਖਿਲਾਫ਼ ਸਲੀਮ ਦੇ ਕੰਨ ਭਰੇ ਸਨ ਅਤੇ ਇਸ ਨੇ ਬਾਅਦ ਵਿੱਚ ਗੁਰੂ ਸਾਹਿਬ ਦੀ ਸ਼ਹਾਦਤ ਉਪਰੰਤ ਸ਼ੁਕਰ ਮਨਾਉਂਦਿਆਂ ਇੱਕ ਖਤ ਵਿੱਚ ਲਿਖਿਆ ਸੀ।

"ਇਨ੍ਹਾਂ ਦਿਨਾ ਵਿੱਚ ਹੀ ਜੋ ਗੋਇੰਦਵਾਲ ਦੇ ਭ੍ਰਿਸ਼ਟ ਕਾਫ਼ਰ (ਅਰਥਾਤ ਗੁਰੂ ਅਰਜਨ ਦੇਵ) ਨੂੰ ਕਤਲ ਕਰ ਦਿੱਤਾ ਗਿਆ ਹੈ, ਇਹ ਬੜੀ ਵਧੀਆ ਗੱਲ ਹੈ। ਇਹ ਹਿੰਦੂ ਕਾਫ਼ਰਾਂ ਉੱਤੇ ਭਾਰੀ ਸੱਟ ਮਾਰੀ ਗਈ ਹੈ। ਉਸ ਨੂੰ ਕਿਸੇ ਵੀ ਕਾਰਨ ਜਾਂ ਬਹਾਨੇ ਨਾਲ ਮਾਰ ਦੇਣਾ ਮੁਸਲਮਾਨਾਂ ਲਈ ਬੜਾ ਲਾਭਦਾਇਕ ਰਿਹਾ ਹੈ।"

ਅਕਬਰ ਇੱਕ ਸਾਲ ਤੋਂ ਵੱਧ ਸੰਗ੍ਰਹਿਣੀ ਦੇ ਰੋਗ ਨਾਲ ਘੁਲ-ਘੁਲ ਕੇ ਅਕਤੂਬਰ 1605 ਨੂੰ ਇਸ ਜਹਾਨ ਤੋਂ ਕੂਚ ਕਰ ਗਿਆ। ਸਲੀਮ ਜਹਾਂਗੀਰ ਦੀ ਉਪਾਧੀ ਧਾਰਨ ਕਰਕੇ ਗੱਦੀ ਤੇ ਬੈਠਾ। ਉਸ ਦੇ ਪੁੱਤਰ ਖੁਸਰੋ ਨੇ ਬਗਾਵਤ ਕੀਤੀ ਅਤੇ ਹਿਮਾਇਤੀ ਫੌਜ ਨਾਲ ਇਮਦਾਦ ਦੀ ਉਮੀਦ ਨਾਲ ਪੰਜਾਬ ਵੱਲ ਕੂਚ ਕੀਤਾ। ਲੜਾਈ ਹੋਈ ਜਿਸ ਵਿੱਚ ਖੁਸਰੋ ਹਾਰ ਗਿਆ, ਗ੍ਰਿਫ਼ਤਾਰ ਹੋ ਗਿਆ। ਜਹਾਂਗੀਰ ਜੋ ਪਿੱਛੇ-ਪਿੱਛੇ ਆ ਰਿਹਾ ਸੀ ਲਾਹੌਰ ਪਹੁੰਚ ਕੇ ਖੁਸਰੋ ਦੀਆਂ ਅੱਖਾਂ ਕਢਵਾ ਦਿੱਤੀਆਂ ਅਤੇ ਉਸ ਦੇ ਦੋ ਮੁੱਖ ਸਾਥੀਆਂ ਨੂੰ ਪਸ਼ੂਆਂ ਦੀ ਗਿੱਲੀ ਖੱਲ ਵਿੱਚ ਮੜ੍ਹਵਾ ਕੇ ਮਰਵਾ ਦਿੱਤਾ। ਇਹ ਘਟਨਾ 29 ਅਪ੍ਰੈਲ, 1606 ਦੀ ਹੈ। ਗੁਰੂ ਅਰਜਨ ਦੇਵ ਦੀ ਗ੍ਰਿਫ਼ਤਾਰੀ ਦਾ ਹੁਕਮ ਕੁਝ ਦਿਨ ਬਾਅਦ ਜਾਰੀ ਕੀਤਾ ਗਿਆ। ਕਾਰਨ ਜਹਾਂਗੀਰ ਦੀ ਆਪਣੀ ਲਿਖਿਤ ਅਨੁਸਾਰ ਇਉਂ ਸੀ :

> ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਵਿੱਚ ਅਰਜਨ ਨਾਮੀ ਹਿੰਦੂ ਫਕੀਰ ਦੇ ਭੇਖ ਵਿੱਚ ਰਹਿੰਦਾ ਸੀ। ਬਹੁਤ ਸਾਰੇ ਮੂਰਖ ਹਿੰਦੂਆਂ, ਬਲਕਿ ਕਈ ਮਾਸੂਮ ਮੁਸਲਮਾਨਾਂ ਨੂੰ ਵੀ ਉਸ ਨੇ ਆਪਣੇ ਵਤੀਰੇ ਨਾਲ ਆਪਣਾ ਮੁਰੀਦ ਬਣਾ ਲਿਆ ਸੀ ਅਤੇ ਉਹ ਉਸ ਦੇ ਦੀਨਵੀ ਅਤੇ ਦੁਨਿਆਵੀ ਰਹਿਬਰ ਹੋਣ ਦਾ ਢੰਢੋਰਾ ਪਿਟਦੇ ਸਨ। ਲੋਕ ਉਸ ਨੂੰ ਗੁਰੂ ਕਹਿੰਦੇ ਅਤੇ ਸਾਰੇ ਪਾਸਿਆਂ ਤੋਂ ਆ ਕੇ ਉਸ ਪ੍ਰਤੀ ਆਪਣੀ ਸ਼ਰਧਾ ਪ੍ਰਗਟਾਉਂਦੇ। ਇਹ ਦੁਕਾਨ ਤਿੰਨ-ਚਾਰ ਪੀੜ੍ਹੀਆਂ ਤੋਂ ਚਲ ਰਹੀ ਸੀ। ਕਈ ਸਾਲਾਂ ਤੋਂ ਮੇਰੇ ਖਿਆਲ ਵਿੱਚ ਸੀ ਕਿ ਮੈ ਇਹ ਝੂਠ ਦੀ ਦੁਕਾਨ ਵੀ ਬੰਦ ਕਰਾਂ ਜਾਂ ਇਸ ਨੂੰ ਇਸਲਾਮ ਦੇ ਘੇਰੇ ਵਿੱਚ ਲਿਆਂਵਾ। ਆਖਰਕਾਰ ਜਦੋਂ ਖੁਸਰੋ ਇਸ ਰਾਹੋਂ ਲੰਘਿਆ ਤਾਂ ਇਸ ਤੁੱਛ ਇਨਸਾਨ ਨੇ ਉਸ ਨੂੰ ਮਿਲਣ ਦਾ ਸੁਝਾਅ ਦਿੱਤਾ। ਖੁਸਰੋ ਏਥੇ ਠਹਿਰਿਆ ਅਤੇ ਉਹ ਇਸ ਨੂੰ ਆ ਕੇ ਮਿਲਿਆ ਅਤੇ ਇਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾਇਆ ਜਿਸ ਨੂੰ ਹਿੰਦੂ ਕਸ਼ਕਾ ਕਹਿੰਦੇ ਹਨ ਅਤੇ ਸ਼ੁਭ ਸਮਝਦੇ ਹਨ। ਜਦੋਂ ਇਹ

> (ਖ਼ਬਰ) ਮੇਰੇ ਕੰਨਾ ਤੱਕ ਪਹੁੰਚੀ ਤਾਂ ਮੈਂ ਉਸ ਦੀ ਮੂਰਖਤਾ ਨੂੰ ਸਾਫ਼ ਸਮਝ ਗਿਆ। ਮੈਂ ਉਸ ਨੂੰ ਆਪਣੇ ਸਾਹਮਣੇ ਪੇਸ਼ ਕਰਨ ਦਾ ਹੁਕਮ ਦਿੱਤਾ ਅਤੇ ਉਸ ਦੇ ਘਰ-ਘਾਟ ਅਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਨੂੰ ਦਿੱਤਾ ਅਤੇ ਉਸ ਦੀ ਜ਼ਾਇਦਾਦ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸ ਨੂੰ ਯਾਸਾ (ਤਸੀਹੇ ਦੇ ਕੇ ਮਾਰਨ ਦਾ ਚੰਗੇਜ਼ੀ ਕਾਨੂੰਨ) ਅਨੁਸਾਰ ਕਤਲ ਕਰ ਦਿੱਤਾ ਜਾਏ।

ਗੁਰੂ ਜੀ ਦੀ ਸ਼ਹੀਦੀ ਦਾ ਮੁਸਲਮਾਨ ਹਕੂਮਤ ਦੀ ਕੱਟੜਨੀਤੀ ਦੇ ਪਿਛੇ ਗੁਰੂ ਘਰ ਦੀ ਅੰਦਰੂਨੀ ਵਿਰੋਧਤਾ ਵੀ ਸੀ।

### 1.5.6 ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਗੁਰੂ ਸਾਹਿਬ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਂਦਾ ਗਿਆ, ਬਾਦਸ਼ਾਹ ਨੇ ਖੁਦ ਮੌਤ ਦੀ ਸਜ਼ਾ ਦਿੱਤੀ। ਸਿੱਖ ਸੋਮਿਆਂ ਅਨੁਸਾਰ ਜਾਪਦਾ ਹੈ ਕਿ ਸਜ਼ਾ ਦੇ ਅਮਲ ਦਰਾਮਦ ਕਰਨ ਲਈ ਮੁਰਤਜ਼ਾ ਖਾਨ ਨੇ ਮਕਤੂਲ ਨੂੰ ਚੰਦੂ ਸ਼ਾਹ ਦੇ ਹਵਾਲੇ ਕਰ ਦਿੱਤਾ। ਉਸ ਨੇ ਗੁਰੂ ਸਾਹਿਬ ਨੂੰ ਤੱਤੀ ਲੋਹ ਤੇ ਬਿਠਾਇਆ, ਤੱਤੀ ਰੇਤ ਦੇ ਕੜਛੇ ਉਨ੍ਹਾਂ ਦੀ ਦੇਹ ਤੇ ਪਵਾਏ, ਅਤੇ ਇਸ ਤਰ੍ਹਾਂ ਝੁਲਸੇ ਹੋਏ ਸਰੀਰ ਨੂੰ ਲਾਹੌਰ ਦੇ ਕਿਲ੍ਹੇ ਦੇ ਨਾਲ ਵਗਦੇ ਰਾਵੀ ਦਰਿਆ ਵਿੱਚ ਰੋੜ੍ਹ ਦਿੱਤਾ।

### 1.5.7 ਸ਼ਹੀਦੀ ਦੇ ਪਰਿਣਾਮ

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਅਕਸਰ ਸਿੱਖ ਲਹਿਰ ਦਾ ਇੱਕ ਇਤਿਹਾਸਕ ਮੋੜ ਦੱਸਿਆ ਗਿਆ, ਜੋ ਠੀਕ ਵੀ ਹੈ, ਕਿਉਂਕਿ ਇਸ ਘਟਨਾ ਨੇ ਸਿੱਖਾਂ ਨੂੰ ਅਹਿਸਾਸ ਕਰਵਾ ਦਿੱਤਾ ਕਿ ਸਿੱਖੀ ਮਾਰਗ ਸੁਖਾਲਾ ਨਹੀਂ। ਇਸ ਨਵੇਂ ਸਮਾਜ ਦਾ ਬੂਟਾ ਜੋ ਗੁਰੂ ਨਾਨਕ ਦੇਵ ਜੀ ਨੇ ਸਮੇਂ ਦੀ ਸਮਾਜਿਕ ਰੱਕੜ ਵਿੱਚ ਲਾਇਆ ਸੀ, ਉਹ ਭਾਵੇਂ ਪਿਛਲੇ ਇੱਕ ਸੌ ਸਾਲਾਂ ਵਿੱਚ ਮਜ਼ਬੂਤ ਜੜ੍ਹ ਫੜ ਚੁੱਕਾ ਸੀ ਫਿਰ ਵੀ ਉਸ ਨੂੰ ਜਬਰ-ਜ਼ੁਲਮ ਦੀਆਂ ਤੁੰਦ ਹਵਾਵਾਂ ਅਤੇ ਮਜ਼੍ਹਬੀ ਕੱਟੜਪੰਥੀ ਦੀ ਹੈਵਾਨੀਅਤ ਦੇ ਉਜਾੜੇ ਤੋਂ ਬਚਾਉਣ ਲਈ ਉਸ ਦੁਆਲੇ ਕੰਡਿਆਲੀ ਵਾੜ ਬਣ ਕੇ ਖਲੋਣਾ ਪਵੇਗਾ। ਸ਼ਾਂਤਮਈ ਅਤੇ ਅਹਿੰਸਾ ਦੇ ਅਸੂਲ ਬੜੇ ਅੱਛੇ ਹਨ, ਪਰੰਤੂ ਇਹ ਵੀ ਬਹਾਦਰਾਂ ਨੂੰ ਹੀ ਸੋਭਦੇ ਹਨ। ਭੇਡ ਨਿਮਾਣੀ ਦਾ ਜਿਸ ਦੇ ਨਾ ਸਿੰਗ ਹਨ, ਨਾ ਨਹੁੰ, ਨਾ ਦੰਦ ਤਿੱਖੇ ਹਨ, ਅਹਿੰਸਾਵਾਦੀ ਹੋਣ ਦਾ ਉਸਦਾ ਦਾਅਵਾ ਹਾਸੋ-ਹੀਣਾ ਹੀ ਹੋਵੇਗਾ। ਧਰਮ ਦੀ ਰੱਖਿਆ ਕਰਨੀ ਧਰਮ ਹੈ ਅਤੇ ਇਹ ਧਰਮ ਵੀ ਧਰਮੀਆਂ ਨੇ ਆਪ ਹੀ ਨਿਭਾਉਣਾ ਹੈ। ਇਸ ਅਹਿਸਾਸ ਨੇ ਸਿੱਖਾਂ ਨੂੰ ਧਰਮ ਦੀ ਰਾਖੀ ਅਤੇ ਜ਼ੁਲਮ ਅਤੇ ਅਨਿਆਂ ਦੇ ਖਿਲਾਫ਼ ਸੰਗਰਾਮ ਲਈ ਕਮਰਬੰਦ ਹੋਣ ਲਈ ਪ੍ਰੇਰਿਆ ਅਤੇ ਉਹ ਪੀਰੀ ਦੇ ਨਾਲ ਮੀਰੀ ਦੀ ਤਲਵਾਰ ਧਾਰਨ ਕਰਨ ਵਾਲੇ ਗੁਰੂ ਹਰਗੋਬਿੰਦ ਸਾਹਿਬ ਦੀ ਅਗਵਾਈ ਵਿੱਚ ਸੰਤ ਰਹਿੰਦੇ ਹੋਏ ਸਿਪਾਹੀ ਵੀ ਬਣਨ ਲੱਗੇ। ਗੁਰੂ ਦੇ ਬਲੀਦਾਨ ਨੇ ਸਿੱਖਾਂ ਵਿੱਚ ਬਲੀਦਾਨ ਦਾ ਚਾਅ ਭਰਿਆ।

ਪਰ ਜਿਸ ਗੱਲ ਵੱਲ ਇਤਿਹਾਸਕਾਰਾਂ ਦਾ ਧਿਆਨ ਘੱਟ ਗਿਆ ਹੈ ਉਹ ਇਹ ਹੈ ਕਿ ਸਿੱਖ ਇਤਿਹਾਸ ਵਿੱਚ ਇਹ ਮੋੜ ਅਚਾਨਕ ਨਹੀਂ ਆਇਆ। ਜਦ ਕਿ ਹਾਲਾਤ ਵਿੱਚ ਇਹ ਆਉਣਾ ਹੀ ਸੀ ਅਤੇ ਇਸ ਦੀ ਤਿਆਰੀ ਵੀ ਆਰੰਭ ਤੋਂ ਹੀ ਆਰੰਭੀ ਗਈ ਸੀ। ਗੁਰੂ ਨਾਨਕ ਦੇਵ ਨੇ ਚੇਤਾਵਨੀ ਦੇ ਦਿੱਤੀ ਸੀ ਕਿ ਸਿੱਖੀ ਦਾ ਰਾਹ ਸੌਖਾ ਨਹੀਂ। ਉਹਨਾਂ ਕਿਹਾ ਸੀ ਕਿ ਸਿਰ ਧੜ ਦੀ ਬਾਜ਼ੀ ਹੈ, ਇੱਜ਼ਤ-ਪਤ ਨਾਲ ਜੀਣਾ ਹੀ ਜੀਵਨ ਹੈ ਅਤੇ ਪ੍ਰੇਮ ਦੀ ਖੇਡ ਵਿੱਚ ਸ਼ਾਮਿਲ ਹੋਣ ਲਈ ਸਿਰ ਤਲੀ ਤੇ ਰਖ ਕੇ ਆਉਣਾ ਪੈਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਸਪੱਸ਼ਟ ਕਰ ਦਿੱਤਾ ਕਿ ਜੇ ਮੇਰੇ ਰਾਹ ਤੇ ਆਉਣਾ ਹੀ ਹੈ ਤਾਂ ਪਹਿਲਾਂ ਮਰਨ ਕਬੂਲਣਾ ਪਵੇਗਾ। ਭਾਈ ਮਨੀ ਸਿੰਘ ਰਚਿਤ, "ਸਿੱਖਾਂ ਦੀ ਭਗਤ ਮਾਲਾ" ਵਿੱਚ ਦਿੱਤੀਆਂ ਕੁਝ ਸਾਖੀਆਂ ਤੋਂ ਸਪੱਸ਼ਟ ਹੈ ਕਿ ਸ਼ਸਤਰਾਂ ਦੀ ਸਿਖਲਾਈ ਉਨ੍ਹਾਂ ਨੇ ਹੀ ਸ਼ੁਰੂ ਕਰਵਾ ਦਿੱਤੀ ਸੀ, ਕਿਉਂਕਿ ਜਦ ਕੋਈ ਯੋਧਾ ਉਨ੍ਹਾਂ ਕੋਲ ਆਉਂਦਾ ਤਾਂ ਉਹ ਉਸ ਨੂੰ ਸਾਹਿਬਜ਼ਾਦੇ ਹਰਿਗੋਬਿੰਦ ਦੇ ਨਾਲ ਹੋਣ ਲਈ ਕਹਿੰਦੇ। ਗੁਰੂ ਹਰਿਗੋਬਿੰਦ ਨੇ

ਸ਼ਸਤਰ ਵਿਦਿਆ ਪਿਤਾ ਗੁਰੂ ਦੀ ਦੇਖ-ਰੇਖ ਵਿੱਚ ਹੀ ਪ੍ਰਾਪਤ ਕੀਤੀ।" ਬੰਸਾਵਲੀਨਾਮੇ ਦੇ ਲੇਖਕ ਕੇਸਰ ਸਿੰਘ ਛਿੱਬਰ ਅਨੁਸਾਰ ਗੁਰੂ ਅਰਜਨ ਦੇਵ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਨ੍ਹਾਂ ਦਾ ਸੀਸ ਲੱਗਣਾ ਹੀ ਹੈ। ਗੁਰੂ ਜੀ ਨੇ ਗ੍ਰਿਫਤਾਰੀ ਸਮੇਂ ਆਪਣੇ ਨਾਲ ਗਏ ਪੰਜਾਂ ਸਿੱਖਾਂ ਨੂੰ ਇਹ ਹੀ ਕਹਿ ਕੇ ਵਾਪਸ ਭੇਜਿਆ ਕਿ ਸਾਹਿਬਜ਼ਾਦੇ ਨੂੰ ਕਹਿਣਾ ਉਹ ਹਥਿਆਰਬੰਦ ਹੋ ਕੇ ਗੱਦੀ ਤੇ ਬੈਠੇ ਅਤੇ ਜਿਥੋਂ ਤੀਕ ਹੋ ਸਕੇ ਇੱਕ ਵਧੀਆ ਫ਼ੌਜ ਰਖੇ।

ਜਾਬਰ ਹਕੂਮਤ ਨਾਲ ਟੱਕਰ ਹੋਣੀ ਕੋਈ ਨਵੀਂ ਗੱਲ ਨਹੀਂ ਸੀ। ਗੁਰੂ ਨਾਨਕ ਦੇਵ ਦੀ ਵੀ ਬਾਬਰ ਨਾਲ ਅਤੇ ਗੁਰੂ ਅੰਗਦ ਦੀ ਹਮਾਯੂੰ ਨਾਲ ਟੱਕਰ ਹੋਈ ਸੀ, ਪਰ ਉਹ ਦੋਵੇਂ ਕਾਇਲ ਹੋ ਗਏ। ਜਹਾਂਗੀਰ ਵੀ ਕਾਇਲ ਹੋਇਆ, ਗੁਰੂ ਹਰਿਗੋਬਿੰਦ ਦੀ ਗੁਰੂਤਾ ਤੋਂ ਪਰ ਬਹੁਤ ਦੇਰ ਬਾਅਦ ਵਿੱਚ। ਹੋ ਸਕਦਾ ਹੈ ਇੱਕ ਗੁਰੂ ਦੀ ਹੱਤਿਆ ਦੇ ਪਾਪ ਦਾ ਪਰਛਾਵਾਂ ਹੀ ਅਗਲੇ ਗੁਰੂ ਨਾਲ ਮਿੱਤਰਤਾ ਕਰਨ ਦਾ ਮਨੋਵਿਗਿਆਨਕ ਕਾਰਨ ਬਣਿਆ ਹੋਵੇ।

## 1.5.8 ਸਹਾਇਕ ਲਈ ਪੁਸਤਕਾਂ


1. ਗੁਰੂ ਅਰਜਨ ਮਾਰਟਾਇਡਮ (ਰੀ-ਇੰਟਰ-ਪਰੈਟਿਡ) — ਡਾ. ਗੰਡਾ ਸਿੰਘ
2. ਸਿੱਖ ਰਲੀਜ਼ਨ, ਜਿਲਦ ਤੀਜੀ — ਮੈਕਾਲਿਫ਼
3. ਤਵਾਰੀਖ ਗੁਰੂ ਖਾਲਸਾ — ਗਿਆਨ ਸਿੰਘ
4. ਔਰੰਗਜ਼ੇਬ — ਜਾਦੂ ਨਾਥ ਸਰਕਾਰ
5. ਲੈਵੇਲਿਊਸ਼ਨ ਆਫ਼ ਖਾਲਸਾ (ਭਾਗ 1) — ਇੰਦੂ ਭੂਸ਼ਨ ਬੈਨਰਜੀ
6. ਮਹਿਮਾ ਪ੍ਰਕਾਸ਼ — ਸਰੂਪ ਦਾਸ ਭੱਲਾ

ਪਾਠ ਨੰਬਰ : **1.6**

## ਗੁਰੂ ਹਰਗੋਬਿੰਦ ਸਾਹਿਬ ਅਤੇ ਅਕਾਲ ਤਖਤ

1.6.1 ਪਾਠ ਦਾ ਉਦੇਸ਼
1.6.2 ਭੂਮਿਕਾ
1.6.3 ਮੀਰੀ ਤੇ ਪੀਰੀ
1.6.4 ਫੌਜ ਦੀ ਭਰਤੀ
1.6.5 ਸ਼ਿਕਾਰ ਤੇ ਮਾਸ
1.6.6 ਅਕਾਲ ਤਖਤ ਦੀ ਉਸਾਰੀ
1.6.7 ਸਮੂਹਿਕ ਭਗਤੀ
1.6.8 ਨਵੀਂ ਨੀਤੀ ਦੀ ਸਮਾਂ ਆਲੋਚਨਾ
1.6.9 ਜਥੇਬੰਦਕ ਤਬਦੀਲੀਆਂ ਦਾ ਪ੍ਰਭਾਵ
1.6.10 ਗੁਰੂ ਹਰਗੋਬਿੰਦ ਸਾਹਿਬ ਤੋਂ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਸਿੱਖ ਪੰਥ ਦੀ ਸਥਿਤੀ
    1.6.10.1 ਗੁਰੂ ਹਰਗੋਬਿੰਦ ਸਾਹਿਬ ਤੇ ਸ਼ਾਹਜਾਹ
    1.6.10.2 ਗੁਰੂ ਹਰ ਰਾਇ ਤੇ ਮੁਗਲ ਸਰਕਾਰ
    1.6.10.3 ਗੁਰੂ ਹਰ ਕ੍ਰਿਸ਼ਨ ਤੇ ਔਰਗਜੇਬ
    1.6.10.4 ਗੁਰੂ ਤੇਗ ਬਹਾਦਰ ਤੇ ਔਰਗਜੇਬ
1.6.11 ਅਭਿਆਸ ਲਈ ਪ੍ਰਸ਼ਨ
1.6.12 ਸਹਾਇਕ ਪੁਸਤਕਾਂ

### 1.6.1 ਪਾਠ ਦਾ ਉਦੇਸ਼

ਸ੍ਰੀ ਅਕਾਲ ਤਖਤ ਸਾਹਿਬ ਸਿੱਖ ਪੰਥ ਦੀ ਸਿਰਮੌਰ ਸੰਸਥਾ ਹੈ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਹਰਮਿੰਦਰ ਸਾਹਿਬ ਦੇ ਸਹਾਮਣੇ ਇਸ ਦੀ ਉਸਾਰੀ ਕਰਵਾਈ। ਇਸ ਪਾਠ ਦਾ ਉਦੇਸ਼ ਸ੍ਰੀ ਅਕਾਲ ਤਖਤ ਸਾਹਿਬ ਦਾ ਇਤਿਹਾਸ ਤੇ ਦਰਸ਼ਨ ਪ੍ਰਸਤੂਤ ਕਰਨਾ ਹੈ।

### 1.6.2 ਭੂਮਿਕਾ

ਮੈਕਾਲਿਫ ਅਨੁਸਾਰ ਗੁਰੂ ਅਰਜਨ ਸਾਹਿਬ ਵਲੋਂ ਜੋ ਸੁਨੇਹਾ ਆਪਣੇ ਪੁੱਤਰ ਨੂੰ ਦਿੱਤਾ ਉਹ ਇਹ ਸੀ, ਮੇਰਾ ਪੁੱਤਰ ਹਥਿਆਰ ਪਹਿਨ ਕੇ ਗੁਰੂ-ਗੱਦੀ ਤੇ ਬੈਠੇ, ਆਪਣੀ ਯੋਗਤਾ ਅਨੁਸਾਰ ਇਕ ਵਧੀਆ ਫੌਜ ਤਿਆਰ ਕਰੇ। ਗੁਰੂ ਹਰਗੋਬਿੰਦ ਸਿੰਘ ਜੀ ਨੇ ਇਹ ਪੱਕੀ ਤਰ੍ਹਾਂ ਸਮਝ ਲਿਆ ਸੀ (ਜਦੋਂ ਉਹ ਗੱਦੀ ਨਸ਼ੀਨ ਹੋਏ) ਕਿ ਜੇਕਰ ਸਿੱਖ ਧਰਮ ਨੂੰ ਬਚਾਉਣਾ ਹੈ ਤਾਂ ਸਿੱਖ ਜੋ ਕੇਵਲ ਸੰਤ ਸਨ, ਉਨ੍ਹਾਂ ਨੂੰ ਸੰਤ-ਸਿਪਾਹੀ ਬਣਨਾ ਪਵੇਗਾ। ਕੁਝ ਸਿੱਖ ਲਿਖਤਾਂ ਅਨੁਸਾਰ ਜਦੋਂ ਗੁਰੂ ਹਰਗੋਬਿੰਦ ਗੁਰ-ਗੱਦੀ ਤੇ ਬੈਠੇ ਤਾਂ ਉਨ੍ਹਾਂ ਨੇ ਇਕ ਬੜੀ ਜੋਸ਼ੀਲੀ ਤਕਰੀਰ ਕੀਤੀ, ਜਿਸ ਵਿਚ ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਤੋਂ ਧਨ ਦੀ ਥਾਂ ਜਵਾਨ, ਘੋੜੇ ਤੇ ਹਥਿਆਰਾਂ ਦੀ ਮੰਗ ਕੀਤੀ। ਉਨ੍ਹਾਂ ਨੇ ਸਿੱਖਾਂ ਨੂੰ ਆਤਮ ਵਿਸ਼ਵਾਸ਼ ਪੈਦਾ ਕਰਨ ਤੇ ਬਹਾਦਰੀ ਦੀਆਂ ਵਾਰਾਂ (ਕਵਿਤਾਵਾਂ) ਸੁਣਨ ਲਈ ਕਿਹਾ। ਉਨ੍ਹਾਂ ਨੇ ਸਿੱਖਾਂ ਨੂੰ ਕਿਹਾ ਕਿ ਭਾਵੇਂ ਸਾਡੀ ਗਿਣਤੀ ਥੋੜ੍ਹੀ ਹੈ ਪਰ ਸਾਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ ਹੈ। ਉਨ੍ਹਾਂ ਨੇ ਸਮਝਾਇਆ ਕਿ ਅੱਗ ਦੀ ਛੋਟੀ ਜਿਹੀ ਚਿੰਗਾਰੀ ਪੂਰੇ ਜੰਗਲ ਨੂੰ ਜਲਾ ਕੇ ਰਾਖ ਕਰ ਸਕਦੀ ਹੈ। ਕੁਝ ਸਿੱਖ ਲਿਖਤਾਂ ਅਨੁਸਾਰ ਗੁਰੂ ਸਾਹਿਬ ਨੇ ਇਸ ਤਰ੍ਹਾਂ ਹਦਾਇਤਾਂ ਦਾ ਮੀਹ ਵਰ੍ਹਾ ਦਿੱਤਾ ਜਿਵੇਂ ਸਾਵਣ ਵਿਚ ਬੱਦਲਾਂ ਤੋਂ ਮੀਹ ਵਰ੍ਹਦਾ ਹੈ। ਸਿੱਖ ਬਹੁਤ

ਜਿਆਦਾ ਵਧੇ ਫੁੱਲੇ ਜਿਵੇਂ ਕਿ ਮੀਂਹ ਸਮੇਂ ਧਾਨ ਦੇ ਖੇਤ ਵਧਦੇ ਹਨ। ਉਹ ਚਾਹੁੰਦੇ ਸਨ ਕਿ ਸਿੱਖ ਨੇਕ ਅਤੇ ਪਵਿੱਤਰ ਜੀਵਨ ਜੀਉਣ ਦੇ ਨਾਮ ਜਪਣ। ਪਰ ਦੂਜੇ ਪਾਸੇ ਹਥਿਆਰ ਚੁੱਕ ਕੇ ਮੁਗਲ ਜ਼ਾਲਮਾਂ ਤੋਂ ਆਪਣੀਆਂ ਜਾਨਾਂ ਤੇ ਘਰਾਂ ਦੀ ਰਾਖੀ ਕਰਨ ਲਈ ਵੀ ਤਿਆਰ ਰਹਿਣ।

ਬਜ਼ੁਰਗ ਸਿੱਖ ਬਾਬਾ ਬੁੱਢਾ ਜੀ ਨੇ ਗੁਰੂ ਹਰਗੋਬਿੰਦ ਜੀ ਨੂੰ ਨਵੀਂ ਪੁਸ਼ਾਕ ਪਹਿਨਾਈ ਅਤੇ ਉਸ ਨੇ ਉਨ੍ਹਾਂ ਦੇ ਸਾਹਮਣੇ ਸੇਲ੍ਹੀ (ਉੱਨ ਦੀ ਮਾਲਾ ਜੋ ਪਹਿਲੇ ਗੁਰੂ ਗਲ ਵਿਚ ਪਾਇਆ ਕਰਦੇ ਸਨ ਜਾਂ ਆਪਣੇ ਸਿਰ ਦੁਆਲੇ ਲਪੇਟ ਲੈਂਦੇ ਸਨ) ਅਤੇ ਇਕ ਪੱਗ ਰੱਖੀ ਜੋ ਉਨ੍ਹਾਂ ਦਾ ਧਾਰਮਿਕ ਚਿੰਨ੍ਹ ਸੀ। ਪਰੰਤੂ ਗੁਰੂ ਹਰਗੋਬਿੰਦ ਜੀ ਨੇ ਇਨ੍ਹਾਂ ਚੀਜ਼ਾਂ ਨੂੰ ਪਾਸੇ ਕਰ ਦਿੱਤਾ ਅਤੇ ਬਾਬਾ ਬੁੱਢਾ ਜੀ ਨੂੰ ਕਿਹਾ, ਮੇਰੀ ਸੇਲ੍ਹੀ ਕਿਰਪਾਨ-ਗਾਤਰਾ ਹੋਵੇਗੀ ਅਤੇ ਮੈਂ ਰਾਜਸੀ ਠਾਠ ਨਾਲ ਕਲਗੀ ਲਾ ਕੇ ਦਸਤਾਰ ਸਜਾਵਾਂਗਾ। ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ ਸੇਲ੍ਹੀ ਨੂੰ ਸੰਭਾਲ ਕੇ ਰੱਖ ਲਿਆ ਜਾਵੇ ਕਿਉਂਕਿ ਬਦਲੀ ਹੋਈ ਰਾਜਨੀਤਿਕ ਹਾਲਤ ਵਿਚ ਇਸ ਦੀ ਲੋੜ ਨਹੀਂ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਕਿਹਾ ਕਿ ਅੱਗੇ ਤੋਂ ਗੁਰੂ ਘਰ ਵਿਚ ਧਰਮ ਅਤੇ ਸੰਸਾਰਿਕ ਖੁਸ਼ੀਆਂ ਦੋਵੇਂ ਇਕੋ ਵੇਲੇ ਹੋਣਗੀਆਂ। ਇਕ ਪਾਸੇ ਗਰੀਬਾਂ ਅਤੇ ਲੋੜਵੰਦਾਂ ਨੂੰ ਮਦਦ ਤੇ ਦੂਜੇ ਪਾਸੇ ਜ਼ਾਲਮ ਨੂੰ ਮੌਤ ਦਿੱਤੀ ਜਾਵੇਗੀ।

### 1.6.3 ਮੀਰੀ ਤੇ ਪੀਰੀ

ਗੁਰੂ ਹਰਗੋਬਿੰਦ ਨੇ ਦੂਹਰੀ ਨੀਤੀ ਅਪਨਾਈ। ਪਹਿਲੀ ਨੀਤੀ ਅਨੁਸਾਰ ਉਨ੍ਹਾਂ ਨੇ ਆਪਣੇ ਪੂਰਵਾਧਿਕਾਰਿਆਂ ਵਾਂਗ ਆਪਣੇ ਸਿੱਖਾਂ ਦੀ ਮਦਦ ਤੇ ਮੁਕਤੀ ਪ੍ਰਾਪਤੀ ਲਈ ਯਤਨ ਕਰਨਾ, ਨਾਮ ਜਪਣਾ ਤੇ ਜਪਾਉਣਾ ਸੀ, ਅਤੇ ਦੂਜੀ ਜ਼ਾਲਿਮ ਵਿਰੁੱਧ ਤਲਵਾਰ ਚੁੱਕ ਕੇ ਸੁਰਖਿਆ ਲਈ ਉਨ੍ਹਾਂ ਨੂੰ ਤਿਆਰ ਕਰਨਾ ਸੀ। ਉਨ੍ਹਾਂ ਨੇ ਸਿੱਖਾਂ ਨੂੰ ਆਪਣੀ ਸੁਰੱਖਿਆ ਅਤੇ ਸ੍ਵੈਮਾਨ ਲਈ ਜਾਨਾਂ ਵਾਰ ਦੇਣ ਲਈ ਵੰਗਾਰਿਆ। ਆਪਣੀ ਗੁਰਗੱਦੀ ਜਾਂ ਤਖਤ ਨਸ਼ੀਨੀ ਦੇ ਸਮੇਂ ਉਨ੍ਹਾਂ ਭਾਈ ਬੁੱਢਾ ਜੀ ਨੂੰ ਆਪਣੇ ਪੂਰਵਾਧਿਕਾਰੀਆਂ ਵਾਲੀਆਂ ਚੀਜ਼ਾਂ ਦੀ ਥਾਂ ਤਲਵਾਰ ਪਹਿਨਾਉਣ ਲਈ ਕਿਹਾ। ਗੁਰੂ ਜੀ ਨੇ ਦੋ ਤਲਵਾਰਾਂ ਪਹਿਨਣੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਵਿਚੋਂ ਇਕ ਮੀਰੀ (ਸੰਸਾਰਕ) ਤੇ ਦੂਜੀ ਪੀਰੀ (ਅਧਿਆਤਮਕ) ਖੇਤਰ ਵਿਚ ਰਾਹਨੁਮਾਈ ਦਾ ਚਿੰਨ੍ਹ ਸੀ। ਉਨ੍ਹਾਂ ਨੇ ਆਪਣੇ ਸ਼ਗਿਰਦਾਂ ਨੂੰ ਵੀ ਨਿਰਦੇਸ਼ ਦਿੱਤਾ ਕਿ ਉਹ ਤਲਵਾਰ ਅਤੇ ਇਕ ਘੋੜਾ ਰੱਖਣ। ਗੁਰੂ ਜੀ ਸਿੱਖਾਂ ਦਾ ਸਰਵਪੱਖੀ ਵਿਕਾਸ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਸਿਰਫ ਧਾਰਮਿਕ ਮਾਮਲਿਆਂ ਵਿਚ ਹੀ ਸਿੱਖਾ ਦੀ ਅਗਵਾਈ ਨਹੀਂ ਕਰਨਗੇ, ਸਗੋਂ ਜੇ ਲੋੜ ਪਈ ਤਾਂ ਸਿੱਖਾਂ ਦੀਆਂ ਜਾਨਾਂ, ਜਾਇਦਾਦਾਂ ਤੇ ਸ੍ਵੈਮਾਨ ਦੀ ਰੱਖਿਆ ਖਾਤਰ ਜ਼ਾਲਿਮ ਦੇ ਵਿਰੁੱਧ ਵੀ ਉਹ ਉਨ੍ਹਾਂ ਦੀ ਅਗਵਾਈ ਕਰਨਗੇ। ਗੁਰੂ ਹਰਗੋਬਿੰਦ ਸਾਹਿਬ ਨੇ ਗੁਰੂ ਨਾਨਕ ਦੁਆਰਾ ਜਗਾਈ ਮਸ਼ਾਲ ਨੂੰ ਜਗਦੀ ਰੱਖਿਆ ਪਰੰਤੂ ਉਸ ਵਿਚ ਤਲਵਾਰ ਦੀ ਚਮਕ ਵੀ ਜੋੜ ਦਿੱਤੀ। ਉਨ੍ਹਾਂ ਨੇ ਲੋਕਾਂ ਨੂੰ ਸੁਨੇਹਾ ਗੁਰੂ ਨਾਨਕ ਦੇਵ ਜੀ ਵਾਲਾ ਹੀ ਦਿੱਤਾ ਪਰੰਤੂ ਉਸ ਵਿਚ ਨਾਇਕ ਦੀ ਵੰਗਾਰ ਵੀ ਜੋੜ ਦਿੱਤੀ।

### 1.6.4 ਫੌਜ ਦੀ ਭਰਤੀ

ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਮਸੰਦਾਂ ਨੂੰ ਹੁਕਮ ਜਾਰੀ ਕੀਤੇ ਕਿ ਉਹ ਲੋਕਾਂ ਨੂੰ ਜਵਾਨ, ਹਥਿਆਰ ਤੇ ਘੋੜੇ ਦੇਣ ਲਈ ਤਿਆਰ ਕਰਨ। ਮੈਕਾਲਿਫ਼ ਲਿਖਦਾ ਹੈ ਕਿ ਭਿੰਨ-ਭਿੰਨ ਪਾਸਿਆਂ ਤੋਂ ਸਿੱਖ ਜੰਗੀ ਸਮਾਨ ਲੈ ਕੇ ਗੁਰੂ ਜੀ ਕੋਲ ਪਹੁੰਚਣ ਲੱਗੇ। ਅਨੇਕ ਯੋਧੇ ਉਨ੍ਹਾਂ ਕੋਲ ਆਏ ਤੇ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋ ਗਏ। ਮਾਝੇ ਵਿਚੋਂ ਜਵਾਨਾਂ ਦੀ ਵੱਡੀ ਗਿਣਤੀ ਨੇ ਗੁਰੂ ਦੇ ਲਈ ਆਪਣੇ ਨਾਮ ਲਿਖਵਾ ਦਿੱਤੇ। ਗੁਰੂ ਜੀ ਕੋਲ ਜਲਦੀ ਹੀ 500 ਬੰਦਿਆਂ ਦੀ ਇਕ ਟੁਕੜੀ ਤਿਆਰ ਹੋ ਗਈ। ਗੁਰੂ ਜੀ ਨੇ ਮਸੰਦਾਂ ਨੂੰ ਹੁਕਮ ਦਿੱਤਾ ਕਿ ਉਹ ਧਨ ਦੀ ਬਜਾਏ ਘੋੜਿਆਂ ਅਤੇ ਹਥਿਆਰਾਂ ਦੀ ਭੇਂਟ ਲੈ ਕੇ ਉਨ੍ਹਾਂ ਪਾਸ ਆਉਣ। ਅਨੇਕਾਂ ਲੋਕ ਜਿਨ੍ਹਾਂ ਪਾਸ ਰੋਜ਼ਗਾਰ ਨਹੀਂ ਸੀ, ਗੁਰੂ ਜੀ ਦੇ ਦੁਆਲੇ ਇਕੱਠੇ ਹੋ ਗਏ ਅਤੇ ਅਜਿਹੇ ਵੀ ਆ ਗਏ ਜੋ ਦੋ ਵਕਤ ਦੀ ਰੋਟੀ ਤੇ ਛਿਮਾਹੀ ਪਿਛੋਂ ਇਕ ਪੁਸ਼ਾਕ ਤੇ ਹੀ ਸੰਤੁਸ਼ਟ ਸਨ। ਬਹੁਤ ਸਾਰੇ ਪਹਿਲਵਾਨ ਵੀ ਆ ਕੇ ਗੁਰੂ ਜੀ ਦੀ ਫੌਜ ਵਿਚ ਭਰਤੀ ਹੋ ਗਏ। ਸਰੀਰਕ ਕਸਰਤਾਂ ਦੇ ਨਾਲ-ਨਾਲ ਰੂਹਾਨੀ ਸਿਖਿਆ ਵੀ ਉਨ੍ਹਾਂ ਦੀਆਂ ਆਤਮਵਾਂ ਨੂੰ ਰੋਸ਼ਨ ਕਰਨ ਲਈ ਦਿੱਤੀ ਜਾਣ ਲੱਗੀ। ਪਹਿਲੀ ਵਾਰ 500 ਜਵਾਨਾਂ ਦੀ ਭਰਤੀ ਦੀਆਂ ਪੰਜ ਟੁਕੜੀਆਂ ਬਣਾਈਆਂ ਗਈਆਂ, ਹਰ ਟੁਕੜੀ ਵਿਚ 100 ਜਵਾਨ ਰੱਖੇ ਗਏ ਅਤੇ ਬਿਧੀ ਚੰਦ, ਪੀਰਾਨਾ, ਜੇਠਾ, ਪੈਰਾ ਤੇ ਲੰਗਾਹ ਨੂੰ ਇੱਕ-ਇੱਕ ਟੁਕੜੀ ਦਾ ਜਥੇਦਾਰ (ਕਪਤਾਨ) ਬਣਾ ਦਿੱਤਾ ਗਿਆ। ਕਨਿੰਘਮ ਤੇ ਆਰਚਰ ਦਾ ਕਹਿਣਾ ਹੈ ਕਿ ਗੁਰੂ ਜੀ ਦੇ ਅਸਤਬਲ ਵਿਚ 800 ਘੋੜੇ ਸਨ। ਉਨ੍ਹਾਂ ਕੋਲ ਤਿੰਨ ਸੌ ਘੋੜ ਸਵਾਰ

ਤੇ 60 ਬੰਦੂਕਚੀ ਸਦਾ ਗੁਰੂ ਲਈ ਆਪਣੀਆਂ ਜਾਨਾਂ ਵਾਰਨ ਲਈ ਤਿਆਰ ਰਹਿੰਦੇ ਸਨ। ਉਨ੍ਹਾਂ ਕੋਲ ਕੁਝ ਨਗਾਰਚੀ ਤੇ ਚੰਗੀ ਨਸਲ ਦੇ ਕੁੱਤੇ ਸ਼ਿਕਾਰ ਖੇਡਣ ਲਈ ਮੌਜੂਦ ਸਨ। ਦਾਬਿਸਤਾਨ ਦੇ ਕਰਤਾ ਅਨੁਸਾਰ ਗੁਰੂ ਜੀ ਕੋਲ 500 ਸਵੈ-ਸੇਵਕਾਂ ਦੀ ਫੌਜ ਆਪਣੀਆਂ ਜਾਨਾਂ ਵਾਰਨ ਲਈ ਸਦਾ ਤਿਆਰ ਰਹਿੰਦੀ ਸੀ। ਅਤੇ ਇਸ ਤੋਂ ਇਲਾਵਾ ਪੈਂਦੇ ਖਾਨ ਦੀ ਕਮਾਨ ਹੇਠ ਪਠਾਣਾਂ ਦੀ ਇਕ ਖਾਸ ਰੈਂਜਮੈਂਟ ਸੀ।

ਇਹ ਸੰਭਵ ਹੈ ਕਿ ਕੁਝ ਡਾਕੂ, ਘੋਰ ਅਪਰਾਧੀ ਤੇ ਠੱਗ ਵੀ ਗੁਰੂ ਜੀ ਦੀ ਸੈਨਾ ਵਿਚ ਆ ਗਏ ਹੋਣ, ਪਰ ਇਹ ਸਭ ਆਪਣੀ ਪਿਛਲੀ ਜ਼ਿੰਦਗੀ ਨੂੰ ਤਿਆਗ ਕੇ ਗੁਰੂ ਜੀ ਪਾਸ ਆਏ ਸਨ। ਗੁਰੂ ਜੀ ਨੇ ਉਨ੍ਹਾਂ ਲੋਕਾਂ ਦਾ ਜੀਵਨ ਬਦਲ ਕੇ ਰੱਖ ਦਿੱਤਾ। ਭਾਈ ਬਿਧੀ ਚੰਦ ਪਹਿਲਾਂ ਇਕ ਬਦਨਾਮ ਡਾਕੂ ਸੀ ਪਰ ਗੁਰੂ ਜੀ ਪਾਸ ਆਉਣ ਤੋਂ ਬਾਦ ਉਸ ਨੇ ਕਿਸੇ ਮਾਸੂਮ ਦਾ ਖੂਨ ਨਹੀਂ ਵਹਾਇਆ।

### 1.6.5 ਸ਼ਿਕਾਰ ਅਤੇ ਮਾਸ

ਗੁਰੂ ਹਰਗੋਬਿੰਦ ਇਕ ਚੰਗੇ ਸ਼ਿਕਾਰੀ ਵੀ ਸਨ। ਉਨ੍ਹਾਂ ਨੇ ਆਪਣੇ ਸ਼ਗਿਰਦਾਂ ਅਤੇ ਆਪਣੀਆਂ ਆਦਤਾਂ ਵਿਚ ਕਈ ਤਬਦੀਲੀਆਂ ਕੀਤੀਆਂ। ਉਹ ਆਪਣਾ ਬਹੁਤ ਸਮਾਂ ਜੰਗਲਾਂ ਵਿਚ ਜਾਨਵਰਾਂ ਦਾ ਪਿੱਛਾ ਕਰਦੇ ਹੋਏ ਸ਼ਿਕਾਰ ਵਿਚ ਬਿਤਾਉਂਦੇ। ਉਹ ਛੇਤੀ ਹੀ ਜੰਗਲੀ ਜਾਨਵਰਾਂ ਦੇ ਰਸਤਿਆਂ ਤੋਂ ਵਾਕਫ ਹੋ ਗਏ। ਉਨ੍ਹਾਂ ਨੂੰ ਜੰਗਲੀ ਰਿੱਛ ਦਾ ਪਿੱਛਾ ਕਰਨਾ ਬਹੁਤ ਚੰਗਾ ਲਗਦਾ ਸੀ। ਉਨ੍ਹਾਂ ਨੂੰ ਹਿਰਨ ਦੇ ਸ਼ਿਕਾਰ ਵਿਚ ਮੁਹਾਰਤ ਹਾਸਲ ਸੀ। ਉਹ ਦਿਨ ਚੜ੍ਹਨ ਤੋਂ ਪਹਿਲਾਂ ਉੱਠਦੇ, ਨਹਾਉਂਦੇ, ਹਥਿਆਰ ਪੂਰੀ ਸ਼ਾਨ ਨਾਲ ਪਹਿਨਦੇ ਅਤੇ ਸਿੱਖਾਂ ਨੂੰ ਉਪਦੇਸ਼ ਦੇਣ ਲਈ ਹਰਿਮੰਦਰ ਜਾਂਦੇ। ਇਸ ਤੋਂ ਬਾਦ ਸਭ ਨੂੰ ਲੰਗਰ ਛਕਾਇਆ ਜਾਂਦਾ। ਫੇਰ ਕੁਝ ਸਮਾਂ ਆਰਾਮ ਕਰਨ ਤੋਂ ਬਾਦ ਗੁਰੂ ਜੀ ਸ਼ਿਕਾਰ ਲਈ ਤਿਆਰ ਹੋ ਕੇ ਆਪਣੇ ਘੋੜੇ ਤੇ ਸਵਾਰ ਹੁੰਦੇ ਤੇ ਸ਼ਿਕਾਰੀ ਕੁੱਤਿਆਂ ਤੇ ਸ਼ਿਕਾਰੀ ਬਾਜਾਂ ਨੂੰ ਲੈ ਕੇ ਘਣੇ ਜੰਗਲਾਂ ਵਿਚ ਚਲੇ ਜਾਂਦੇ। ਰਾਤ ਪੈਣ ਤੋਂ ਪਹਿਲਾਂ ਉਹ ਆਪਣੇ ਮਾਰੇ ਹੋਏ ਜਾਨਵਰਾਂ ਸਮੇਤ ਵਾਪਸ ਪਰਤਦੇ। ਇਹਨਾਂ ਨੂੰ ਆਪਣੇ ਸਿੱਖਾਂ ਤੇ ਹੋਰ ਨਜ਼ਦੀਕ ਰਹਿਣ ਵਾਲੇ ਗਰੀਬ ਲੋਕਾਂ ਵਿਚ ਵੰਡ ਦਿੰਦੇ। ਇਸ ਤਰ੍ਹਾਂ ਗੁਰੂ ਜੀ ਨੇ ਮਾਸ ਸਮੇਤ ਹਰ ਤਰ੍ਹਾਂ ਦੀ ਖੁਰਾਕ ਤੋਂ ਪਾਬੰਦੀਆਂ ਹਟਾ ਦਿੱਤੀਆਂ। ਇਸ ਤਰ੍ਹਾਂ ਗੁਰੂ ਦਾ ਕੰਮ ਨਿਰੋਲ ਬੈਠ ਕੇ ਭਗਤੀ ਕਰਨਾ, ਬਾਣੀ ਰਚਣਾ ਜਾਂ ਪ੍ਰਾਰਥਨਾ ਕਰਨਾ ਨਹੀਂ ਸੀ ਰਿਹਾ। ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਇਕ ਛੋਟਾ ਜਿਹਾ ਲੋਹਗੜ੍ਹ ਦਾ ਕਿਲ੍ਹਾਂ ਵੀ ਬਣਾਇਆ।

### 1.6.6 ਅਕਾਲ ਤਖ਼ਤ ਦੀ ਉਸਾਰੀ

ਹਰਿਮੰਦਰ ਤੋਂ ਕੁਝ ਹੀ ਕਦਮਾਂ ਦੀ ਦੂਰੀ ਤੇ ਇੱਕ ਹੋਰ ਇਮਾਰਤ ਬਣਵਾਈ ਜੋ 1609 ਈ. ਵਿਚ ਸੰਪੂਰਣ ਹੋਈ। ਜਿਸ ਦਾ ਨਾਂ ਅਕਾਲ ਤਖਤ ਰੱਖਿਆ। ਗੁਰੂ ਸਾਹਿਬ ਉਥੇ ਬਾਰਾਂ ਫੁੱਟ ਉਚੇ ਚਬੂਤਰੇ ਤੇ ਸ਼ਹਿਜ਼ਾਦਿਆਂ ਵਾਂਗ ਬੈਠਦੇ। ਧਾਰਮਿਕ ਮਸਲਿਆਂ ਦਾ ਕੰਮ ਗੁਰੂ ਸਾਹਿਬ ਹਰਿਮੰਦਰ ਸਾਹਿਬ ਵਿਚ ਹੀ ਕਰਦੇ ਰਹੇ, ਪਰੰਤੂ ਸੰਸਾਰਿਕ ਮਸਲਿਆਂ ਦੇ ਹੱਲ ਲਈ ਸਥਾਨ ਹੁਣ ਅਕਾਲ ਤਖ਼ਤ ਬਣ ਗਿਆ। ਉਨ੍ਹਾਂ ਨੇ ਇਕ ਸ਼ਾਨਦਾਰ ਦਰਬਾਰ ਬਣਾ ਲਿਆ ਤੇ ਉਥੇ ਸਿੱਖਾਂ ਦੇ ਮਸਲਿਆਂ ਦੇ ਫੈਸਲੇ ਕੀਤੇ ਜਾਂਦੇ ਸਨ। ਇਥੇ ਹੀ ਸਿੱਖਾਂ ਨੂੰ ਸਨਮਾਨ ਵੀ ਦਿੱਤੇ ਜਾਂਦੇ ਅਤੇ ਸਜ਼ਾਵਾਂ ਵੀ। ਪ੍ਰਸਿੱਧ ਢਾਡੀ (ਅਬਦੁੱਲਾ ਵਗੈਰਾ) ਬੇਖੌਫ਼ ਬਹਾਦਰੀ ਤੇ ਖਾਸ ਕਰਕੇ ਰਾਜਪੂਤਾਂ ਦੀਆਂ ਬੇਮਿਸਾਲ ਲੜਾਈਆਂ ਤੇ ਬਹਾਦਰੀ ਦੇ ਗੀਤ ਵੀ ਇਥੇ ਗਾਉਂਦੇ ਸਨ। ਖਜ਼ਾਨ ਸਿੰਘ ਨੇ ਇਸ ਇਮਾਰਤ ਨੂੰ ''ਅਕਾਲ ਬੁੰਗਾ'' ਕਿਹਾ ਹੈ। ਮਸੰਦਾਂ ਦੇ ਖਾਤੇ ਤੇ ਹਿਸਾਬ ਵੀ ਇਥੇ ਹੀ ਚੈੱਕ ਕੀਤੇ ਜਾਂਦੇ ਸਨ। ਦੋ-ਦੋ ਜਵਾਨਾਂ ਦੇ ਚਬੂਤਰੇ ਤੋਂ ਥੱਲੇ ਦੰਗਲ ਹੁੰਦੇ ਤੇ ਗੁਰੂ ਜੀ ਉਨ੍ਹਾਂ ਨੂੰ ਦੇਖਦੇ ਤੇ ਆਨੰਦ ਮਾਣਦੇ। ਗੁਰੂ ਜੀ ਆਪ ਵੀ ਅਕਸਰ ਬਹਾਦਰੀ ਦੇ ਕਿੱਸੇ ਸੁਣਾਉਂਦੇ ਜਿਵੇਂ ਕਿ ਖੁਸ਼ਵੰਤ ਸਿੰਘ ਅਨੁਸਾਰ,, ''ਹਰਿਮੰਦਰ ਤੋਂ ਪਰਲੇ ਪਾਸੇ ਉਨ੍ਹਾਂ ਨੇ ਅਕਾਲ ਤਖ਼ਤ ਬਣਾਇਆ ਜਿਥੇ ਅਮਨ ਦੇ ਗੀਤ ਸੁਣਨ ਦੀ ਬਜਾਏ, ਇਕੱਠੇ ਹੋਏ ਲੋਕ ਬਹਾਦਰੀ ਭਰਪੂਰ ਵਾਰਾਂ ਸੁਣਦੇ, ਧਾਰਮਿਕ ਗੋਸ਼ਟੀਆਂ ਦੀ ਬਜਾਏ ਜੰਗੀ ਜਿੱਤਾਂ ਦੀਆਂ ਯੋਜਨਾਵਾਂ ਤੇ ਵਿਚਾਰਾਂ ਕੀਤੀਆਂ ਜਾਂਦੀਆਂ।'' ਅਕਾਲ ਤਖ਼ਤ ਦੀ ਉਸਾਰੀ ਨਾਲ, ਸਿੱਖ ਰਾਜਨੀਤੀ ਤੇ ਧਰਮ ਇਕੱਠੇ ਹੋ ਗਏ। ਖਜ਼ਾਨ ਸਿੰਘ ਦੀ ਰਾਏ ਅਨੁਸਾਰ, ਗੁਰੂ ਹਰਗੋਬਿੰਦ ਸਾਹਿਬ ਨੂੰ ਜਿਨ੍ਹਾਂ ਚਿਰ ਉਹ ਹਰਿਮੰਦਰ ਵਿਚ ਬਿਰਾਜਦੇ, ਇਕ ਸੰਤ ਸਮਝਿਆ ਜਾਵੇ ਤੇ ਜਦੋਂ ਉਹ ਅਕਾਲ ਬੁੰਗੇ ਵਿਖੇ ਬੈਠਦੇ ਸਨ ਤਾਂ ਰਾਜਾ ਸਮਝਿਆ ਜਾਵੇ।

ਗੁਰੂ ਜੀ ਆਪਣੇ ਸਿੱਖਾਂ ਨੂੰ ਸਰੀਰਕ ਤੇ ਆਤਮਿਕ ਦੋਵੇਂ ਤਰ੍ਹਾਂ ਦੀ ਚੜ੍ਹਦੀ ਕਲਾ ਵਿਚ ਰੱਖਣਾ ਚਾਹੁੰਦੇ ਸਨ। ਨਵੀਂ ਇਮਾਰਤ ਨੇ ਸਿੱਖਾਂ ਦੇ ਚਰਿੱਤਰ ਅਤੇ ਸੰਗਠਨ ਵਿਚ ਬਹੁਤ ਤਬਦੀਲੀ ਲੈ ਆਂਦੀ। ਇਸ ਨਾਲ ਸਿੱਖਾਂ ਵਿਚ ਨਵੀਂ ਜਾਗਰਤੀ ਆਈ ਤੇ ਸੈਨਿਕ ਰੁਚੀਆਂ ਬਲਵਾਨ ਹੋਈਆਂ।

### 1.6.7 ਸਮੂਹਿਕ ਭਗਤੀ (ਪੂਜਾ)

ਗੁਰੂ ਹਰਗੋਬਿੰਦ ਨੇ ਸਮੂਹਿਕ ਭਗਤੀ ਦੀ ਪ੍ਰਥਾ ਨੂੰ ਜਾਰੀ ਰਖਿਆ। ਪਹਿਲੀ ਵਾਰ ਇਨ੍ਹਾਂ ਦੇ ਸਮੇਂ ਢਾਡੀਆਂ ਵਲੋਂ ਅਜਿਹੇ ਇਕੱਠਾਂ ਵਿਚ ਬਹਾਦਰੀ ਦੀ ਸੁਰ ਵਿਚ ਜੰਗੀ ਵਾਰਾਂ ਗਾਈਆਂ ਜਾਣ ਲਗੀਆਂ। ਆਸਾ ਦੀ ਵਾਰ ਦਿਨ ਵਿਚ ਦੋ ਵਾਰੀ ਗਾਈ ਜਾਣ ਲੱਗੀ, ਇਕ ਵਾਰੀ ਹਰਿਮੰਦਰ ਸਾਹਿਬ ਵਿਚ ਤੇ ਦੂਜੀ ਵਾਰੀ ਅਕਾਲ ਤਖ਼ਤ ਤੇ। ਰਾਤ ਸਮੇਂ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਉੱਚੀਆਂ ਆਵਾਜ਼ਾਂ ਵਿਚ ਗਾਉਂਦੇ ਅਤੇ ਆਪਣੇ ਹੱਥਾਂ ਵਿਚ ਬਲਦੀਆਂ ਮਿਸਾਲਾਂ ਲੈ ਕੇ ਹਰਿਮੰਦਰ ਦੇ ਦੁਆਲੇ ਘੁੰਮਦੇ ਰਹਿੰਦੇ। ਇਸ ਪ੍ਰਥਾ ਨਾਲ ਸਿੱਖਾਂ ਦੇ ਧਾਰਮਿਕ ਜੋਸ਼ ਵਿਚ ਹੀ ਵਾਧਾ ਨਹੀਂ ਸੀ ਹੋਇਆ ਸਗੋਂ ਇਨ੍ਹਾਂ ਨੇ ਉਨ੍ਹਾਂ ਵਿਚ ਏਕਤਾ, ਭਾਈਚਾਰਾ ਤੇ ਮਿਲਵਰਤਣ ਦੀ ਭਾਵਨਾ ਨੂੰ ਵੀ ਵਧਾਇਆ। ਦਾਬਿਸਤਾਨ ਦੇ ਲੇਖਕ ਅਨੁਸਾਰ ਜਦੋਂ ਵੀ ਕਿਸੇ ਸਿੱਖ ਨੂੰ ਪਰਮਾਤਮਾ ਦੀ ਮਦਦ ਜਾਂ ਦਾਤ ਦੀ ਇੱਛਾ ਹੁੰਦੀ ਤਾਂ ਉਹ ਸੰਗਤ ਕੋਲ ਆ ਕੇ ਆਪਣੇ ਲਈ ਪ੍ਰਾਰਥਨਾ ਕਰਨ ਲਈ ਕਹਿੰਦਾ। ਇਥੋਂ ਤੱਕ ਕਿ ਗੁਰੂ ਆਪ ਵੀ ਆਪਣੇ ਲਈ ਸੰਗਤ ਨੂੰ ਪ੍ਰਾਰਥਨਾ ਕਰਨ ਲਈ ਕਹਿੰਦੇ।

### 1.6.8 ਨਵੀਂ ਨੀਤੀ ਦੀ ਸਮਾਲੋਚਨਾ

ਗੁਰੂ ਹਰਗੋਬਿੰਦ ਦੀ ਸੰਗਠਨਾਤਮਕ ਨੀਤੀ ਨਾਲ ਆਈਆਂ ਤਬਦੀਲੀਆਂ ਦੀ ਕਈ ਲੇਖਕਾਂ ਨੇ ਸਖਤ ਆਲੋਚਨਾ ਕੀਤੀ ਹੈ। ਇਨ੍ਹਾਂ ਲੇਖਕਾਂ ਦਾ ਕਹਿਣਾ ਹੈ ਕਿ ਗੁਰੂ ਹਰਗੋਬਿੰਦ ਨੇ ਆਪਣੇ ਪੂਰਵਾਧਿਕਾਰੀਆਂ ਦੇ ਸਿਧਾਂਤਾਂ ਨੂੰ ਤੋੜਿਆ। ਇਨ੍ਹਾਂ ਤਬਦੀਲੀਆਂ ਨੇ ਆਮ ਲੋਕਾਂ ਦੇ ਮਨਾਂ ਵਿਚ ਹੀ ਤੌਖਲਾ ਪੈਦਾ ਨਹੀਂ ਕੀਤਾ ਸਗੋਂ ਪੁਰਾਣੇ ਸਿੱਖਾਂ (ਪੁਰਾਣੀ ਵਿਚਾਰਧਾਰਾ ਵਾਲੇ) ਨੇ ਵੀ ਇਸ ਕੌਤਕ ਨੂੰ ਚੰਗੀ ਤਰ੍ਹਾਂ ਨਹੀਂ ਸਮਝਿਆ। ਭਾਈ ਬੁਢਾ ਜੀ, ਭਾਈ ਗੁਰਦਾਸ ਤੇ ਇਥੋਂ ਤੀਕ ਕਿ ਗੁਰੂ ਜੀ ਦੀ ਮਾਤਾ ਗੰਗਾ ਵੀ ਗੁਰੂ ਜੀ ਦੇ ਅਦਭੁਤ ਕੌਤਕਾਂ ਦਾ ਅਸਲ ਭਾਵ ਨਾ ਸਮਝ ਸਕੇ। ਪਰੰਤੂ ਉਨ੍ਹਾਂ ਵਿਚੋਂ ਕਿਸੇ ਨੇ ਇਨ੍ਹਾਂ ਨੂੰ ਗਲਤ ਕਹਿ ਕੇ ਇਸ ਦੀ ਵਿਰੋਧਤਾ ਕਦੇ ਨਹੀਂ ਕੀਤੀ। ਕੁਝ ਆਲੋਚਕ ਹਾਲੀ ਵੀ ਸੋਚਦੇ ਹਨ ਕਿ ਉਹ ਤਾਕਤ ਦੇ ਨਸ਼ੇ ਵਿਚ ਚੂਰ ਸਨ ਤੇ ਜਾਂ ਤਾਕਤ ਦੇ ਪਿਆਸੇ ਸਨ। ਉਹ ਪਦਾਰਥਕ ਉਦੇਸ਼ਾਂ ਦੀ ਪ੍ਰਾਪਤੀ ਵਿਚ ਲਗ ਗਏ ਸਨ। ਕੁਝ ਆਧੁਨਿਕ ਆਲੋਚਕਾਂ ਨੇ ਵੀ ਇਸ ਨੀਤੀ ਦੀ ਤਬਦੀਲੀ ਤੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਕ ਪ੍ਰਸਿੱਧ ਇਤਿਹਾਸਕਾਰ ਆਰਨੋਲਡ ਟੋਇਨਬੀ ਲਿਖਦਾ ਹੈ, ''ਸਿੱਖ ਧਾਰਮਿਕ ਸਿਖਰ ਤੋਂ ਰਾਜਨੀਤਿਕ ਖਾਈ ਵਿਚ ਆ ਗਏ।'' ਉਹ ਅੱਗੇ ਲਿਖਦਾ ਹੈ ਕਿ ਸਿੱਖ ਧਰਮ ਦੀ ਗਿਰਾਵਟ ਨੂੰ ਚਲਾਕ ਹਿੰਦੂਆਂ ਨੇ ਮੁਗਲ ਸਾਮਰਾਜ ਦੇ ਵਿਰੁੱਧ ਇਕ ਹਥਿਆਰ ਵਜੋਂ ਵਰਤਿਆ। ਇਹ ਲੇਖਕ ਅਜੇ ਵੀ ਵਿਸ਼ਵਾਸ਼ ਕਰਦੇ ਹਨ ਕਿ ਗੁਰੂ ਜੀ ਨੇ ਆਦਿ ਗ੍ਰੰਥ ਲਈ ਇਕ ਸਤਰ ਵੀ ਨਹੀਂ ਲਿਖੀ। ਰਾਜਨੀਤੀ ਦੇ ਨਸ਼ੇ ਤੇ ਹਥਿਆਰਾਂ ਦੀ ਚਮਕ ਨੇ ਉਨ੍ਹਾਂ ਨੂੰ ਧਾਰਮਿਕ ਤੇ ਆਤਮਿਕ ਰਸਤੇ ਤੋਂ ਭਟਕਾ ਦਿੱਤਾ ਸੀ। ਗੁਰੂ ਸਾਹਿਬ ਨੇ ਭਗੌੜੇ ਮੁਗਲ ਸੈਨਿਕਾਂ ਨੂੰ ਸ਼ਰਨ ਦਿੱਤੀ। ਇਨ੍ਹਾਂ ਲੇਖਕਾਂ ਅਨੁਸਾਰ ਗੁਰੂ ਸਾਹਿਬ ਵਲੋਂ ਸੱਚਾ ਪਾਤਸ਼ਾਹ, ਰਾਜ ਤੇ ਤਖਤ ਸ਼ਬਦਾਂ ਦਾ ਅਪਨਾਇਆ ਜਾਣਾ ਵੀ ਨਵੀਂ ਗੱਲ ਸੀ। ਸਮਕਾਲੀਨ ਲੇਖਕਾਂ ਦਾ ਵਿਚਾਰ ਹੈ ਕਿ ਗੁਰੂ ਜੀ ਆਪਣਾ ਬਹੁਤ ਸਮਾਂ ਆਪਣੇ ਫੌਜੀ ਅਫਸਰਾਂ ਨਾਲ ਬਿਤਾਉਂਦੇ ਸਨ ਜੋ ਕਿ ਉਨ੍ਹਾਂ ਤੋਂ ਪਹਿਲੇ ਗੁਰੂਆਂ ਨੇ ਕਦੀ ਨਹੀਂ ਸੀ ਕੀਤਾ। ਹਥਿਆਰਾਂ, ਘੋੜਿਆਂ ਤੇ ਦੂਜੇ ਜੰਗੀ ਸਮਾਨ ਦੀ ਭੇਂਟ ਲੈ ਕੇ ਗੁਰੂ ਜੀ ਬਹੁਤ ਖੁਸ਼ ਹੁੰਦੇ ਸਨ। ਉਹ ਅਧਿਆਤਮਕ ਜੀਵਨ ਨਾਲੋਂ ਰਾਜਨੀਤੀ ਵਿਚ ਜ਼ਿਆਦਾ ਦਿਲਚਸਪੀ ਰਖਦੇ ਸਨ। ਇਨ੍ਹਾਂ ਨਵੀਆਂ ਨੀਤੀਆਂ ਦੇ ਕਾਰਣ ਹੀ ਜਹਾਂਗੀਰ ਵਲੋਂ ਗੁਰੂ ਹਰਗੋਬਿੰਦ ਨੂੰ ਗਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਰਖਿਆ ਗਿਆ। ਮੁਗਲ ਸ਼ਹਿਨਸ਼ਾਹ ਨੇ ਇਸ ਨੀਤੀ ਨੂੰ ਆਪਣੇ ਰਾਜ ਦੇ ਖਿਲਾਫ ਤੇ ਨੁਕਸਾਨਦਾਇਕ ਸਮਝਿਆ। ਇਸ ਨਾਲ ਸਿੱਖ ਧਰਮ ਦੇ ਪ੍ਰਚਾਰ ਦੇ ਕੰਮ ਨੂੰ ਨੁਕਸਾਨ ਹੋਇਆ। ਗੁਰੂ ਦੀਆਂ ਇਛਾਵਾਂ ਅਨੁਸਾਰ ਸਿੱਖ ਧਰਮ ਦੀਆਂ ਪੁਰਾਣੀਆਂ ਰੀਤਾਂ ਤੇ ਰਸਮਾਂ ਨੂੰ ਬਦਲ ਦਿੱਤਾ ਗਿਆ।

ਪਰ ਇਨ੍ਹਾਂ ਆਲੋਚਕਾਂ ਨੇ ਇਹ ਨਤੀਜੇ ਸਿੱਖ ਧਰਮ ਦੇ ਸਿਧਾਂਤਾਂ ਨੂੰ ਗਲਤ ਸਮਝਣ ਦੇ ਕਾਰਣ ਕੱਢੇ ਹਨ। ਇਨ੍ਹਾਂ ਲੇਖਕਾਂ ਨੇ ਗੁਰੂ ਜੀ ਨੂੰ ਗਲਤ ਸਮਝਿਆ ਹੈ। ਇਨ੍ਹਾਂ ਲੇਖਕਾਂ ਨੇ ਉਨ੍ਹਾਂ ਹਾਲਤਾਂ ਨੂੰ ਧਿਆਨ ਵਿਚ ਨਹੀਂ ਰਖਿਆ ਜਿਨ੍ਹਾਂ ਵਿਚ ਗੁਰੂ ਹਰਗੋਬਿੰਦ ਗੁਰਗੱਦੀ ਤੇ ਬੈਠੇ ਸਨ ਤੇ ਆਪਣੇ ਪੂਰਵਾਧਿਕਾਰੀਆਂ ਦੀ ਨੀਤੀ ਨੂੰ ਬਦਲਿਆ ਸੀ। ਗੁਰੂ ਹਰਗੋਬਿੰਦ ਦੇ ਆਲੇ ਦੁਆਲੇ ਬੜੀ ਤੇਜ਼ੀ ਨਾਲ ਘਟਨਾਵਾਂ ਵਾਪਰੀਆਂ । ਆਪਣੇ ਪਿਤਾ ਦੀ ਸ਼ਹੀਦੀ ਅਤੇ ਆਪਣੀ ਨਜ਼ਰਬੰਦੀ ਤੋਂ ਉਨ੍ਹਾਂ ਸਮਝ ਲਿਆ ਸੀ ਕਿ ਉਨ੍ਹਾਂ ਦੇ ਸ਼ਰਧਾਲੂਆਂ ਲਈ ਔਖੇ ਦਿਨ ਆ ਗਏ ਸਨ। ਸਿਰਫ਼ ਤਲਵਾਰ ਨੂੰ ਧਾਰਨ ਕਰ ਲੈਣ ਨਾਲ ਸਿੱਖ ਗੁਰੂ ਨਾ ਤਾਂ ਆਤਮਿਕ ਵਿਚਾਰਾਂ ਦੇ ਉਚੇ ਆਦਰਸ਼ਾਂ ਤੋਂ ਡਿਗੇ ਤੇ ਨਾ ਹੀ ਉਨ੍ਹਾਂ ਨੇ ਆਪਣੇ ਆਪ ਨੂੰ ਮੁਗਲ ਸਾਮਰਾਜ ਵਿਰੁੱਧ ਹਿੰਦੂ ਪ੍ਰਤਿਕ੍ਰਿਆ ਦਾ ਨਜਾਇਜ਼ ਹਥਿਆਰ ਹੀ ਬਣਨ ਦਿੱਤਾ। ਅੰਦਰੂਨੀ

ਤੇ ਬਾਹਰੀ ਤੌਰ ਤੇ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਸਨ ਤੇ ਗੁਰੂ ਜੀ ਦੀ ਨੀਤੀ ਇਸ ਬਦਲੇ ਹੋਏ ਹਾਲਾਤ ਮੁਤਾਬਕ ਆਪਣੇ ਆਪ ਨੂੰ ਢਾਲਣ ਦਾ ਇਕ ਯਤਨ ਸੀ। ਸਿੱਖਾਂ ਦਾ ਜਥੇਬੰਦਕ ਵਿਕਾਸ ਬਹੁਤਾ ਅਕਬਰ ਦੇ ਸਮੇਂ ਵਿਚ ਹੋਇਆ ਕਿਉਂਕਿ ਉਸ ਦੀ ਨੀਤੀ ਸਹਿਨਸ਼ੀਲਤਾ ਤੇ ਨਾ-ਦਖਲਅੰਦਾਜ਼ੀ ਦੀ ਸੀ ਤੇ ਉਸ ਨੇ ਤਾਂ ਕਈ ਵਾਰੀ ਤੇ ਕਈ ਢੰਗਾਂ ਨਾਲ ਗੁਰੂਆਂ ਦੀ ਮਦਦ ਵੀ ਕੀਤੀ। ਪਰੰਤੂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਗੁਰੂ ਹਰਗੋਬਿੰਦ ਜੀ ਦੀ ਨਜ਼ਰਬੰਦੀ ਨੇ ਇਹ ਗੱਲ ਨਿਸ਼ਚਿਤ ਤੌਰ ਤੇ ਸਾਫ਼ ਕਰ ਦਿੱਤੀ ਸੀ ਕਿ ਔਖੇ ਤੇ ਮੁਸ਼ਕਲ ਭਰੇ ਦਿਨ ਆ ਰਹੇ ਹਨ ਤੇ ਸਿਰਫ ਸ਼ਾਤੀਪੂਰਣ ਜਥੇਬੰਦੀ ਬਹੁਤੀ ਦੇਰ ਨਹੀਂ ਚੱਲ ਸਕਦੀ। ਗੁਰੂ ਅਰਜਨ ਦੇਵ ਜੀ ਨੇ ਭਵਿਖਬਾਣੀ ਕੀਤੀ ਸੀ ਤੇ ਗੁਰੂ ਹਰਗੋਬਿੰਦ ਜੀ ਨੇ ਦੇਖ ਲਿਆ ਸੀ ਕਿ ਸਿੱਖ ਸਮੁਦਾਇ ਤੇ ਜਥੇਬੰਦੀ ਦੀ ਰਖਿਆ ਹਥਿਆਰਾਂ ਤੋਂ ਬਿਨ੍ਹਾਂ ਨਹੀਂ ਕੀਤੀ ਜਾ ਸਕਦੀ ਅਤੇ ਜਿਸ ਤਰੀਕੇ ਨਾਲ ਉਨ੍ਹਾਂ ਨੇ (ਗੁਰੂ ਹਰਗੋਬਿੰਦ) ਇਸ ਉਦੇਸ਼ ਨੂੰ ਪ੍ਰਾਪਤ ਕਰਨ ਦੀ ਕਾਰਵਾਈ ਕੀਤੀ, ਉਸ ਤੋਂ ਉਨ੍ਹਾਂ ਦੀ ਸਿਆਣਪ ਅਤੇ ਕੁਟਿਲ ਰਾਜਨੀਤਕ ਸੂਝ-ਬੂਝ ਦਾ ਪਤਾ ਚਲਦਾ ਹੈ।

ਸਿੱਖ ਧਰਮ ਦਾ ਜਨਮ ਹੀ ਧਰਮ ਵਿਚ ਭਰਿਸ਼ਟਾਚਾਰ ਅਤੇ ਨਿਘਾਰ ਦੀ ਪ੍ਰਤੀਕਿਰਿਆ ਵਜੋਂ ਹੋਇਆ ਸੀ। ਸ਼ਾਸਕ ਵਰਗ ਦੇ ਜ਼ੁਲਮ ਵੀ ਇਸ ਦੇ ਜ਼ਿੰਮੇਵਾਰ ਸਨ। ਸ਼ੁਰੂ ਤੋਂ ਹੀ ਸਿੱਖ ਧਰਮ ਨੇ ਐਲਾਨ ਕੀਤਾ ਕਿ ਲੜਾਈ (ਯੁੱਧ) ਜਾਇਜ਼ ਹੈ, ਇਕ ਕੌਮੀ ਨੀਤੀ ਦੇ ਤੌਰ ਤੇ ਨਿਜੀ ਨੀਤੀ ਵਜੋਂ ਵੀ ਇਸ ਦੀ ਇਜਾਜ਼ਤ ਸਵੈ-ਰਖਿਆ ਦੇ ਆਧਾਰ ਤੇ ਦਿੱਤੀ ਗਈ। ਇਹ ਇਕ ਸਾਧਨ ਸੀ ਨਾ ਕਿ ਉਦੇਸ਼। ਸਿੱਖ ਧਰਮ ਵਿਚ ਤਲਵਾਰ ਚੁਕਣਾ ਉਦੋਂ ਜਾਇਜ਼ ਹੈ ਜਦੋਂ ਸ਼ਾਂਤੀਪੂਰਣ ਤਰੀਕੇ ਸਾਰੇ ਅਸਫਲ ਹੋ ਜਾਣ। ਸਿੱਖ ਇਨਸਾਫ਼, ਮਾਣ, ਇਜ਼ਤ ਤੇ ਆਪਣੀ ਏਕਤਾ ਲਈ ਬੇਝਿਜਕ ਲੜਾਈ ਵਿੱਚ ਕੁੱਦ ਪੈਂਦਾ ਹੈ। ਗੁਰੂ ਨਾਨਕ ਨੇ ਜਦੋਂ ਆਪਣਾ ਕੰਮ ਸ਼ੁਰੂ ਕੀਤਾ ਤਾਂ ਅਸੀਂ ਦੇਖਦੇ ਹਾਂ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਆਪਣੇ ਲੋਕਾਂ ਅਤੇ ਧਰਮ ਵਿਚ ਗਿਰਾਵਟ ਨੂੰ ਦੇਖਿਆ ਤੇ ਮਹਿਸੂਸ ਕੀਤਾ। ਉਹ ਲੋਕਾਂ ਨੂੰ ਬਦੇਸ਼ੀ ਗੁਲਾਮੀ ਅਤੇ ਪੁਜਾਰੀ ਜਮਾਤ ਦੇ ਆਡੰਬਰਾਂ ਤੋਂ ਆਜ਼ਾਦ ਦੇਖਣਾ ਚਾਹੁੰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ''ਹਰ ਸੱਚੇ ਆਦਮੀ ਦਾ ਇਕ ਹੱਕ ਹੈ ਤੇ ਫਰਜ਼ ਹੈ ਕਿ ਉਹ ਸੱਚ ਲਈ ਲੜੇ ਅਤੇ ਸੱਚ ਲਈ ਮਰੇ।'' ਇਥੋਂ ਤਕ ਕਿ ਗੁਰੂ ਨਾਲ ਤਾਂ ਆਪਣੀ ਮਾਂ ਬੋਲੀ ਨੂੰ ਛੱਡ ਕੇ ਬਦੇਸ਼ੀ ਭਾਸ਼ਾ ਦੀ ਵਰਤੋਂ ਦੇ ਵੀ ਵਿਰੁੱਧ ਸਨ। ਜਿਵੇਂ ਕਿ ਮੈਕਾਲਿਫ ਲਿਖਦਾ ਹੈ, 'ਉਹ ਭਲੇ ਅਤੇ ਨਿਮਰ ਸਨ, ਫਿਰ ਵੀ ਮੌਕਾ ਪੈਣ ਅਤੇ ਜਦੋਂ ਉਨ੍ਹਾਂ ਦੇ ਮਾਣ ਸਨਮਾਨ ਨੂੰ ਛੇੜਿਆ ਜਾਂਦਾ ਤਾਂ ਉਹ ਦਿਖਾ ਦਿੰਦੇ ਸਨ ਕਿ ਉਹ ਕਿੰਨੇ ਨਿਡਰ ਅਤੇ ਪੱਕੇ ਸਨ ਜਿਵੇਂ ਕਿ ਗੁਰੂ ਅੰਗਦ ਨੇ ਦਿਖਾਇਆ ਜਦੋਂ ਉਨ੍ਹਾਂ ਨੂੰ ਹਮਾਯੂੰ ਨੇ ਧਮਕੀ ਦਿੱਤੀ ਸੀ।' ਗੁਰੂ ਅਰਜਨ ਦੇਵ ਦੇ ਸਮੇਂ ਸਿੱਖ ਜਥੇਬੰਦੀ ਬਹੁਤ ਹੀ ਮਸ਼ਹੂਰ ਹੋ ਗਈ ਸੀ। ਤੇਜਾ ਸਿੰਘ ਤੇ ਗੰਡਾ ਸਿੰਘ ਲਿਖਦੇ ਹਨ ਕਿ ਗੁਰੂ ਅਰਜਨ ਨੇ ਵੀ ਪਹਿਲਵਾਨਾਂ ਦੀਆਂ ਕੁਸ਼ਤੀਆਂ ਰਾਹੀਂ ਸੰਘਰਸ਼ ਦੀ ਗੱਲ ਕੀਤੀ ਸੀ। ਉਨ੍ਹਾਂ ਦੀ ਦਿਲ ਵਧਾਊ ਕਮਾਨ ਥੱਲੇ ਸਿੱਖਾਂ ਨੇ ਚਰਿਤਰ ਦੀ ਐਸੀ ਮਜ਼ਬੂਤੀ ਪ੍ਰਾਪਤ ਕਰ ਲਈ ਸੀ ਜੋ ਕਿ ਜ਼ੁਲਮ ਅਤੇ ਭਰਿਸ਼ਟਾਚਾਰ ਦੇ ਖਿਲਾਫ ਲੋਹਾ ਲੈ ਸਕਣ ਦੇ ਸਮਰਥ ਹੋ ਗਈ ਸੀ। ਜਦੋਂ ਮੁਗਲ ਸਰਕਾਰ ਦੇ ਇਕ ਮੰਤਰੀ ਬੀਰਬਲ ਨੇ ਅੰਮ੍ਰਿਤਸਰ ਦੇ ਹਰ ਖਤਰੀ ਤੋਂ ਵਿਸ਼ੇਸ਼ ਟੈਕਸ ਦੀ ਮੰਗ ਕੀਤੀ ਸੀ ਤੇ ਗੁਰੂ ਅਰਜਨ ਨੇ ਇਹ ਟੈਕਸ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਇਸ ਲਈ ਉਸ ਨੇ ਤਾਕਤ ਨਾਲ ਗੁਰੂ ਜੀ ਨੂੰ ਕੁਚਲਣ ਦੀ ਧਮਕੀ ਦਿੱਤੀ। ਸਿਰਫ ਇਕ ਦੁਰਘਟਨਾ ਵਸ ਇਹ ਗੱਲ ਅੱਗੇ ਪੈ ਗਈ। ਪਰੰਤੂ ਗੁਰੂ ਅਰਜਨ ਦੇਵ ਦੀ ਸ਼ਹੀਦੀ ਨੇ ਸਿੱਖਾਂ ਨੂੰ ਇਕ ਗੱਲ ਦਰਿੜ ਕਰਵਾ ਦਿੱਤੀ ਸੀ ਕਿ ਜੇਕਰ ਉਹ ਅਣਖ ਨਾਲ ਜੀਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਹਥਿਆਰ ਧਾਰਨ ਕਰਨੇ ਹੀ ਪੈਣਗੇ ਤੇ ਲੜਨਾ ਹੀ ਪੈਣਾ ਹੈ। ਸਮੇਂ ਦੀ ਲੋੜ ਨੂੰ ਦੇਖਦੇ ਹੋਏ ਗੁਰੂ ਅਰਜਨ ਨੇ ਆਪਣੇ ਪੁੱਤਰ ਨੂੰ ਭਾਈ ਬੁੱਢਾ, ਇਕ ਸਤਿਕਾਰਿਤ ਤੇ ਬਜ਼ੁਰਗ ਸਿੱਖ ਦੀ ਸਰਪ੍ਰਸਤੀ ਹੇਠ ਰਖਿਆ, ਜਿਸ ਨੇ ਉਸ ਨੂੰ ਸੰਤ ਸਿਪਾਹੀ ਬਣਾਉਣਾ ਸੀ। ਭਾਈ ਬੁੱਢਾ ਜੀ ਨੇ ਪਿਆਰ-ਪਿਆਰ ਵਿਚ ਹੀ ਉਸ ਨੂੰ ਹਰ ਤਰ੍ਹਾਂ ਦੇ ਹਥਿਆਰਾਂ ਦੀ ਵਰਤੋਂ, ਘੋੜ ਸਵਾਰੀ, ਸ਼ਿਕਾਰ ਅਤੇ ਕੁਸ਼ਤੀ ਵੀ ਸਿਖਾਈ ਅਤੇ ਨਾਲ ਹੀ ਆਤਮਿਕ ਚਾਨਣ ਵੀ ਦਿੱਤਾ। ਗੁਰੂ ਹਰਗੋਬਿੰਦ ਸਾਹਿਬ ਨੇ ਸਦਾ ਸੱਚ ਅਤੇ ਇਨਸਾਫ਼ ਲਈ ਤਲਵਾਰ ਚੁੱਕੀ। ਜੋ ਭਿੰਨ-ਭਿੰਨ ਗਤੀਵਿਧੀਆਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ਼ੁਰੂ ਕੀਤੀਆਂ ਉਹ ਮੁਢੋਂ ਹੀ ਨਵੀਆਂ ਨਹੀਂ ਸਨ। ਪਹਿਲੇ ਗੁਰੂਆਂ ਦੀਆਂ ਤੇ ਖਾਸ ਕਰ ਗੁਰੂ ਅੰਗਦ ਦੇਵ ਦੀਆਂ ਲਿਖਤਾਂ ਤੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਸ਼ਬਦ-ਸੱਚਾ ਪਾਤਸ਼ਾਹ, ਰਾਜ ਦਰਬਾਰ ਤੇ ਤਖ਼ਤ ਆਦਿ ਜਾਣੇ ਜਾਣ ਲਗ ਪਏ ਸਨ, ਸੋ ਇਹ ਕੋਈ ਨਵੀਂ ਗੱਲ ਨਹੀ ਸੀ। ਇਹ ਸ਼ਬਦ ਸ਼ੁਰੂ ਤੋਂ ਹੀ ਵਰਤੇ ਜਾ ਰਹੇ ਸਨ। ਇਹ ਅਜਿਹੇ ਸ਼ਬਦ ਸਨ ਜੋ ਮਾਣਯੋਗ ਲੋਕਾਂ ਦੇ ਸੰਬੰਧ ਵਿਚ ਵਰਤੇ ਜਾਂਦੇ ਸਨ। ਇਸ ਤੋਂ ਇਲਾਵਾ ਕਈ ਪੁਰਾਣੀਆਂ ਲਿਖਤਾਂ ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ ਕੁਝ ਸਮਕਾਲੀ, ਮਾਤਾ ਗੰਗਾ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਕੋਲ ਗਏ ਤੇ ਗੁਰੂ ਸਾਹਿਬ ਵਲੋਂ ਨਵੇਂ ਚੁੱਕੇ ਕਦਮਾਂ ਦੇ ਵਿਰੁੱਧ ਸ਼ਿਕਾਇਤ ਕੀਤੀ ਜੋ ਕਿ ਪਹਿਲਾਂ ਹੋਏ ਗੁਰੂਆਂ ਦੇ ਦਿਖਾਏ ਰਾਹ ਦੇ ਅਨੁਸਾਰ ਨਹੀਂ ਸਨ। ਇਹ ਵੀ ਕਿਹਾ ਗਿਆ ਕਿ ਇਨ੍ਹਾਂ ਨਾਲ ਮੁਗਲ ਅਧਿਕਾਰੀਆਂ ਨੂੰ ਕਾਰਵਾਈ ਕਰਨ ਲਈ ਵੀ ਬਹਾਨਾ ਲੱਭੇਗਾ।

ਪਰ ਵਾਸਤਵ ਵਿਚ ਇਹ ਘਟਨਾ ਜਾਂ ਬਿਆਨ ਗਲਤ ਜਾਪਦੇ ਹਨ ਕਿਉਂਕਿ ਗੁਰੂ ਹਰਗੋਬਿੰਦ ਨੂੰ ਨਵੀਂ ਨੀਤੀ ਅਨੁਸਾਰ ਸਿਖਲਾਈ ਬਾਬਾ ਬੁੱਢਾ ਜੀ ਵਲੋਂ ਹੀ ਦਿੱਤੀ ਗਈ ਸੀ। ਭਾਈ ਗੁਰਦਾਸ ਨਵੀਂ ਨੀਤੀ ਨੂੰ ਉਚਿਤ ਠਹਿਰਾਉਂਦੇ ਹੋਏ ਲਿਖਦੇ ਹਨ ਕਿ ਜਿਵੇਂ ਖੂਹ ਵਿਚੋਂ ਪਾਣੀ ਨੂੰ ਬਾਹਰ ਕੱਢਣ ਲਈ ਡੋਲ ਨੂੰ ਰੱਸੀ ਨਾਲ ਬੰਨ੍ਹਣਾ ਹੀ ਪਵੇਗਾ ਅਤੇ ਮਣੀ ਨੂੰ ਪ੍ਰਾਪਤ ਕਰਨ ਲਈ ਸੱਪ ਨੂੰ ਮਾਰਨਾ ਹੀ ਪਵੇਗਾ ਤੇ ਹਿਰਨ ਤੋਂ ਕਸਤੂਰੀ ਪ੍ਰਾਪਤ ਕਰਨ ਲਈ ਹਿਰਨ ਨੂੰ ਮਾਰਨਾ ਹੀ ਪੈਂਦਾ ਹੈ, ਤੇਲ ਕੱਢਣ ਲਈ ਤਿਲਾਂ ਨੂੰ ਪੀੜਨਾ ਹੀ ਪੈਂਦਾ ਹੈ ਤੇ ਦਾਨਿਆਂ ਨੂੰ ਪ੍ਰਾਪਤ ਕਰਨ ਲਈ ਅਨਾਰ ਨੂੰ ਤੋੜਨਾ ਹੀ ਪੈਂਦਾ ਹੈ, ਇਸੇ ਤਰ੍ਹਾਂ ਜ਼ਾਲਿਮ ਲੋਕਾਂ ਨੂੰ ਸੋਧਣ ਲਈ ਤਲਵਾਰ ਚੁਕਣੀ ਹੀ ਪੈਂਦੀ ਹੈ।

ਇਸ ਲਈ ਇਹ ਕਹਿਣਾ ਗਲਤ ਹੈ ਕਿ ਨਵੀਂ ਨੀਤੀ ਤੇ ਚਲਣ ਕਰਕੇ ਗੁਰੂ ਹਰਗੋਬਿੰਦ ਨੇ ਆਪਣੇ ਪੂਰਵਾਧਿਕਾਰੀਆਂ ਵਾਂਗ ਆਤਮਿਕ ਵਿਕਾਸ ਨਹੀਂ ਕੀਤਾ। ਉਨਾਂ ਨੇ ਮਹਿਸੂਸ ਕੀਤਾ ਕਿ ਬਦਲੀਆਂ ਹੋਈਆਂ ਪ੍ਰਸਥਿਤੀਆਂ ਵਿਚ ਜੇਕਰ ਪੁੰਗਰ ਰਹੇ ਸਿੱਖ ਸਮਾਜ ਦੀ ਰਖਿਆ ਕਰਨੀ ਹੈ ਤਾਂ ਤਲਵਾਰ ਚੁੱਕਣੀ ਹੀ ਪਵੇਗੀ। ਮੁਗਲਾਂ ਦੇ ਵਤੀਰੇ ਵਿਚ ਤਬਦੀਲੀ ਆਉਣ ਕਾਰਣ ਸਿੱਖਾਂ ਨੂੰ ਬਦਲਣਾਂ ਪਿਆ। ਉਨ੍ਹਾਂ ਨੇ ਆਪਣੇ ਆਪ ਨੂੰ ਸ਼ਾਂਤੀ ਪੂਰਵਕ ਭਗਤਾਂ ਦੀ ਥਾਂ ਸੰਤ-ਸਿਪਾਹੀ ਦੇ ਰੂਪ ਵਿਚ ਬਦਲ ਲਿਆ ਇਸ ਵਿਚ ਕੋਈ ਨਵੀਂ ਗੱਲ ਨਹੀਂ ਸੀ। ਇਹ ਗੁਰੂ ਨਾਨਕ ਦੇ ਸਮੇਂ ਤੋਂ ਕੰਮ ਕਰਦੀਆਂ ਆ ਰਹੀਆਂ ਭਿੰਨ ਭਿੰਨ ਸ਼ਕਤੀਆਂ ਦਾ ਇਕ ਕੁਦਰਤੀ ਫਲ ਜਾਂ ਨਤੀਜਾ ਸੀ। ਜਿਹੜੇ ਇਹ ਕਹਿੰਦੇ ਹਨ ਕਿ ਗੁਰੂ ਜੀ ਆਪਣੇ ਪੂਰਵਾਧਿਕਾਰੀਆਂ ਦੇ ਦੱਸੇ ਰਸਤੇ ਤੋਂ ਪੱਛੜ ਗਏ ਸਨ, ਉਹ ਉਨ੍ਹਾਂ ਨੂੰ ਗਲਤ ਸਮਝ ਰਹੇ ਸਨ। ਉਨ੍ਹਾਂ ਨੇ ਸਿੱਖਾਂ ਵਿਚ ਸ੍ਵੈ-ਭਰੋਸਾ ਤੇ ਸ੍ਵੈ-ਮਦਦ ਦਾ ਜ਼ਜ਼ਬਾ ਤੇ ਜੋਸ਼ ਜਗਾਇਆ। ਸਿੱਖਾਂ ਦੇ ਦਿਲਾਂ ਵਿਚ ਕੌਮੀ-ਭਾਵਨਾ ਭਰੀ ਗਈ। ਅਸਲ ਵਿਚ ਗੁਰੂ ਜੀ ਨੇ ਆਪਣੇ ਸ਼ਗਿਰਦਾਂ ਨੂੰ ਸਦੀਆਂ ਦੀ ਨੀਂਦ ਵਿਚੋਂ ਜਗਾਇਆ ਅਤੇ ਉਨ੍ਹਾਂ ਨੂੰ ਮੁਗਲਾਂ ਦੇ ਖਿਲਾਫ ਇਕੱਠੇ ਕਰ ਦਿੱਤਾ। ਡਾ. ਇੰਦੂ ਭੂਸ਼ਣ ਬੈਨਰਜੀ ਦੀ ਰਾਏ ਵਿਚ, ''ਜੇਕਰ ਗੁਰੂ ਹਰਗੋਬਿੰਦ ਨੇ ਇਹ ਨਵੀ ਨੀਤੀ ਨਾ ਅਪਣਾਈ ਹੁੰਦੀ ਤਾਂ ਨੇਕ ਸਿੱਖ ਗ੍ਰਹਿਸਥੀਆਂ ਦਾ ਇਹ ਸਮਾਜ ਜਾਂ ਤਾਂ ਖਤਮ ਹੋ ਗਿਆ ਹੁੰਦਾ ਜਾਂ ਸਾਧਾਂ ਸੰਤਾਂ ਦੀ ਇਕ ਸੀਮਤ ਜਮਾਤ ਬਣ ਕੇ ਰਹਿ ਜਾਂਦਾ।''

## 1.6.9 ਜਥੇਬੰਦਕ ਤਬਦੀਲੀਆਂ ਦਾ ਪ੍ਰਭਾਵ

ਨਵੀਆਂ ਜਥੇਬੰਦਕ ਤਬਦੀਲੀਆਂ ਨੇ ਸਿੱਖ ਚਰਿੱਤਰ ਤੇ ਡੂੰਘਾ ਪ੍ਰਭਾਵ ਪਾਇਆ। ਉਹ ਭਗਤਾਂ ਤੋਂ ਸੰਤ-ਸਿਪਾਹੀ ਬਣ ਗਏ। ਸਿੱਖਾਂ ਦੇ ਮਨਾਂ ਵਿਚ ਬਲਵਾਨ ਫੌਜੀ ਭਾਵਨਾ ਆ ਗਈ ਜਿਵੇਂ ਕਿ ਤੇਜਾ ਸਿੰਘ, ਗੰਡਾ ਸਿੰਘ ਦਾ ਕਹਿਣਾ ਹੈ:

''ਇਨ੍ਹਾਂ ਸਭ ਕਾਰਜਾਂ ਨੇ ਸਿੱਖਾਂ ਦੇ ਮਨਾਂ ਵਿਚ ਇਕ ਨਵੀ ਰੂਹ ਭਰ ਦਿੱਤੀ ਤੇ ਇਤਿਹਾਸਕ ਹਵਾਲਿਆਂ ਦੇ ਅਨੁਸਾਰ ਉਹ ਬਰਸਾਤ ਦੇ ਮੌਸਮ ਵਿਚ ਸਬਜ਼ੀਆਂ ਵਾਂਗ ਫੁੱਟਣ ਤੇ ਵਧਣ ਫੁੱਲਣ ਲਗੇ।''

ਇਹ ਨਵੀ ਤਬਦੀਲੀ ਆਉਣ ਵਾਲੇ ਦਿਨਾਂ ਵਿਚ ਸਿੱਖਾ ਲਈ ਬਹੁਤ ਹੀ ਲਾਭਦਾਇਕ ਸਾਬਤ ਹੋਈ। ਸ੍ਵੈ-ਭਰੋਸੇ ਦੀ ਭਾਵਨਾ ਨੇ ਸਿੱਖਾਂ ਵਿਚ ਨਵਾਂ ਜੋਸ਼ ਭਰ ਦਿੱਤਾ। ਸਿੱਖਾਂ ਦੀ ਏਕਤਾ ਅਤੇ ਗੁਰੂ ਜੀ ਦੀ ਅਗਵਾਈ ਨੇ ਦੁਸ਼ਮਣਾਂ ਨੂੰ ਕੁਚਲ ਦਿੱਤਾ। ਕੌਮੀ ਭਾਵਨਾ ਲੋਕਾਂ ਦੀ ਭਾਵਨਾ ਬਣ ਗਈ। ਗੁਰੂ ਹਰਗੋਬਿੰਦ ਤੋਂ ਪਹਿਲੇ ਗੁਰੂਆਂ ਦੇ ਸਮੇਂ ਜੱਟਾਂ ਨੇ ਸਿੱਖ ਧਰਮ ਨੂੰ ਧਾਰਨ ਕਰ ਲਿਆ ਸੀ। ਹੁਣ ਉਹਨਾਂ ਨੂੰ ਆਪਣੀ ਵਾਧੂ ਸ਼ਕਤੀ ਦੇ ਨਿਕਾਸ ਲਈ ਰਸਤਾ ਮਿਲ ਗਿਆ ਸੀ। ਸਾਮਰਾਜੀ ਸ਼ਕਤੀਆਂ ਤੇ ਜ਼ੁਲਮ ਦਾ ਹਥਿਆਰਬੰਦ ਵਿਰੋਧ ਸ਼ੁਰੂ ਹੋ ਗਿਆ।

ਗੁਰੂ ਹਰਗੋਬਿੰਦ ਦੁਆਰਾ ਸ਼ੁਰੂ ਕੀਤੇ ਜ਼ੁਲਮ ਦੇ ਖਿਲਾਫ ਆਜ਼ਾਦੀ ਲਈ ਸੰਘਰਸ਼ ਨੂੰ ਸਿੱਖਾਂ ਨੇ ਬਾਦ ਵਿਚ ਵੀ ਜਾਰੀ ਰੱਖਿਆ। ਗੁਰੂ ਜੀ ਦੀਆਂ ਅਜਿਹੀਆਂ ਗਤੀਵਿਧੀਆਂ ਮੁਗਲਾਂ ਲਈ ਹਾਨੀਕਾਰਕ ਸਿੱਧ ਹੋਈਆਂ ਤੇ ਨਤੀਜੇ ਵਜੋਂ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਗਿਆ। ਗੁਰੂ ਹਰਗੋਬਿੰਦ ਦੁਆਰਾ ਦਿਖਾਏ ਰਾਹ ਨੂੰ ਉਤਰਾਧਿਕਾਰੀਆਂ ਨੇ ਵੀ ਅਪਣਾਇਆ। ਗੁਰੂ ਗੋਬਿੰਦ ਸਿੰਘ ਨੇ ਫੌਜ ਤਿਆਰ ਕੀਤੀ ਅਤੇ ਪਹਾੜੀ ਰਾਜਿਆਂ ਤੇ ਮੁਗਲਾਂ ਵਿਰੁੱਧ ਸਫਲਤਾ ਪੂਰਵਕ ਲੜਾਈਆਂ ਲੜੀਆਂ। ਸਿੱਖਾਂ ਨੇ ਆਪਣੇ ਸਹਿ-ਧਰਮੀਆਂ ਦੀਆਂ ਮੁਸ਼ਕਲਾਂ ਨੂੰ ਮਹਿਸੂਸ ਕੀਤਾ ਜਿਸ ਨਾਲ ਉਨ੍ਹਾਂ ਦੇ ਆਪਸੀ ਸਬੰਧ ਹੋਰ ਪੱਕੇ ਹੋ ਗਏ। ਧਰਮ ਦੇ ਖੇਤਰ ਵਿਚ ਉਹ ਸੱਚ ਤੇ ਚਲਣ ਲਗੇ ਅਤੇ ਨਾਮ ਦੇ ਪੁਜਾਰੀ ਬਣ ਗਏ। ਮਹਾਨ ਗੁਰੂ ਨੇ ਰਾਜਨੀਤੀ ਨੂੰ ਧਰਮ ਨਾਲ ਮਿਲਾ ਕੇ ਪਵਿੱਤਰ ਬਣਾ ਦਿੱਤਾ। ਸਿੱਖਾਂ ਵਿਚ ਰਾਜਨੀਤਿਕ ਜਾਗਰਤੀ ਆਈ। ਉਨ੍ਹਾਂ ਨੇ ਮੁਗਲ ਸ਼ਾਸਕਾਂ ਤੋਂ ਆਜ਼ਾਦੀ

ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ । ਸੋ ਗੁਰੂ ਹਰਗੋਬਿੰਦ ਦੁਆਰਾ ਦਸੇ ਰਾਹ ਤੇ ਬਾਦ ਵਿਚ ਗੁਰੂ ਗੋਬਿੰਦ ਸਿੰਘ ਤੇ ਹੋਰ ਸਿੱਖ ਨੇਤਾਵਾਂ ਨੇ ਚਲਣਾ ਜਾਰੀ ਰੱਖਿਆ। ਕੁਝ ਸਮੇਂ ਬਾਅਦ ਸਿੱਖਾਂ ਨੇ ਰਾਜਨੀਤਿਕ ਸ਼ਕਤੀ ਖੋਹ ਲਈ। ਆਜ਼ਾਦੀ ਦਾ ਸੰਘਰਸ਼, ਸਿੱਖਾਂ ਨੇ 18ਵੀਂ ਸਦੀ ਵਿਚ ਜਾਰੀ ਰੱਖਿਆ ਤੇ ਅੰਤ ਵਿਚ ਆਜ਼ਾਦ ਸਿੱਖ ਰਾਜ ਦੀ ਸਥਾਪਨਾ ਦਾ ਕਾਰਣ ਬਣਿਆ। ਮਹਾਰਾਜਾ ਰਣਜੀਤ ਸਿੰਘ ਨੇ 19ਵੀਂ ਸਦੀ ਵਿਚ ਪੰਜਾਬ ਵਿਚ ਸ਼ਾਨਦਾਰ ਸਿੱਖ ਰਾਜ ਦੀ ਸਥਾਪਨਾ ਕੀਤੀ।

### 1.6.10 ਗੁਰੂ ਹਰਗੋਬਿੰਦ ਸਾਹਿਬ ਤੋਂ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਸਿੱਖ ਪੰਥ ਦੀ ਸਥਿਤੀ

ਗੁਰੂ ਹਰਗੋਬਿੰਦ ਸਾਹਿਬ ਦੇ ਗੁਰੂ ਕਾਲ (**1606** ਤੋਂ **1644** ਈ.) ਦੇ ਦੌਰਾਨ ਮੁਗਲ ਰਾਜ ਤੇ ਸਿੱਖ ਸਮੁਦਾਏ ਦੇ ਸੰਬੰਧ ਸਥਿਰ ਨਹੀਂ ਰਹੇ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ (**1606**) ਸਿੱਖ ਇਤਿਹਾਸ ਵਿਚ ਇਕ ਮੋੜ ਸੀ। ਜਿਥੇ ਇਸ ਨੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ ਉਥੇ ਸਮੁਦਾਏ ਦੇ ਆਮ ਵਤੀਰੇ ਵਿਚ ਵੀ ਤਬਦੀਲੀ ਲੈ ਆਂਦੀ। ਸਿੱਖ ਪਰੰਪਰਾ ਅਨੁਸਾਰ ਇਸ ਤਬਦੀਲੀ ਦੀ ਲੋੜ ਗੁਰੂ ਅਰਜਨ ਦੇਵ ਜੀ ਨੇ ਆਪਣੇ ਲਾਹੌਰ ਜੇਲ ਸਮੇ ਮਹਿਸੂਸ ਕੀਤੀ। ਇਸੇ ਕਾਰਣ ਉਨ੍ਹਾਂ ਆਪਣੇ ਉਤਰਾਧਿਕਾਰੀ, ਗਿਆਰਾਂ ਸਾਲ ਦੇ ਪੁੱਤਰ ਹਰਗੋਬਿੰਦ ਨੂੰ ਨਾਰੀਅਲ ਤੇ ਪੰਜ ਪੈਸੇ ਉਸ ਦੀ ਗੁਰੂ ਪਦ ਦੀ ਨਾਮਜ਼ਦਗੀ ਦੀ ਨਿਸ਼ਾਨੀ ਵਜੋਂ ਭੇਜੇ ਅਤੇ ਇਕ ਆਖਰੀ ਆਦੇਸ਼ ਦਿੱਤਾ ''ਉਸ ਨੂੰ ਪੂਰੀ ਤਰ੍ਹਾਂ ਸ਼ਸਤਰਾਂ ਨਾਲ ਸੁਸ਼ੋਭਤ ਹੋ ਕੇ ਗੱਦੀ ਤੇ ਬੈਠਣਾ ਚਾਹੀਦਾ ਹੈ ਅਤੇ ਆਪਣੀ ਪੂਰੀ ਯੋਗਤਾ ਨਾਲ ਸੈਨਾ ਰੱਖਣੀ ਚਾਹੀਦੀ ਹੈ।''

ਗੁਰੂ ਹਰਗੋਬਿੰਦ ਗਿਆਰਾਂ ਸਾਲਾਂ ਦੀ ਉਮਰ ਵਿਚ ਗੁਰਗੱਦੀ ਤੇ ਬੈਠੇ। ਇਹ **1606** ਈ. ਦੀ ਗੱਲ ਹੈ। ਗੁਰਗੱਦੀ ਤੇ ਬੈਠਣ ਪਿਛੋਂ ਉਹਨਾਂ ਨੇ ਇਕੋ ਵੇਲੇ ਦੋ ਤਲਵਾਰਾਂ ਪਹਿਨਣੀਆਂ ਆਰੰਭ ਕਰ ਦਿੱਤੀਆਂ, ਇਕ ਮੀਰੀ ਦੀ (ਸੰਸਾਰਕ ਚਿੰਨ੍ਹ) ਤੇ ਦੂਜੀ ਪੀਰੀ ਦੀ (ਆਤਮਿਕ ਚਿੰਨ੍ਹ)। ਉਨ੍ਹਾਂ ਨੇ ਆਪਣੇ ਅਨੁਆਈਆਂ ਨੂੰ ਕਿਹਾ ਕਿ ਗੁਰੂ ਦੇ ਘਰ ਵਿਚ ਦੁਨਿਆਵੀ ਤੇ ਆਤਮਿਕ ਸ਼ਕਤੀ ਇਕੱਠੀ ਮਿਲ ਕੇ ਰਹੇਗੀ, ਗਾਤਰਾ (ਤਲਵਾਰ ਦੀ ਬਧਰੀ) ਮੇਰੀ ਮਾਲਾ ਹੋਵੇਗੀ ਅਤੇ ਆਪਣੀ ਪਗੜੀ ਤੇ ਮੈਂ ਸ਼ਾਹੀ ਫੀਤਾ (ਕਲਗੀ) ਬੰਨ੍ਹਾਂਗਾ। ਉਨ੍ਹਾਂ ਨੇ ਸਿੱਖਾਂ ਨੂੰ ਤਲਵਾਰ ਅਤੇ ਘੋੜਾ ਰੱਖਣ ਦਾ ਹੁਕਮ ਦਿੱਤਾ। ਗੁਰੂ ਹਰਗੋਬਿੰਦ ਨੇ ਗੁਰੂ ਨਾਨਕ ਦੀ ਮਸ਼ਾਲ ਨੂੰ ਜਲਦੀ ਰਖਿਆ, ਪਰੰਤੂ ਇਸ ਵਿਚ ਤਲਵਾਰ ਦੀ ਚਮਕ ਵੀ ਜੋੜ ਦਿੱਤੀ। ਉਨ੍ਹਾਂ ਨੇ ਗੁਰੂ ਨਾਨਕ ਦੇ ਸੰਦੇਸ਼ ਦਾ ਪ੍ਰਚਾਰ ਕੀਤਾ, ਪਰ ਇਸ ਨਾਲ ਬਹਾਦਰੀ ਦੀ ਵੰਗਾਰ ਵੀ ਜੋੜ ਦਿੱਤੀ। ਉਨ੍ਹਾਂ ਨੇ ਫੌਜੀ ਭਰਤੀ ਕੀਤੇ। ਉਨ੍ਹਾਂ ਨੇ ਆਪਣੇ ਕੁਝ ਤਾਕਤਵਰ ਸਿੱਖਾਂ ਨੂੰ ਹਥਿਆਰਬੰਦ ਕੀਤਾ ਤੇ ਬਾਕਾਇਦਾ ਕਸਰਤਾਂ ਕਰਵਾਈਆਂ। ਸਮੇਂ ਦੇ ਬੀਤਣ ਨਾਲ ਉਨ੍ਹਾਂ ਕੋਲ 800 ਘੋੜੇ, ਤਿੰਨ ਸੌ ਘੋੜ ਸਵਾਰ ਅਤੇ 60 ਬੰਦੂਕਚੀ ਸਨ। ਉਨ੍ਹਾਂ ਨੇ ਅੰਮ੍ਰਿਤਸਰ ਵਿਚ ਲੋਹਗੜ੍ਹ ਨਾਂ ਦਾ ਕਿਲ੍ਹਾ ਬਣਾਇਆ। ਉਨ੍ਹਾਂ ਨੇ ਅਕਾਲ ਤਖਤ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ। ਹਰਿਮੰਦਰ ਆਤਮਿਕ ਸ਼ਕਤੀ ਦਾ ਅਤੇ ਅਕਾਲ ਤਖਤ ਸੰਸਾਰਕ ਸ਼ਕਤੀ ਦਾ ਪ੍ਰਤੀਕ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਉਥੇ ਉਹ ਦਰਬਾਰ ਲਗਾ ਕੇ ਰਾਜਿਆਂ ਵਾਂਗ ਇਨਸਾਫ ਕਰਦੇ, ਭੇਟਾ ਪ੍ਰਵਾਨ ਕਰਦੇ, ਮਾਣ ਬਖਸ਼ਦੇ ਅਤੇ ਸਜ਼ਾਵਾਂ ਦਿੰਦੇ। ਉਥੋਂ ਉਹ ਬਹਾਦਰੀ ਦੀਆਂ ਕਹਾਣੀਆਂ ਸੁਣਾਉਂਦੇ ਤੇ ਕੁਝ ਪੇਸ਼ਾਵਰ ਢਾਡੀਆਂ (ਜਿਨ੍ਹਾਂ ਵਿਚੋਂ ਇਕ ਅਬਦੁੱਲਾ ਬਹੁਤ ਪ੍ਰਸਿੱਧ ਸੀ) ਤੋਂ ਵਾਰਾਂ ਤੇ ਖਾਸ ਕਰ ਰਾਜਪੂਤਾਂ ਦੀ ਬਹਾਦਰੀ ਦੀਆਂ ਕਥਾਵਾਂ ਗਵਾਉਂਦੇ। ਇਹ ਹੀ ਅਸਲ ਵਿਚ ਸਿੱਖਾਂ ਦੀ ਫੌਜੀ ਤਾਕਤ ਵਿਚ ਬਦਲਣ ਦੀ ਸ਼ੁਰੂਆਤ ਸੀ। ਭਗਤਾਂ ਤੇ ਸੰਤਾਂ ਦੇ ਚਿਨ੍ਹਾਂ ਨਾਲ ਪ੍ਰਭੂਸਤਾ ਦਾ ਨਿਸ਼ਾਨ ਕਲਗੀ ਤੇ ਛੱਤਰ ਵੀ ਜੋੜ ਦਿੱਤਾ ਗਿਆ।

ਕਿਹਾ ਜਾਂਦਾ ਹੈ ਗੁਰੂ ਜੀ ਦੀਆਂ ਇਹੋ ਜਿਹੀਆਂ ਗਤੀਵਿਧੀਆਂ ਦੀਆਂ ਖਬਰਾਂ ਬਾਦਸ਼ਾਹ ਜਹਾਂਗੀਰ ਕੋਲ ਪਹੁੰਚੀਆਂ। ਜਿਸ ਕਾਰਨ ਉਸ ਨੇ ਗੁਰੂ ਜੀ ਵਿਰੁੱਧ ਸਖਤ ਕਦਮ ਚੁੱਕੇ। ਡਾ. ਐਚ.ਆਰ. ਗੁਪਤਾ ਅਨੁਸਾਰ, ਸ਼ਹਿਨਸ਼ਾਹ ਨੂੰ ਇਹ ਅਹਿਸਾਸ ਕਰਵਾ ਦਿੱਤਾ ਗਿਆ ਕਿ ਗੁਰੂ ਹਰਗੋਬਿੰਦ ਵਿਦਰੋਹ ਕਰਨ ਲਈ ਤਿਆਰ ਹੈ। ਬਾਦਸ਼ਾਹ **1606, 1607** ਤੇ **1608** ਵਿਚ ਤਿੰਨ ਵਾਰੀ ਪੰਜਾਬ ਆਇਆ। ਗੁਰੂ ਸਾਹਿਬ ਦੇ ਦੁਸ਼ਮਣਾਂ ਨੇ ਜ਼ਰੂਰ ਹੀ ਨਿਜੀ ਤੌਰ ਤੇ ਉਸ ਨਾਲ ਮਿਲ ਕੇ ਗੁਰੂ ਜੀ ਵਿਰੁੱਧ ਸ਼ਿਕਾਇਤਾਂ ਲਗਾਈਆਂ ਹੋਣਗੀਆਂ।

ਨਤੀਜੇ ਵਜੋਂ ਗੁਰੂ ਹਰਗੋਬਿੰਦ ਨੂੰ ਦਿੱਲੀ ਬੁਲਾਇਆ ਗਿਆ ਤੇ ਗੁਰੂ ਜੀ ਦੇ ਜਵਾਬ ਨਾਲ ਉਹ ਸੰਤੁਸ਼ਟ ਨਾ ਹੋਇਆ ਤੇ ਉਨ੍ਹਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਰੱਖਣ ਦਾ ਹੁਕਮ ਦਿੱਤਾ। ਇਸ ਕਿਲ੍ਹੇ ਵਿਚ ਉਚੇ ਰੁਤਬੇ ਵਾਲੇ ਰਾਜਨੀਤਿਕ ਬੰਦਿਆਂ ਨੂੰ ਹੀ ਰਖਿਆ ਜਾਂਦਾ ਸੀ। ਜਹਾਂਗੀਰ ਗੁਰੂ ਸਾਹਿਬ ਪ੍ਰਤੀ ਲੋਕਾਂ ਦੀ ਸ਼ਰਧਾ ਵੇਖ ਕੇ ਬਹੁਤ ਪ੍ਰਭਾਵਿਤ ਹੋਇਆ। ਉਸ ਦੇ ਮਨ ਵਿਚ ਦਇਆ ਆ ਗਈ ਅਤੇ ਉਸ ਨੇ ਗੁਰੂ ਸਾਹਿਬ ਨੂੰ ਰਿਹਾ ਕਰ ਦਿੱਤਾ। ਗਵਾਲੀਅਰ ਵਿਖੇ ਨਜ਼ਰਬੰਦੀ ਦੇ ਸਮੇਂ ਬਾਰੇ ਇਤਿਹਾਸਕਾਰਾਂ ਵਿਚ ਮੱਤਭੇਦ ਹੈ। ਦਾਬਿਸਤਾਨ ਦੇ

ਲੇਖਕ ਅਨੁਸਾਰ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ 12 ਸਾਲ ਲਈ ਨਜ਼ਰਬੰਦ ਕੀਤਾ ਗਿਆ। ਇਸ ਵਿਚਾਰ ਨਾਲ ਡਾ. ਇੰਦੂ ਭੂਸ਼ਣ ਬੈਨਰਜੀ ਸਹਿਮਤ ਨਹੀਂ ਹਨ। ਗੁਰੂ ਸਾਹਿਬ ਦੇ ਬੱਚਿਆਂ ਦੇ ਜਨਮ ਤੇ ਆਧਾਰ ਤੇ ਉਸ ਨੇ ਇਹ ਸਾਬਤ ਕਰਨ ਦਾ ਯਤਨ ਕੀਤਾ ਹੈ ਕਿ ਗੁਰੂ ਸਾਹਿਬ ਉਥੇ ਇਤਨੇ ਲੰਮੇ ਸਮੇਂ ਲਈ ਨਜ਼ਰਬੰਦ ਨਹੀਂ ਰਹੇ ਬਲਕਿ ਉਸ ਦੇ ਅਨੁਸਾਰ ਗੁਰੂ ਸਾਹਿਬ ਉਥੇ ਕਿਲ੍ਹੇ ਵਿਚ **1612** ਤੋਂ **1614** ਤੱਕ **2** ਸਾਲ ਲਈ ਨਜ਼ਰਬੰਦ ਰਹੇ। ਸਿੱਖ ਪਰੰਪਰਾ ਅਨੁਸਾਰ ਗੁਰੂ ਸਾਹਿਬ ਦੀ ਨਜ਼ਰਬੰਦੀ ਦਾ ਸਮਾਂ ਕੇਵਲ **40** ਦਿਨ ਮੰਨਿਆ ਜਾਂਦਾ ਹੈ। ਇਨ੍ਹਾਂ ਵੱਖ-ਵੱਖ ਵਿਚਾਰਾਂ ਦੇ ਸੰਦਰਭ ਵਿਚ ਗੁਰੂ ਸਾਹਿਬ ਦੀ ਨਜ਼ਰਬੰਦੀ ਦੇ ਸਮੇਂ ਨੂੰ ਨਿਸ਼ਚਿਤ ਕਰਨਾ ਬਹੁਤ ਕਠਿਨ ਹੈ, ਪਰ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਉਨ੍ਹਾਂ ਦੀ ਨਜ਼ਰਬੰਦੀ ਦਾ ਸਮਾਂ ਬਹੁਤ ਘੱਟ ਸੀ ਅਤੇ ਇਹ 5 ਸਾਲ ਜਾਂ 12 ਸਾਲ ਦਾ ਨਹੀਂ ਸੀ।

ਉਨ੍ਹਾਂ ਦੀ ਰਿਹਾਈ ਤੋਂ ਬਾਅਦ ਵਿਚ ਮੁਗਲ ਰਾਜ ਤੇ ਸਿੱਖਾਂ ਦੇ ਮਿੱਤਰਤਾ ਪੂਰਨ ਸੰਬੰਧ ਬਣਾਉਣ ਲਈ ਕਈ ਕਾਰਨ ਜ਼ਿੰਮੇਵਾਰ ਹਨ। ਸਭ ਤੋਂ ਮਹੱਤਵਪੂਰਨ ਤਾਂ ਜਹਾਂਗੀਰ ਦੀ ਧਾਰਮਿਕ ਨੀਤੀ ਵਿਚ ਤਬਦੀਲੀ ਆਉਣਾ ਸੀ। ਸਮੇਂ ਤੇ ਬੀਤਣ ਨਾਲ ਜਹਾਂਗੀਰ ਦੇ ਧਾਰਮਿਕ ਵਤੀਰੇ ਵਿਚ ਤਬਦੀਲੀ ਆ ਗਈ ਸੀ ਅਤੇ ਉਸ ਨੂੰ ਪਤਾ ਲਗ ਗਿਆ ਸੀ ਕਿ ਮੁਗਲ ਰਾਜ ਦੀ ਮਜ਼ਬੂਤੀ ਲਈ ਦੇਸ਼ ਦੇ ਵੱਖ-ਵੱਖ ਧਾਰਮਿਕ ਵਰਗਾਂ ਦੇ ਨਾਲ ਉਦਾਰ ਨੀਤੀ ਅਪਣਾਉਣਾ ਹੀ ਸਹੀ ਅਤੇ ਠੀਕ ਹੈ। ਇਸ ਤੋਂ ਵੱਧ ਬਾਦਸ਼ਾਹ ਤੇ ਉਸ ਦੀ ਪਤਨੀ ਨੂਰ ਜਹਾਂ ਦਾ ਝੁਕਾਅ ਮੀਆਂ ਮੀਰ ਦੇ ਧਾਰਮਿਕ ਵਿਚਾਰਾਂ ਵੱਲ ਝੁਕਿਆ ਤੇ ਉਨ੍ਹਾਂ ਨੇ ਇਸ ਨੂੰ ਅਪਣਾਇਆ। ਮੀਆਂ ਮੀਰ ਕਾਦਰੀਆਂ ਸੂਫੀ ਪੰਥ ਦਾ ਮੁਖੀ ਸੀ। ਦੂਜੇ ਸਾਂਈ ਮੀਆਂ ਮੀਰ ਗੁਰੂ ਅਰਜਨ ਦੇਵ ਜੀ ਦਾ ਪੱਕਾ ਮਿੱਤਰ ਤੇ ਪ੍ਰਸੰਸ਼ਕ ਸੀ। ਉਸ ਨੇ ਵੀ ਗੁਰੂ ਜੀ ਦੇ ਬੇਕਸੂਰ ਹੋਣ ਵਾਰੇ ਦਖਲ ਦਿੱਤਾ ਅਤੇ ਗੋਕਲ ਚੰਦ ਨਾਰੰਗ ਅਨੁਸਾਰ ਇਸ ਦਾ ਬਾਦਸ਼ਾਹ ਤੇ ਲੋੜੀਂਦਾ ਅਸਰ ਹੋਇਆ। ਇਕ ਪ੍ਰਭਾਵਸ਼ਾਲੀ ਮੁਗਲ ਦਰਬਾਰੀ ਵਜ਼ੀਰ ਖਾਨ ਨੇ ਗੁਰੂ ਜੀ ਦੇ ਬੇਕਸੂਰ ਹੋਣ ਦੀ ਵੀ ਵਕਾਲਤ ਕੀਤੀ ਤੇ ਦੱਸਿਆ ਕਿ ਉਨ੍ਹਾਂ ਦਾ ਮਿਸ਼ਨ ਬਾਦਸ਼ਾਹ ਵਿਰੋਧੀ ਨਹੀਂ ਹੈ। ਬਹੁਤ ਸਿੱਖ ਲਿਖਾਰੀ ਗੁਰੂ ਜੀ ਦੀ ਨਜ਼ਰਬੰਦੀ ਦਾ ਸਮਾਂ ਚਾਲੀ ਕੁ ਦਿਨ ਲਈ ਸੀਮਿਤ ਕਰਦੇ ਹਨ। ਕਈ ਲਿਖਾਰੀ ਇੰਝ ਵੀ ਲਿਖਦੇ ਹਨ ਕਿ ਭਾਈ ਜੇਠਾ ਨੇ ਜਿਸ ਨੇ ਕਿ ਜਹਾਂਗੀਰ ਨੂੰ (ਜੋ ਓਪਰੀ ਕਸਰ ਅਧੀਨ ਸੀ ਤੇ ਬੁਰੇ ਦ੍ਰਿਸ਼ ਵੇਖਦਾ ਰਹਿੰਦਾ ਹੋਣ ਕਾਰਣ ਦੁਖੀ ਸੀ) ਠੀਕ ਕੀਤਾ ਸੀ ਤੇ ਇਸ ਦੇ ਇਨਾਮ ਵਜੋਂ ਜਹਾਂਗੀਰ ਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਦਿੱਤਾ ਸੀ। ਭਾਈ ਜੇਠਾ ਜੀ ਵਲੋਂ ਕੀਤੇ ਯਤਨਾਂ ਬਾਰੇ ਨਿਸ਼ਚਿਤ ਤੌਰ ਤੇ ਪਤਾ ਤਾਂ ਕੁਝ ਨਹੀਂ ਪਰੰਤੂ ਇਕ ਗੱਲ ਨਿਸ਼ਚਿਤ ਹੈ ਕਿ ਕਈ ਮਹੱਤਵਪੂਰਨ ਸਿੱਖਾਂ ਨੇ ਗੁਰੂ ਜੀ ਦੀ ਰਿਹਾਈ ਲਈ ਬਾਦਸ਼ਾਹ ਨੂੰ ਤਿਆਰ ਕਰਨ ਲਈ ਕਾਫੀ ਕੋਸ਼ਿਸ਼ਾਂ ਕੀਤੀਆਂ।

ਗੁਰੂ ਜੀ ਦੀ ਰਿਹਾਈ ਤੋਂ ਲੈ ਕੇ ਸ਼ਾਹਜਹਾਂ ਦੇ ਰਾਜਗੱਦੀ ਸੰਭਾਲਣ ਤਕ ਮੁਗਲ ਰਾਜ ਤੇ ਗੁਰੂ ਜੀ ਦੇ ਸੰਬੰਧ ਬੜੇ ਸੁਖਾਵੇਂ ਤੇ ਮਿੱਤਰਤਾ ਪੂਰਣ ਬਣੇ ਰਹੇ। ਡਾ. ਏ. ਸੀ. ਬੈਨਰਜੀ ਕਹਿੰਦੇ ਹਨ ਆਪਣੀ ਛੋਟੀ ਉਮਰ ਦੇ ਬਾਵਜੂਦ ਉਹ ਇੰਨੇ ਸਮਝਦਾਰ ਸਨ ਕਿ ਉਨ੍ਹਾਂ ਇਹ ਸਿੱਟਾ ਕੱਢ ਲਿਆ ਸੀ ਕਿ ਮੁਗਲ ਸਰਕਾਰ ਵਿਰੁੱਧ ਬਗਾਵਤ ਦਾ ਕੋਈ ਪ੍ਰਸ਼ਨ ਹੀ ਨਹੀਂ ਉਠਦਾ ਕਿਉਂਕਿ ਮੁਗਲ ਰਾਜ ਉਸ ਵੇਲੇ ਸ਼ਕਤੀ ਤੇ ਸ਼ਾਨ ਦੀ ਬੁਲੰਦੀ ਤੇ ਸੀ ਤੇ ਉਹ ਕਿਸਾਨਾਂ ਦੇ ਇਕ ਛੋਟੇ ਸਮੁਦਾਏ ਦੇ ਨੇਤਾ ਸਨ। ਇਸ ਲਈ ਆਪਣੀ ਰਿਹਾਈ ਤੋਂ ਬਾਦ ਉਨ੍ਹਾਂ ਨੇ ਮੁਗਲ ਹਕੂਮਤ ਨਾਲ ਮਿਲਵਰਤਣ ਤੇ ਮਿੱਤਰਤਾ ਦੀ ਨੀਤੀ ਨੂੰ ਅਪਣਾਇਆ।

1621 ਵਿਚ ਜਹਾਂਗੀਰ, ਦੂਜੀ ਵਾਰ ਕਸ਼ਮੀਰ ਘਾਟੀ ਵਿਚ ਗਿਆ ਸੀ। ਗੁਰੂ ਹਰਗੋਬਿੰਦ ਉਸ ਨੂੰ ਬਿਆਸ ਦਰਿਆ ਦੇ ਕਿਨਾਰੇ ਤੇ ਮਿਲੇ। ਬਾਦਸ਼ਾਹ **25** ਸਾਲਾਂ ਦੇ ਭਰ ਜਵਾਨ ਨੂੰ ਬਹੁਤ ਹੀ ਖੁਸ਼ੀ ਨਾਲ ਮਿਲਿਆ ਅਤੇ ਆਪਣੇ ਨਾਲ ਕਸ਼ਮੀਰ ਜਾਣ ਲਈ ਮਨਾਇਆ।

ਆਪਣੀ ਕਸ਼ਮੀਰ ਦੀ ਵਾਪਸੀ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਨੂੰ ਅਸੀਂ ਜਹਾਂਗੀਰ ਦਾ ਪਰਮ ਮਿੱਤਰ ਬਣਿਆ ਵੇਖਦੇ ਹਾਂ। ਦਾਬਿਸਤਾਨ ਅਨੁਸਾਰ 'ਹਰਗੋਬਿੰਦ ਜੇਤੂ ਜਹਾਂਗੀਰ ਦੀ ਸਰਪ੍ਰਸਤੀ ਤੋਂ ਕਦੀ ਵੀ ਵੱਖ ਨਾ ਹੋਇਆ।' ਇਕ ਹੋਰ ਥਾਂ ਇਸ ਦਾ ਲੇਖਕ ਲਿਖਦਾ ਹੈ ਕਿ ਗੁਰੂ ਜੀ ਨੇ ਇਕ ਹੀਜੜੇ ਯਾਰ-ਖਾਨ ਨਾਲ ਸਬੰਧ ਬਣਾ ਲਏ ਸਨ ਜੋ ਪੰਜਾਬ ਵਿਚ ਫੌਜਦਾਰ ਸੀ ਅਤੇ ਗੁਰੂ ਸਾਹਿਬ ਰਾਜ ਦੀ ਪ੍ਰਬੰਧ ਵਿਚ ਮਦਦ ਕਰਦੇ ਸਨ। ਇਨ੍ਹਾਂ ਦੇ ਬਿਆਨਾਂ ਤੋਂ ਕਈ ਵਾਰੀ ਗੁਰੂ ਜੀ ਮੁਗਲ ਸਰਕਾਰ ਦੀ ਮੁਲਾਜ਼ਮਤ ਕਰ ਲੈਣ ਦਾ ਸ਼ੱਕ ਪੈਦਾ ਹੋ ਜਾਂਦਾ ਹੈ ਪਰ ਵਾਸਤਵ ਵਿਚ ਇਹ ਨਤੀਜਾ ਬਿਲਕੁਲ ਹੀ ਗਲਤ ਹੈ। ਇੰਦੂ ਭੂਸ਼ਣ ਬੈਨਰਜੀ ਦੇ ਅਨੁਸਾਰ ਇਹ ਗੱਲ ਹੀ ਮੂਰਖਤਾਪੂਰਣ ਲਗਦੀ ਹੈ ਕਿਉਂਕਿ ਤੁਜ਼ਕੇ-ਜਹਾਂਗੀਰੀ ਅਨੁਸਾਰ ਇਹ ਬਿਲਕੁਲ ਹੀ ਗਲਤ ਸਾਬਤ ਹੋ

ਜਾਂਦੀ ਹੈ। ਜਹਾਂਗੀਰ ਦੀਆਂ ਯਾਦਾਂ ਵਿਚ ਗੁਰੂ ਹਰਗੋਬਿੰਦ ਦਾ ਕਿਤੇ ਵੀ ਨਾਂ ਮੌਜੂਦ ਨਹੀਂ ਹੈ ਤੇ ਇਸ ਲਈ ਸ਼ੱਕ ਜਾਂ ਕਥਨ ਠੀਕ ਨਹੀਂ ਕਿ ਗੁਰੂ ਸਾਹਿਬ ਨੇ ਮੁਗਲ ਰਾਜ ਵਿਚ ਨੌਕਰੀ ਕਰ ਲਈ ਸੀ।

ਜੋ ਮਾਣ ਗੁਰੂ ਜੀ ਨੂੰ ਜਹਾਂਗੀਰ ਵੱਲੋਂ ਮਿਲਿਆ, ਇਸ ਨੇ ਹੀ ਦਾਬਿਸਤਾਨ ਦੇ ਲੇਖਕ ਵਾਂਗ ਕਈਆਂ ਨੂੰ ਗਲਤ ਸਿੱਟੇ ਕੱਢਣ ਲਈ ਮਜ਼ਬੂਰ ਕੀਤਾ ਹੈ। ਗੁਰੂ ਜੀ ਦੀ ਨੌਕਰੀ ਕਬੂਲਣ ਦੀ ਗੱਲ ਸਾਬਤ ਕਰਨ ਲਈ ਇਕ ਹੋਰ ਬਿਆਨ ਦਾ ਹਵਾਲਾ ਦਿੱਤਾ ਜਾਂਦਾ ਹੈ। ਉਸ ਘਟਨਾ ਦਾ ਸਬੰਧ ਨਾਲਾਗੜ੍ਹ (ਹਿੰਡੂਰ) ਦੇ ਇਕ ਸ਼ਹਿਜਾਦੇ ਧਰਮ ਚੰਦ ਨਾਲ ਮਿੱਤਰਤਾ ਪਾ ਲਈ ਸੀ। ਉਸ ਨੇ ਆਪਣੀ ਰਿਆਸਤ ਮੁੜ ਪ੍ਰਾਪਤ ਕਰਨ ਲਈ ਗੁਰੂ ਜੀ ਤੋਂ ਸਹਾਇਤਾ ਦੀ ਮੰਗ ਕੀਤੀ। ਗੁਰੂ ਜੀ ਨੇ ਤਾਰਾ ਚੰਦ ਵਿਰੁੱਧ ਲੜਾਈ ਕੀਤੀ ਤੇ ਧਰਮ ਚੰਦ ਨੂੰ ਗੱਦੀ ਤੇ ਬਿਠਾ ਦਿੱਤਾ। ਗੁਰੂ ਜੀ ਨੇ ਅਜਿਹਾ, ਬਾਦਸ਼ਾਹ ਦੇ ਕਹਿਣ ਤੇ ਨਹੀਂ ਸਗੋਂ ਆਪਣੇ ਮਿੱਤਰ ਦੀ ਮਦਦ ਕਰਨ ਲਈ ਕੀਤਾ। ਮੁਗਲ ਬਾਦਸ਼ਾਹ ਗੁਰੂ ਜੀ ਲਈ ਆਪਣੀ ਸ਼ਰਧਾ ਕਰਕੇ ਖਾਮੋਸ਼ ਰਿਹਾ।

ਇਸ ਮਿੱਤਰਤਾ ਭਰਪੂਰ ਤੇ ਸਹਿਯੋਗ ਵਾਲੇ ਸਬੰਧਾਂ ਦੇ ਸਮੇਂ ਵਿਚ ਵੀ ਗੁਰੂ ਜੀ ਨੇ ਗੁਰਗੱਦੀ ਤੇ ਬੈਠਣ ਵੇਲੇ ਆਪਣੀ ਨਵੀਂ ਨੀਤੀ ਨੂੰ ਨਹੀਂ ਤਿਆਗਿਆ। ਉਹ ਸਦਾ ਆਪਣੇ ਨਾਲ ਇਕ ਫੌਜੀ ਟੁਕੜੀ (ਭਾਵੇ ਛੋਟੀ ਹੀ ਕਿਉਂ ਨਾ ਹੋਵੇ) ਰਖਦੇ ਸਨ ਤਾਂ ਕਿ ਅਚਾਨਕ ਲੋੜ ਸਮੇਂ ਸਵੈ-ਰਖਿਆ ਲਈ ਉਸ ਦੀ ਵਰਤੋਂ ਕੀਤੀ ਜਾ ਸਕੇ। ਗੁਰੂ ਹਰਗੋਬਿੰਦ ਨੇ ਪਠਾਣਾਂ ਦੀ ਟੁਕੜੀ ਵੀ ਭਰਤੀ ਕੀਤੀ ਜਿਸ ਦੀ ਕਮਾਨ ਪੈਂਦੇ ਖਾਨ ਨਾਂ ਦੇ ਪਠਾਣ ਨੂੰ ਸੌਂਪੀ ਗਈ ਜੋ ਗੁਰੂ ਜੀ ਦਾ ਬਹੁਤ ਯੋਗ ਤੇ ਨੇੜੇ ਦਾ ਇਤਬਾਰੀ ਸਾਥੀ ਬਣ ਗਿਆ ਸੀ। ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਵਿਚ ਕੋਈ ਕਸਰ ਨਹੀਂ ਛੱਡੀ। ਅਸਲ ਵਿਚ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਹਰਗੋਬਿੰਦ ਜੀ ਹੀ ਐਸੇ ਗੁਰੂ ਸਨ ਜਿਨ੍ਹਾਂ ਪੰਜਾਬ ਤੋਂ ਬਾਹਰ ਸਿੱਖ ਧਰਮ ਦੇ ਪ੍ਰਚਾਰ ਲਈ ਬਹੁਤ ਯਾਤਰਾ ਕੀਤੀ। ਇਹ ਗਲ ਬੁਝਾਰਤ ਦੀ ਬਣੀ ਹੋਈ ਹੈ ਕਿ ਜਹਾਂਗੀਰ ਨੇ ਬੜੀ ਤੇਜ਼ੀ ਨਾਲ ਵਿਕਾਸ ਕਰ ਰਹੇ (ਗੁਰੂ ਹਰਗੋਬਿੰਦ ਅਧੀਨ) ਸਿੱਖ ਸਮੁਦਾਇ ਦੀਆਂ ਗਤੀਵਿਧੀਆਂ ਵਲ ਕੋਈ ਧਿਆਨ ਕਿਉਂ ਨਹੀਂ ਦਿੱਤਾ। ਇਸ ਦਾ ਇਕ ਕਾਰਣ ਇਹ ਹੋ ਸਕਦਾ ਹੈ ਕਿ ਮੀਆਂ ਮੀਰ ਇਸ ਮਾਮਲੇ ਵਿਚ ਜੁੜਿਆ ਹੋਇਆ ਸੀ ਅਤੇ ਬਾਦਸ਼ਾਹ ਜਹਾਂਗੀਰ ਮੀਆਂ ਮੀਰ ਦਾ ਸ਼ਰਧਾਲੂ ਅਤੇ ਉਸ ਦਾ ਬਹੁਤ ਹੀ ਮਾਣ ਤੇ ਸਤਿਕਾਰ ਕਰਦਾ ਸੀ। ਸਿੱਖ ਸੰਗਤਾਂ ਵਿਚ ਥਾਂ ਪਰ ਥਾਂ ਇਹ ਹਵਾਲਾ ਮਿਲਦਾ ਹੈ ਕਿ ਮੀਆਂ ਮੀਰ ਦੇ ਗੁਰੂ ਪਰਿਵਾਰ ਨਾਲ ਗੂੜ੍ਹੇ ਸਬੰਧ ਸਨ ਅਤੇ ਇਹ ਬਹੁਤ ਹੀ ਸੰਭਵ ਹੈ ਕਿ ਮੀਆਂ ਮੀਰ ਦੇ ਪ੍ਰਭਾਵ ਕਾਰਣ ਹੀ ਜਹਾਂਗੀਰ ਦੇ ਰਾਜਕਾਲ ਵਿਚ ਗੁਰੂ ਹਰਗੋਬਿੰਦ ਜੀ ਮੁਗਲ ਸਰਕਾਰ ਨਾਲ ਦੋਸਤਾਨਾ ਸਬੰਧ ਬਣਾਈ ਰਖ ਸਕੇ ਹੋਣ।

### 1.6.10.1 ਗੁਰੂ ਹਰਗੋਬਿੰਦ ਸਾਹਿਬ ਅਤੇ ਸ਼ਾਹ ਜਹਾਨ

ਜਹਾਂਗੀਰ **1626** ਈ. ਵਿਚ ਬਿਮਾਰ ਪੈ ਗਿਆ। ਉਸ ਮੌਸਮ ਬਦਲੀ ਲਈ ਕਸ਼ਮੀਰ ਗਿਆ। ਉਸ ਦੀ ਹਾਲਤ ਬਹੁਤ ਖਰਾਬ ਹੋ ਗਈ। ਵਾਪਸੀ ਸਮੇਂ **29** ਅਕਤੂਬਰ **1627** ਨੂੰ ਬਾਦਸ਼ਾਹ ਰਾਹ ਵਿਚ ਹੀ ਰਜੌਰੀ ਵਿਖੇ ਮਰ ਗਿਆ ਅਤੇ **4** ਫਰਵਰੀ **1628** ਨੂੰ ਸ਼ਾਹ ਜਹਾਨ ਬਾਦਸ਼ਾਹ ਬਣਿਆ। ਸ਼ਾਹਜਹਾਨ ਕੱਟੜ ਸੁੰਨੀ ਮੁਸਲਮਾਨ ਸੀ। ਨਕਸ਼ਬੰਦੀ ਧਰਮ ਬਹਾਲੀ ਦੇ ਪੈਰੋਕਾਰ ਉਸ ਦੇ ਕਾਰਜਕਾਲ ਸਮੇਂ ਸਰਗਰਮ ਰਹੇ ਤੇ ਦਰਬਾਰ ਵਿਚ ਵੀ ਬਾਦਸ਼ਾਹ ਤੇ ਉਨ੍ਹਾਂ ਦਾ ਬਹੁਤ ਪ੍ਰਭਾਵ ਸੀ। 1632 ਵਿਚ ਜਦੋਂ ਸ਼ਾਹ ਜਹਾਨ ਕਸ਼ਮੀਰ ਤੋਂ ਵਾਪਸ ਆ ਰਿਹਾ ਸੀ ਤਾਂ ਉਸ ਨੂੰ ਪਤਾ ਲਗਾ ਕਿ ਰਜੌਰੀ-ਭਿੰਬਰ ਤੇ ਗੁਜਰਾਤ ਦੇ ਕੁਝ ਹਿੰਦੂਆਂ ਨੇ ਮੁਸਲਮਾਨ ਕੁੜੀਆਂ ਨਾਲ ਸ਼ਾਦੀ ਕਰ ਲਈ ਹੈ ਅਤੇ ਉਨ੍ਹਾਂ ਨੂੰ ਆਪਣੇ ਧਰਮ ਵਿਚ ਵੀ ਸ਼ਾਮਲ ਕਰ ਲਿਆ ਹੈ। ਬਾਦਸ਼ਾਹ ਨੇ ਅਜਿਹੀਆਂ ਸ਼ਾਦੀਆਂ ਨੂੰ ਰੋਕ ਦਿੱਤਾ ਅਤੇ ਜਿਨ੍ਹਾਂ ਮੁਸਲਮਾਨ ਔਰਤਾਂ ਦੀ ਪਹਿਲਾਂ ਹੀ ਸ਼ਾਦੀ ਹੋ ਚੁੱਕੀ ਸੀ ਉਨ੍ਹਾਂ ਨੂੰ ਉਨ੍ਹਾਂ ਦੇ ਹਿੰਦੂ ਪਤੀਆਂ ਤੋਂ ਖੋਹ ਲਿਆ ਗਿਆ ਤੇ ਪਤੀਆਂ ਨੂੰ ਜੁਰਮਾਨੇ ਕੀਤੇ ਗਏ ਤੇ ਕਈਆਂ ਨੂੰ ਫਾਂਸੀ ਵੀ ਦਿੱਤੀ ਗਈ।

ਉਹ ਸਿਰਫ ਇਕ ਹਾਲਤ ਵਿਚ ਆਪਣੀਆਂ ਪਤਨੀਆਂ ਨੂੰ ਰੱਖ ਸਕਦੇ ਸਨ ਤੇ ਉਹ ਸੀ ਮੁਸਲਮਾਨ ਧਰਮ ਨੂੰ ਕਬੂਲਣ। ਅਜਿਹੀਆਂ ਲਗਭਗ **4500** ਔਰਤਾਂ ਬਰਾਮਦ ਕੀਤੀਆਂ ਗਈਆਂ। ਬਾਦਸ਼ਾਹ ਨੂੰ **1635** ਈ. ਵਿਚ ਸੂਚਨਾ ਮਿਲੀ ਕਿ ਇਕ ਮੁਸਲਮਾਨ ਲੜਕੀ ਜ਼ਿਨਾਬ ਦੀ ਧਰਮ ਬਦਲੀ ਕੀਤੀ ਗਈ ਤੇ ਸਰਹੰਦ ਦੇ ਇਕ ਹਿੰਦੂ ਦਲਪਤ ਨੇ ਉਸ ਦਾ ਨਾਂ ਗੰਗਾ ਰਖ ਕੇ ਸ਼ਾਦੀ ਕਰ ਲਈ ਸੀ। ਲਾਹੌਰ ਦੇ ਕਾਜ਼ੀ ਰੁਸਤਮ ਖਾਨ ਦੀ **17** ਸਾਲ ਧੀ ਕੌਲਾਂ ਜੋ ਮੀਆਂ ਮੀਰ ਦੀ ਚੇਲੀ ਸੀ, ਘਰੋਂ ਭੱਜ ਕੇ ਸਿੱਖ ਧਰਮ ਕਬੂਲ ਲਿਆ ਸੀ। ਗੁਰੂ ਹਰਗੋਬਿੰਦ ਨੇ ਉਸਨੂੰ ਸ਼ਰਨ ਦਿੱਤੀ ਸੀ। ਪੰਜਾਬ ਵਿਚ ਤਿੰਨ ਮੰਦਰ ਢਾਹ ਦਿੱਤੇ ਗਏ, ਉਨ੍ਹਾਂ ਦੀ ਥਾਂ ਮਸੀਤਾਂ ਬਣਾ ਦਿੱਤੀਆ ਗਈਆਂ। ਲਾਹੌਰ ਦੇ ਡਬੀ ਬਾਜ਼ਾਰ ਵਿਚ ਸਥਿਤ ਗੁਰੂ ਅਰਜਨ ਦੀ ਬਾਉਲੀ ਕਚਰੇ ਤੇ ਗੰਦਗੀ ਨਾਲ ਭਰਵਾ ਦਿੱਤੀ ਗਈ ਤੇ ਉਸ ਨਾਲ ਲਗਦੀ ਲੰਗਰ ਦੀ ਇਮਾਰਤ ਨੂੰ ਮਸੀਤ ਵਿਚ ਬਦਲ ਦਿੱਤਾ ਗਿਆ।

ਅਜਿਹੀ ਮਾਨਸਿਕ ਬਣਤਰ ਵਾਲੇ ਬਾਦਸ਼ਾਹ ਲਈ ਇਹ ਸਾਫ਼ ਸੀ ਕਿ ਉਹ ਗੁਰੂ ਹਰਗੋਬਿੰਦ ਦੀਆਂ ਗਤੀ ਵਿਧੀਆਂ (ਜੋ ਧਾਰਮਿਕ ਤੇ ਫੌਜੀ ਦੋਵਾਂ ਖੇਤਰਾਂ ਵਿਚ ਅਗੇ ਵਧ ਗਈਆਂ ਸਨ) ਨੂੰ ਸਹਿਣ ਕਰਨ ਲਈ ਤਿਆਰ ਨਹੀਂ ਸੀ। ਇਸ ਲਈ ਬਹੁਤ ਮਾਮੂਲੀ ਮਾਮਲਿਆਂ ਤੇ ਵੀ ਮੁਗਲ ਸਰਕਾਰ ਦੀ ਗੁਰੂ ਜੀ ਨਾਲ ਲੜਾਈ ਛਿੜ ਗਈ। ਗੁਰੂ ਹਰਗੋਬਿੰਦ ਨੂੰ ਸ਼ਾਹੀ ਫੌਜਾਂ ਵਿਰੁੱਧ ਚਾਰ ਮੁੱਖ ਲੜਾਈਆਂ ਲੜਨੀਆਂ ਪਈਆਂ। ਭਾਵੇ ਇਨ੍ਹਾਂ ਲੜਾਈਆਂ ਵਿਚ ਗੁਰੂ ਦਾ ਪਲੜਾ ਭਾਰੀ ਰਿਹਾ ਪਰ ਐਨੀ ਵੱਡੀ ਸਰਕਾਰ ਦੇ ਖਿਲਾਫ ਲਗਾਤਾਰ ਸੰਘਰਸ਼ ਜਾਰੀ ਰਖਣਾ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਸੀ। ਕਰਤਾਰਪੁਰ ਦੀ ਲੜਾਈ ਤੋਂ ਬਾਦ ਉਹ (ਗੁਰੂ) ਫਗਵਾੜੇ ਚਲੇ ਗਏ ਪਰ ਕਿਉਂਕਿ ਇਸ ਸਥਾਨ ਵੀ ਲਾਹੌਰ ਤੋਂ ਬਹੁਤੀ ਦੂਰ ਨਹੀਂ ਸੀ ਇਸ ਲਈ ਉਨ੍ਹਾਂ ਦਾ ਇਥੇ ਠਹਿਰਨਾ ਵੀ ਮੁਸ਼ਕਲ ਸੀ ਤੇ ਉਹ ਤੇਜ਼ੀ ਨਾਲ ਪੰਜਾਬ ਦੇ ਪਹਾੜੀ ਇਲਾਕੇ ਵਿਚ ਸਥਿਤ ਕੀਰਤਪੁਰ ਚਲੇ ਗਏ ਅਤੇ ਉਥੇ ਹੀ ਆਪਣੀ ਬਾਕੀ ਜਿੰਦਗੀ ਬਤੀਤ ਕੀਤੀ।

### 1.6.10.2 ਗੁਰੂ ਹਰਿ ਰਾਏ ਅਤੇ ਮੁਗਲ ਸਰਕਾਰ

ਇਸ ਤੋਂ ਅਗਲੇ ਗੁਰੂ ਸਨ ਹਰਿ ਰਾਏ (**1644-61** ਈ.)। ਉਹ ਦਾਰਾ ਸ਼ਿਕੋਹ ਨਾਲ ਮਿੱਤਰਤਾ ਪੂਰਨ ਸਬੰਧ ਰਖਦੇ ਸਨ ਜੋ ਕਿ ਸ਼ਾਹ ਜਹਾਨ ਦਾ ਜੇਠਾ ਪੁੱਤਰ ਸੀ। ਦਾਰਾ ਇਕ ਸੂਫੀ ਤੇ ਸਿੱਖ ਧਰਮ ਦਾ ਬਹੁਤ ਪ੍ਰਸ਼ੰਸਕ ਸੀ। ਇਕ ਦੁਰਲਭ ਦਵਾਈ ਭੇਜ ਕੇ ਗੁਰੂ ਜੀ ਨੇ 1648 ਈ. ਵਿਚ ਉਸ ਦੀ (ਦਾਰਾ ਸ਼ਿਕੋਹ) ਦੀ ਜਾਨ ਬਚਾਈ ਸੀ। ਕੁਝ ਇਤਿਹਾਸਕਾਰਾਂ ਅਨੁਸਾਰ ਸ਼ਹਿਜਾਦਾ ਦਾਰਾ ਦਾ 1658 ਵਿਚ ਜਦੋਂ ਔਰੰਗਜੇਬ ਦੀ ਫੌਜ ਤੇਜ਼ੀ ਨਾਲ ਪਿਛਾ ਕਰ ਰਹੀ ਸੀ ਤਾਂ ਉਹ ਗੁਰੂ ਜੀ ਕੋਲ ਗੋਇੰਦਵਾਲ ਪਹੁੰਚ ਗਿਆ ਤੇ ਇਹ ਕਿਹਾ ਜਾਂਦਾ ਹੈ ਕਿ ਉਸ ਨੇ ਗੁਰੂ ਜੀ ਨੂੰ ਫੜੇ ਜਾਣ ਤੋਂ ਬਚਾਉਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਆਪਣੀ ਇਕ ਟੁਕੜੀ ਬਿਆਸ ਦਰਿਆ ਦੇ ਲਾਂਘੇ ਤੇ ਸ਼ਾਹੀ ਫੌਜ ਨੂੰ ਰੋਕਣ ਲਈ ਭੇਜੀ ਪਰ ਗੁਰੂ ਹਰਿ ਰਾਏ ਜੀ ਦੇ ਚਰਿੱਤਰ ਅਤੇ ਉਨ੍ਹਾਂ ਦੀ ਸ਼ਾਂਤੀ ਪੂਰਣ ਨੀਤੀ ਨੂੰ ਵੇਖਦਿਆਂ ਇਸ ਕਥਨ ਦੀ ਪੁਸ਼ਟੀ ਕਰਨੀ ਬਹੁਤ ਕਠਿਨ ਹੈ। ਇਸ ਤੋਂ ਇਲਾਵਾ ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਹਰ ਰਾਏ ਜੀ ਨੂੰ ਆਪਣੇ ਦਾਦਾ ਜੀ ਵਲੋਂ ਇਹ ਨਸੀਹਤ ਸੀ ਕਿ ਮੁਗਲ ਸਰਕਾਰ ਵਿਰੁੱਧ ਲੜਨਾ ਨਹੀਂ।

ਔਰੰਗਜ਼ੇਬ **1658** ਈ. ਵਿਚ ਤਖਤ ਤੇ ਬੈਠਿਆ। ਉਸ ਨੇ ਆਪਣੇ ਪਿਤਾ ਨੂੰ ਕੈਦ ਕਰ ਦਿੱਤਾ ਸੀ ਅਤੇ ਆਪਣੇ ਭਰਾਵਾਂ ਤੇ ਕਬੀਲੇ ਦੇ ਬਾਕੀ ਲੋਕਾਂ ਨੂੰ ਕਤਲ ਕਰ ਦਿੱਤਾ ਸੀ। ਰਾਜ ਗੱਦੀ ਨੂੰ ਸੰਭਾਲਣ ਤੋਂ ਪਿਛੋਂ ਉਸ ਨੇ ਗੁਰੂ ਜੀ ਨੂੰ ਆਪਣੇ ਸਾਹਮਣੇ ਪੇਸ਼ ਹੋਣ ਲਈ ਕਿਹਾ। ਉਸ ਦਾ ਅਸਲ ਮੰਤਵ ਤਾਂ ਸਿੱਖ ਧਰਮ ਵਿਚ ਕੋਈ ਅਜਿਹੀ ਚੀਜ਼ ਲੱਭਣਾ ਸੀ ਜੋ ਇਸਲਾਮ ਦੇ ਖਿਲਾਫ਼ ਹੋਵੇ ਤੇ ਫਿਰ ਗੁਰੂ ਜੀ ਨੂੰ ਸਜ਼ਾ ਦੇਣ ਲਈ ਕਿਸੇ ਗੱਲ ਨੂੰ ਬਹਾਨੇ ਦੇ ਤੌਰ ਤੇ ਵਰਤਿਆ ਜਾ ਸਕੇ। ਗੁਰੂ ਜੀ ਨੇ ਖੁਦ ਆਪਣੀ ਥਾਂ ਆਪਣੇ ਵੱਡੇ ਪੁੱਤਰ ਨੂੰ ਭੇਜ ਦਿੱਤਾ, ਜਿਸ ਦਾ ਨਾਮ ਰਾਮ ਰਾਏ ਸੀ ਤਾਂ ਕਿ ਉਹ ਬਾਦਸ਼ਾਹ ਨੂੰ ਤਸੱਲੀ ਕਰਵਾ ਸਕੇ। ਰਾਮ ਰਾਏ ਬਾਦਸ਼ਾਹ ਦੀ ਤਸੱਲੀ ਕਰਵਾਉਣ ਦੀ ਬਜਾਏ ਆਪ ਹੀ ਉਸ ਨਾਲ ਮਿਲ ਗਿਆ। ਅਸਲ ਵਿਚ ਔਰੰਗਜ਼ੇਬ ਇਕ ਗੁਝੀ ਚਾਲ ਚਲ ਕੇ ਸਿੱਖ ਧਰਮ ਨੂੰ ਕਮਜ਼ੋਰ ਕਰਨਾ ਚਾਹੁੰਦਾ ਸੀ ਤੇ ਇਸ ਮੰਤਵ ਦੀ ਪੂਰਤੀ ਲਈ ਰਾਮ ਰਾਏ ਉਸ ਨੂੰ ਇਕ ਚੰਗਾ ਹਥਿਆਰ ਮਿਲ ਗਿਆ ਸੀ। ਗੁਰੂ ਹਰ ਰਾਏ ਨੇ ਰਾਮ ਰਾਏ ਨੂੰ ਗੁਰਗੱਦੀ ਵਰਗੀ ਮਹਾਨ ਜ਼ਿੰਮੇਵਾਰੀ ਲਈ ਅਯੋਗ ਕਰਾਰ ਦੇ ਦਿੱਤਾ ਅਤੇ ਆਪਣੇ ਛੋਟੇ ਪੁੱਤਰ ਸ੍ਰੀ ਹਰ ਕ੍ਰਿਸ਼ਨ ਨੂੰ ਆਪਣਾ ਉਤਰਾਧਿਕਾਰੀ ਥਾਪ ਦਿੱਤਾ।

### 1.6.10.3 ਗੁਰੂ ਹਰਿ ਕ੍ਰਿਸ਼ਨ ਤੇ ਔਰੰਗਜ਼ੇਬ

ਅਕਤੂਬਰ **1661** ਵਿਚ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਗੁਰੂ ਹਰ ਕ੍ਰਿਸ਼ਨ ਨੇ ਗੁਰਗੱਦੀ ਸੰਭਾਲੀ। ਔਰੰਗਜ਼ੇਬ ਨੇ ਉਨ੍ਹਾਂ ਨੂੰ ਦਿੱਲੀ ਬੁਲਾਇਆ ਕਿਉਂਕਿ ਰਾਮ ਰਾਏ ਗੱਦੀ ਤੇ ਆਪਣਾ ਹੱਕ ਵਿਰਾਸਤ ਦੇ ਆਧਾਰ ਤੇ ਸਮਝਦਾ ਸੀ। ਮੁਗਲ ਸਮਰਾਟ ਔਰੰਗਜ਼ੇਬ ਵਲੋਂ ਗੁਰੂ ਹਰਿ ਕ੍ਰਿਸ਼ਨ ਨੂੰ ਗੱਦੀ ਦੇ ਦਾਵੇ ਦਾ ਪੱਖ ਪੇਸ਼ ਕਰਨ ਲਈ ਕਿਹਾ ਗਿਆ। ਗੁਰੂ ਜੀ ਦਿੱਲੀ ਗਏ ਅਤੇ ਰਾਇਸਨ ਵਿਖੇ ਮਿਰਜ਼ਾ ਜੈ ਸਿੰਘ ਦੇ ਬੰਗਲੇ ਵਿਚ ਠਹਿਰੇ। ਬਾਦ ਵਿਚ ਮੁਗਲ ਸਮਰਾਟ ਇਸ ਗੱਲ ਨਾਲ ਸੰਤੁਸ਼ਟ ਹੋ ਗਿਆ ਕਿ ਗੁਰੂ ਹਰ ਰਾਏ ਦੀ ਚੋਣ ਠੀਕ ਤੇ ਯੋਗ ਸੀ। ਇਸ ਲਈ ਰਾਮ ਰਾਏ ਦੀ ਬੇਨਤੀ ਰੱਦ ਕਰ ਦਿੱਤੀ ਗਈ।

### 1.6.10.4 ਗੁਰੂ ਤੇਗ ਬਹਾਦਰ ਤੇ ਔਰੰਗਜ਼ੇਬ

ਦਿੱਲੀ ਵਿਖੇ ਹੀ ਗੁਰੂ ਹਰਿ ਕ੍ਰਿਸ਼ਨ ਜੀ ਜੋਤੀ ਜੋਤ ਸਮਾ ਗਏ। ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਬਣੇ (**1664-75** ਈ.)। ਇਸ ਨਾਲ ਸਿੱਖ ਗੁਰੂਆਂ ਤੇ ਮੁਗਲਾਂ ਨਾਲ ਸੰਬੰਧਾਂ ਦਾ ਇਕ ਨਵਾਂ ਕਾਂਡ ਸ਼ੁਰੂ ਹੋਇਆ। ਇਹ ਗੱਲ ਸਮਝਣੀ

ਮੁਸ਼ਕਿਲ ਹੈ ਕਿ ਗੁਰੂ ਹਰ ਰਾਏ ਤੇ ਹਰਿ ਕ੍ਰਿਸ਼ਨ ਦੇ ਸਮੇਂ ਔਰੰਗਜ਼ੇਬ ਨੇ ਸਿੱਖਾਂ ਦੇ ਵਿਰੁੱਧ ਕੋਈ ਨਿਰਣਾਕਾਰੀ ਕਦਮ ਕਿਉਂ ਨਹੀਂ ਚੁੱਕਿਆ।

ਸੰਭਵ ਹੈ ਕਿ ਉਹ ਸਿੱਖਾਂ ਦੇ ਆਪਸੀ ਸਬੰਧ ਵਿਗਾੜ ਕੇ ਹੀ ਸੰਤੁਸ਼ਟ ਸੀ। ਪਰ ਇਸ ਦੇ ਨਾਲ ਹੀ ਇਹ ਤੱਥ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਇਸਲਾਮ ਤੋਂ ਬਿਨਾਂ ਬਾਕੀ ਧਰਮਾਂ ਦੇ ਵਾਂਗ ਸਿੱਖ ਧਰਮ ਵੀ ਅਸਹਿਨਸ਼ੀਲ ਔਰੰਗਜ਼ੇਬ ਲਈ ਕੋਈ ਚੰਗਾ ਸ਼ਗਨ ਨਹੀਂ ਸੀ। ਇਸੇ ਕਾਰਣ ਗੁਰੂ ਤੇਗ ਬਹਾਦਰ ਦੀਆਂ ਗਤੀਵਿਧੀਆਂ ਤੇ ਮੁਗਲ ਸਰਕਾਰ ਵਲੋਂ ਬਹੁਤ ਚੌਕਸੀ ਰੱਖੀ ਗਈ। ਗੁਰਗੱਦੀ ਤੇ ਬੈਠਣ ਤੋਂ ਥੋੜੀ ਦੇਰ ਬਾਦ ਹੀ ਗੁਰੂ ਤੇਗ ਬਹਾਦਰ ਨੇ ਗੁਰੂ ਨਾਨਕ ਅਤੇ ਗੁਰੂ ਹਰਗੋਬਿੰਦ ਵਾਂਗ **1665** ਤੋਂ **1670** ਈ. ਵਿਚ ਭਾਰਤ ਦੇ ਪੂਰਬੀ ਸੂਬਿਆਂ ਦਾ ਇਕ ਲੰਮਾ ਪ੍ਰਚਾਰਕ ਦੌਰਾ ਸ਼ੁਰੂ ਕਰ ਦਿੱਤਾ। ਜਦੋਂ ਗੁਰੂ ਜੀ ਧਮਤਾਨ ਪਹੁੰਚੇ ਤਾਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਪਰ ਬਾਦਸ਼ਾਹ ਨੇ ਗੁਰੂ ਜੀ ਨੂੰ ਆਪਣੇ ਸਾਹਮਣੇ ਪੇਸ਼ ਹੋਣ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਨੇ ਇਸ ਹੁਕਮ ਵਲ ਕੋਈ ਧਿਆਨ ਨਾ ਦਿੱਤਾ ਤੇ ਆਪਣਾ ਕੰਮ ਜਾਰੀ ਰਖਿਆ। ਭੱਟਵਹੀ ਦੇ ਲੇਖਕ ਅਨੁਸਾਰ ਬਾਦਸ਼ਾਹ ਨੇ ਆਲਮ ਖਾਨ ਪਠਾਨ ਨੂੰ ਗੁਰੂ ਨੂੰ ਫੜਨ ਲਈ ਭੇਜਿਆ। ਉਸ ਨੇ ਗੁਰੂ ਸਾਹਿਬ ਨੂੰ ਫੜ ਕੇ ਪੇਸ਼ ਕਰ ਦਿੱਤਾ। ਮੁਗਲ ਦਰਬਾਰ ਦਾ ਇਕ ਪ੍ਰਭਾਵੀ ਰਾਜਪੂਤ ਰਾਜਾ ਰਾਮ ਸਿੰਘ ਜੇਕਰ ਗੁਰੂ ਜੀ ਦੀ ਜਮਾਨਤ ਨਾ ਦਿੰਦਾ ਤਾਂ ਹੋ ਸਕਦਾ ਸੀ ਕਿ ਗੁਰੂ ਜੀ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਜਾਂਦੀ। ਉਸ ਨੇ ਬਾਦਸ਼ਾਹ ਤੇ ਪ੍ਰਭਾਵ ਪਾਇਆ ਕਿ ਗੁਰੂ ਜੀ ਇਕ ਸੰਤ ਹਨ ਤੇ ਉਨ੍ਹਾਂ ਨੂੰ ਸਜ਼ਾ ਦੇਣਾ ਇਕ ਬਾਦਸ਼ਾਹ ਨੂੰ ਸ਼ੋਭਾ ਨਹੀਂ ਦਿੰਦਾ। ਇਸ ਤੋਂ ਬਾਅਦ ਗੁਰੂ ਜੀ ਨੇ ਆਪਣੀ ਪੂਰਬ ਵਲ ਯਾਤਰਾ ਅਟੁੱਟ ਜਾਰੀ ਰੱਖੀ।

ਔਰੰਗਜ਼ੇਬ **1666** ਈ. ਤਕ ਬਿਲਕੁਲ ਸੁਰਖਿਅਤ ਹੋ ਗਿਆ ਸੀ। ਉਸ ਨੇ ਆਪਣੇ ਹੱਕੀਆ (ਰਾਜਗੱਦੀ ਦੇ ਦਾਵੇਦਾਰਾਂ) ਦਾ ਸਫਾਇਆ ਕਰ ਦਿੱਤਾ ਸੀ। ਹੁਣ ਉਹ ਉਸੇ ਰਸਤੇ ਤੇ ਚਲਣਾ ਚਾਹੁੰਦਾ ਸੀ, ਜੋ ਉਸ ਦੇ ਦਿਲ ਨੂੰ ਪਿਆਰਾ ਸੀ। ਉਸ ਨੇ ਅਜਿਹਾ ਹੀ ਸ਼ੁਰੂ ਕਰ ਦਿੱਤਾ। ਨਕਸ਼ਬੰਦੀਆਂ ਦੇ ਮੁਖ ਅੱਡੇ ਸਰਹੰਦ ਵਿਖੇ ਉਸ ਨੇ ਮਦਰਸਾ ਖੁਲਵਾਇਆ। ਉਹ ਨਕਸ਼ਬੰਦੀਆਂ ਦੇ ਮੁਖੀ ਦੇ ਪ੍ਰਭਾਵ ਅਧੀਨ ਆ ਗਿਆ ਸੀ ਅਤੇ ਇਸਲਾਮ ਨੂੰ ਮੁੜ ਸੁਰਜੀਤ ਕਰਨਾ ਚਾਹੁੰਦਾ ਸੀ ਜਿਹੜਾ ਕਿ ਅਕਬਰ ਤੇ ਦਾਰਾ ਦੀ ਉਦਾਰ ਧਾਰਮਿਕ ਨੀਤੀ ਕਾਰਣ ਬਹੁਤ ਨੁਕਸਾਨ ਉੱਠਾ ਚੁਕਿਆ ਸੀ। ਪਹਿਲਾਂ ਗਵਰਨਰ ਹੁੰਦਿਆਂ ਤੇ ਫਿਰ ਬਾਦਸ਼ਾਹ ਬਣਨ ਤੋਂ ਬਾਅਦ ਵੀ ਔਰੰਗਜ਼ੇਬ ਧਰਮ ਬਹਾਲੀ ਵਾਲਿਆਂ ਨਾਲ ਜੁੜਿਆ ਹੋਇਆ ਸੀ। ਇਹ ਨੀਤੀ ਉਸ ਦੇ ਰਾਜਨੀਤਿਕ ਹਿਤਾਂ ਲਈ ਵੀ ਠੀਕ ਸੀ। ਇਸ ਨੇ ਲੋਕਾਂ ਦਾ ਧਿਆਨ ਉਸ ਦੁਆਰਾ ਕੀਤੇ ਕਤਲਾਂ ਵਲੋਂ ਹਟਾ ਦਿੱਤਾ। ਇਸਦੇ ਨਾਲ ਹੀ ਸੁੰਨੀ ਮੁਸਲਮਾਨ ਉਸ ਨਾਲ ਸਹਿਮਤ ਹੋ ਗਏ ਤੇ ਬਾਦਸ਼ਾਹ ਪੂਰੀ ਸੁੰਨੀ ਜਨਤਾ ਨੂੰ ਆਪਣੇ ਹੱਕ ਵਿਚ ਜਿੱਤਣ ਵਿਚ ਕਾਮਯਾਬ ਹੋ ਗਿਆ। ਮਾਸਿਰ-ਏ-ਆਲਮਗੀਰੀ ਅਨੁਸਾਰ ਉਸ ਨੇ ਅਪ੍ਰੈਲ 1669 ਵਿਚ ਸੂਬਿਆਂ ਦੇ ਸਾਰੇ ਗਵਰਨਰਾਂ ਨੂੰ ਹੁਕਮ ਜਾਰੀ ਕੀਤਾ ਕਿ ਹਰ ਥਾਂ ਬੇਈਮਾਨ ਕਾਫਰਾਂ ਦੇ ਸਭ ਸਕੂਲ ਤੇ ਮੰਦਰ ਪੂਰੀ ਤਰ੍ਹਾਂ ਤਬਾਹ ਕਰ ਦਿੱਤੇ ਜਾਣ। ਇਨ੍ਹਾਂ ਹੁਕਮਾਂ ਦੀ ਪਾਲਣਾ ਕੀਤੀ ਗਈ।

ਬਾਦਸ਼ਾਹ ਦੇ ਇਨ੍ਹਾਂ ਹੁਕਮਾਂ ਦਾ ਅਸਰ ਸਾਰੇ ਦੇਸ਼ ਉਤੇ ਪਿਆ। ਖਾਫੀ ਖਾਨ ਦੇ ਮੁੰਤਖਿਬ ਉਲ ਲੁਬਾਬ ਅਨੁਸਾਰ ਸਿੱਖਾਂ ਨੂੰ ਵੀ ਇਸ ਦਾ ਸ਼ਿਕਾਰ ਹੋਣਾ ਪਿਆ। ਸਿੱਖਾਂ ਬਾਰੇ ਸੂਚਨਾ ਮਿਲਣ ਤੇ ਔਰੰਗਜ਼ੇਬ ਨੇ ਹੁਕਮ ਦਿੱਤਾ ਕਿ ਉਨ੍ਹਾਂ ਦੇ ਪ੍ਰਤੀਨਿਧਾਂ ਜਾਂ ਪੁਜਾਰੀਆਂ ਨੂੰ ਬਾਹਰ ਕੱਢ ਦਿੱਤਾ ਜਾਵੇ ਅਤੇ ਉਨ੍ਹਾਂ ਦੇ ਪੂਜਾ ਦੇ ਸਥਾਨ ਢਾਹ ਦਿੱਤੇ ਜਾਣ। ਮਿਰਜਾ ਇਨਾਯਤ ਉਲਾ ਇਸਮੀ 'ਅਹਿਕਾਮੇ ਆਲਮਗੀਰ' ਵਿਚ ਦੱਸਦਾ ਹੈ ਕਿ ਬਾਦਸ਼ਾਹ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਸੂਬਾ ਸਰਹੰਦ ਵਿਚਲਾ ਸਿੱਖ ਮੰਦਰ ਢਾਹ ਦਿੱਤਾ ਗਿਆ ਤੇ ਉਸ ਦੀ ਥਾਂ ਤੇ ਮਸੀਤ ਉਸਾਰ ਦਿੱਤੀ ਗਈ।

ਇਸ ਸਮੇਂ ਗੁਰੂ ਤੇਗ ਬਹਾਦਰ ਆਪਣਾ ਪ੍ਰਚਾਰ ਦੌਰਾ ਜਾਰੀ ਰਖਦੇ ਹੋਏ ਆਸਾਮ ਵਿਚ ਸਨ। ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਨ੍ਹਾਂ ਨੂੰ ਬੜਾ ਦੁਖ ਹੋਇਆ। ਉਨ੍ਹਾਂ ਨੇ ਆਪਣੇ ਕੇਂਦਰੀ ਸਥਾਨ ਤੋਂ ਦੂਰ ਰਹਿਣਾ ਠੀਕ ਨਹੀਂ ਲਗਿਆ। ਉਹ ਬਹੁਤ ਤੇਜੀ ਨਾਲ ਪੰਜਾਬ ਪਰਤੇ ਅਤੇ ਮਾਲਵਾ ਬਾਂਗਰ ਪ੍ਰਦੇਸ਼ਾਂ ਵਲ ਆਪਣਾ ਪ੍ਰਚਾਰ ਦੌਰਾ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵਿਸ਼ਵਾਸ਼ ਦੁਆਇਆ ਕਿ ਗੁਰੂ ਉਨ੍ਹਾਂ ਦੇ ਨਾਲ ਹੈ। ਦੇਸ਼ ਦੇ ਸਾਰੇ ਭਾਗਾਂ ਵਿਚੋਂ ਸਿੱਖ ਦਰਸ਼ਨਾਂ ਲਈ ਆਉਦੇਂ। ਉਨ੍ਹਾਂ ਦੀਆਂ ਧਾਰਮਿਕ ਸਭਾਵਾਂ ਵਿਚ ਬਹੁਤ ਜਿਆਦਾ ਗਿਣਤੀ ਵਿਚ ਸ਼ਰਧਾਲੂ

ਆਉਂਦੇ ਅਤੇ ਖਾਸ ਕਰਕੇ ਤਿਉਹਾਰਾਂ ਦੇ ਮੌਕਿਆਂ ਤੇ ਜਦੋਂ ਕਿ ਬਹੁਤ ਮਾਤਰਾ ਵਿਚ ਗੁਰੂ ਨੂੰ ਭੇਟਾ ਵੀ ਦਿੱਤੀ ਜਾਂਦੀ। ਸ਼ਾਹੀ ਖੁਫੀਆਂ ਨੇ ਗੁਰੂ ਤੇ ਸਿੱਖਾਂ ਦੇ ਸਬੰਧਾਂ ਦੀ ਅਸਲੀਅਤ ਨੂੰ ਸਮਝੇ ਬਿਨ੍ਹਾਂ ਤੇ ਸੰਭਵਤਾ ਬਾਦਸ਼ਾਹ ਦੇ ਹੁਕਮਾਂ ਦੀ ਤੇਜ਼ੀ ਨਾਲ ਪਾਲਣਾ ਕਰਵਾਉਣ ਦੇ ਜੋਸ਼ ਵਿਚ ਬਾਦਸ਼ਾਹ ਨੂੰ ਸੂਚਨਾ ਦਿੱਤੀ ਕਿ ਬਨੂੜ ਦੇ ਪਠਾਣ ਹਾਫਿਜ ਆਦਮ ਵਾਂਗ, ਗੁਰੂ ਤੇਗ ਬਹਾਦਰ ਜਿਸ ਦੇ ਚੇਲੇ ਬਹੁਤ ਗਿਣਤੀ ਵਿਚ ਹਨ, ਦਾ ਪ੍ਰਭਾਵ ਬਹੁਤ ਹੀ ਵਧ ਰਿਹਾ ਸੀ। ਕਈ ਹਜ਼ਾਰ ਆਦਮੀਆਂ ਨਾਲ ਉਹ ਹਿੰਦੂਆਂ ਤੋਂ ਧਨ ਇਕੱਠਾ ਕਰ ਰਹੇ ਹਨ ਅਤੇ ਜੇ ਉਨ੍ਹਾਂ ਦੀ ਤਾਕਤ ਇਸ ਤਰ੍ਹਾਂ ਵਧਦੀ ਰਹੀ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਹੋਵੇਗੀ ਕਿ ਉਹ ਬਾਗੀ ਬਣ ਬੈਠਣ। ਪਰੰਤੂ ਬਾਦਸ਼ਾਹ ਔਰੰਗਜ਼ੇਬ ਲਈ ਖਬਰ ਨਵੀਸਾਂ ਵਲੋਂ ਇਹੋ ਜਿਹੇ ਸਮੇਂ ਤਥਾਕਥਿਤ ਇਸ਼ਾਰਾ ਗੁਰੂ ਤੇਗ ਬਹਾਦਰ ਸਾਹਿਬ ਬਾਰੇ ਸ਼ੱਕ ਤੇ ਡਰ ਉਪਜਾਉਣ ਲਈ ਕਾਫ਼ੀ ਸੀ।

ਉਨ੍ਹਾਂ ਹੀ ਦਿਨਾਂ ਵਿਚ ਇਕ ਹੋਰ ਘਟਨਾ ਵਾਪਰੀ। ਜਿਸ ਨੇ ਬਾਦਸ਼ਾਹ ਦਾ ਸ਼ੱਕ ਪੱਕਾ ਕਰ ਦਿੱਤਾ। ਕਸ਼ਮੀਰੀ ਪੰਡਤਾਂ ਦਾ ਇਕ ਜੱਥਾ ਗੁਰੂ ਤੇਗ ਬਹਾਦਰ ਸਾਹਿਬ ਕੋਲ ਆਨੰਦਪੁਰ ਸਾਹਿਬ ਪਹੁੰਚਿਆ। ਉਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਜਬਰਦਸ਼ਤੀ ਇਸਲਾਮ ਧਾਰਨ ਕਰਨ ਲਈ ਸਰਕਾਰ ਵਲੋਂ ਤਸੀਹੇ ਦੇ ਕੇ ਮਜ਼ਬੂਰ ਕੀਤਾ ਜਾ ਰਿਹਾ ਹੈ, ਇਸ ਲਈ ਸਾਡੀ ਰੱਖਿਆ ਕੀਤੀ ਜਾਵੇ।ਇਸ ਪ੍ਰਤੀਨਿਧ ਮੰਡਲ ਦੀ ਅਗਵਾਈ ਮਟਨ (ਕਸ਼ਮੀਰ) ਨਿਵਾਸੀ ਕਿਰਪਾ ਰਾਮ ਕਰ ਰਿਹਾ ਸੀ, ਕ੍ਰਿਪਾ ਰਾਮ ਗੁਰੂ ਜੀ ਦਾ ਜਾਣੂ ਸੀ ਕਿਉਂਕਿ ਕੁਝ ਸਮੇਂ ਆਨੰਦਪੁਰ ਵਿਖੇ ਬਾਲ ਗੋਬਿੰਦ ਸਿੰਘ ਦਾ ਅਧਿਆਪਕ ਰਿਹਾ ਸੀ। ਉਹ ਬ੍ਰਹਮਦਾਸ ਦੇ ਖਾਨਦਾਨ ਵਿਚੋਂ ਸੀ। ਬ੍ਰਹਮਦਾਸ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਸੀ। ਉਸ ਨੇ ਬ੍ਰਾਹਮਣਾਂ ਨੂੰ ਸਲਾਹ ਦਿੱਤੀ ਕਿ ਨਿਡਰ ਅਤੇ ਸਰਬਵਿਆਪਕ ਹਮਦਰਦੀ ਰੱਖਣ ਵਾਲੇ ਗੁਰੂ ਤੇਗ ਬਹਾਦਰ ਸਾਹਿਬ ਤੋਂ ਬਿਨ੍ਹਾਂ ਹੋਰ ਕੋਈ ਉਨ੍ਹਾਂ ਦੀ ਮਦਦ ਨਹੀਂ ਕਰ ਸਕਦਾ। ਹੋ ਸਕਦਾ ਹੈ ਕਿ ਉਹ ਇਹ ਸੋਚ ਕੇ ਗੁਰੂ ਜੀ ਕੋਲ ਆਏ ਹੋਣ ਕਿ ਗੁਰੂ ਜੀ ਦੀ ਰਾਜਾ ਰਾਮ ਸਿੰਘ ਦੇ ਰਾਹੀਂ ਔਰੰਗਜੇਬ ਤਕ ਪਹੁੰਚ ਹੈ ਤੇ ਉਨ੍ਹਾਂ ਦੇ ਵਿਚ ਪੈਣ ਨਾਲ ਸ਼ਾਇਦ, ਕਸ਼ਮੀਰ ਦੇ ਗਵਰਨਰ ਇਫਿਤਖਾਰ-ਉਦ-ਦੀਨ ਦੀ ਜ਼ਬਰਦਸਤੀ ਮੁਸਲਮਾਨ ਬਣਾਉਣ ਦੀ ਨੀਤੀ ਤੋਂ ਛੁਟਕਾਰਾ ਮਿਲ ਸਕੇ। ਗੁਰੂ ਜੀ ਨੇ ਹਮਦਰਦੀ ਨਾਲ ਉਨ੍ਹਾਂ ਦੀ ਵਿਥਿਆ ਸੁਣ ਕੇ ਡੂੰਘੀ ਸੋਚ ਵਿਚਾਰ ਵਿਚ ਡੁਬ ਗਏ ਅਤੇ ਮਾਮਲੇ ਨੂੰ ਪੂਰੀ ਤਰ੍ਹਾਂ ਵਿਚਾਰਨ ਤੋਂ ਬਾਅਦ ਉਨ੍ਹਾਂ ਕਿਹਾ ਇਸ ਸਮੇਂ ਕਿਸੇ ਮਹਾਂਪੁਰਖ ਦੇ ਬਲੀਦਾਨ ਨਾਲ ਹੀ ਲੋਕਾਂ ਦੇ ਦੁਖ ਦੂਰ ਹੋ ਸਕਦੇ ਹਨ। ਗੁਰੂ ਸਾਹਿਬ ਦੇ ਨੌਂ ਵਰ੍ਹਿਆਂ ਦੇ ਸਪੁੱਤਰ ਗੋਬਿੰਦ ਦਾਸ ਜੋ ਉਸ ਸਮੇਂ ਉਥੇ ਹੀ ਬੈਠੇ ਸਨ, ਬੋਲ ਉਠੇ, ਪਿਤਾ ਜੀ, ਇਸ ਪਵਿੱਤਰ ਅਤੇ ਸਰੇਸ਼ਟ ਕਾਰਜ ਲਈ ਤੁਹਾਡੇ ਤੋਂ ਵੱਧ ਯੋਗ ਮਹਾਂਪੁਰਸ਼ ਕੌਣ ਹੋ ਸਕਦਾ ਹੈ। ਇਨ੍ਹਾਂ ਸ਼ਬਦਾਂ ਨੂੰ ਸੁਣ ਕੇ ਗੁਰੂ ਸਾਹਿਬ ਨੂੰ ਇਹ ਵਿਸ਼ਵਾਸ਼ ਹੋ ਗਿਆ ਕਿ ਉਨ੍ਹਾਂ ਦਾ ਪੁੱਤਰ ਸਿੱਖਾਂ ਦੀ ਅਗਵਾਈ ਕਰਨ ਵਿਚ ਪੂਰੀ ਤਰ੍ਹਾਂ ਯੋਗ ਹੋਵੇਗਾ। ਇਸ ਲਈ ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਔਰੰਗਜੇਬ ਦੇ ਸਰਕਾਰੀ ਕਰਮਚਾਰੀਆਂ ਨੂੰ ਕਹਿ ਦੇਣ ਕਿ ਜੇ ਉਹ ਗੁਰੂ ਤੇਗ ਬਹਾਦਰ ਨੂੰ ਇਸਲਾਮ ਵਿਚ ਲੈ ਆਉਣ ਤਾਂ ਉਹ ਆਪਣੇ ਆਪ ਧਰਮ ਬਦਲ ਲੈਣਗੇ। ਕਸ਼ਮੀਰੀ ਪੰਡਤਾਂ ਨੇ ਇਹ ਗੱਲ ਵਾਪਸ ਜਾ ਕੇ ਇਫਤਖਾਰ ਖਾਂ ਨੂੰ ਕਹਿ ਦਿੱਤੀ। ਛੇਤੀ ਇਹ ਗੱਲ ਔਰੰਗਜੇਬ ਤਕ ਪਹੁੰਚਾ ਦਿੱਤੀ। ਮੁਗਲ ਬਾਦਸ਼ਾਹ ਦੇ ਹੁਕਮ ਤੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਗਿਆ।

ਗੁਰੂ ਜੀ ਦਾ ਕਸ਼ਮੀਰੀ ਪੰਡਤਾਂ ਦੀ ਬੇਨਤੀ ਤੇ ਹਮਦਰਦੀ ਭਰਿਆ ਹੁੰਗਾਰਾ ਤੇ ਗੁਰੂ ਸਾਹਿਬ ਦੇ ਲਈ ਮਹਾਨ ਕੁਰਬਾਨੀ ਲਈ ਤਿਆਰ ਹੋਣਾ ਇਤਿਹਾਸ ਵਿਚ ਇਕ ਅਦੁੱਤੀ ਉਦਾਹਰਣ ਹੈ। ਨਾਂ ਤਾਂ ਗੁਰੂ ਸਾਹਿਬ ਬ੍ਰਾਹਮਣ ਸਨ ਤੇ ਨਾ ਹੀ ਉਨ੍ਹਾਂ ਦਾ ਉਨ੍ਹਾਂ ਦੇ ਧਾਰਮਿਕ ਰਸਤੇ ਵਿਚ ਵਿਸ਼ਵਾਸ ਸੀ ਕਿਉਂਕਿ ਨਾਂ ਤਾਂ ਉਹ ਤਿਲਕ ਲਗਾਉਂਦੇ ਸਨ ਤੇ ਨਾ ਜਨੇਉ ਪਹਿਨਦੇ ਸਨ।ਸਿੱਖ ਧਰਮ ਵਿਚ ਇਨ੍ਹਾਂ ਲਈ ਕੋਈ ਥਾਂ ਨਹੀਂ ਹੈ। ਸਿੱਖ ਧਰਮ ਦੇ ਬਾਨੀ ਨੇ ਇਨ੍ਹਾਂ ਚੀਜਾਂ ਨੂੰ ਕਬੂਲਣ ਤੋਂ ਆਪ ਹੀ ਨਾਂਹ ਨਹੀਂ ਕੀਤੀ ਸਗੋਂ ਆਪਣੇ ਸ਼ਗਿਰਦਾਂ ਨੂੰ ਵੀ ਇਨ੍ਹਾਂ ਦੀ ਵਰਤੋਂ ਦੀ ਮਨਾਹੀ ਕੀਤੀ ਸੀ ਪਰ ਇਨ੍ਹਾਂ ਨੂੰ ਲਾਹ ਕੇ ਮੁਸਲਿਮ ਕੱਟੜਪੰਥੀਆਂ ਦੁਆਰਾ ਜਬਰਦਸਤੀ ਧਰਮ ਬਦਲੀ ਦਾ ਕਰਵਾਇਆ ਜਾਣਾ ਬਹੁਤ ਹੀ ਜ਼ੁਲਮ ਅਤੇ ਰਾਜਨੀਤਿਕ ਸਤਾ ਦੀ ਦੁਰਵਰਤੋਂ ਸੀ। ਗੁਰੂ ਸਾਹਿਬ ਨੇ ਇਨ੍ਹਾਂ ਲੋਕਾਂ ਨਾਲ ਹਮਦਰਦੀ ਪ੍ਰਗਟ ਕਰਕੇ ਉਪਰੋਕਤ ਜ਼ੁਲਮ ਲਈ ਵਿਰੋਧ ਪ੍ਰਗਟ ਕੀਤਾ। ਉਹ ਮਰਜੀ ਨਾਲ ਇਸਲਾਮ ਧਾਰਨ ਕਰਨ ਦੇ ਵਿਰੁੱਧ ਨਹੀਂ ਸਨ। ਇਹ ਹਰ ਇਕ ਦਾ ਨਿਜੀ ਮਾਮਲਾ ਹੈ। ਪਰ ਜੇ ਕੋਈ ਇਸ ਕੰਮ ਲਈ ਜ਼ਬਰਦਸਤੀ ਕਰਦਾ ਹੈ ਤਾਂ ਸਿੱਖ ਆਚਰਣ ਦੇ ਅਨੁਸਾਰ ਇਸ ਦਾ ਵਿਰੋਧ ਕਰਨਾ ਜ਼ਰੂਰੀ ਹੈ, ਪਰੰਤੂ ਬਾਦਸ਼ਾਹ ਔਰੰਗਜੇਬ ਨੇ ਇਸ ਗੱਲ ਨੂੰ ਕਿਸੇ ਹੋਰ ਪਹਿਲੂ ਤੋਂ ਲਿਆ ਸੀ। ਉਸ ਦੀ ਸਿੱਖ ਧਰਮ ਨਾਲ ਪਹਿਲਾਂ ਹੀ ਕੋਈ ਹਮਦਰਦੀ ਨਹੀਂ ਸੀ ਤੇ ਹੁਣ ਮੂਰਤੀ ਪੂਜਕ ਬ੍ਰਾਹਮਣਾਂ ਨਾਲ ਗੁਰੂ ਜੀ

ਨੇ ਹਮਦਰਦੀ ਪ੍ਰਗਟ ਕਰਕੇ ਉਸ ਦੇ ਮਨ ਵਿਚ ਪਹਿਲਾਂ ਹੀ ਭੜਕ ਰਹੀ ਅੱਗ ਵਿਚ ਹੋਰ ਤੇਲ ਪਾ ਦਿੱਤਾ।

ਭੱਟਵਹੀਆਂ ਦੀਆਂ ਲਿਖਤਾਂ ਅਨੁਸਾਰ ਗੁਰੂ ਜੀ ਦੀ ਗ੍ਰਿਫਤਾਰੀ ਤੇ ਸ਼ਹੀਦੀ ਦੇ ਹਾਲਾਤ ਵਿਚ ਇਸ ਤਰ੍ਹਾਂ ਸਨ ਕਿ ਔਰੰਗਜ਼ੇਬ ਨੇ ਲਾਹੌਰ ਦੇ ਗਵਰਨਰ ਨੂੰ ਹੁਕਮ ਦਿੱਤਾ ਕਿ ਗੁਰੂ ਤੇਗ ਬਹਾਦਰ ਸਾਹਿਬ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਸੁੱਟ ਦਿੱਤਾ ਜਾਵੇ। ਲਾਹੌਰ ਦੇ ਗਵਰਨਰ ਨੇ ਅੱਗੇ ਸਰਹੰਦ ਦੇ ਫੌਜਦਾਰ ਦਿਲਾਵਰ ਖਾਨ ਨੂੰ ਹੁਕਮ ਦਿੱਤਾ। ਦਿਲਾਵਰ ਖਾਨ ਨੇ ਰੋਪੜ ਹਲਕੇ ਦੇ ਕੋਤਵਾਲ ਨੂੰਰ ਮੁਹੰਮਦ ਮਿਰਜ਼ਾ ਨੂੰ (ਜਿਸ ਦੇ ਇਲਾਕੇ ਵਿਚ ਆਨੰਦਪੁਰ ਪੈਂਦਾ ਸੀ)। ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ। ਇਨ੍ਹਾਂ ਹੁਕਮਾਂ ਨੂੰ ਗੁਪਤ ਰਖਿਆ ਗਿਆ ਅਤੇ ਜਦੋਂ ਗੁਰੂ ਸਾਹਿਬ ਆਪਣੇ ਕੁਝ ਗਿਣਤੀ ਦੇ ਸਾਥੀਆਂ ਨਾਲ ਰੋਪੜ ਨੇੜੇ ਪਿੰਡ ਮਲਕਪੁਰ ਰੰਘੜਾ ਪਹੁੰਚੇ ਜਿਥੋਂ ਕਿ ਉਨ੍ਹਾਂ ਸਤਲੁਜ ਦਰਿਆ ਨੂੰ ਪਾਰ ਕਰਕੇ ਅੱਗੇ ਜਾਣਾ ਸੀ, ਨੂਰ ਮੁਹੰਮਦ ਮਿਰਜ਼ਾ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ ਤੇ ਸਰਹੰਦ ਭੇਜ ਦਿੱਤਾ ਜਿਥੇ ਆਪ ਨੂੰ ਲਗਭਗ ਸਾਡੇ ਤਿੰਨ ਮਹੀਨੇ ਨਜ਼ਰਬੰਦ ਰੱਖਿਆ ਗਿਆ ਸ਼ਾਹੀ ਪਰਵਾਨਾ ਆਉਣ ਤੇ ਇਕ ਲੋਹੇ ਦੇ ਪਿੰਜਰੇ ਵਿਚ ਪਾ ਕੇ ਗੁਰੂ ਜੀ ਨੂੰ ਬਾਦ ਵਿਚ ਦਿੱਲੀ ਭੇਜ ਦਿੱਤਾ ਗਿਆ। ਉਨ੍ਹਾਂ ਨੂੰ **11** ਨਵੰਬਰ **1675** ਨੂੰ ਚਾਂਦਨੀ ਚੌਕ ਵਿਚ ਸ਼ਹੀਦ ਕਰਵਾ ਦਿੱਤਾ ਗਿਆ ਤੇ ਸਪੱਸ਼ਟ ਤੌਰ ਤੇ ਗੁਰੂ ਜੀ ਔਰੰਗਜ਼ੇਬ ਦੀ ਕੱਟੜ ਧਾਰਮਿਕ ਨੀਤੀ ਦਾ ਸ਼ਿਕਾਰ ਹੋਏ। ਗੁਰੂ ਗੋਬਿੰਦ ਸਿੰਘ ਨੇ ਆਪਣੀ ਜੀਵਨੀ ਬਚਿੱਤਰ ਨਾਟਕ ਵਿਚ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਤਿਲਕ ਤੇ ਜਨੇਊ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕੀਤਾ।

ਗੁਰੂ ਜੀ ਦੀ ਸ਼ਹੀਦੀ ਪੰਜਾਬ ਦੇ ਸਿੱਖ ਧਰਮ ਦੇ ਇਤਿਹਾਸ ਦੀ ਅਦੁੱਤੀ ਮਿਸਾਲ ਹੈ। ਇਸ ਨੇ ਲੋਕਾਂ ਦਾ ਧਿਆਨ ਉਸ ਵੱਲ ਖਿਚਿਆ ਜਿਸ ਦੇ ਲਈ ਗੁਰੂ ਜੀ ਨੇ ਆਪਣੀ ਜਾਨ ਕੁਰਬਾਨ ਕੀਤੀ ।ਇਹ ਕਾਰਨ ਸੀ ਦੱਬੇ ਕੁਚਲੇ ਲੋਕਾਂ ਦੀ ਰੱਖਿਆ, ਇਸ ਲਈ ਉਨ੍ਹਾਂ ਦੀ ਬਹੁਤ ਪ੍ਰਸਿੱਧੀ ਹੋਈ। ਸਿੱਖਾਂ ਨੂੰ ਆਪਣੇ ਗੁਰੂ ਦੁਆਰਾ ਚੁੱਕੇ ਕਦਮ ਤੇ ਗੌਰਵ ਸੀ। ਇਸ ਨੇ ਉਨ੍ਹਾਂ ਵਿਚ ਏਕਤਾ ਦੀ ਦ੍ਰਿੜਤਾ ਲਿਆਂਦੀ ਅਤੇ ਗੁਰੂ ਸਾਹਿਬ ਦੀ ਸਿੱਖਿਆ ਨੂੰ ਅਮਲੀ ਜਾਮਾ ਪਹਿਨਾਉਣ ਦਾ ਜੋਸ਼ ਭਰਿਆ।

### 1.6.11 ਅਭਿਆਸ ਲਈ ਪ੍ਰਸ਼ਨ

1. ਸ੍ਰੀ ਅਕਾਲ ਤਖਤ ਦੀ ਇਤਿਹਾਸਿਕ ਮਹੱਤਤਾ ਬਾਰੇ ਦਸੋ।
2. ਗੁਰੂ ਸਾਹਿਬ ਅਤੇ ਮੁਗਲ ਰਾਜਿਆਂ ਦੇ ਸਬੰਧ ਬਾਰੇ ਦਸੋ।

### 1.6.12 ਸਹਾਇਕ ਪੁਸਤਕਾਂ

ਸੁਖਦਿਆਲ ਸਿੰਘ - ਸ੍ਰੀ ਅਕਾਲ ਤਖਤ ਸਾਹਿਬ

ਜਸਵਿੰਦਰ ਕੌਰ ਢਿੱਲੋਂ - ਸਿੱਖ ਸੰਸਥਾਵਾਂ

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.